*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 12, ਅੰਕ-1, ਜਨਵਰੀ 2022 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਸੱਚ ਬੋਲਣ ਦੀ ਸਜ਼ਾ - ਜੂਲੀਅਨ ਅਸਾਂਜ ਦੀ ਕਹਾਣੀ/2

'ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨ ਵਾਪਸ ਲੈਣੇ ਪਏ, ਉਸੇ ਤਰ੍ਹਾਂ ਸੀ.ਏ.ਏ.-ਐੱਨ.ਆਰ.ਸੀ. ਵਾਪਸ ਲੈਣਾ ਪਵੇਗਾ': ਅਰੁੰਧਤੀ ਰਾਏ/3

ਲਾਕਡਾਊਨ ਅਤੇ ਮੰਦੀ ਦਾ ਸਵਾਲ/4

ਖੇਤੀ ਸੰਕਟ ਅਤੇ ਉਸ ਦਾ ਨਵਾਂ ਮਾਡਲ/6

ਫਾਰਮਰਜ਼ ਸਪੋਰਟ ਕਮੇਟੀ ਵੱਲੋਂ ਭਰਵੀਂ ਜਿੱਤ ਰੈਲੀ/8

ਧਰਮ-ਬਦਲੀਆਂ ਦੇ ਖ਼ਤਰੇ ਬਹਾਨੇ ਪੈਰ ਪਸਾਰ ਰਿਹਾ ਭਗਵਾਂ ਦਹਿਸ਼ਤਵਾਦ/10

ਫਾਸ਼ੀਵਾਦ ਦੇ ਖ਼ਾਤਮੇ ਲਈ ਈ ਵੀ ਐੱਮ 'ਤੇ ਬੈਨ ਜ਼ਰੂਰੀ/12

ਬੱਸ ਏਕ ਹੀ ਤੀਰਥ ਹਿੰਦ ਮੇਂ/21

ਸੰਘੀ ਫਿਰਕੂ ਪ੍ਰਯੋਗਾਂ ਦੀ ਭੂਮੀ ਹੁਣ ਕਰਨਾਟਕ ਬਣਿਆ/23

ਖੇਤੀ ਕਾਨੂੰਨ ਵਾਪਸੀ ਅਤੇ ਪੰਜਾਬ ਦੀ ਖੁਸ਼ਹਾਲੀ ਦਾ ਸੁਪਨਾ /25

ਰਿਆਇਤਾਂ ਅਤੇ ਲੁਭਾਉਣੇ ਸੁਪਨੇ, ਗਰੀਬ ਦਾ ਢਿੱਡ ਨਹੀਂ ਭਰ ਸਕਦੇ/34

# ਚੋਣਾਂ, ਸੰਯੁਕਤ ਕਿਸਾਨ ਮੋਰਚਾ ਅਤੇ ਬਦਲ ਦਾ ਸਵਾਲ

**ਬੂਟਾ ਸਿੰਘ ਨਵਾਂਸ਼ਹਿਰ**

ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਜਿੱਤਦੇ ਸਾਰ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ 'ਚ ਪੰਜਾਬ ਵਿਧਾਨ ਸਭਾ ਚੋਣਾਂ ਦੇ ਸਵਾਲ ਉੱਪਰ ਤਿੱਖੀ ਪਾਲਾਬੰਦੀ ਹੋ ਗਈ ਹੈ। 22 ਜਥੇਬੰਦੀਆਂ ਨੇ ਬਲਵੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਚੋਣਾਂ ਲੜਨ ਦਾ ਐਲਾਨ ਕਰ ਦਿਤਾ ਹੈ। ਗੁਰਨਾਮ ਸਿੰਘ ਚੜੂਨੀ ਪਹਿਲਾਂ ਹੀ 'ਸੰਯੁਕਤ ਸੰਘਰਸ਼ ਪਾਰਟੀ' ਬਣਾ ਕੇ ਚੋਣਾਂ ਲੜਨ ਦਾ ਬਿਗਲ ਵਜਾ ਚੁੱਕਾ ਹੈ। ਜਨਤਕ ਆਧਾਰ ਵਾਲੀਆਂ ਮੁੱਖ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਚੋਣਾਂ ਤੋਂ ਦੂਰ ਰਹਿਣ ਦਾ ਫ਼ੈਸਲਾ ਲਿਆ ਹੈ। ਬੁਨਿਆਦੀ ਬਦਲਾਓ ਲਿਆਉਣ ਦੀਆਂ ਧਾਰਨੀ ਕਿਸਾਨ ਜਥੇਬੰਦੀਆਂ ਸੰਘਰਸ਼ਾਂ ਰਾਹੀਂ ਲੋਕ ਮਸਲਿਆਂ ਦੇ ਹੱਲ ਦੇ ਆਪਣੇ ਪਹਿਲੇ ਸਟੈਂਡ ਉੱਪਰ ਦ੍ਰਿੜ ਹਨ। ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਾਲੀ ਬੀ.ਕੇ.ਯੂ. (ਏਕਤਾ-ਉਗਰਾਹਾਂ), ਬੂਟਾ ਸਿੰਘ ਬੁਰਜਗਿੱਲ-ਜਗਮੋਹਣ ਸਿੰਘ ਪਟਿਆਲਾ ਦੀ ਅਗਵਾਈ ਵਾਲੀ ਬੀ.ਕੇ.ਯੂ. (ਏਕਤਾ-ਡਕੌਂਦਾ), ਡਾ. ਦਰਸ਼ਨਪਾਲ ਦੀ ਅਗਵਾਈ ਵਾਲੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਸੁਰਜੀਤ ਸਿੰਘ ਫੂਲ ਦੀ ਅਗਵਾਈ ਵਾਲੀ ਬੀ.ਕੇ.ਯੂ. (ਕ੍ਰਾਂਤੀਕਾਰੀ), ਹਰਦੇਵ ਸਿੰਘ ਸੰਧੂ ਦੀ ਅਗਵਾਈ ਵਾਲੀ ਕਿਰਤੀ ਕਿਸਾਨ ਯੂਨੀਅਨ ਪੰਜਾਬ, ਆਜ਼ਾਦ ਕਿਸਾਨ ਕਮੇਟੀ ਦੋਆਬਾ, ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਆਦਿ



ਜਥੇਬੰਦੀਆਂ ਚੋਣਾਂ 'ਚ ਹਿਸਾ ਨਹੀਂ ਲੈ ਰਹੀਆਂ। ਕੁਝ ਹੋਰ ਜਥੇਬੰਦੀਆਂ ਵੀ ਚੋਣਾਂ ਦਾ ਹਿਸਾ ਨਹੀਂ ਬਣੀਆਂ। ਨਿਰਭੈ ਸਿੰਘ ਢੁੱਡੀਕੇ ਦੀ ਅਗਵਾਈ ਵਾਲੀ ਕਿਰਤੀ ਕਿਸਾਨ ਯੂਨੀਅਨ ਨੇ ਅਜੇ ਚੋਣਾਂ ਬਾਰੇ ਆਪਣੀ ਪੁਜੀਸ਼ਨ ਨਸ਼ਰ ਨਹੀਂ ਕੀਤੀ। ਇਹ ਸਪਸ਼ਟ ਹੈ ਕਿ ਉਹ 'ਸੰਯੁਕਤ ਸਮਾਜ ਮੋਰਚਾ' ਬਣਾਏ ਜਾਣ ਨਾਲ ਸਹਿਮਤ ਨਹੀਂ ਹਨ।

ਚੋਣਾਂ ਲੜਨ ਦਾ ਫ਼ੈਸਲਾ ਲੈਣ ਵਾਲੇ ਆਗੂ ਸ਼ਾਇਦ ਇਹ ਸੋਚਦੇ ਹਨ ਕਿ ਹੁਣ ਚੋਣਾਂ ਲੜ ਕੇ ਮਸਲੇ ਹੱਲ ਕਰਵਾਏ ਜਾ ਸਕਦੇ ਹਨ। ਉਨ੍ਹਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੀ ਇਕਜੁੱਟਤਾ ਨੂੰ ਬਰਕਰਾਰ ਰੱਖਣਾ ਜ਼ਰੂਰੀ ਨਹੀਂ ਸਮਝਿਆ ਗਿਆ। ਉਨ੍ਹਾਂ ਨੇ ਰਹਿੰਦੀਆਂ ਮੰਗਾਂ ਮੰਨਵਾਉਣ ਅਤੇ ਮੰਨੀਆਂ ਮੰਗਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਾਉਣ ਲਈ ਸਾਂਝੇ ਸੰਘਰਸ਼ ਦੀ ਆਜ਼ਾਦ ਹਸਤੀ ਬਰਕਰਾਰ ਰੱਖਣ ਦੀ ਜ਼ਰੂਰਤ ਅਸਿੱਧੇ ਤੌਰ 'ਤੇ ਰੱਦ ਕਰ ਦਿੱਤੀ ਹੈ। ਆਗੂਆਂ ਦਾ ਕਹਿਣਾ ਹੈ ਕਿ ਉਹ ਲੋਕਾਂ ਦੇ ਦਬਾਓ ਕਾਰਨ ਚੋਣਾਂ 'ਚ ਹਿਸਾ ਲੈ ਰਹੇ ਹਨ ਅਤੇ ਬਦਲਾਓ ਲਿਆਉਣਾ ਚਾਹੁੰਦੇ ਹਨ। ਇਹ 'ਮੁੱਖਧਾਰਾ' ਸਿਆਸਤ ਦਾ ਹਿਸਾ ਰਹੇ ਕਿਸਾਨ ਆਗੂਆਂ ਵੱਲੋਂ ਮੋਰਚੇ ਦੌਰਾਨ ਮਿਲੇ ਮਾਣ-ਤਾਣ ਦਾ ਰਾਜਨੀਤਕ ਲਾਹਾ ਲੈਣ ਦਾ ਬਹਾਨਾ ਹੈ। ਇਹ ਸੱਚ ਹੈ ਕਿ ਚੋਣਵਾਦੀ ਸਿਆਸਤ ਦਾ ਦੀਵਾਲੀਆਪਣ ਨੰਗਾ ਹੋਣ ਜਾਣ ਨਾਲ ਰਾਜਨੀਤਕ ਖ਼ਲਾਅ ਦੀ ਹਾਲਤ ਬਣੀ ਹੋਈ ਹੈ ਅਤੇ ਇਨਕਲਾਬੀ ਬਦਲ ਦੀ ਜ਼ਰੂਰਤ ਹੈ। ਇਸੇ 'ਚੋਂ ਲੋਕਾਂ ਦੇ ਇਕ ਹਿੱਸੇ 'ਚ ਇਹ ਭਾਵਨਾ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਚੋਣਾਂ ਲੜ ਕੇ ਰਾਜਨੀਤਕ ਠੱਗਾਂ ਦਾ ਬਦਲ ਪੇਸ਼ ਕਰਨ। ਰਾਜ ਢਾਂਚੇ ਦੀ ਲੋਕ ਵਿਰੋਧੀ ਖ਼ਸਲਤ ਤੋਂ ਆਮ ਲੋਕ ਬੇਖ਼ਬਰ ਹਨ ਪਰ ਆਗੂ ਤਾਂ ਬਾਖ਼ੂਬੀ ਜਾਣਦੇ ਹਨ। 2017 ਦੀਆਂ ਵਿਧਾਨ-ਸਭਾ ਚੋਣਾਂ ਮੌਕੇ ਪੰਜਾਬੀ ਲੋਕਾਂ ਦਾ ਇਕ ਹਿਸਾ ਇਸੇ ਤਰ੍ਹਾਂ ਉਲਾਰ ਹੋ ਕੇ 'ਆਮ ਆਦਮੀ ਪਾਰਟੀ' ਦੇ ਝੂਠੇ ਇਨਕਲਾਬ ਪਿੱਛੇ ਭੱਜਿਆ ਸੀ। ਉਸ ਦੀ ਸਾਫ਼-ਸੁਥਰੀ ਸਿਆਸਤ ਦਾ ਹੀਜ-ਪਿਆਜ ਹੁਣ ਸਭ ਨੂੰ ਪਤਾ ਹੈ।

ਜਿਨ੍ਹਾਂ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਮਹਾਂਅੰਦੋਲਨ ਲੜਿਆ ਗਿਆ ਉਹ 'ਨਵਉਦਾਰਵਾਦੀ' ਆਰਥਕ ਮਾਡਲ (ਖੁੱਲ੍ਹੀ ਮੰਡੀ ਆਰਥਿਕਤਾ) ਦਾ ਮੰਤਕੀ ਨਤੀਜਾ ਸਨ। ਇਸ ਆਰਥਕ ਮਾਡਲ ਨੂੰ ਕਿਵੇਂ ਖ਼ਤਮ ਕੀਤਾ ਜਾਵੇਗਾ, ਰਾਜਨੀਤਕ ਬਦਲਾਓ ਨੂੰ ਦਰਪੇਸ਼ ਇਸ ਮੁੱਖ ਸਵਾਲ ਬਾਰੇ 'ਸੰਯੁਕਤ ਸਮਾਜ ਮੋਰਚਾ' ਦੇ ਆਗੂ ਪੂਰੀ ਤਰ੍ਹਾਂ ਚੁੱਪ ਹਨ। ਇੱਥੇ ਜੋ ਹਾਲਾਤਾਂ ਦੀ ਸੰਖੇਪ ਝਲਕ ਦਿੱਤੀ ਜਾ ਰਹੀ ਹੈ ਉਸ ਦੇ ਹਵਾਲੇ ਨਾਲ ਇਸ ਮੋਰਚੇ ਦੇ ਚੋਣਾਂ ਲੜਨ ਦੇ ਫ਼ੈਸਲੇ ਦਾ ਰਾਜਨੀਤਕ ਖੋਖਲਾਪਣ ਸੌਖਿਆਂ ਹੀ ਸਮਝ ਆ ਜਾਂਦਾ ਹੈ।

1991 'ਚ ਨਵੀਂਆਂ ਆਰਥਕ ਨੀਤੀਆਂ

(ਬਾਕੀ ਸਫ਼ਾ 24 'ਤੇ)




Call for your home BUYING & SELLING needs

BALJINDER SANGHA

REALTOR

(Certified Condominium Specialist)

403-680-3212

baljindersangha@urban-realty.ca

REALTOR® MLS MULTIPLE LISTING SERVICE® urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ

- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha

403 554.4444

paramjit@paramjit.ca

paramjit.ca

210 - 2323 32 Ave NE Calgary AB T2E 6Z3





For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant


Call Gurprit Sidhu (Rana)

Ph:403.831.5000

Email: sidhugurprit@hotmail.com

Hans

Demolition & Excavating



- * Excavating * Demolition
- * Sand Gravel
- * Drain Tiles * Backfill
- * Backhoe Service
- * Trucking
- * Land Clearing
- * Hourly or Contract



Free Estimates

Ph : 604-240-8002

or : 604-250-3834

3822 Marine Way Burnaby, B.C. V5J 3H4

SUPER VISA INSURANCE

PUNJAB INSURANCE INC.


- Life Insurance • Mortgage Insurance • Critical Illness Insurance • Disability Insurance • RESP, RRSP

www.punjabinsurance.ca



Sherjang Singh Rana

416.910.9000



Sandeep Ahuja

416.660.1010

# ਸੱਚ ਬੋਲਣ ਦੀ ਸਜਾ - ਜੂਲੀਅਨ ਅਸਾਂਜ ਦੀ ਕਹਾਣੀ



ਹਰੀਪਾਲ
403-714-4816

ਇਸ ਦੁਨੀਆਂ ਵਿੱਚ ਸਰਕਾਰਾਂ ਸਭ ਤੋਂ ਵੱਧ ਪਤਰਕਾਰਾਂ/ ਲੇਖਕਾਂ ਤੋਂ ਡਰਦੀਆਂ ਹਨ। ਇਸ ਲੇਖ ਵਿੱਚ ਆਪਾਂ ਨਿਧੜਕ ਅਤੇ ਨਿਰਪੱਖ ਪੱਤਰਕਾਰੀ ਦੀ ਗੱਲ ਕਰਾਂਗੇ। ਇਹ ਪੱਤਰਕਾਰ ਹੀ ਹਨ ਜੋ ਸਰਕਾਰਾਂ ਦੇ ਗੁੱਝੇ ਭੇਦ ਪਬਲਿਕ ਸਾਹਮਣੇ ਰੱਖਦੇ ਹਨ। ਸਰਕਾਰਾਂ ਜੋ ਵੀ ਆਪਦੇ ਲੋਕਾਂ ਵਿਰੁੱਧ ਜਾਂ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਦੇ ਵਿਰੁੱਧ ਪੁੱਠੀਆਂ ਸਿੱਧੀਆਂ ਸਾਜਿਸ਼ਾਂ ਰਚਦੀਆਂ ਹਨ, ਇਹ ਪੱਤਰਕਾਰ ਹਨ ਜੋ ਇਹ ਸਾਜਿਸ਼ਾਂ ਜੱਗ ਜਾਹਰ ਕਰਦੇ ਹਨ। ਕਈ ਵਾਰ ਲੋਕਾਂ ਦਾ ਧਿਆਨ ਕਿਸੇ ਹੋਰ ਪਾਸੇ ਲਾਇਆ ਜਾਂਦਾ ਹੈ ਪਰ ਅੰਦਰਖਾਤੇ ਕੁੱਝ ਹੋਰ ਹੀ ਪਕਾ ਦਿੱਤਾ ਜਾਂਦਾ ਹੈ। ਜਿਸ ਤਰਾਂ ਬਹੁਤ ਮੁਲਕਾਂ ਦੀਆਂ ਸਰਕਾਰਾਂ ਨੂੰ ਕਰੋਨਾਂ ਕਾਲ ਇੱਕ ਸੰਜੀਵਨੀ ਬੂਟੀ ਦੀ ਤਰਾਂ ਮਿਲ਼ਿਆ ਹੈ । ਸਰਕਾਰਾਂ ਦਾ ਬਹੁਤਾ ਧਿਆਨ ਮੀਡੀਆ ਨੂੰ ਕੰਟਰੋਲ ਕਰਨ ਵਿੱਚ ਲੱਗਦਾ ਹੈ ਪਰ ਫਿਰ ਵੀ ਕੁੱਝ ਮੀਡੀਆ ਸਰਕਾਰਾਂ ਤੋਂ ਨਾਬਰ ਹੁੰਦਾ ਹੈ। ਸਰਕਾਰ ਪੱਖੀ ਪਤਰਕਾਰਾਂ ਨੂੰ ਇਨਾਮ ਸਨਮਾਨ, ਸੁੱਖ-ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਪਰ ਨਿਧੜਕ ਅਤੇ ਨਿਰਪੱਖ ਪਤਰਕਾਰਾਂ ਲਈ ਇਨਾਮ ਕੁੱਝ ਹੋਰ ਤਰਾਂ ਦੇ ਹੁੰਦੇ ਹਨ। ਸੀ.ਪੀ.ਜੇ 'ਕਮੇਟੀ ਟੂ ਪਰੋਟੈਕਟ ਜਰਨਲਿਸਟਸ' ਦੀ ਰਿਪੋਰਟ ਮੁਤਾਬਿਕ ਇਸ ਸਮੇਂ 293 ਪੱਤਰਕਾਰ ਜੇਲ੍ਹਾਂ ਵਿੱਚ ਬੰਦ ਹਨ, 24 ਪੱਤਰਕਾਰ ਰਿਪੋਰਟ ਕਰਦੇ ਹੋਏ ਮਾਰੇ ਗਏ ਅਤੇ 18 ਜਖ਼ਮੀ ਹੋਏ ਹਨ। ਜਿਹੜੇ 24 ਪੱਤਰਕਾਰ ਮਾਰੇ ਗਏ ਹਨ, ਇਹਨਾਂ ਵਿੱਚੋਂ ਤਿੰਨ ਪੱਤਰਕਾਰ ਭਾਰਤ ਵਿੱਚ ਮਾਰੇ ਗਏ ਹਨ। ਸੰਨ 2020 ਵਿੱਚ ਅਮਰੀਕਾ ਵਿੱਚ ਵੀ 110 ਪੱਤਰਕਾਰ ਗਰਿੱਫਤਾਰ ਕੀਤੇ ਗਏ, 300 ਪੱਤਰਕਾਰਾਂ ਤੇ ਪੁਲੀਸ ਵੱਲੋਂ ਹਮਲੇ ਕੀਤੇ ਗਏ ਅਤੇ 12 ਪੱਤਰਕਾਰ ਅਜੇ ਵੀ ਅਮਰੀਕਾ ਦੀਆਂ ਜੇਲ੍ਹਾਂ ਵਿੱਚ ਝੂਠੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਜਦ ਕਿ ਅਮਰੀਕਾ ਦੂਸਰੇ ਮੁਲਕਾਂ ਵਿੱਚ ਅਜਾਦ ਪਰੈਸ ਦੀ ਗੱਲ ਕਰਦਾ ਹੈ। ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਨਿਧੜਕ ਅਤੇ ਨਿਰਪੱਖ ਪੱਤਰਕਾਰ ਜੇਲਾਂ ਵਿੱਚ ਸੜ ਰਹੇ ਹਨ। ਪਿੱਛੇ ਜਿਹੇ ਨਿਊਯਾਰਕ ਟਾਈਮਜ ਦੇ ਪੱਤਰਕਾਰ ਜਮਾਲ ਕਿਸ਼ੋਗੀ ਦੀ ਮੌਤ ਦਾ ਕਿੰਨਾਂ ਰੌਲ਼ਾ ਪਿਆ ਜਿਸਨੂੰ ਸਾਊਦੀ ਅਰਬ ਦੀ ਸਰਕਾਰ ਨੇ, ਟਰਕੀ ਵਿੱਚ ਬੰਦੇ ਭੇਜ ਕੇ ਖ਼ਤਮ ਕਰਾ ਦਿੱਤਾ, ਉਸਦਾ ਮੁੱਦਾ ਵੀ ਨਹੀਂ ਲੱਭਿਆ। ਵੀਅਤਨਾਮ, ਬੈਲਾਰੂਸ, ਬਰਾਜੀਲ ਅਤੇ ਅਰਬ ਮੁਲਕਾਂ ਵਿੱਚ ਵੀ ਸੈਂਕੜੇ ਪੱਤਰਕਾਰ ਜੇਲ਼ਾਂ ਵਿੱਚ ਬੰਦ ਹਨ। ਇਜ਼ਰਾਈਲ ਨੇ ਇੱਕ ਸੌਫਟ ਵੇਅਰ ' ਪੈਗਾਸਾਸ' ਬਣਾਇਆ ਹੈ ਜਿਸਦੇ ਜਰੀਏ ਕਿਸੇ ਦੀ ਵੀ ਜਸੂਸੀ ਕੀਤੀ ਜਾ ਸਕਦੀ ਹੈ। ਇਹੋ ਜਿਹਾ ਹੀ ਇੱਕ ਨਿਧੜਕ ਪੱਤਰਕਾਰ ਜਿਸਦਾ ਨਾਮ ਹੈ ਜੂਲੀਅਨ ਅਸਾਂਜ ਅਤੇ ਅਮਰੀਕਾ ਜਿਸਨੂੰ ਇੱਕ ਜਿਉਂਦੀ ਮੌਤ ਦੇਣੀ ਚਾਂਹੁਦਾ ਹੈ। ਆਓ 'ਜੂਲੀਅਨ ਅਸਾਂਜ' ਦੀ ਕਹਾਣੀ ਸਾਂਝੀ ਕਰੀਏ ਕਿ ਉਸਨੇ ਐਡਾ ਕਿਹੜਾ ਜੁਰਮ ਕੀਤਾ ਹੈ ਕਿ ਇੱਕ ਨਿਰਦੋਸ਼ ਬੰਦੇ ਨੂੰ ਅਮਰੀਕਾ ਦੀ ਸਰਕਾਰ ਫਾਹੇ ਟੰਗਣ ਲਈ ਪੱਬਾਂ ਭਾਰ ਹੋਈ ਫਿਰਦੀ ਹੈ ।

**ਜੂਲੀਅਨ ਅਸਾਂਜ ਦਾ ਕੀ ਦੋਸ਼ ਹੈ :-** ਅਸਾਂਜ ਅਤੇ ਉਸਦੇ ਸਾਥੀਆਂ ਨੇ 2006 ਵਿੱਚ ਵਿੱਕੀਲੀਕਸ ਦੀ ਸਥਾਪਨਾ ਕੀਤੀ। ਜੂਲੀਅਨ ਅਸਾਂਜ ਉਸਦਾ ਮੁੱਖ ਸੰਪਾਦਕ ਬਣਿਆ। ਵਿੱਕੀਲੀਕਸ ਦੀ ਸਥਾਪਨਾ ਕਰਨ ਦਾ ਮੁੱਖ ਮਕਸਦ ਇੱਕ ਇਹੋ ਜਿਹਾ ਮੀਡੀਆ ਕਾਇਮ ਕਰਨਾ ਸੀ ਜੋ ਬਿਨਾ ਕਿਸੇ ਵੀ ਡਰ ਤੋਂ ਸਰਕਾਰਾਂ ਦੀਆਂ ਕੂਟਨੀਤਿਕ ਨੀਤੀਆਂ ਨੂੰ ਲੋਕਾਂ ਸਾਹਮਣੇ ਉਜਾਗਰ ਕਰੇ, ਜੋ ਕਿ ਸਰਕਾਰ ਪ੍ਰਸਤ ਮੀਡੀਆ ਬਿੱਲਕੁਲ ਵੀ ਨਹੀਂ ਦਿਖਾਂਉਦਾ। ਸਰਕਾਰਾਂ ਦੇ ਉਹ ਝੂਠ ਫਰੇਬ ਜਿਸਤੇ ਸਰਕਾਰਾਂ ਪਰਦੇ ਪਾਉਂਦੀਆਂ ਹਨ, ਉਸ ਨੂੰ ਲੋਕ ਕਚਿਹਰੀ ਵਿੱਚ ਪੇਸ਼ ਕਰਨਾ ਅਤੇ ਲੋਕਾਂ ਨੂੰ ਆਉਣ ਵਾਲ਼ੀਆਂ ਸਮੱਸਿਆਵਾਂ ਵਾਰੇ ਸੁਚੇਤ ਕਰਨਾ। ਅਸਾਂਜ ਨੇ 2007 ਤੋਂ ਲੈ ਕੇ 2010 ਤੱਕ ਅਮਰੀਕਾ, ਏਸ਼ੀਆ, ਯੂਰਪ ਅਤੇ ਦੱਖਣੀ ਅਮਰੀਕਾ ਦੀ ਯਾਤਰਾ ਕੀਤੀ ਅਤੇ ਇਹਨਾਂ ਦੇਸ਼ਾਂ ਵਿੱਚ ਲੱਗੀ ਇੰਟਰਨੈਟ ਸੈਂਸਰਸ਼ਿੱਪ ਤੇ ਆਰਟੀਕਲ ਪ੍ਰਕਾਸ਼ਤ ਕੀਤੇ। ਇਹ ਆਰਟੀਕਲ ਦਰਸਾਂਉਂਦੇ ਸਨ ਕਿ ਕਿਵੇਂ ਸਰਕਾਰਾਂ ਆਪਦੇ ਵਿਰੋਧੀਆਂ ਦੀ ਜਸੂਸੀ ਕਰਦੀਆਂ, ਉਹਨਾਂ ਤੇ ਝੂਠੇ ਦੋਸ਼ ਲਾਕੇ ਜੇਲ਼ਾਂ ਵਿੱਚ ਸੁੱਟ ਦਿੰਦੀਆਂ ਹਨ। ਵਿੱਕੀਲੀਕਸ ਨੇ ਯਮਨ ਵਿੱਚ ਹੋ ਰਹੀਆਂ ਡਰੋਨ ਸਟਰਾਈਕਸ ਵਾਰੇ ਲਿਖਿਆ ਕਿ ਇਸ ਸਭ ਕਾਸੇ ਦੇ ਪਿੱਛੇ ਕੌਣ ਹੈ। ਅਰਬ ਦੇਸ਼ਾਂ ਦੇ ਸ਼ਹਿਨਸ਼ਾਹ ਕਿਸਤਰਾਂ ਰਿਸ਼ਵਤਾਂ ਲੈ ਕੇ ਬਾਹਰੀਆਂ ਕੰਪਨੀਆਂ ਨੂੰ ਕੰਮ ਕਰਨ ਦੇ ਠੇਕੇ ਦਿੰਦੇ ਹਨ। ਪਿੱਛੇ ਜਿਹੇ ਮੀਡੀਏ ਵਿੱਚ ਇਹ ਵੀ ਆਇਆ ਸੀ ਕਿ ਕੈਨੇਡਾ ਦੀ ਕੰਪਨੀ ਐਸ. ਐਨ. ਸੀ. ਲੈਵਲੈਨ, ਐਨੀ ਗਿਰੀ ਹੋਈ ਹੱਦ ਤੱਕ ਜਾ ਸਕਦੀ ਹੈ ਕਿ ਲਿੱਬੀਆ ਦੇ ਏਅਰਪੋਰਟ ਦੀ ਕੰਸਟਰੱਕਸ਼ਨ ਦਾ ਠੇਕਾ ਲੈਣ ਲਈ, ਉਸ ਸਮੇਂ ਦੇ ਸ਼ਾਸ਼ਕ 'ਗਦਾਫੀ' ਦੇ ਮੁੰਡੇ ਨੂੰ ਕੁੜੀਆਂ ਤੱਕ ਸਪਲਾਈ ਕਰ ਸਕਦੀ ਹੈ। ਕੈਨੇਡਾ ਦੀ ਅਟਾਰਨੀ ਜਨਰਲ ਨੇ ਜਦ 'ਐਸ ਐਨ ਸੀ ਲੈਵਲੈਨ' ਦਾ ਇਹ ਕੇਸ ਪਬਲਿਕ ਸਾਹਮਣੇ ਨਸ਼ਰ ਕੀਤਾ ਤਾਂ 'ਐਸ ਐਨ ਸੀ ਲੈਵਲੈਨ' ਨੂੰ ਤਾਂ ਕੁੱਝ ਨਹੀਂ ਕਿਹਾ ਗਿਆ ਪਰ ਅਟਾਰਨੀ ਜਨਰਲ ਆਪਦੀ ਨੌਕਰੀ ਗੁਆ ਬੈਠੀ। ਇਹ ਹੈ ਸੱਚ ਬੋਲਣ ਦੀ ਸਜਾ ਜੋ ਕੈਨੇਡਾ ਦੀ ਅਟਾਰਨੀ ਜਨਰਲ ਨੂੰ ਝੱਲਣੀ ਪਈ। ਹੁਣ ਫਿਰ ਵਿੱਕੀਲੀਕਸ ਵੱਲ ਆਂਉਂਦੇ ਹਾਂ, ਵਿੱਕੀਲੀਕਸ ਨੇ ਕੀਨੀਆਂ ਦੀ ਪੁਲੀਸ ਵੱਲੋਂ ਕੀਤੇ ਗਏ ਝੂਠੇ ਮੁਕਾਬਲੇ, ਤਿੱਬਤ ਵਿੱਚ ਚੀਨ ਦੇ ਵਿਰੁੱਧ ਹੁੰਦੀ ਬਗਾਵਤ ਅਤੇ ਪੀਰੂ ਵਿੱਚ ਪੈਟਰੋਲ ਦੇ ਸਕੈਂਡਲ ਬਾਰੇ ਵਿਸਥਾਰ ਸਾਹਿਤ ਲਿਖਿਆ। ਵਿੱਕੀਲੀਕਸ ਦੇ ਹੋਰ ਕੀਤੇ ਗਏ ਖੁਲਾਸਿਆਂ ਵਾਰੇ ਵੀ ਹੇਠ ਪੇਸ਼ ਕੀਤੇ ਗਏ ਵੇਰਵੇ ਹਾਜ਼ਰ ਹਨ :-

- 2008 ਵਿੱਚ ਵਿੱਕੀਲੀਕਸ ਨੇ ਸਵਿੱਸ ਬੈਂਕਾਂ ਵਿੱਚ ਹੋ ਰਹੀਆਂ ਹੇਰਾਫੇਰੀਆਂ ਦਾ ਜਿਕਰ ਕੀਤਾ ਤਾਂ ਵਿੱਕੀਲੀਕਸ ਸੰਸਾਰ ਪੱਧਰ ਤੇ ਆਪਣੇ ਆਪ ਨੂੰ ਦੁਨੀਆਂ ਦੀਆਂ ਅੱਖਾਂ ਖੋਲਣ ਵਾਲ਼ਾ ਮੀਡੀਆ ਬਣ ਗਿਆ। ਅਸਾਂਜ ਨੇ ਕਿਹਾ ਕੇ ਇਹ ਬੈਂਕਾਂ ਸਭ ਤਰ੍ਹਾਂ ਦੇ ਕਨੂੰਨ ਤੋੜ ਕੇ ਚਲਦੀਆਂ ਹਨ, ਇਸ ਨਾਲ਼ ਅਸਾਂਜ ਨੂੰ ਮਨੁੱਖੀ ਅਧਿਕਾਰ ਸੰਗਠਨ ਅਤੇ ਬੋਲਣ ਦੀ ਅਜਾਦੀ ਵਰਗੀਆਂ ਸੰਸਥਾਵਾਂ ਦਾ ਸਮੱਰਥਨ ਮਿਲ਼ਿਆ।

-ਸਤੰਬਰ 2008 ਦੀਆਂ ਅਮਰੀਕਾ ਦੀਆਂ ਚੋਣਾਂ ਵਿੱਚ, ਵਿੱਕੀਲੀਕਸ ਨੇ ਇਹ ਸੱਚ ਸਾਹਮਣੇ ਲਿਆਂਦਾ ਕਿ ਕਿਵੇਂ ਇੰਗਲੈਂਡ ਦੀ ਸੱਜੇਪੱਖੀ ਪਾਰਟੀ, ਅਮਰੀਕਾ ਦੀਆਂ ਚੋਣਾਂ ਵਿੱਚ ਦਖ਼ਲ ਦਿੰਦੀ ਹੈ।

-2009 ਵਿੱਚ ਵਿੱਕੀਲੀਕਸ ਨੇ ਇਰਾਨ ਦੀ 'ਨੰਤਾਜ ਨਿਊਕਲੀਅਰ ਫੈਸਿਲਟੀ' ਵਿੱਚ ਹੋਈ ਪਰਮਾਣੂ ਦੁਰਘਟਨਾ ਦੀ ਖਬਰ ਨਸ਼ਰ ਕੀਤੀ। ਵਿੱਕੀਲੀਕਸ ਨੇ ਇਹ ਖਦਸ਼ਾ ਜਾਹਰ ਕੀਤਾ ਕਿ ਇਸ ਪਿੱਛੇ ਅਮਰੀਕਾ ਅਤੇ ਇਜ਼ਰਾਈਲ ਦੇ ਸਾਈਬਰ ਐਕਸਪਰਟ ਦਾ ਹੱਥ ਹੈ।

-ਅਪਰੈਲ 2010 ਵਿੱਚ ਵਿੱਕੀਲੀਕਸ ਨੇ ਇੱਕ ਵੀਡੀਓ ਰੀਲੀਜ ਕੀਤੀ, ਜਿਸ ਵਿੱਚ ਦਿਖਾਇਆ ਗਿਆ ਕਿ ਕਿਸਤਰਾਂ ਅਮਰੀਕਨ ਫੌਜੀਆਂ ਦੇ ਹੈਲੀਕਾਪਟਰ ਵੱਲੋਂ ਫਾਇਰਿੰਗ ਕਰਕੇ 18 ਸਿਵਲੀਅਨ ਮੌਤ ਦੇ ਘਾਟ ਉਤਾਰੇ ਗਏ, ਜਿਹਨਾਂ ਵਿੱਚ ਸੰਸਾਰ ਪ੍ਰਸਿੱਧ ਅਖਬਾਰ 'ਰਿਊਟਰ' ਦਾ ਪੱਤਰਕਾਰ ਨਮੀਰ ਨੂਰ ਅਤੇ ਉਸਦਾ ਸਹਾਇਕ ਸਈਅਦ ਚਮਾਗ ਮਾਰੇ ਗਏ।



-2004 ਤੋਂ 2009 ਤੱਕ, ਅਮਰੀਕਾ ਵੱਲੋਂ ਇਰਾਕ ਵਿੱਚ ਕੀਤੀਆਂ ਗਈਆਂ ਧਾਂਦਲ਼ੀਆਂ, ਅਮਰੀਕੀ ਫੌਜਾਂ ਦੇ ਜ਼ੁਲਮ ਦੀਆਂ ਕਹਾਣੀਆਂ ਪਰਕਾਸ਼ਿਤ ਕੀਤੀਆਂ ਗਈਆਂ।

-ਵਿੱਕੀਲੀਕਸ ਨੇ 2010 ਵਿੱਚ ਅਫਗਾਨਿਸਤਾਨ ਦੀ ਲੜਾਈ ਦੀ ਰਿਪੋਰਟ ਅਤੇ ਅਪਰੈਲ 2011 ਵਿੱਚ ਗੁਆਟਾਨਮੋ ਬੇਅ ਵਿੱਚ ਅਮਰੀਕੀ ਅਧਿਕਾਰੀਆਂ ਵੱਲੋਂ ਅਫਗਾਨੀ ਜੰਗੀ ਕੈਦੀਆਂ ਤੇ ਕੀਤੇ ਜਾ ਰਹੇ ਜੁਲ਼ਮਾਂ ਦੀਆਂ ਰਿਪੋਰਟਾਂ ਪਰਕਾਸ਼ਿਤ ਕੀਤੀਆਂ।

-ਵਿੱਕੀਲੀਕਸ ਨੇ ਕੇਬਲਗੇਟ ਰਾਹੀਂ ਅਮਰੀਕਾ ਦੀਆਂ ਢਾਈ ਲੱਖ ਤਾਰਾਂ ਦੇ ਮੈਸੇਜ ਜੱਗ ਜਾਹਰ ਕੀਤੇ ਕਿ ਕਿਵੇ ਅਮਰੀਕਾ ਯ. ਐਨ. ਓ ਅਤੇ ਦੁਨੀਆਂ ਭਰ ਦੇ ਲੀਡਰਾਂ ਵਾਰੇ ਸਾਜਿਸ਼ਾਂ ਰਚਦਾ ਰਿਹਾ ਹੈ।

-2016 ਵਿੱਚ ਵਿੱਕੀਲੀਕਸ ਨੇ ਡੈਮੋਕਰੇਟਿਕ ਪਾਰਟੀ ਦੀ ਇੱਕ ਈ-ਮੇਲ ਰੀਲੀਜ ਕਰ ਦਿੱਤੀ, ਜਿਸ ਵਿੱਚ ਪਾਰਟੀ 'ਬਰਨੀ ਸੈਂਡਰਜ' ਦੀ ਜਗਾਹ ਤੇ ਹਿਲੇਰੀ ਕਲਿੰਟਨ ਨੂੰ ਤਰਜੀਹ ਦਿੰਦੀ ਸੀ ।

**ਅਸਾਂਜ ਤੇ ਅਮਰੀਕਾ ਵੱਲੋਂ ਮੁਕੱਦਮਾਂ** :- ਜਿਸ ਤਰ੍ਹਾਂ ਇੱਕ ਪੁਰਾਣੀ ਕਹਾਵਤ ਹੈ ਕਿ 'ਕੌਣ ਕਹੇ ਰਾਣੀ ਅੱਗਾ ਢੱਕ' ਪਰ ਹੁਣ ਦੀ ਨਵੀਂ ਰਾਣੀ ਅਮਰੀਕਾ' ਤਾਂ ਸਭ ਕੁੱਝ ਹੀ ਢੱਕ ਕੇ ਰੱਖਦੀ ਹੈ, ਇਹ ਤਾਂ ਜੋ ਕੁੱਝ ਵੀ ਕਰਦੀ ਹੈ, ਪਰਦੇ ਦੇ ਪਿਛੇ ਹੀ ਕਰਦੀ ਹੈ ਅਤੇ ਜੂਲੀਅਨ ਅਸਾਂਜ ਨੇ ਇਸ ਦਾ ਪਰਦਾ ਚੱਕ ਕੇ ਇਸਦਾ ਕਰੂਪ ਚੇਹਰਾ ਜੱਗ ਜਾਹਰ ਕਰ ਦਿੱਤਾ। ਐਨਾ ਕੁੱਝ ਇਹ ਅਮਰੀਕਾ ਕਿੱਥੇ ਝੱਲ ਸਕਦਾ ਸੀ ਕਿਉਂਕਿ ਇਹ ਤਾਂ ਖੁਦ ਵੀ ਆਪਣਾ ਕਰੂਪ ਚਿਹਰਾ ਸ਼ੀਸ਼ੇ ਵਿੱਚ ਨਹੀਂ ਦੇਖ ਸਕਦਾ। ਇਹਨਾਂ ਰਿਪੋਟਾਂ ਤੋਂ ਬਾਦ ਅਮਰੀਕਾ ਨੇ ਵਿੱਕੀਲੀਕਸ ਦੀਆਂ ਕਾਰਗੁਜਾਰੀਆਂ ਤੇ ਕਰਿੱਮੀਨਲ ਇਨਵੈਸਟੀਗੇਸ਼ਨ ਸ਼ੁਰੂ ਕਰ ਦਿੱਤੀ । ਨਵੰਬਰ 2010 ਵਿੱਚ ਹੀ ਅਮਰੀਕਾ ਦੇ ਕਹਿਣ ਤੇ ਸਪੇਨ ਨੇ ਅਸਾਂਜ ਤੇ ਇੱਕ ਫਰਜੀ ਸੈਕਸੂਅਲ ਕੇਸ ਪਾ ਕੇ ਅੰਤਰ-ਰਾਸ਼ਟਰੀ ਗਰਿੱਫਤਾਰੀ ਵਾਰੰਟ ਜਾਰੀ ਕਰ ਦਿੱਤੇ। ਅਸਾਂਜ ਨੇ ਗਰਿੱਫਤਾਰੀ ਤੋਂ ਬਚਣ ਲਈ ਇੱਕੁਆਡੋਰ ਦੀ ਐਂਬੈਂਸੀ ਵਿੱਚ ਸ਼ਰਣ ਲਈ। ਉਸ ਨੂੰ ਪਤਾ ਸੀ ਕਿ ਜੇਕਰ ਉਸ

(ਬਾਕੀ ਸਫ਼ਾ 11 'ਤੇ)






SAROKARAN DI AWAZ

Publisher
Pro-People Arts Project Media Group 29 Mapleview Ave, Brampton Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Chief advisor
Buta Singh Nawan Shahr (Punjab)
946-347-4342
atoozed@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Graphic Desinger
Baljinder Singh Waraich
+91-92167-29598
akashdeep.1064@gmail.com

Honorary Advisory Board
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# 'ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨ ਵਾਪਸ ਲੈਣੇ ਪਏ, ਉਸੇ ਤਰ੍ਹਾਂ ਸੀ.ਏ.ਏ.-ਐੱਨ.ਆਰ.ਸੀ. ਵਾਪਸ ਲੈਣਾ ਪਵੇਗਾ': ਅਰੁੰਧਤੀ ਰਾਏ

*[ਜਾਮੀਆ ਮਿਲੀਆ ਇਸਲਾਮੀਆ ਅਤੇ ਇਸ ਦੇ ਵਿਦਿਆਰਥੀਆਂ 'ਤੇ ਹਮਲੇ ਦੇ ਦੋ ਸਾਲ ਪੂਰੇ ਹੋਣ 'ਤੇ 15 ਦਸੰਬਰ 2021 ਨੂੰ ਪ੍ਰੈੱਸ ਕਲੱਬ ਦਿੱਲੀ ਵਿਖੇ ਆਯੋਜਿਤ ਇਕ ਸਮਾਗਮ ਵਿਚ ਲੇਖਕ ਅਰੁੰਧਤੀ ਰਾਏ ਦਾ ਭਾਸ਼ਣ।]*

**ਅਨੁਵਾਦ : ਬੂਟਾ ਸਿੰਘ**




ਅੱਜ ਜਦੋਂ ਅਸੀਂ ਨਵੀਂ ਦਿੱਲੀ ਵਿਚ ਜਾਮੀਆ ਮਿਲੀਆ ਇਸਲਾਮੀਆ ਉੱਪਰ ਦਿੱਲੀ ਪੁਲਿਸ ਦੇ ਹਮਲੇ ਦੇ ਦੋ ਸਾਲ ਮਨਾ ਰਹੇ ਹਾਂ ਤਾਂ ਸਾਨੂੰ ਸੀ.ਏ.ਏ.-ਐੱਨ.ਆਰ.ਸੀ.ਬਾਰੇ ਗੱਲ ਕਰਨੀ ਕਰਨੀ ਚਾਹੀਦੀ ਹੈ। ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਜਾਮੀਆ ਤੋਂ ਸ਼ਾਹੀਨ ਬਾਗ ਤੱਕ ਅਤੇ ਪੂਰੇ ਮੁਲਕ ਵਿਚ ਜੋ ਅੰਦੋਲਨ ਉੱਠਿਆ, ਉਹ ਕਿਨ੍ਹਾਂ ਅੰਦੇਸ਼ਿਆਂ ਨੂੰ ਸਮਝਦੇ ਹੋਏ ਉੱਠਿਆ ਸੀ। ਆਖ਼ਿਰਕਾਰ ਇਸ ਸੀ.ਏ.ਏ.-ਐੱਨ.ਆਰ.ਸੀ.ਦੀ ਅਸਲੀਅਤ ਕੀ ਹੈ?

2019 ਵਿਚ, ਜਦੋਂ ਸੀ.ਏ.ਏ.-ਐੱਨ.ਆਰ.ਸੀ.ਦੀ ਗੱਲ ਹੋ ਰਹੀ ਸੀ, ਮੈਂ ਅਸਾਮ ਗਈ ਅਤੇ ਬ੍ਰਹਮਪੁੱਤਰ ਨਦੀ ਦੇ ਪਿੰਡਾਂ ਅਤੇ ਛੋਟੇ ਟਾਪੂਆਂ ਦਾ ਦੌਰਾ ਕੀਤਾ ਜਿੱਥੇ 19 ਲੱਖ ਲੋਕਾਂ ਦੇ ਨਾਮ ਐੱਨ.ਆਰ.ਸੀ.'ਚੋਂ ਕੱਢ ਦਿੱਤੇ ਗਏ ਸਨ।

ਦਰਅਸਲ ਐੱਨ.ਆਰ.ਸੀ. ਦੀ ਇਹ ਚਰਚਾ ਆਸਾਮ ਵਿਚ ਬੰਗਲਾਦੇਸ਼ੀ ਪ੍ਰਵਾਸੀਆਂ ਦੇ ਖ਼ਿਲਾਫ਼ ਸ਼ੁਰੂ ਹੋਈ ਸੀ। ਅਤੇ ਹੁਣ ਇਸ ਨੂੰ ਪੂਰੇ ਮੁਲਕ ਵਿਚ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਨਾਲ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਲਿਆਂਦਾ ਗਿਆ। ਸੀ.ਏ.ਏ. ਅਤੇ ਐੱਨ.ਆਰ.ਸੀ. ਜੁੜਵੇਂ ਰੂਪ 'ਚ ਮੁਸਲਿਮ ਭਾਈਚਾਰੇ ਦੇ ਖ਼ਿਲਾਫ਼ ਲਿਆਂਦੇ ਗਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ। ਇਹ ਫਾਸ਼ੀਵਾਦੀ ਸੱਜੇ ਪੱਖੀ ਹਿੰਦੂ ਸਰਕਾਰ ਆਪਣੇ ਨਾਗਰਿਕਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਜੇਕਰ ਤੁਸੀਂ ਅਮਲ 'ਚ ਦੇਖੋ ਕਿ ਆਸਾਮ ਵਿਚ ਕੀ ਹੋ ਰਿਹਾ ਹੈ, ਤਾਂ ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਐੱਨ.ਆਰ.ਸੀ. ਤੋਂ ਬਾਹਰ ਕੱਢਿਆ ਗਿਆ ਹੈ, ਉਹ ਮੁਸਲਮਾਨ ਨਹੀਂ ਹਨ। ਅਜਿਹਾ ਇਸ ਲਈ ਹੋਇਆ ਕਿਉਂਕਿ ਉੱਥੋਂ ਦੇ ਮੁਸਲਿਮ ਲੋਕਾਂ ਨੂੰ ਆਪਣੇ ਉੱਪਰ ਮੰਡਲਾ ਰਹੇ ਖ਼ਤਰਿਆਂ ਦਾ ਅੰਦਾਜਾ ਸੀ, ਉਨ੍ਹਾਂ ਨੇ ਆਪਣੇ ਕਾਗਜ਼ਾਂ ਨੂੰ ਧਿਆਨ ਨਾਲ ਸੰਭਾਲ ਲਿਆ ਸੀ। ਉੱਥੇ ਜਿਨ੍ਹਾਂ ਲੋਕਾਂ ਕੋਲ ਕਾਗਜ਼ ਨਹੀਂ ਹਨ ਉਹ ਹਨ ਗ਼ਰੀਬ, ਦਲਿਤ, ਆਦਿਵਾਸੀ, ਔਰਤਾਂ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੀ.ਏ.ਏ.-ਐੱਨ.ਆਰ.ਸੀ. ਇਸ ਕੱਟੜਪੰਥੀ, ਫਾਸ਼ੀਵਾਦੀ ਸਰਕਾਰ ਦਾ ਇਕ ਅਜਿਹਾ ਕਦਮ ਹੈ, ਜੋ ਇਸ ਮੁਲਕ ਦੇ ਨਾਗਰਿਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਚ ਲੈਣ ਲਈ ਬਣਾਇਆ ਗਿਆ ਹੈ।

ਇਤਿਹਾਸ ਵਿਚ ਅਜਿਹਾ ਸਿਰਫ਼ ਇਕ ਵਾਰ ਹੀ ਹੋਇਆ ਹੈ ਕਿ ਕਿਸੇ ਰਾਜ ਨੇ ਮੁਲਕ ਦੇ ਲੋਕਾਂ ਨੂੰ ਕਿਹਾ ਹੋਵੇ ਕਿ ਉਹ ਇਸ ਦਾ ਫ਼ੈਸਲਾ ਕਰੇਗਾ ਕਿ ਮੁਲਕ ਵਿਚ ਰਹਿਣ ਵਾਲੇ ਲੋਕਾਂ ਵਿੱਚੋਂ ਕੌਣ ਨਾਗਰਿਕ ਹੈ, ਅਤੇ ਇਸ ਦਾ ਫ਼ੈਸਲਾ ਉਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਕੀਤਾ ਜਾਵੇਗਾ ਜਿਸ ਦੀ ਮਨਜ਼ੂਰੀ ਰਾਜ ਦੇਵੇਗਾ। ਇਹ ਨਾਜੀ ਜਰਮਨੀ ਵਿਚ 1935 ਵਿਚ ਹੋਇਆ ਸੀ, ਜਦੋਂ ਨਿਊਰੇਮਬਰਗ ਨਾਗਰਿਕਤਾ ਕਾਨੂੰਨ ਬਣਾਏ ਗਏ ਸਨ। ਹਿਟਲਰ ਦੇ ਰਾਜ ਨੇ ਨਾਗਰਿਕਤਾ ਸਾਬਤ ਕਰਨ ਲਈ ਜਿਸ ਕਿਸਮ ਦੇ ਦਸਤਾਵੇਜ਼ ਤੈਅ ਕੀਤੇ ਸਨ, ਉਨ੍ਹਾਂ ਨੂੰ ਹੁਣ ਲੀਗੇਸੀ ਪੇਪਰਜ਼ (ਵਿਰਾਸਤੀ ਕਾਗਜ਼ਾਤ) ਕਿਹਾ ਜਾਂਦਾ ਹੈ।

ਹਾਨਾ ਅਰੇਂਟ ਇਕ ਯਹੂਦੀ ਬੁੱਧੀਜੀਵੀ ਸੀ ਜਿਸਨੇ ਕਿਹਾ ਸੀ ਕਿ ਨਾਗਰਿਕਤਾ ਅਧਿਕਾਰਾਂ ਦਾ ਅਧਿਕਾਰ ਹੈ, ਜਿਸ ਦੇ ਹੋਣ ਨਾਲ ਤੁਹਾਨੂੰ ਸਾਰੇ ਅਧਿਕਾਰ ਮਿਲਦੇ ਹਨ। ਅਜਿਹੇ 'ਚ ਕੀ ਹੋਵੇਗਾ ਜਦੋਂ ਤੁਹਾਡੀ ਨਾਗਰਿਕਤਾ ਹੀ ਖ਼ਤਰੇ ਦੇ ਮੂੰਹ ਆ ਜਾਵੇ? ਜਦੋਂ ਪੂਰੀ ਦੀ ਪੂਰੀ ਆਬਾਦੀ, ਦਲਿਤਾਂ, ਮੁਸਲਮਾਨਾਂ, ਆਦਿਵਾਸੀਆਂ ਦੀ ਨਾਗਰਿਕਤਾ ਖ਼ਤਰੇ ਵਿਚ ਪੈ ਜਾਵੇ। ਉਨ੍ਹਾਂ ਲਈ ਆਸਾਮ ਵਿਚ ਡਿਟੈਂਸ਼ਨ ਸੈਂਟਰ ਬਣਾਏ ਜਾ ਰਹੇ ਹਨ। ਤੁਸੀਂ ਜਾਣਦੇ ਹੋਵੋਗੇ ਕਿ ਉਹ ਲੋਕ ਕੌਣ ਹਨ ਜੋ ਉਨ੍ਹਾਂ ਨੂੰ ਬਣਾਉਣ ਲਈ ਮਿਹਨਤ ਕਰ ਰਹੇ ਹਨ, ਉਨ੍ਹਾਂ ਦੀ ਸਮਾਜਿਕ ਅਤੇ ਆਰਥਕ ਹਾਲਾਤ ਕੀ ਹਨ, ਕਿਸੇ ਦਿਨ ਉਹ ਖ਼ੁਦ ਵੀ ਉਸ ਕੇਂਦਰ ਵਿਚ ਕੈਦ ਹੋ ਸਕਦੇ ਹਨ। ਪਰ ਜਿਸ ਪੱਧਰ 'ਤੇ ਸੀ.ਏ.ਏ.-ਐੱਨ.ਆਰ.ਸੀ.ਲਾਗੂ ਕੀਤਾ ਜਾ ਰਿਹਾ ਹੈ, ਉਸ ਨਾਲ ਕਰੋੜਾਂ ਲੋਕਾਂ ਨੂੰ ਖ਼ਤਰਾ ਹੈ, ਅਤੇ ਕੀ ਸਰਕਾਰ ਕਰੋੜਾਂ ਲੋਕਾਂ ਨੂੰ ਡਿਟੈਂਸ਼ਨ ਸੈਂਟਰਾਂ ਵਿਚ ਰੱਖ ਸਕਦੀ ਹੈ? ਨਹੀਂ।

ਇਹ ਡਿਟੈਂਸ਼ਨ ਸੈਂਟਰ ਇਸ ਲਈ ਵੀ ਬਣਾਏ ਜਾ ਰਹੇ ਹਨ ਤਾਂ ਜੁ ਇਹ ਸਾਡੀ ਕਲਪਨਾ ਵਿਚ ਇਹ ਗੱਲ ਬਿਠਾ ਦੇਣ ਕਿ ਇਨ੍ਹਾਂ ਲੋਕਾਂ ਦੀ ਜਗ੍ਹਾ ਡਿਟੈਂਸ਼ਨ ਸੈਂਟਰ ਹੀ ਹੈ। ਮੁਸਲਮਾਨਾਂ ਦੀ ਥਾਂ, ਆਦਿਵਾਸੀਆਂ ਦੀ ਥਾਂ, ਦਲਿਤਾਂ ਦੀ ਥਾਂ ਡਿਟੈਂਸ਼ਨ ਸੈਂਟਰਾਂ ਵਿਚ ਹੈ ਕਿਉਂਕਿ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹਨ। ਜਦੋਂ ਭਾਈਚਾਰਿਆਂ ਤੋਂ ਉਨ੍ਹਾਂ ਦੇ ਅਧਿਕਾਰ ਖੋਹ ਲਏ ਜਾਣ ਤਾਂ ਉਨ੍ਹਾਂ ਦੀ ਸਮਾਜੀ ਸਥਿਤੀ ਕੀ ਹੋਵੇਗੀ? ਇਹ ਇਕ ਨਵੀਂ ਜਾਤ ਪ੍ਰਣਾਲੀ ਵਾਂਗ ਹੋਵੇਗੀ। ਇਹ ਹਕੂਮਤ ਇਕ ਤਰ੍ਹਾਂ ਨਾਲ ਨਵੀਂ ਜਾਤ ਪ੍ਰਣਾਲੀ ਬਣਾ ਰਹੀ ਹੈ, ਜੋ ਪੁਰਾਣੀ ਜਾਤ ਪ੍ਰਣਾਲੀ ਦੇ ਨਾਲ-ਨਾਲ ਚੱਲੇਗੀ, ਜਿਸ ਵਿਚ ਕੁਝ ਨਾਗਰਿਕਾਂ ਦੇ ਅਧਿਕਾਰ ਹੋਣਗੇ, ਕੁਝ ਨੂੰ ਨਹੀਂ। ਅਜਿਹੀ ਸਥਿਤੀ ਵਿਚ, ਅਸੀਂ ਸਾਰੇ ਉੱਜੜ ਜਾਵਾਂਗੇ, ਖਿੰਡ ਜਾਵਾਂਗੇ ਅਤੇ ਇਸ ਮੁਲਕ ਵਿਚ, ਇਸ ਸਮਾਜ ਵਿਚ ਆਪਣੀ ਜਗ੍ਹਾ ਦੀ ਭਾਲ ਵਿਚ ਭਟਕਦੇ ਫਿਰਾਂਗੇ। ਐਸੀ ਹਾਲਤ 'ਚ ਅਸੀਂ ਕਿਵੇਂ ਲੜਾਂਗੇ?

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਨੇ ਜੋ ਕੀਤਾ, ਉਸ ਨੂੰ ਸਾਨੂੰ ਇਸੇ ਪ੍ਰਸੰਗ 'ਚ ਸਮਝਣ ਦੀ ਜ਼ਰੂਰਤ ਹੈ। ਉਨ੍ਹਾਂ ਨੇ ਜੋ ਕੀਤਾ ਉਹ ਬਹੁਤ ਮਹੱਤਵਪੂਰਨ ਹੈ। ਉਹ ਇਸ ਬੁਨਿਆਦੀ ਖ਼ਤਰੇ ਨੂੰ ਸਮਝਦੇ ਸਨ, ਅਤੇ ਉਨ੍ਹਾਂ ਨੇ ਕਿਹਾ ਕਿ ਇਹ ਇਕ ਐਸਾ ਖ਼ਤਰਾ ਹੈ ਜਿਸ ਦਾ ਮੁਕਾਬਲਾ ਕਰਨਾ ਹੋਵੇਗਾ ਅਤੇ ਸਰਕਾਰ ਨੂੰ ਇਸ ਨੂੰ ਵਾਪਸ ਲੈਣ ਲਈ ਮਜਬੂਰ ਕਰਨਾ ਹੋਵੇਗਾ।

**ਅਤੇ ਉਹ ਸਾਡੇ ਸਾਰਿਆਂ ਲਈ ਡੱਟੇ ਅਤੇ ਲੜੇ।**

ਜੇਕਰ ਤੁਸੀਂ ਭਾਜਪਾ ਅਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ 'ਤੇ ਨਜ਼ਰ ਮਾਰਦੇ ਹੋ, ਤਾਂ ਉਹ ਜਿਨ੍ਹਾਂ ਨੂੰ ਸਰੇਆਮ ਨਫ਼ਰਤ ਕਰਦੇ ਹਨ ਉਹ ਹਨ ਮੁਸਲਮਾਨ, ਈਸਾਈ ਅਤੇ ਕਮਿਊਨਿਸਟ। ਇਨ੍ਹਾਂ ਤਿੰਨਾਂ ਭਾਈਚਾਰਿਆਂ ਪ੍ਰਤੀ ਉਨ੍ਹਾਂ ਦੀ ਨਫ਼ਰਤ ਜਨਤਕ ਹੈ। ਪਰ ਇਹ ਸਰਕਾਰ ਐਸੀ ਹੈ ਜੋ ਸਭ ਨੂੰ ਨਫ਼ਰਤ ਕਰਦੀ ਹੈ। ਇਹ ਆਪਣੇ ਆਪ ਨੂੰ ਦੇਸ਼ ਭਗਤ ਕਹਿੰਦੀ ਹੈ ਪਰ ਮੁਲਕ ਦੇ ਗ਼ਰੀਬਾਂ, ਮਜ਼ਦੂਰਾਂ, ਆਦਿਵਾਸੀਆਂ, ਦਲਿਤਾਂ ਨਾਲ ਨਫ਼ਰਤ ਕਰਦੀ ਹੈ। ਇਹ ਨਾ ਸਿਰਫ਼ ਮੁਸਲਮਾਨਾਂ ਨੂੰ ਨਫ਼ਰਤ ਕਰਦੀ ਹੈ, ਸਗੋਂ ਆਪਣੇ ਵੋਟਰਾਂ ਨੂੰ ਵੀ ਨਫ਼ਰਤ ਕਰਦੀ ਹੈ। ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋ, ਤਾਂ ਤੁਸੀਂ ਨਰਿੰਦਰ ਮੋਦੀ ਦਾ ਕੰਮ ਕਰਨ ਦਾ ਤਰੀਕਾ ਦੇਖੋ। ਉਸ ਵੱਲੋਂ ਚੁੱਕੇ ਗਏ ਕਦਮਾਂ ਤੋਂ ਝਲਕਦਾ ਹੈ ਕਿ ਅਵਾਮ ਐਸੇ ਦੁਸ਼ਮਣ ਹਨ ਜਿਨ੍ਹਾਂ ਉੱਪਰ ਘਾਤ ਲਾ ਕੇ ਹਮਲਾ ਕਰਨਾ ਹੈ।

ਸਭ ਤੋਂ ਪਹਿਲਾਂ ਇਹ ਅੱਧੀ ਰਾਤ ਨੂੰ ਨੋਟਬੰਦੀ ਨਾਲ ਸ਼ੁਰੂ ਹੋਇਆ। ਇਹ ਇਸ ਤਰ੍ਹਾਂ ਸੀ ਜਿਵੇਂ ਕੋਈ ਕ੍ਰਿਕਟ ਦਾ ਬੱਲਾ ਲੈ ਕੇ ਤੁਹਾਡੀ ਗੋਡ਼ ਦੀ ਹੱਡੀ ਤੋੜ ਦੇਵੇ। ਨੋਟਬੰਦੀ ਅਜਿਹਾ ਹੀ ਇਕ ਹਮਲਾ ਸੀ। ਇਸ ਤੋਂ ਬਾਦ ਸੀ.ਏ.ਏ.-ਐੱਨ. ਆਰ. ਸੀ. ਆਇਆ। ਜਿਸ ਤਰ੍ਹਾਂ ਉਸ ਨੇ ਪਹਿਲਾਂ ਨੋਟਬੰਦੀ ਕੀਤੀ ਸੀ, ਉਸੇ ਤਰ੍ਹਾਂ ਕੋਵਿਡ ਮਹਾਂਮਾਰੀ ਦੌਰਾਨ, ਉਸ ਨੇ ਚਾਰ ਘੰਟਿਆਂ ਦੇ ਨੋਟਿਸ ਨਾਲ ਤਾਲਾਬੰਦੀ ਲਗਾ ਦਿੱਤੀ। ਇਸ ਦੇ ਨਤੀਜੇ ਵਜੋਂ ਅਸੀਂ ਦੇਖਿਆ ਕਿ ਕਿਵੇਂ ਲੱਖਾਂ ਮਜ਼ਦੂਰਾਂ ਲਈ ਇਕ ਭਿਆਨਕ ਤ੍ਰਾਸਦੀ ਪੈਦਾ ਹੋ ਗਈ। ਇਸ ਸਰਕਾਰ ਦੇ ਜ਼ਿਹਨ ਵਿਚ ਹੀ ਨਹੀਂ ਸੀ ਕਿ ਇਸ ਮੁਲਕ ਵਿਚ ਅਜਿਹੇ ਲੋਕ ਹਨ ਜੋ ਇਕ-ਇਕ ਕਮਰੇ ਵਿਚ ਰਹਿੰਦੇ ਹਨ, ਜਿਸ ਦਾ ਉਨ੍ਹਾਂ ਨੇ ਕਿਰਾਇਆ ਦੇਣਾ ਹੈ, ਉਨ੍ਹਾਂ ਨੂੰ ਉਸ ਲਈ ਕੰਮ ਕਰਨਾ ਪੈਣਾ ਹੈ, ਨਹੀਂ ਤਾਂ ਉਹ ਸ਼ਹਿਰ ਵਿਚ ਨਹੀਂ ਰਹਿ ਸਕਦੇ। ਲੌਕਡਾਊਨ ਲਗਾਏ ਜਾਣ 'ਤੇ ਉਨ੍ਹਾਂ ਨੂੰ ਰਾਤੋ ਰਾਤ ਹਜ਼ਾਰਾਂ ਮੀਲ ਪੈਦਲ ਚੱਲ ਕੇ ਆਪਣੇ ਪਿੰਡ ਪਰਤਣਾ ਪਿਆ।

ਫਿਰ ਉਸ ਤੋਂ ਬਾਦ ਕਿਸਾਨ ਐਕਟ ਆਇਆ, ਜਿਸ ਦਾ ਉਦੇਸ਼ ਕਿਸਾਨਾਂ ਦੀਆਂ ਜ਼ਮੀਨਾਂ ਖੋਹਣਾ ਹੈ। ਇਹ ਕਿਸਾਨਾਂ ਦੀ ਹੋਂਦ ਨੂੰ ਖ਼ਤਮ ਕਰਨ ਵਾਲਾ ਕਾਨੂੰਨ ਹੈ। ਇਹ ਸਾਰੀਆਂ ਅਜਿਹੀਆਂ ਚੀਜ਼ਾਂ ਹਨ ਜੋ ਛੱਤੀਸਗੜ੍ਹ 'ਚ, ਨਰਮਦਾ ਘਾਟੀ 'ਚ ਪਹਿਲਾਂ ਹੀ ਚੱਲ ਰਹੀਆਂ ਹਨ। ਪਰ ਉਹ ਲੋਕ ਗ਼ਰੀਬ ਹਨ, ਦੂਰ-ਦੁਰਾਡੇ ਪਿੰਡਾਂ ਵਿਚ ਰਹਿੰਦੇ ਹਨ, ਇਸ ਲਈ ਕੋਈ ਉਨ੍ਹਾਂ ਦੀ ਗੱਲ ਨਹੀਂ ਸੁਣ ਰਿਹਾ ਸੀ। ਹੁਣ ਜਦੋਂ ਪਾਣੀ ਨੱਕ ਤੱਕ ਪਹੁੰਚ


(ਬਾਕੀ ਸਫ਼ਾ 13 'ਤੇ)

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਲਾਕਡਾਊਨ ਅਤੇ ਮੰਦੀ ਦਾ ਸਵਾਲ

**ਮੈਨੂੰ ਇਹ ਲਿਖਤ ਪੜ੍ਹਨ ਸਮੇਂ ਦੇਸ਼ ਵਿਦੇਸ਼ ਦੀਆਂ ਮੌਜੂਦਾ ਹਾਲਤਾਂ ਅਤੇ ਉਨ੍ਹਾਂ ਦੇ ਜਮਹੂਰੀ ਹੱਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਚੰਗੀ ਜਾਣਕਾਰੀ ਪ੍ਰਾਪਤ ਹੋਈ ਹੈ। 'ਕੋਬਾਡ ਗਾਂਧੀ' ਵਰਗੇ ਚਿੰਤਕ, ਮਾਰਕਸੀ ਵਿਚਾਰਧਾਰਾ ਦੇ ਪਰਪੱਕ ਵਿਚਾਰਧਾਰਕ ਆਗੂ ਵਲੋਂ ਲਿਖੀ ਲਿਖਤ ਮੌਜੂਦਾ ਸਮਿਆਂ ਲਈ ਬੇਹੱਦ ਪ੍ਰਸੰਗਕ ਹੈ। – ਤਰਸੇਮ ਲਾਲ**





ਤਰਸੇਮ ਲਾਲ
94632-18707
tarsemgoyal.54@gmail.com

ਵਿਸ਼ਵ ਭਰ ਵਿਚ ਮੰਦੀ ਦਾ ਦੌਰ ਕਰੋਨਾ-19 ਤੋਂ ਪਹਿਲਾਂ ਸ਼ੁਰੂ ਹੋ ਚੁੱਕਾ ਸੀ ਸਿਵਾਏ ਚੀਨੀ ਅਰਥ ਵਿਵਸਥਾ ਦੇ। 2020 ਦੀ ਪਹਿਲੀ ਤਿਮਾਹੀ ਦੌਰਾਨ ਅਮਰੀਕੀ ਅਰਥ ਵਿਵਸਥਾ 4.8% ਜਪਾਨ 7.1%, ਯੂਰਪ 3.5% ਸੁੰਗੜ ਰਹੀ ਸੀ। ਚੀਨ ਬਾਰਡਰ ਰੋਡ ਇਨੀਸੀਏਟਿਵ ਰਾਹੀਂ 100 ਦੇ ਕਰੀਬ ਦੇਸ਼ਾਂ ਨਾਲ 2600 ਪ੍ਰੋਜੈਕਟ ਚਲਾਕੇ ਵਪਾਰ ਕਰ ਰਿਹਾ ਹੈ। ਯੂਕਰੇਨ ਤੋਂ ਕਜਾਖਸਤਾਨ ਤੱਕ 5474 ਕਿ.ਮੀ. ਦਾ ਰੇਲ ਮਾਰਗ ਇਸ ਲਈ ਨਵੇਂ ਰਸਤੇ ਖੋਲ੍ਹ ਰਿਹਾ ਹੈ। ਟਰੰਪ ਦੇ ਸਮੇਂ ਚੀਨੀ ਬਰਾਮਦਾਂ 'ਤੇ 25% ਟੈਕਸ ਲਗਾਕੇ ਇਸ ਨੂੰ ਠੱਲਣ ਦੀ ਕੋਸ਼ਿਸ਼ ਕੀਤੀ। ਬਾਈਡਨ ਦੀ ਨਰਮ ਨੀਤੀ ਨੂੰ ਲੋਕ ਵਧੇਰੇ ਪਸੰਦ ਕਰਦੇ ਹਨ। ਭਾਵੇਂ ਟਰੰਪ ਵਲੋਂ ਲਗਾਏ ਟੈਕਸ ਉਸਨੇ ਅਜੇ ਵਾਪਸ ਨਹੀਂ ਲਏ।

ਭਾਰਤ ਅੰਦਰ 2018-19 ਦੌਰਾਨ ਜੀਡੀਪੀ 6.12% ਸੀ, ਜੋ 2019-20 ਵਿਚ ਘੱਟ ਕੇ 4.18% ਰਹਿ ਗਈ। ਮੈਨੂੰਫੈਕਚਰਿੰਗ ਅੰਦਰ 2% ਸਭ ਤੋਂ ਘੱਟ ਰਹੀ। ਖਪਤ ਖਰਚੇ 3.7% ਘਟੇ। ਪੇਂਡੂ ਖੇਤਰ ਵਿਚ ਵਧੇਰੇ (8.8%) ਘਟੇ। ਲੋਕਾਂ ਦੀ ਖਰੀਦ ਸ਼ਕਤੀ ਵਿਚ ਗਿਰਾਵਟ ਆਈ।

ਸਰਕਾਰੀ ਅਤੇ ਪ੍ਰਾਈਵੇਟ ਬੈਂਕ ਤਾਸ਼ ਦੇ ਪੱਤਿਆਂ ਵਾਂਗ ਗਿਰ ਰਹੇ ਸਨ। ਐਨ.ਪੀ.ਏ., ਬੇਲਆਊਟ 6.66 ਲੱਖ ਕਰੋੜ ਕਾਰਪੋਰੇਟ ਕਰਜ਼ਾ ਬੇਲ ਆਊਟ ਨੇ ਬੈਂਕਾਂ ਦਾ ਦੀਵਾਲਾ ਕੱਢ ਦਿੱਤਾ। ਯੈੱਸ ਬੈਂਕ, ਆਈ.ਐਲ.ਐਫ.ਐਸ. ਵਰਗੇ ਬੈਂਕਾਂ ਦਾ ਹਸ਼ਰ ਅਸੀਂ ਦੇਖਿਆ।

ਲਾਕਡਾਊਨ ਸਮੇਂ ਅਮਰੀਕੀ ਜੀਡੀਪੀ ਅਪਰੈਲ-ਜੂਨ ਦੀ ਦੂਜੀ ਤਿਮਾਹੀ 32.9% (1958-10% ਗਿਰੀ ਸੀ) ਇਤਿਹਾਸਕ ਗਿਰਾਵਟ ਦਰਜ ਕੀਤੀ। ਯੂਕੇ 20.4% (300 ਸਾਲਾਂ ਵਿਚ ਸਭ ਤੋਂ ਵੱਧ), ਸਪੇਨ 18.5%, ਫਰਾਂਸ 13.8%, ਸਾਊਦੀ 7% ਗਿਰੀ।

ਅਮਰੀਕਾ ਵਿਚ ਇਸ ਸਮੇਂ ਦੌਰਾਨ ਅਪ੍ਰੈਲ-ਜੂਨ 2020 ਅਮੀਰ ਵੱਡੇ ਕਾਰਪੋਰੇਟ ਅਤੇ ਵਿੱਤੀ ਸੰਸਥਾਵਾਂ ਦੀ ਆਮਦਨ ਵਧੀ (565 ਬਿਲੀਅਨ ਡਾਲਰ ਨਾਲ 19% ਵੱਧ ਅਮੀਰ) ਜਦੋਂਕਿ 2.85 ਕਰੋੜ ਅਮਰੀਕੀ ਬੇਰੁਜ਼ਗਾਰ ਹੋਏ। ਸ਼ੇਅਰ ਮਾਰਕੀਟ ਅਮੀਰ ਲੋਕਾਂ ਵਲੋਂ ਆਪਣੇ ਹੀ ਸ਼ੇਅਰ ਖਰੀਦਣ ਅਤੇ ਸਰਕਾਰੀ ਫੰਡਾਂ ਕਾਰਨ ਛਲਾਂਗਾਂ ਮਾਰਦੀ ਰਹੀ। ਮਰਜਰ ਅਤੇ ਐਕੂਜੀਸ਼ਨ ਰਾਹੀਂ ਛੋਟੇ ਅਦਾਰੇ ਵੱਡੇ ਅਦਾਰਿਆਂ ਨੇ ਨਿਗਲ ਲਏ (ਕੌਡੀਆਂ ਦੇ ਭਾਅ)। ਅਸਮਾਨਤਾਵਾਂ ਮਹਿੰਗਾਈ ਅਤੇ ਬੇਰੁਜ਼ਗਾਰੀ ਵਧੀ। ਅਮਰੀਕਾ ਅੰਦਰ ਘੱਟੋ ਘੱਟ ਆਮਦਨ 7.5 ਡਾਲਰ/ਘੰਟਾ ਅਤੇ ਗੂਗਲ ਦੇ ਸੀਈਓ ਦੀ 28.1 ਕਰੋੜ ਡਾਲਰ ਪ੍ਰਤੀ ਸਾਲ ਜੋ ਆਮ ਗੂਗਲ ਕਾਮੇ ਨਾਲੋਂ 1085 ਗੁਣਾ ਵੱਧ ਹੈ।

ਭਾਰਤ ਅੰਦਰ ਕਰੋਨਾ ਮਹਾਂਮਰੀ ਨੂੰ ਠੱਲ੍ਹਣ ਲਈ ਵਿਦੇਸ਼ੀ ਯਾਤਰੀਆਂ 'ਤੇ ਰੋਕ, ਸਿਹਤ ਸਹੂਲਤਾਂ ਦਾ ਵਿਸਥਾਰ, ਵਿਗਿਆਨਕ ਨਿਯਮਾਂ ਤਹਿਤ ਕਮਰਿਆਂ ਵਿਚ ਬੰਦ ਕਰਨ ਦੀ ਥਾਂ ਖੁੱਲ੍ਹੇ ਵਿਚ ਵਿਚਰਨ ਆਦਿ ਦੇ ਨਿਯਮਾਂ ਦੀ ਥਾਂ ਬੇਹੱਦ ਸਖਤ ਪੁਲਸੀਆ ਤਾਲਾਬੰਦੀ ਕਰਕੇ ਪ੍ਰਵਾਸੀ ਮਜ਼ਦੂਰਾਂ ਨਾਲ ਦੁਰਵਿਹਾਰ, ਉਨ੍ਹਾਂ ਦੀ ਭੁਖਮਰੀ, ਦੂਰ ਦੁਰਾਡੇ ਪੈਦਲ ਚਲਦੇ ਮਰਨ ਦੀਆਂ ਖ਼ਬਰਾਂ ਨੇ ਭਾਰਤ ਦੀ ਵਿਦੇਸ਼ਾਂ ਵਿਚ ਕਾਫ਼ੀ ਭੰਡੀ ਕਰਵਾਈ।

ਬੇਰੁਜ਼ਗਾਰੀ 67% (ਅਜ਼ੀਮ ਪ੍ਰੇਮਜੀ ਯੂਨੀ.ਸਰਵੇ) ਅਨੁਸਾਰ ਸਭ ਤੋਂ ਮਾੜੇ ਪੱਧਰ 'ਤੇ ਰਹੀ। ਭੁਖਮਰੀ, ਗਰੀਬੀ ਅਤੇ ਬੇਰੁਜ਼ਗਾਰੀ ਨੇ ਹਾਲਤ ਅਤਿ ਤਰਸਯੋਗ ਬਣਾ ਦਿੱਤੇ।

ਭਾਰਤ ਅੰਦਰ ਵੀ ਸ਼ੇਅਰ ਬਜ਼ਾਰ ਉਚੀਆਂ ਛਲਾਂਗਾਂ ਮਾਰਦਾ ਰਿਹਾ। ਲਿਸਟਡ 4076 ਕੰਪਨੀਆਂ ਦੇ ਮੁਨਾਫ਼ੇ ਸੇਲ ਘਟਣ ਦੇ ਬਾਵਜੂਦ (5%-7%) ਵੀ 31% ਵਧੇ (ਸਤੰਬਰ-19 ਤੋਂ ਸਤੰਬਰ 20) ਰਿਲਾਇੰਸ ਦੀ ਕਮਾਈ ਜੂਨ 20 ਦੇ 8276 ਕਰੋੜ ਤੋਂ ਵੱਧ ਕੇ ਜੂਨ 21 ਵਿਚ 12,273 ਕਰੋੜ ਦਰਜ ਕੀਤੀ ਗਈ। (135 ਕਰੋੜ ਰੋਜ਼ਾਨਾ) (48.4% ਵਾਧਾ) ਇਹ ਯਾਤਰਾ ਖਰਚੇ ਦੀ ਕਟੌਤੀ, ਏ.ਸੀ. ਦੇ ਖਰਚੇ, ਦਫ਼ਤਰਾਂ ਦੇ ਹੋਰ ਖਰਚੇ ਅਤੇ ਮਜ਼ਦੂਰੀ ਦਰਾਂ ਘੱਟਣ ਕਾਰਨ ਸੰਭਵ ਹੋਇਆ। ਇਸ ਤਰ੍ਹਾਂ ਵਰਕ ਫਰਾਮ ਹੋਮ (ਨਵਾਂ ਨਾਰਮਲ) ਬਣ ਗਿਆ। ਕੰਪਨੀਆਂ ਦਫ਼ਤਰਾਂ ਵਾਲੇ ਫਲੈਟ ਸੇਲ ਕਰਕੇ ਇਸੇ ਨੂੰ ਨਵਾਂ ਨਾਰਮਲ ਬਣਾਉਣ ਜਾ ਰਹੀਆਂ ਹਨ।

ਆਮ ਲੋਕ ਬੇਰੁਜ਼ਗਾਰ ਹੋਏ ਹੋਰ 7.5 ਕਰੋੜ ਗਰੀਬ 145 ਰੁਪਏ ਪ੍ਰਤੀ ਦਿਨ ਦੀ ਕਮਾਈ ਤੋਂ ਵੀ ਹੇਠਾਂ ਧੱਕੇ ਗਏ। ਛੋਟੇ ਦੁਕਾਨਦਾਰ ਰੇੜੀ ਫੜੀ ਵਾਲਿਆਂ ਦੇ ਰੁਜ਼ਗਾਰ ਠੱਪ ਹੋ ਗਏ। ਬੱਚਤਾਂ ਘੱਟ ਗਈਆਂ, ਲੋਕਾਂ ਜਮ੍ਹਾਂ ਪੈਸੇ ਖਰਚ ਕੇ ਜੀਵਨ ਨਿਰਭਾਅ ਦੇ ਪਦਾਰਥ ਖਰੀਦਣ ਲੱਗੇ। ਦੂਜੀ ਲਹਿਰ ਦੌਰਾਨ ਤਾਂ ਮੱਧ ਵਰਗ ਨੇ ਉਚ ਮੱਧ ਵਰਗ ਦੀ ਹਾਲਤ ਵੀ ਵੱਧਦੀ ਮਹਿੰਗਾਈ, ਘੱਟਦੇ ਰੋਜ਼ਗਾਰ, ਘੱਟਦੀਆਂ ਤਨਖਾਹਾਂ, ਘੱਟਦੀਆਂ ਬਚਤਾਂ ਨੇ ਤਰਸਯੋਗ ਬਣਾ ਦਿੱਤੀ ਜਦੋਂਕਿ ਅਦਾਰ ਪੂਨਾ ਵਾਲਾ (ਵੈਕਸੀਨ ਕਿੰਗ) ਯੂਕੇ ਵਿਚ 50 ਲੱਖ/ਹਫ਼ਤੇ ਦੇ ਕਿਰਾਏ ਤੇ 24000 ਵਰਗ ਫੁੱਟ ਘਰ ਵਿਚ ਐਸ਼ ਫਰਮਾ ਰਿਹਾਹੈ।

25 ਜੂਨ 2021 ਨੂੰ ਜਾਰੀ ਆਕਸਫੈਮ ਦੀ ਰਿਪੋਰਟ ਅਨੁਸਾਰ ਦੁਨੀਆਂ ਦੇ ਸਭ ਤੋਂ ਅਮੀਰ 1% ਕੋਲ 6.9 ਬਿਲੀਅਨ ਲੋਕਾਂ ਦੀ ਪੂੰਜੀ ਨਾਲੋਂ ਦੁਗਣੀ ਪੂੰਜੀ ਹੈ। ਸੰਸਾਰ ਦੇ 2136 ਅਮੀਰ ਲੋਕਾਂ ਵਿਚ 39 ਦੀ ਪੂੰਜੀ 4.6 ਬਿਲੀਅਨ ਹੇਠਲੇ ਲੋਕਾਂ ਦੀ ਪੂੰਜੀ ਦੀ ਬਰਾਬਰ ਹੈ। ਭਾਰਤ ਦੇ 9 ਉਪਰਲੇ ਧਨੀ ਵਿਅਕਤੀਆਂ ਕੋਲ 50% ਹੇਠਲੇ ਭਾਰਤੀਆਂ ਦੇ ਬਰਾਬਰ ਪੂੰਜੀ ਹੈ। ਇਸੇ ਰਿਪੋਰਟ ਵਿਚ ਦਰਜ ਹੈ ਕਿ 11 ਲੋਕ ਪ੍ਰਤੀ ਮਿੰਟ ਭਾਵ 16000 ਪ੍ਰਤੀ ਦਿਨ ਭੁੱਖ ਨਾਲ ਮਰ ਰਹੇ ਹਨ।

ਵਰਲਡ ਇਕਨਾਮਿਕ ਫੋਰਮ ਦੇ ਮੁਖੀ ਕਲਾਸ ਸ਼ਵਾਬ ਚੌਥੀ ਉਦਯੋਗਿਕ ਕ੍ਰਾਂਤੀ ਦਾ ਏਜੰਡਾ (2016) ਜਾਰੀ ਕੀਤਾ ਜੋ ਜੁਲਾਈ 2020 ਤੱਕ ਪੂਰਾ ਕਰ ਲਿਆ ਗਿਆ (ਮਹਾਨ ਰੀਸੈਟ ਰਾਹੀਂ) ਮਿਲਟਨ ਫਰੀਡਮੈਨ ਦੇ ਸ਼ਿਕਾਗੋ ਸਕੂਲ ਦੇ ਚੇਲੇ ਜਿਨ੍ਹਾਂ ਦਾ ਅੰਤਰ ਰਾਸ਼ਟਰੀ ਸੰਸਥਾਵਾਂ ਵਿਚ ਕੰਮ ਕਰਨ ਦਾ ਤਰਜਬਾ ਹੈ, ਸਾਰੇ ਦੇਸ਼ਾਂ ਦੀਆਂ ਸਰਕਾਰਾਂ ਦੇ ਆਰਥਿਕ ਸਲਾਹ ਹਨ। ਇਹ ਡਿਜੀਟਲ ਤਕਨੀਕ ਨੂੰ ਵਧੇਰੇ ਵਿਕਸਤ ਕਰਕੇ, ਮੋਬਾਇਲ ਦੀ ਪ੍ਰੋਸੈਸਿੰਗ ਸ਼ਕਤੀ ਵਧਾਕੇ, ਸਟੋਰੇਜ ਸਮਰੱਥਾ ਵਧਾਕੇ, ਅਸੀਮ ਸੂਚਨਾ ਉਪਲਬਧ ਯਕੀਨੀ ਬਣਾਕੇ, ਆਰਟੀਫੀਸੀਅਲ ਇੰਟੈਲੀਜੈਂਸ ਰਾਹੀਂ, ਸਵੈਚਾਲਤ ਵੀਹਕਲ 3 ਡੀ.ਪ੍ਰਿੰਟਿੰਗ, ਨੈਨੋ ਤਕਨੀਕ, ਬਾਇਓ ਤਕਨੀਕ, ਕੁਆਂਟਮ ਕੰਪਿਊਟਿੰਗ ਵਿਧੀਆਂ ਰਾਹੀਂ ਮਨੁੱਖ ਨੂੰ ਰੋਬੋਟ ਬਣਾਕੇ ਅਤੇ ਰੋਬਟਿਕ ਤਕਨੀਕ ਰਾਹੀਂ ਵਧੇਰੇ ਕੰਮਾਂ ਵਿਚ ਵਰਤੋਂ ਕਰਕੇ ਮਨੁੱਖ ਨੂੰ ਪੂਰੀ ਤਰ੍ਹਾਂ ਕਾਬੂ ਕਰ ਰਹੇ ਹਨ। ਅਸੀਂ ਕੀ ਖਾਂਦੇ ਹਾਂ, ਸਾਡੇ ਰਿਹਾਇਸ਼ ਸਥਾਨ, ਸਾਡੀ ਪਛਾਣ, ਸਾਡੀ ਨਿੱਜਤਾ, ਸਾਡੀ ਮਾਲਕੀ, ਖਪਤ ਸੁਭਾਅ, ਕੰਮ ਘੰਟੇ, ਅਰਾਮ ਦਾ ਸਮਾਂ, ਕੈਰੀਅਰ ਪਲਾਨ, ਸਾਡੇ ਹੁਨਰ, ਸਾਡੇ ਅੰਤਰ ਸਬੰਧ, ਸਾਡੀਆਂ ਲੋੜਾਂ ਸਭ ਨੂੰ ਇਹ ਤਕਨੀਕ ਹੀ ਕੰਟਰੋਲ ਕਰੇਗੀ ਅਤੇ ਨਿਰਧਾਰਨ ਕਰੇਗੀ। ਇਹ ਮਨੁੱਖੀ ਸਰੀਰ ਉਪਰ ਪੂਰੀ ਤਰ੍ਹਾਂ ਨਾਲ ਕਾਬਜ਼ ਹੋ ਜਾਵੇਗੀ। ਜੀ.ਈ. ਫਸਲ ਦੀ ਥਾਂ ਜੀ.ਈ. ਮਨੁੱਖ ਪੈਦਾ ਹੋਵੇਗਾ। ਇਸ ਦਾ ਅਸਲ ਸਿਧਾਂਤ ਹੈ ਕਿ, "ਤੁਹਾਡੇ ਕੋਲ ਕੁਝ ਵੀ ਨਹੀਂ ਹੋਵੇਗਾ, ਪ੍ਰੰਤੂ ਤੁਸੀਂ ਖੁਸ਼ ਹੋਵੋਗੇ।"

ਕੋਵਿਡ-19 ਅਤੇ ਤਾਲਾਬੰਦੀ ਦਾ ਲਾਹਾ ਲੈ ਕੇ ਅਜਿਹੀਆਂ ਤਬਦੀਲੀਆਂ ਲਿਆਂਦੀਆਂ ਜਾ ਰਹੀਆਂ ਹਨ ਕਿ ਪੁਰਾਣੇ ਪ੍ਰੰਪਰਾਗਤ ਉਦਯੋਗ ਦੀਵਾਲੀਆ ਹੋ ਜਾਣਗੇ, ਮਰਜ਼ ਕਰ ਲਏ ਜਾਣਗੇ, ਮਨਸੂਈ ਬੁੱਧੀ ਵਾਲੀਆਂ ਨਵੀਆਂ ਤਕਨੀਕਾਂ ਵਾਲੇ ਵੱਡੇ ਉਦਯੋਗ ਬਾਕੀ ਉਦਯੋਗਾਂ ਨੂੰ ਖਾ ਜਾਣਗੇ। ਨੌਕਰੀਓਂ ਬਾਹਰੋਂ ਹੋਏ ਲੋਕਾਂ ਲਈ ਯੂਨੀਵਰਸਲ ਬੇਸਿਕ ਇਨਕਮ ਦਾ ਪ੍ਰਬੰਧ ਕਰਕੇ, ਉਨ੍ਹਾਂ ਦੇ ਘਰ ਜ਼ਮੀਨਾਂ ਵੇਚ ਕੇ ਕਰਜ਼ੇ ਪੂਰੇ ਕਰਕੇ ਉਨ੍ਹਾਂ ਨੂੰ 'ਬੇਫਿਕਰ' ਕਰ ਦਿੱਤਾ ਜਾਵੇਗਾ। ਵੱਡ ਮਨੋਪਲੀ ਅਦਾਰੇ ਘਰ ਬੈਠੇ ਤੁਹਾਡੀ ਲੋੜ ਦੀਆਂ ਚੀਜ਼ਾਂ ਸਪਲਾਈ ਕਰਨਗੇ। ਛੋਟੇ ਦੁਕਾਨਦਾਰ, ਸ਼ਹਿਰਾਂ ਅੰਦਰਲੇ ਮਾਲਜ਼, ਰੇੜੀ ਫੜੀ ਵਾਲੇ ਸਭ ਖਤਮ ਹੋ ਜਾਣਗੇ।

ਮੀਡੀਆ ਅੰਦਰ 'ਪ੍ਰੋਜੈਕਟ ਸਿੰਡੀਕੇਟ' ਵਿਚ 500 ਮੀਡੀਆ ਆਊਟ ਲੈਟ 150 ਦੇਸ਼ ਅੰਦਰ ਕੰਮ ਕਰ ਰਹੇ ਹਨ। ਇਨ੍ਹਾਂ ਕੋਲ 50 ਨੋਬਲ ਇਨਾਮ ਜੇਤੂ ਅਤੇ 120 ਦੇਸ਼ਾਂ ਦੇ ਮੁਖੀਆਂ ਦੇ ਨਾਲ-ਨਾਲ ਉਨ੍ਹਾਂ ਦੇਸ਼ਾਂ ਦੇ 'ਬੁੱਧੀਜੀਵੀ' ਵੀ ਸ਼ਾਮਲ ਹਨ। ਇਹ ਵੱਡੇ ਅਖ਼ਬਾਰਾਂ ਲਈ ਐਡੀਟੋਰੀਅਲ, ਲੋਕ ਰਾਏ ਅਤੇ ਵੱਡੀ ਮੀਡੀਆ ਸੰਸਥਾਵਾਂ ਲਈ ਉਪਰੋਕਤ ਵਰਨਣ ਕੀਤੇ ਵਰਤਾਰੇ ਨੂੰ ਲਾਗੂ ਕਰਨ ਲਈ ਲੋਕ ਰਾਏ ਬਣਾਉਣ ਦਾ ਕੰਮ ਕਰਦੇ ਹਨ। ਇਸ ਸਾਜ਼ਿਸ਼ ਵਿਚ 'ਟ੍ਰਾਈਲੇਟਰਲ ਕਮਿਸ਼ਨ' ਜਿਸ ਦੇ ਜਾਰਜ ਬੁਸ਼ ਅਤੇ ਜਿੰਮੀ ਕਾਰਟਰ ਮੈਂਬਰ ਹਨ। ਅਰਧ ਗੁਪਤ ਸੰਸਥਾਵਾਂ ਦੇ ਮੁਖੀ, ਅਫਸ਼ਰਸ਼ਾਹ, ਇਸ ਅੰਦਰ ਕੰਮ ਕਰ ਰਹੇ ਹਨ ਜੋ 'ਨਵੀ ਸੰਸਾਰ ਤਰਤੀਬ' ਨੂੰ ਕਾਹਲੀ ਨਾਲ ਲਾਗੂ ਕਰਨ ਲਈ ਯਤਨਸ਼ੀਲ ਹਨ। ਇਕ ਹੋਰ ਗਰੁੱਪ, "ਬਲਾਈਡਰਬਰਗ' (1954) ਜੋ ਅਜ਼ਾਦ ਮੰਡੀ, ਪੱਛਮੀ ਸਰਮਾਏਦਾਰੀ ਦੀ ਵਕਾਲਤ ਕਰਦਾ ਹੈ ਵਿਚ ਕਾਰਜਸ਼ੀਲ ਹੈ। ਭੋਜਨ ਪਦਾਰਥ, ਸਿਹਤ ਦਵਾਈਆਂ ਦਾ ਖੇਤਰ ਅਤੇ ਬੀਮਾ ਖੇਤਰ ਤੇ ਇਨ੍ਹਾਂ ਦੀ ਵਿਸ਼ੇਸ਼ ਨਜ਼ਰ ਹੈ।

ਭਾਰਤ ਅੰਦਰ ਫਰਵਰੀ 2020 ਵਿਚ The code of occupational safety health and working conditions bill 2020 (OSH) ਬਹੁਤ ਵੱਡੇ ਅਤੇ ਸੁਹਣੇ ਵਿਸ਼ੇਸ਼ਣਾ ਵਾਲੇ ਇਸ ਕਾਨੂੰਨ ਨੇ ਕਾਰਪੋਰੇਟਾਂ ਲਈ ਮਜਦੂਰਾਂ ਦੀ ਕਿਰਤ ਸ਼ਕਤੀ ਦੀ ਲੁੱਟ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ। ਕਾਰਪੋਰੇਟ ਲਈ ਘੱਟੋ ਘੱਟ ਮਜ਼ਦੂਰਾਂ ਦੀ ਗਿਣਤੀ ਜੋ ਕਿਰਤ ਕਾਨੂੰਨ ਲਾਗੂ ਹੋਣ ਲਈ ਜ਼ਰੂਰੀ ਹੈ, ਵਧਾ ਕੇ ਉਨ੍ਹਾਂ ਨੂੰ ਵੈਸੇ ਹੀ ਕਿਰਤ ਕਾਨੂੰਨ ਦੇ ਨਿਯਮਾਂ ਵਿਚੋਂ ਬਾਹਰ ਕਰ ਦਿੱਤਾ। ਕੰਮ ਦੇ ਘੰਟੇ ਵਧਾਕੇ ਓਵਰਟਾਈਮ, ਸਿਹਤ ਅਤੇ ਵਿਚਕਾਰਲੀ ਛੁੱਟੀ ਅਤੇ ਅਰਾਮ ਦੇ ਸਮੇਂ ਲਈ ਨਵੇਂ ਕਿਰਤ ਕੋਡ ਬਣਾਕੇ ਮਜ਼ਦੂਰਾਂ ਨੂੰ ਕਾਰਪੋਰੇਟ ਦੇ ਬੰਧੂਆ ਮਜ਼ਦੂਰ ਬਣਾ ਦਿੱਤਾ। ਸਤੰਬਰ 2020 ਵਿਚ 8 ਬਿਲ ਬਿਨਾਂ ਬਹਿਸ ਜ਼ਬਾਨੀ ਵੋਟ ਰਾਹੀਂ ਮਿੰਟਾਂ ਵਿਚ ਹੀ ਪਾਸ ਕਰ ਦਿੱਤੇ ਜਿਨ੍ਹਾਂ ਵਿਚ (1) ਫਰਨ ਕਾਂਟਰੀ ਬਿਊਸ਼ਨ ਰੈਗੂਲੇਸ਼ਨ ਅਮੈਂਡਮੈਂਟ ਬਿੱਲ 2020 (2) J&K Official Language Bill 2020 (3) bilateral netting of qualified financial contracts bill 2020 (4) Occupational Safety Health and Working Conditions code 2020 (5) Industrial relations code 2020 (6) Code of Social Security 2020 (7) Appropriation (no.2) bill 2020 (8) ਖੇਤੀ ਸਬੰਧੀ ਤਿੰਨ ਨਵੇਂ ਕਾਨੂੰਨ 10 ਬੈਠਕਾਂ ਵਿਚ ਰਿਕਾਰਡ 25 ਬਿਲ ਪਾਸ ਕੀਤੇ ਗਏ, 6 ਨਵੇਂ ਦਾਖ਼ਲ ਕੀਤੇ ਗਏ ਜਦੋਂਕਿ ਲੋਕ ਘਰਾਂ ਵਿਚ ਬੰਦ ਸਨ, ਹਸਪਤਾਲ ਵਿਚ ਵੈਂਟੀਲੇਟਰ ਅਤੇ ਆਕਸੀਜਨ ਦੀ ਘਾਟ ਨਾਲ ਮਰ ਰਹੇ ਹਨ। ਲਾਸ਼ਾਂ ਜਲਾਉਣ ਲਈ ਲੱਕੜਾਂ ਨਹੀਂ। ਸਕੂਲ ਬੰਦ ਹਨ। ਹਰ ਕਿਸਮ ਦੇ ਇਕੱਠਾਂ 'ਤੇ ਮੁਕੰਮਲ ਰੋਕ ਹੈ। ਲੋਕ ਰੋਸ ਜਾਹਿਰ ਕਰਨ ਲਈ ਧਰਨੇ ਮੁਜ਼ਾਹਰੇ ਨਹੀਂ ਕਰ ਸਕਦੇ। ਇਹੀ ਸਦਮਾ ਸਿਧਾਂਤ ਹੈ।

ਇਹ ਸਾਰੇ ਕਾਨੂੰਨ ਕਾਰਪੋਰੇਟ ਦੇ ਹਿੱਤਾਂ ਵਾਲੇ ਹਨ। ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਵਾਲੇ ਹਨ। 2020 ਦੇ ਬਜਟ ਦਾ ਮੁੱਖ ਥੀਮ ਹੀ ਨਿੱਜੀਕਰਨ ਸੀ। ਇਸ ਅਧੀਨ ਪਬਲਿਕ ਸੈਕਟਰ ਦੇ ਅਦਾਰੇ ਬੈਂਕ, ਬੀਮਾ, ਕੰਪਨੀਆਂ, ਏਅਰਪੋਰਟ, ਪੋਰਟ, ਸੜਕਾਂ ਰੇਲਾਂ ਗੱਲ ਕੀ ਹਰ ਚੀਜ਼ ਕਾਰਪੋਰੇਟ ਦੇ ਹਵਾਲੇ ਕਰਕੇ ਲਾਤੀਨੀ ਅਮਰੀਕਾ ਵਿਚ ਚਿੱਲੀ ਦੀ ਪਿਨੋਚੇਟ ਦੀ ਸਰਕਾਰ ਅਰਜਨਟਾਈਨਾ (1976) ਵਾਲੀ ਨੀਤੀ ਨੂੰ ਲਾਗੂ ਕੀਤਾ ਜਾ ਰਿਹਾ ਹੈ। ਵਿਸਾਖਾਪਟਨਮ ਸਟੀਲ ਪਲਾਂਟ ਜਿਸ ਉਪਰ 50,000 ਕਾਮੇ ਨਿਰਭਰ ਹਨ, ਨੂੰ ਨਿੱਜੀ ਹੱਥ ਵਿਚ ਸੌਂਪੇ ਜਾਣ ਖਿਲਾਫ਼ ਕਾਮੇ 170 ਦਿਨਾਂ ਤੋਂ ਸੰਘਰਸ਼ ਕਰ ਰਹੇ ਹਨ। ਛੋਟੇ ਅਤੇ ਮੱਧ ਉਦਯੋਗਾਂ ਵਿਚ ਟਰਨ ਓਵਰ ਦੀ ਲਿਮਟ ਵਧਾਕੇ ਇਨ੍ਹਾਂ ਨੂੰ ਖਤਮ ਕਰ ਦਿੱਤਾ ਗਿਆ ਹੈ। ਮਰਜਰ ਅਤੇ ਐਕੂਜਿਸ਼ਨ ਰਾਹੀਂ ਛੋਟੇ ਉਦਯੋਗ ਨੂੰ ਵੱਡੇ ਉਦਯੋਗਾਂ ਵਿਚ ਜ਼ਜ਼ਬ ਕਰਨ ਦਾ ਕੰਮ ਜ਼ੋਰਾਂ 'ਤੇ ਹੈ। 2020 ਵਿਚ 16 ਬਿਲੀਅਨ ਡਾਲਰਜ਼ ਦੀਆਂ 195 ਡੀਲਜ਼ ਦੇ ਮੁਕਾਬਲੇ 2021 ਵਿਚ 21.73 ਬਿਲੀਅਨ ਡਾਲਰਜ਼ ਦੀਆਂ 210 ਡੀਲਜ਼ ਹੋਈਆਂ।

"Ease of Doing Business" ਅਧੀਨ 35 ਧਾਰਾਵਾਂ ਦੋਸ਼ ਮੁਕਤ ਅਤੇ 11 ਵਿਚ ਜੇਲ੍ਹ ਦੀ ਸਜ਼ਾ ਖਤਮ ਕਰ ਦਿੱਤੀ ਗਈ ਹੈ। 6 ਵਿਚ ਜੁਰਮਾਨੇ ਘਟਾ ਦਿੱਤੇ ਗਏ ਹਨ।

ਜੁਲਾਈ 2021 ਵਿਚ ਸਰਕਾਰ 1972 ਦੇ ਬੀਮਾ ਨਿਯਮਾਂ ਵਿਚ ਸੋਧ ਕਰਕੇ ਬੀਮਾ ਕੰਪਨੀਆਂ ਦੇ ਨਿੱਜੀਕਰਨ ਦਾ ਰਾਹ ਪੱਧਰਾ ਕਰ ਰਹੀ ਹੈ। 3 ਅਗਸਤ 2021 ਨੂੰ ਬਿਨਾਂ ਬਹਿਸ, "ਦਾ ਜਨਰਲ ਇੰਸ਼ੋਰੈਂਸ ਬਿਜਨਿਸ ਨੇਸ਼ਨੇਲਾਈਜੇਸ਼ਨ ਐਕਟ 1972 ਸੋਧ ਬਿੱਲ' ਪਾਸ ਕਰ ਦਿੱਤਾ ਗਿਆ। ਉਸੇ ਦਿਨ 'ਪੈਸਟੀਸਾਈਡ ਮੈਨੇਜਮੈਂਟ ਬਿੱਲ 2020' ਸਲੈਕਟ ਕਮੇਟੀ ਨੂੰ ਭੇਜਿਆ ਗਿਆ। "ਸਿਨਮੇਟੋਗਰਾਫ ਬਿਲ 2021' ਸੀ.ਬੀ.ਐਫ.ਸੀ. ਦੀਆਂ ਸ਼ਕਤੀਆਂ ਘਟਾ ਕੇ ਸਰਕਾਰ ਨੂੰ ਇਸ ਸਬੰਧੀ ਸ਼ਿਕਾਇਤਾਂ ਸੁਣਨ ਦੀ ਆਗਿਆ ਦਿੰਦਾ ਹੈ। ਇਸੇ ਸਮੇਂ ਦੌਰਾਨ, "ਅਸੈਸੀਅਲ ਡਿਫੈਂਸ ਸਰਵਿਸਿਜ਼ ਬਿੱਲ 2021" ਲੋਕ ਸਭਾ ਵਿਚ ਪੇਸ਼ ਕੀਤਾ ਗਿਆ, ਜੋ ਹਰ ਤਰ੍ਹਾਂ ਦੀ ਹੜਤਾਲ ਦੀ ਮਨਾਹੀ ਕਰਦਾ ਹੈ। ਆਰਡੀਨੈਂਸ ਫੈਕਟਰੀ ਬੋਰਡ ਦੀ ਥਾਂ ਕਾਰਪੋਰੇਸ਼ਨ ਬਣਾਉਣ ਦੀ ਪੈਰਵੀ ਕਰਦਾ ਹੈ। ਇਸ ਖਿਲਾਫ਼ 41 ਆਰਡੀਨੈਂਸ ਫੈਕਟਰੀਆਂ ਦੇ 84000 ਕਾਮੇ ਮਨਾਹੀ ਦੇ ਬਾਵਜੂਦ ਹੜਤਾਲ 'ਤੇ ਹਨ। "ਇੰਡੀਅਨ ਮੈਰੀਨ ਫਿਸ਼ਰੀਜ਼ ਬਿੱਲ 2021" ਰਾਹੀਂ ਛੋਟੇ ਮੱਛੀ ਫਾਰਮਰਾਂ ਨੂੰ ਰੁਜ਼ਗਾਰ ਤੋਂ ਵਾਂਝੇ ਕਰ ਦਿੱਤਾ ਹੈ ਅਤੇ ਵੱਡੇ ਸੇਫਟੀ ਅਪਰੇਟਸਾਂ ਵਾਲੇ ਵੱਡੇ ਹਾਈਟੈਕ ਜਾਲ੍ਹਾਂ ਵਾਲੇ ਲੁਟੇਰਿਆਂ ਨੂੰ ਇਹ ਕੰਮ ਸੌਂਪਿਆ ਜਾ ਰਿਹਾਹੈ ਅਤੇ ਸਦੀਆਂ ਤੋਂ ਸਮੁੰਦਰੀ ਵਾਤਾਵਰਣ ਦੇ ਰਖਵਾਲੀ ਅਤੇ ਆਪਣੀ ਉਪਜੀਵਕਾਂ ਚਲਾਉਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਕਿੱਤੇ ਤੋਂ ਬੇਦਖ਼ਲ ਕੀਤਾ ਜਾ ਰਿਹਾ ਹੈ। "ਇਨਲੈਂਡ ਵੈਸਲਜ਼ ਬਿਲ 2021" ਵੀ ਦਰਿਆਈ ਪਾਣੀਆਂ ਦੇ ਵਪਾਰੀਕਰਨ ਵੱਲ ਰਸਤੇ ਖੋਲਦਾ ਹੈ। ਆਦਿਵਾਸੀਆਂ ਨੂੰ ਜੰਗਲਾਂ ਤੋਂ ਬੇਦਖਲ ਕਰਨ ਅਤੇ ਮਾਫ਼ੀਆ ਗ੍ਰੋਹਾਂ ਨੂੰ ਇਹ ਕੰਮ ਸੌਂਪਣ ਦੇ ਇਰਾਦੇ ਨਾਲ "ਅਨੁਸੂਚਿਤ

ਕਬੀਲੇ ਸੰਵਿਧਾਨਕ ਸੋਧ ਬਿੱਲ 2021” ਪੇਸ਼ ਕਰਕੇ ਆਦਿਵਾਸੀਆਂ ਨੂੰ ਸ਼ਡਿਊਲ V ਅਤੇ VI ਵਿਚ ਮਿਲਦੇ ਅਧਿਕਾਰਾਂ ਤੋਂ ਬੰਚਿਤ ਕੀਤਾ ਜਾ ਰਿਹਾ ਹੈ। ਇਹ ਆਦਿਵਾਸੀ ਲੋਕ ਹੀ ਹਨ ਜੋ ਜੰਗਲਾਂ ਦੀ, ਜੰਗਲੀ ਜੀਵਾਂ ਦੀ ਜੰਗਲੀ ਉਤਪਾਦਾਂ ਦੀ ਸਹੀ ਢੰਗ ਨਾਲ ਵਰਤੋਂ ਕਰਕੇ ਆਪਣਾ ਜੀਵਨ ਨਿਰਭਾਅ ਵੀ ਕਰਦੇ ਹਨ ਅਤੇ ਜੰਗਲਾਂ ਨੂੰ ਮਾਤਾ ਪਿਤਾ ਵਾਂਗ ਸਾਂਭ ਕੇ ਰੱਖਦੇ ਹਨ। “ਇਨਸੋਲਵੈਂਸੀ ਅਤੇ ਬੈਂਕ ਰਪਸੀ ਸੋਧ ਬਿਲ 2021” ਪਾਸ ਕਰਵਾ ਕੇ ਕਾਰਪੋਰੇਟ ਲਾਬੀ ਦੀਆਂ ਸਾਰੀਆਂ ਚਿੰਤਾਵਾਂ ਖਤਮ ਕਰ ਦਿੱਤੀਆਂ ਹਨ।

ਪੈਗਾਸਸ ਦੇ ਰੌਲੇ ਗੌਲੇ ਦੌਰਾਨ 5 ਦਿਨਾਂ ਵਿਚ ਤਿੰਨ ਬਿੱਲ ਰਾਜ ਸਭਾ ਵਿਚ ਪਾਸ ਕਰਵਾ ਕੇ, “ਡਿਪਾਜ਼ਿਟ ਇੰਸ਼ੋਰੈਂਸ ਅਤੇ ਕਰੈਡਿਟ ਗਰੰਟੀ ਸੋਧ ਬਿੱਲ 2021” ਲਿਮਟਿਡ ਲਇਬਿਲਟੀ ਸੋਧ ਬਿੱਲ 2021” ਅਤੇ “ਏਅਰਪੋਰਟ ਇਕਨਾਮਿਕ ਰੈਗੂਲੇਟਰੀ ਅਥਾਰਟੀ ਸੋਧ ਬਿੱਲ 2021’ ਪਾਸ ਕਰਕੇ ਬੈਂਕਾਂ ਦੇ ਦੀਵਾਲੀਏਪਣੇ ਕੰਪਨੀਆਂ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ ਘਟਾਉਣ ਅਤੇ ਅਡਾਨੀ ਨੂੰ ਏਅਰਪੋਰਟ ਸੌਂਪਣ ਦਾ ਕਾਰਜ ਸਿਰੇ ਲਾ ਦਿੱਤਾ ਹੈ। ‘ਏਅਰ ਕੁਆਲਟੀ ਮੈਨੇਜਮੈਂਟ ਇਨ ਐਨ ਸੀ ਆਰ ਐਂਡ ਐਡਜਾਇਨਿੰਗ ਏਰੀਅਜ਼ ਬਿੱਲ 2021’ ਪਾਸ ਕਰਕੇ ਦਿੱਲੀ ਸਰਕਾਰ ਦੀਆਂ ਸ਼ਕਤੀਆਂ ਨੂੰ ਹੋਰ ਘੱਟ ਕਰ ਦਿੱਤਾ ਗਿਆ ਹੈ। ਲਦਾਖ ਵਿਚ ਕੇਂਦਰੀ ਯੂਨੀਵਰਸਿਟੀ ਖੋਲ੍ਹਣ ਸਬੰਧੀ ਬਿੱਲ ਇਨਕਮ ਟੈਕਸ ਅਤੇ ਫਾਇਨੈਂਸੀਅਲ ਐਕਟ ਸੋਧ ਬਿੱਲ ਰਾਹੀਂ ਕੰਪਨੀਆਂ ਨੂੰ ਮੁਕੱਦਮੇਬਾਜ਼ੀ ਤੋਂ ‘ਮੁਕਤ’ ਕਰ ਦਿੱਤਾ ਗਿਆ ਹੈ।

9 ਅਗਸਤ 2021 ‘ਅਗਸਤ ਕ੍ਰਾਂਤੀ ਡੇਅ’ ਵਾਲੇ ਦਿਨ ਲਿਮਟਿਡ ਲਾਇਬਿਲਟੀ ਸੋਧ ਬਿੱਲ 2021, ਡਿਪਾਜਿਟ ਇੰਸ਼ੋਰੈਂਸ ਐਂਡ ਕਰੈਡਿਟ ਗਰੰਟੀ ਸੋਧ ਬਿਲ 2021, ਅਨੁਸੂਚਿਤ ਕਬੀਲੇ ਸੰਵਿਧਾਨ ਸੋਧ ਬਿੱਲ 2021 ਪਾਸ ਕਰਕੇ ਲੋਕਾਂ ਨੂੰ ਮੂਲ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਇੰਟਲੈਕਚੂਲ ਪ੍ਰਾਪਰਟੀ ਅਪੀਲੈਟ ਬੋਰਡ ਸੋਧ ਬਿੱਲ ਅਤੇ ਪਲਾਂਟ ਵੈਰੀਟੀਜ਼ ਪ੍ਰੋਟੈਕਸ਼ਨ ਅਪੀਲੈਟ ਸੋਧ ਬਿੱਲ ਪਾਸ ਕਰਕੇ ਵਾਤਾਵਰਣ ਪ੍ਰਤੀ ਸਾਰੇ ਕਿਸਮਾਂ ਦੇ ਨਿਯਮਾਂ ਦੀ ਉਲੰਘਣਾ ਕਰਕੇ ਕਾਰਪੋਰਟ ਲਈ ਰਸਤਾ ਖੋਲ੍ਹਿਆ ਜਾ ਰਿਹਾ ਹੈ।

ਲੋਕਾਂ ’ਤੇ ਹੋ ਰਹੇ ਇਨ੍ਹਾਂ ਹਮਲਿਆਂ ’ਤੇ ਮੁੱਖ ਧਾਰਾ ਦਾ ਮੀਡੀਆ ਪੂਰੀ ਤਰ੍ਹਾਂ ਚੁੱਪ ਹੈ। ਲੋਕਾਂ ਅੰਦਰ ਕਰੋਨਾ ਦਾ ਆਤੰਕ ਪੈਦਾ ਕਰਕੇ, ਤਾਲਾਬੰਦੀ ਦਾ ਸਹਿਮ ਪੈਦਾ ਕਰਕੇ, ਵਿਰੋਧੀ ਧਿਰਾਂ ਨੂੰ ਪੈਗਾਸਸ ਦੇ ਮੁੱਦੇ ’ਤੇ ਅਟਕਾ ਕੇ ਚੁੱਪ ਚੁਪੀਤੇ ਇਹ ਲੋਕ ਵਿਰੋਧੀ ਗੈਰ ਜਮਹੂਰੀ, ਵਾਤਾਵਰਣ ਵਿਰੋਧੀ ਬਿੱਲ ਪਾਸ ਕੀਤੇ ਜਾ ਰਹੇ ਹਨ। ਪੁਲਿਸ ਨੂੰ ਬੇਲੋੜੇ ਜਾਬਰ ਕਾਨੂੰਨ ਬਣਾਕੇ ਸਾਧਾਰਨ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਖੁੱਲ੍ਹੀ ਦਿੱਤੀ ਜਾ ਰਹੀ ਹੈ। ਦੇਸ਼ਧ੍ਰੋਹ ਅਤੇ ਯੂਏਪੀਏ ਵਰਗੇ ਬੇਹੱਦ ਗੰਭੀਰ ਕਾਨੂੰਨ ਸਾਧਾਰਨ ਬੇਕਸੂਰ ਨਾਗਰਿਕਾਂ, ਪੱਤਰਕਾਰਾਂ, ਵਕੀਲਾਂ, ਬੁੱਧੀਜਵੀਆਂ ਤੇ ਉਨ੍ਹਾਂ ਨੂੰ ਡਰਾਉਣ ਧਮਕਾਉਣ ਅਤੇ ਸਬਕ ਸਿਖਾਉਣ ਦੇ ਮਨਸ਼ੇ ਨਾਲ ਲਾਗੂ ਕੀਤੇ ਜਾ ਰਹੇ ਹਨ। ਅਦਾਲਤਾਂ ਹੁਣ ਤੱਕ ਕਰੋਨਾ ਕਾਰਨ ਵਰਚੂਅਲ ਮੋਡ ’ਤੇ ਸਨ। ਜੇਲ੍ਹਾਂ ਅੰਦਰ ਨਰਕ ਵਰਗੇ ਹਾਲਾਤ ਹਨ। ਜੇਲ੍ਹਾਂ ਅੰਦਰ ਮੌਤਾਂ ਹੋ ਰਹੀਆਂ ਹਨ। ਜੇਲ੍ਹਾਂ ਅੰਦਰ ਸਫ਼ਾਈ ਸਿਹਤ ਸਹੂਲਤਾਂ ਦੀ ਗੰਭੀਰ ਕਮੀ ਹੈ। ਪੇਸ਼ੀਆਂ ਨਾ ਹੋਣ ਕਾਰਨ ਬਿਨਾਂ ਦੋਸ਼ ਪੱਤਰ ਕੈਦੀ ਜੇਲ੍ਹਾਂ ਵਿਚ ਸੜ ਰਹੇ ਹਨ।

ਸਰਕਾਰ ਬੇਹੱਦ ਜ਼ਿਆਦਾ ਟੈਕਸ ਵਧਾਕੇ ਪੈਟਰੋਲ ਡੀਜ਼ਲ ਅਤੇ ਐਲਪੀਜੀ ਦੀਆਂ ਕੀਮਤਾਂ ਬੇਵਜ੍ਹਾ ਬਹੁਤ ਹੀ ਜ਼ਿਆਦਾ ਵਧਾ ਰਹੀਹੈ। ਖਾਣ ਵਾਲੇ ਤੇਲ ਅਤੇ ਦਾਲਾਂ ਦੇ ਭਾਅ ਰਿਕਾਰਡ ਪੱਧਰ ’ਤੇ ਹਨ। ਲੋਕ ਭਲਾਈ ਅਤੇ ਵੈਕਸੀਨ ਦੇ ਬਹਾਨੇ ਲੋਕਾਂ ਨੂੰ ਮਹਿੰਗਾਈ ਦੀ ਅੱਗ ਵਿਚ ਸਾੜਿਆ ਜਾ ਰਿਹਾ ਹੈ। ਲੋਕਾਂ ਦੀਆਂ ਬਚਤਾਂ ਖਤਮ ਹੋ ਰਹੀਆ ਹਨ। ਲੋਕ ਗਹਿਣੇ ਗਿਰਵੀ ਰੱਖ ਰਹੇ ਹਨ। ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਸਰਕਾਰੀ ਸਕੂਲਾਂ ਵਿਚ ਲਗਾ ਰਹੇ ਹਨ। ਬੱਚਿਆਂ ਨੂੰ ਮਜ਼ਦੂਰੀ ਕਰਨ ਲਈ ਭੇਜ ਰਹੇ ਹਨ। ਹਸਪਤਾਲਾਂ ਦੇ ਖਰਚੇ ਬੇਪਨਾਹ ਵੱਧ ਗਏ ਹਨ। ਲੋਕ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਰਹੇ ਹਨ। ਆਤਮ ਹੱਤਿਆਵਾਂ ਕਰ ਰਹੇ ਹਨ।

ਇਸ ਰੀਸੈਟ ਨੂੰ ਪੁੱਠਾ ਗੇੜਾ ਕਿਵੇਂ ਦਿੱਤਾ ਜਾਵੇ?

ਵਿਸ਼ਾਣੂ ਦਾ ਡਰ, ਮੌਤ ਦਾ ਡਰ, ਭਵਿੱਖ ਦਾ ਡਰ, ਆਮਦਨ ਖੁੱਸਣਾ ਆਦਿ ਹਰ ਤਰ੍ਹਾਂ ਨਾਲ ਸਾਡੇ ਅੰਦਰ ਸਮੂਹਿਕ ਮਾਨਸਿਕ ਹਿਸਟਰੀਆ ਪੈਦਾ ਕਰ ਰਹੇ ਹਨ। ਫੋਨ ਕਰਨ ਵੇਲੇ ਵੀ ਕਰੋਨਾ ਵਾਲਾ ਸੁਨੇਹਾ ਪਹਿਲਾਂ ਸੁਣਨਾ ਜ਼ਰੂਰੀ ਹੈ। ਵੈਕਸੀਨ ਬਾਰੇ ਵੀ ਕੋਈ ਗੱਲ ਅੰਤਮ ਸੱਚ ਨਹੀਂ, ਇਕ ਵੈਕਸੀਨ ਵਾਲੇ ਨੂੰ ਵੀ ਹੋ ਰਿਹਾ ਅਤੇ ਦੋ ਵੈਕਸੀਨ ਵਾਲੇ ਨੂੰ ਵੀ, ਹੁਣ ਬੂਸਟਰ ਡੋਜ਼ ਦੀ ਗੱਲ ਹੋ ਰਹੀ ਹੈ, ਕਿਹੜੀ ਵੈਕਸੀਨ ਵਧੇਰੇ ਕੰਟਰੋਲ ਕਰਨਯੋਗ ਹੈ, ਵੱਖ-ਵੱਖ ਵੈਕਸੀਨਾਂ ਦੇ ਕੀ ਅਸਰ ਹਨ। ਕਈ ਬਾਹਰਲੇ ਦੇਸ਼ ਭਾਰਤੀ ਵੈਕਸੀਨ ਨੂੰ ਮਾਨਤਾ ਹੀ ਨਹੀਂ ਦੇ ਰਹੇ। ਉਹ ਇਸ ਸਬੰਧੀ ਵਿਗਿਆਨਕ ਸਬੁਤ ਨਾ ਹੋਣ ਬਾਰੇ ਕਹਿ ਰਹੇ ਹਨ ਅਤੇ ਅਸੀਂ ਮਹਿੰਗੇ ਭਾਅ (ਉਨ੍ਹਾਂ ਦੇ ਆਪਣੇ ਦਾਅਵਿਆਂ, ਵਾਅਦਿਆਂ ਦੇ ਉਲਟ) ਵੈਕਸੀਨ ਖਰੀਦ ਰਹੇ ਹਾਂ।

ਲਾਕਡਾਊਨ ਸਬੰਧੀ ਵੀ ਗੈਰ ਵਿਗਿਆਨਕ ਵਰਤਾਰੇ ਮੌਜੂਦ ਹਨ। ਪਹਿਲਾਂ ਤਾਂ ਅੱਧੀ ਅਬਾਦੀ ਰਹਿੰਦੀ ਇਕ ਕਮਰੇ ਦੇ ਘਰਾਂ ਵਿਚ ਹੈ ਉਥੇ ਇਕਾਂਤਵਾਸ ਕਿਵੇਂ ਸੰਭਵ ਹੈ। ਕੁਝ ਸਮੇਂ ਲਈ ਦੁਕਾਨਾਂ ਖੋਲ੍ਹਣਾ, ਟਰੇਨਾਂ ਬੰਦ ਕਰਕੇ ਬੱਸਾਂ ਵਿਚ ਸਫ਼ਰ ਕਰਨ ਦੀ ਇਜ਼ਾਜਤ ਭੀੜ ਨੂੰ ਹੋਰ ਵਧਾਉਣਾ ਨਹੀਂ ਹੈ? ਧਾਰਮਿਕ ਸਮਾਗਮਾਂ, ਚੋਣ ਰੈਲੀਆਂ ਵਿਚ ਕੋਈ ਪਾਬੰਦੀਆਂ ਨਹੀਂ ਫਿਰ ਲੋਕਾਂ ਨੂੰ ਭੋਗ ਸਮੇਂ, ਸ਼ੋਕ ਸਮੇਂ ਅਤੇ ਖੁਸ਼ੀ ਸਮੇਂ ਵੀ 20 ਜਾਂ 50 ਤੋਂ ਵੱਧ ਇਕੱਠ ਕਰਨ ’ਤੇ ਪੁਲਸੀਆ ਡੰਡਾਂ ਵਰਦਾ ਹੈ। ਵੈਕਸੀਨ ਨੂੰ ਨਾਂਹ ਕਰਨ ਤੋਂ ਜਾਂ ਝਿਜਕ ਦਿਖਾਉਣ ਨੂੰ ਅਪਰਾਧ ਕਰਾਰ ਦੇਣਾ (ਜਿਵੇਂ ਕੋਈ ਜਾਣ ਬੁਝ ਕੇ ਦੂਜੇ ਨੂੰ ਬੀਮਾਰ ਕਰ ਰਿਹਾ ਹੋਵੇ) ਕਿਵੇਂ ਜਾਇਜ਼ ਹੈ।

ਹਰ ਤਰ੍ਹਾਂ ਦੇ ਮੌਸਮ ਨੂੰ ਖੁੱਲ੍ਹੇ ਮੈਦਾਨ ਵਿਚ ਝੱਲਦੇ ਕਿਸਾਨ ਕਰੋਨਾ ਨੂੰ ਵੀ ਉਸ ਥਾਂ ’ਤੇ ਕੋਈ ਵੱਡੀ ਮਹਾਂਮਾਰੀ ਵਿਚ ਨਹੀਂ, ਬਦਲਣ ਦੇ ਰਹੇ। ਉਹ ਅਸਲ ਵਿਚ ਕਾਰਪੋਰੇਟ (ਅੰਬਾਨੀ ਅਡਾਨੀ) ਤੋਂ ਅਜ਼ਾਦੀ ਪ੍ਰਾਪਤ ਕਰਨ ਲਈ ਅਜ਼ਾਦੀ ਦੀ ਦੂਜੀ ਲੜਾਈ ਲੜ ਰਹੇ ਹਨ। ਉਹ ਅੰਤਰ ਰਾਸ਼ਟਰੀ ਛੜਜੰਤਰ ਨੂੰ ਨੰਗਾ ਕਰ ਰਹੇ ਹਨ। ਦੂਜੇ ਪਾਸੇ ਅੰਤਰਰਾਸ਼ਟਰੀ ਏਜੰਸੀਆਂ ਦੇ ਹੱਥ ਦੇ ਕੇ ਬਿਲਗੇਟਸ ਦੇ ਇਸ਼ਾਰੇ ’ਤੇ ਭਾਰਤ ਸਰਕਾਰ ਖੇਤੀ ਸਬੰਧੀ ਕਾਰਪੋਰੇਟ ਦੇ ਲਾਹੇ ਵਾਲੇ ਤਿੰਨੇ ਕਾਨੂੰਨ ਵਾਪਸ ਲੈਣ ਦੀ ਥਾਂ IDEA (india digital ecosystem of agriculture) ਨਾਮ ਦਾ ਨਵਾਂ ਕਾਨੂੰਨ ਲਿਆਕੇ ਕਿਸਾਨਾਂ ਦੇ ਕੱਫਨ ਵਿਚ ਹੋਰ ਕਿੱਲ ਠੋਕਨ ਜਾ ਰਹੀ ਹੈ। ਰਿਲਾਇੰਸ ਰਿਟੇਲ 3-5 ਸਾਲਾਂ ਵਿਚ ਤਿੰਨ ਗੁਣਾ ਵਧ ਜਾਵੇਗਾ। ਅੰਬਾਨੀ

**ਡਿਜੀਟੇਲਾਈਜੇਸ਼ਨ ਪਾਗਲਪਨ**

ਕਰੋਨਾ ਸਮੇਂ ਦੌਰਾਨ ਡਿਜੀਟਲ ਪੇਮੈਂਟ ਮਾਮਲੇ ਵਿਚ ਭਾਰਤ ਚੀਨ ਤੋਂ ਅੱਗੇ ਲੰਘ ਗਿਆ ਹੈ (ਚੀਨ 15 ਬਿਲੀਅਨ ਭਾਰਤ 25 ਬਿਲੀਅਨ) 2020 (ACI ਰਿਪੋਰਟ)। 2025 ਤੱਕ ਕੁੱਲ ਪੇਮੈਂਟਾਂ ਦਾ 71.7% ਡਿਜੀਟਲ ਹੋਣ ਦਾ ਦਾਅਵਾ ਹੈ। ਅਧਾਰ 124 ਕਰੋੜ ਲੋਕਾਂ ਕੋਲ ਪਹੁੰਚ ਗਿਆ। ‘ਜਨ ਧਨ ਯੋਜਨਾ’ ਤਹਿਤ 7 ਸਾਲਾਂ ਵਿਚ 319 ਸਕੀਮਾਂ ਅਧੀਨ 477 ਕਰੋੜ ਟਰਾਜੈਕਸ਼ਨਾਂ ਰਾਹੀਂ 42.4 ਕਰੋੜ ਨਵੇਂ ਖਾਤਿਆਂ ਵਿਚ 4.3 ਲੱਖ ਕਰੋੜ ਟਰਾਂਸਫਰ ਕੀਤੇ ਗਏ। ਇਨਕਮ ਟੈਕਸ ਲਈ ਇਨਫੋਸਿਸ ਨੂੰ ਨਵਾਂ ਸਾਫ਼ਟ ਵੇਅਰ ਵਿਕਸਤ ਕਰਨ ਲਈ 400+ਕਰੋੜ ਦਿੱਤੇ ਗਏ ਹਨ।

ਸਿੱਖਿਆ ਅੰਦਰ Byju ਰਾਹੀਂ ਕੇਰਲ ਦੇ ਰਵਿੰਦਰਨ ਵਿਦੇਸ਼ੀ ਕੰਪਨੀਆਂ ਜਨਰਲ ਐਟਲਾਂਟਿਕ ਚਹਨ - ਯੁੱਕਰਵਰਗ, ਨੈਸਪਰਸ ਸਿਲਵਰਲੇਕ ਅਤੇ ਟਾਈਗਰ ਗਲੋਬਲ ਤੋਂ ਮਦਦ ਲੈ ਕੇ ਸਿੱਖਿਆ ਨੂੰ ‘ਵਧੀਆ ਵਪਾਰ’ ਬਣਾ ਦਿੱਤਾ ਹੈ। ਇਸ ਨੇ ਫੇਸ ਬੁੱਕ, ਕੈਪੀਟਲ ਗਰੁੱਪ, ਯੂ.ਬੀ.ਐਸ. ਗਰੁੱਪ ਅਤੇ ਬਲੈਕਸਟੋਨ ਤੋਂ 1.5 ਬਿਲੀਅਨ ਡਾਲਰ ਪ੍ਰਾਪਤ ਕੀਤੇ ਹਨ। ਅਕਾਸ ਐਜੂਕੇਸ਼ਨਲ ਸਰਵਿਸਿਜਜ਼, ਐਪਿਕ ਵਾਈਟ ਹੇਟ ਜੂਨੀਅਰ ਅਤੇ ਓਸਮੋ ਤੋਂ 600 ਮਿਲੀਅਨ ਡਾਲਰ ਲਏ ਹਨ।

ਮੈਟੀ (Meity) the ministry of electronics and information technology ਅਨੁਸਾਰ ਕਾਮਨ ਸਰਵਿਸ ਸੈਂਟਰ ਰਾਹੀਂ, ਆਨਲਾਈਨ ਦਵਾਈਆਂ, ਫਾਰਮਾਂ ਪਦਾਰਥ ਅਤੇ ਜ਼ਰੂਰੀ ਖਾਦ ਪਦਾਰਥ ਘਰ ਘਰ ਸਪਲਾਈ ਕਰਨ ਲਈ ਫਾਰਮਾਂ ਈਜੀ ਨਾਮ ਦਾ ਪਲੈਟਫਾਰਮ ਵਿਕਸਿਤ ਕੀਤਾ ਜਾ ਰਿਹਾ ਹੈ। ਇਹ ਖਾਸ ਤੇ ਪੇਂਡੂ ਖੇਤਰਾਂ ਅੰਦਰ ਬੀ.ਪੀ., ਸ਼ੂਗਰ ਲਈ ਸਵੈ ਟੈਸਟ ਕਿੱਟਾਂ, ਦਵਾਈਆਂ ਅਤੇ ਹੋਰ ਲੋੜੀਂਦੇ ਪਦਾਰਥ ਪਹੁੰਚਾਉਣ ਦਾ ਪ੍ਰਬੰਧ ਕਰੇਗਾ। ਇਸ ਲਈ ਥਾਇਰੋਕੇਅਰ ਤਕਨਾਲੋਜੀ ਨਾਲ 6334 ਕਰੋੜ ਦਾ ਸਮਝੌਤਾ ਕੀਤਾ ਗਿਆ ਹੈ। Medlife ਨੂੰ 1 ਬਿਲੀਅਨ ਡਾਲਰ ਦੇ ਕੇ ਮਰਜ਼ ਕਰ ਲਿਆ ਗਿਆ ਹੈ। ਫਾਰਮਾ ਈਜੀ ਦੀ ਪੇਰੈਂਟ ਕੰਪਨੀ ਏ.ਪੀ.ਆਈ. ਨੇ ਥਾਇਰੋਕੇਅਰ ਦੇ 66% ਸ਼ੇਅਰ ਖਰੀਦ ਲਏ ਹਨ। ਹੌਲੀ-ਹੌਲੀ ਇਹ ਸਾਫਟਡ੍ਰਿੰਕ, ਬਿਸਕੁਟ, ਸਾਬਣ, ਸ਼ੈਂਪੂ, ਪੈਨ, ਬਿਜਲਈ ਅਤੇ ਇਲੈਕਟ੍ਰੋਨਿਕ ਉਪਕਰਨ ਦੀ ਸਪਲਾਈ ਵੀ ਸ਼ੁਰੂ ਕਰਨਗੇ। ਇਸ ਨੇ ਬਹੁਤ ਸਾਰੀਆਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ, ਆਟੋ, ਐਫ ਐਮ ਸੀ ਜੀ ਕੰਪਨੀਆਂ ਨਾਲ ਸਮਝੌਤੇ ਕਰ ਲਏ ਹਨ। ਇਸ ਤਰ੍ਹਾਂ ‘ਵੀ ਐਲ ਈ’ ਵਿਲੇਜ ਲੈਵਲ ਐਂਟਰਪ੍ਰਾਈਜ਼ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ। ਭਾਰਤੀ ਝੰਡੇ ਹੇਠ ਕਾਰਪੋਰੇਟ ਹਮਲਾ।

2 ਅਗਸਤ 2021 ਨੂੰ ਮੋਦੀ ਜੀ ਨੇ ‘e Rupi’ ਲਾਂਚ ਕਰਕੇ ‘ਕਿਊ ਆਰ ਕੋਡ’ ਜਾਂ ‘ਐਸ ਐਮ ਐਸ’ ਆਧਾਰਤ ‘ਈ ਵਾਊਚਰ’ ਜਾਰੀ ਕਰਕੇ ਡਿਜੀਟੇਲਾਈਜੇਸ਼ਨ ਖੇਤਰ ਅੰਦਰ ਅਗਲਾ ਕਦਮ ਪੁੱਟ ਲਿਆ ਹੈ। ਭਾਰਤ ਅੰਦਰ ਨਵੀਆਂ ਤਕਨੀਕਾਂ ਰਾਹੀਂ ਪੂਰੀ ਜਨਤਾ ਨੂੰ ਕਾਬੂ ਕਰਨ ਦੀ ਕੋਸ਼ਿਸ਼ ਹੈ ਜੋ ਵਿਕਸਤ ਦੇਸ਼ਾਂ ਵਿਚ ਵੀ ਨਹੀਂ।

ਇਹ ਬਹੁਤ ਵੱਡਾ ਛੜਜੰਤਰ ਹੈ। ਇਸ ਵਿਚ ਅੰਤਰਰਾਸ਼ਟਰੀ ਸੰਸਥਾਵਾਂ, ਵੱਡੇ ਕਾਰਪੋਰੇਟ, ਵੱਡੇ ਅਫ਼ਸਰਸ਼ਾਹ, ਸਿਆਸਤਦਾਨ ਅਤੇ ਵੱਡਾ ਮੀਡੀਆ ਦੇਸੀ ਭਾਰਤੀ ਹਿੱਸੇਦਾਰਾਂ ਨੂੰ ਵਿਦੇਸ਼ੀ ਫੰਡ, ਵਿਦੇਸ਼ੀ ਯਾਤਰਾਵਾਂ ਅਤੇ 7 ਸਟਾਰ ਹੋਟਲਾਂ ਦਾ ਲੋਭ ਦੇ ਕੇ ਭਰਮਾ ਰਿਹਾ ਹੈ ਅਤੇ ਆਮ ਜਨਤਾ ਦੁਆਲੇ ਸਿਕੰਜ਼ਾ ਹੋਰ ਕਸਿਆ ਜਾਣਾ ਹੈ। ਜਨਤਾ ਉਨ੍ਹਾਂ ਦੀ ਮਰਜ਼ੀ ਦਾ ਖਾਵੇਗੀ, ਪਹਿਨੇਗੀ, ਵਰਤੇਗੀ।

ਪਬਲਿਕ ਹੈਲਥ ਫਾਊਡੇਸ਼ਨ ਆਫ਼ ਇੰਡੀਆ (PHFI) ਇਕ ਅਜਿਹੀ ਸੰਸਥਾ ਹੈ ਜੋ ਆਈ.ਸੀ.ਐਮ.ਆਰ., ਕੋਵਿਡ ਟਾਸਕ ਫੋਰਸ ਅਤੇ ਸਿਆਸਤਦਾਨਾਂ ਨਾਲ ਮਿਲਕੇ ਸਾਰੀਆਂ ਨੀਤੀਆਂ ਲਾਗੂ ਕਰ ਰਹੀ ਹੈ। ਇਸ ਦੀ ਨੀਂਹ ਰੱਜਤ ਗੁਪਤਾ ਨੇ ਰੱਖੀ ਜੋ ਮਕਿੰਨਜੇ ਦਾ ਸੀਈਓ ਹੈ। (ਇਸ ਨੂੰ ਅਮਰੀਕਾ ਅੰਦਰ ਗਲਤ ਵਪਾਰ ਲਈ ਜੇਲ੍ਹ ਦੀ ਹਵਾ ਖਾਣੀ ਪਈ)। ਮਕਿੰਨਜੇ ਸਭ ਤੋਂ ਪੁਰਾਣੀ ਅਤੇ ਵੱਡੀਆਂ ਤਿੰਨ ਸਲਾਹਕਾਰ ਕੰਪਨੀਆਂ ਵਿਚ ਸ਼ਾਮਲ ਹੈ। ਇਸ ਦੇ ਪਰੂਡੂ ਫਾਰਮਾਂ ਯੂਐਸ ਇਮੀਗਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਦੇ ਝਗੜੇ ਵਿਚ ਵੀ ਸ਼ਾਮਲ ਸੀ। ਐਨਰਾਨ ਦੇ (2001) ਢਹਿ ਢੇਰੀ ਹੋਣ ਅਤੇ 2007-08 ਦੇ ਵਿੱਤੀ ਸੰਕਟ ਸਮੇਂ ਵੀ ਇਹੀ ਸਲਾਹਕਾਰ ਸੀ।

ਮਨਮੋਹਨ ਸਿੰਘ ਨੇ 28 ਮਾਰਚ 2006 ਨੂੰ ਦਿੱਲੀ ਵਿਚ ਇਸ ਦੀ ਸਥਾਪਨਾ ਕੀਤੀ। ਤਿੰਨ ਮਹੀਨੇ ਬਾਅਦ ਕੈਬਨਿਟ ਕਮੇਟੀ ਐਨ ਇਕਨਾਮਿਕ ਰਿਫਾਰਮਜ਼ (CCEA) ਲਈ 65 ਕਰੋੜ ਅਤੇ 200 ਕਰੋੜ ਦੇ ਕਾਰਪਸ ਫੰਡ ਦਾ ਪ੍ਰਬੰਧ ਕੀਤਾ ਗਿਆ। ਇਸ ਦੇ 28 ਮੈਂਬਰਾਂ ਵਿਚੋਂ 12 ਵਿਦੇਸ਼ੀ ਮੂਲ ਦੇ ਰਹੇ। ਭਾਰਤ ਦੇ ਚਾਰ ਅਫ਼ਸਰ ਈਏਕੇ ਨਾਇਰ, ਮੌਂਟੇਕ ਸਿੰਘ ਆਹਲੂਵਾਲੀਆ, ਸੁਜਾਤਾ ਰਾਓ ਅਤੇ ਆਰ.ਕੇ. ਸ੍ਰੀਵਾਸਤਵ ਇਸ ਦੇ ਫੇਸਲੀਟੇਟਰ ਹਨ। ਬਿੱਲ ਅਤੇ ਮਿਲਿੰਦਾ ਗੇਟਸ ਫਾਊਂਡੇਸ਼ਨ ਨੇ ਵੀ 90 ਕਰੋੜ ਇਸ ਵਿਚ ਲਗਾਏ ਹਨ। ਤਿੰਨ ਵਿਦੇਸ਼ੀ ਯੂਨੀਵਰਸਿਟੀਆਂ ਇਸ ਵਿਚ ਸ਼ਾਮਲ ਹਨ। (ਭਾਰਤੀ ਇਕ ਵੀ ਨਹੀਂ) ਪੀ.ਐਚ.ਐਫ.ਆਈ. ਬੋਰਡ, ਆਈ.ਸੀ.ਐਮ.ਆਰ. ਅਤੇ ਸੀ.ਐਸ.ਆਈ. ਆਰ. (ਤਿੰਨ ਭਾਰਤੀ ਸੰਸਥਾਵਾਂ ਕੁੱਲ 36 ਵਿਚ) ਸ਼ਾਮਲ ਹਨ।

ਰਜਤ ਗੁਪਤਾ ਦੇ ਦੇਸੀ ਵਿਦੇਸੀ ਤਾਕਤਾਂ ਨਾਲ ਡੂੰਘੇ ਸਬੰਧ ਹਨ। ਪੀ.ਐਚ.ਐਫ.ਆਈ. ਦੇ 8 ਮੈਂਬਰਾਂ ਵਿਚੋਂ (2006) 3 ਮੈਕਿੰਨਜੇ ਗਰੁੱਪ ਵਲੋਂ ਅਸ਼ੋਕ ਅਲੈਗਜੈਂਡਰ, ਮਾਸਲੇਸਕਰ, ਟੀਕੇ ਨਾਇਰ ਅਤੇ ਨਰਾਇਣ ਮੂਰਤੀ ਨੰਦਨ ਨਿਲੈਨਕੇਨੀ ਦੀ ਪਤਨੀ (ਰੋਹਿਨੀ), ਕਿਰਨ ਮਰਨੂੰਮਦ;ਬ। 5 ਰਾਜਾਂ ਗੁਜਰਾਤ, ਦਿੱਲੀ, ਆਂਧਰਾ ਪ੍ਰਦੇਸ਼, ਪੰਜਾਬ ਅਤੇ ਉੜੀਸਾ ਨੇ ਇਸ ਲਈ ਜ਼ਮੀਨ ਅਤੇ ਫੰਡ ਦਿੱਤੇ। ਇਸ ਸੰਸਥਾ ਦੇ NITAG, GAVI, VAP, CEPI ਅਤੇ CO-Impact ਸੰਸਥਾਵਾਂ ਨਾਲ ਡੂੰਘੇ ਸਬੰਧ ਹਨ। ਭਾਰਤ ਸਰਕਾਰ ਦਾ ਬਾਇਓ ਟੈਕਨਾਲੋਜੀ ਵਿਭਾਗ ਜਿਸ ਦੇ ਡਾਇਰੈਕਟਰ ਡਾ. ਗਗਨਦੀਪ ਕੰਗ ਹਨ ECPI ਦੀ ਮੈਂਬਰ ਹੈ। ਇਹ ਲੋਕ ਆਪਣੇ ਅਹੁਦੇ ਬਦਲ-ਬਦਲ ਕੇ (ਲੋੜ ਮੁਤਾਬਕ) ਭਾਰਤ ਵਿਚ ਅੰਤਰਰਾਸ਼ਟਰੀ ਫਾਰਮਾ ਏਜੰਡਾ ਲਾਗੂ ਕਰ ਰਹੇ ਹਨ। ਪ੍ਰੰਤੂ ਕਰੋਨਾ ਕਾਰਨ ਮੌਤਾਂ ਦੇ, ਟੈਸਟਾਂ ਕੇ, ਆਕਸੀਜਨ ਦੇ, ਵੈਂਟੀਲੇਟਰ ਟੈਸਟਾਂ ਦੇ, ਡਾਕਟਰਾਂ ਦੀ ਉਪਲਬਧਤਾ ਦੇ ਅੰਕੜੇ ਛੁਪਾ ਕੇ ਲੋਕਾਂ ਨੂੰ ਬਿਲਕੁਲ ਬੇਸਹਾਰਾ, ਤੜਪਦੇ, ਬੇਰੁਜ਼ਗਾਰੀ ਗਰੀਬੀ ਅਤੇ ਮਹਿੰਗਾਈ ਤੋਂ ਸਤਾਈ ਲੋਕਾਈ ਨੂੰ ਮਾਨਸਿਕ ਰੋਗੀ ਬਣਾਕੇ ਮਰਨ ਲਈ, ਖੁਦਕਸ਼ੀ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਹਰ ਸਵਾਲ ਪੁੱਛਣ ਵਾਲੇ, ਵੱਖਰਾ ਤੌਰ ’ਤੇ ਸੋਚਣ ਵਿਚਾਰਨ ਵਾਲਿਆਂ ’ਤੇ ਸੀ.ਬੀ.ਆਈ., ਡੀ.ਐਨ.ਸੀ.ਬੀ., ਇਨਕਮ ਟੈਕਸ ਚਾੜ੍ਹ ਕੇ ਦੇਸ਼ਧ੍ਰੋਹ, ਯੂ.ਏ.ਪੀ.ਏ., ਮਨੀ ਲਾਂਡਰਿੰਗ ਆਦਿ ਦੇ ਕੇਸ ਦਰਜ ਕਰਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ।

**ਡਰ ਤਿਆਗੋ, ਕਰੋਨਾ ਅਤੇ ਤਾਲਾਬੰਦੀ ਖਿਲਾਫ਼ ਲੜੋ।**

ਸਾਨੂੰ ਸਾਰੇ ਕਿਸਮ ਦੇ ਡਰ ਤੋਂ ਮੁਕਤ ਹੋ ਕੇ ਠੰਡੇ ਮਨ ਨਾਲ ਸਥਿਤੀ ਵਿਚਾਰਨ ਦੀ ਲੋੜ ਹੈ। ਇਮਿਊਨਿਟੀ ਵਧਾਉਣ ਲਈ ਸਸਤੇ ਸਿਹਤ ਵਰਧਕ ਪਦਾਰਥ ਵਰਤੋਂ ਜਿਨ੍ਹਾਂ ਨੂੰ ਫਾਰਮਾ ਕੰਪਨੀਆਂ ਛੁਪਾ ਕੇ ਰੱਖਦੀਆਂ ਹਨ। ਸਰਕਾਰ ’ਤੇ ਦਬਾਓ ਬਣਾਓ ਕਿ ਸਿਹਤ ਪ੍ਰਬੰਧ ਤੇ ਜੀ.ਡੀ.ਪੀ. ਦਾ 5% ਖਰਚ ਕਰੇ। ਦਵਾਈਆਂ ਅੰਦਰ ਪੇਟੈਂਟ ਹੋਵੇ। ਹਸਪਤਾਲ ਅਤੇ ਡਾਕਟਰਾਂ ਦੇ ਬੇਰੋਕ ਮੁਨਾਫਿਆਂ ’ਤੇ ਰੋਕ ਲੱਗੇ।

• ਕਾਰਪੋਰੇਟ ਅਤੇ ਅਮੀਰਾਂ ਤੇ ਟੈਕਸ ਵਧਾ ਕੇ ਗਰੀਬਾਂ ਨੂੰ ਅਨਾਜ ਅਤੇ ਹੋਰ ਪਦਾਰਥ ਦਾ ਪ੍ਰਬੰਧ ਕੀਤਾ ਜਾਵੇ। ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵੱਧਣ ’ਤੇ ਰੋਕ ਲੱਗੇ।

• ਅੰਬਾਨੀ ਅਡਾਨੀ (ਮੋਨੋਪਲੀ ਪੂੰਜੀਵਾਦ) ਦੇ ਉਤਪਾਦਾਂ ਅਤੇ ਸੇਵਾਵਾਂ ਦਾ ਬਾਈਕਾਟ ਕਰੋ, ਕਿਸਾਨ ਸੰਘਰਸ਼ ਦੀ ਹਮਾਇਤ ਕਰੋ। ਨੇੜੇ ਦੇ ਕਰਿਆਨਾ ਸਟੋਰ, ਰੇੜੀ, ਫੜੀ ਵਾਲਿਆਂ ਨੂੰ ਉਤਸ਼ਾਹਿਤ ਕਰੋ। ਲੇਬਰ ਕੋਡ ਦੇ ਸਤਾਏ ਮਜ਼ਦੂਰਾਂ, ਮਛੇਰਿਆਂ, ਆਦਿਵਾਸੀਆਂ ਦੇ ਜੰਗਲਾਂ ਦੇ ਹੱਕ ਅਤੇ ਪਬਲਿਕ ਸੈਕਟਰ ਕਾਮਿਆਂ ਦੇ ਨਾਲ ਇਕਮੁੱਠਤਾ ਜ਼ਾਹਿਰ ਕਰੋ।

• ਪਾਰਲੀਮਾਨੀ ਸਿਆਸਤਦਾਨ, ਅਫ਼ਸਰਸ਼ਾਹੀ ਜੋ ਇਹ ਨੀਤੀਆਂ ਦੀ ਵਾਹਕ ਹੈ, ਦਾ ਬਾਈਕਾਟ ਕਰੋ।

• ਖੇਤੀ ਕਾਨੂੰਨਾਂ ਦੇ ਨਾਲ-ਨਾਲ ਨਿੱਜੀਕਰਨ ਕਰਨ ਵਾਲੇ, ਸਰਕਾਰੀ ਸੰਪਤੀਆਂ ਗਹਿਣੇ ਰੱਖਣ ਵਾਲੇ ਸਾਰੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਕਰੋ।

• ਪੁਲਿਸ ਵਧੀਕੀਆਂ ਦਾ ਵਿਰੋਧ ਕਰੋ। ਵੈਕਸੀਨ ਨੂੰ ਇੱਛਕ ਬਣਾਉਣ ਲਈ ਨਾਕਿ ਜ਼ਰੂਰੀ ਬਣਾਉਣ ਲਈ ਲੋੜ। ਲੋਕਤੰਤਰੀ ਸਪੇਸ ਬਹਾਲ ਕਰਵਾਓ।

• ਅਸਿੱਧੇ ਟੈਕਸ ਘਟਾਕੇ ਪੈਟਰੋਲ ਡੀਜ਼ਲ ਸਸਤਾ ਕਰੋ। ਲੁਟੇਰੇ ਪੂੰਜੀਪਤੀਆਂ ਨੂੰ ਇੰਟਰਪੋਲ ਦੀ ਮਦਦ ਨਾਲ ਲੋਕ ਕਚਹਿਰੀ ਵਿਚ ਪੇਸ਼ ਕਰੋ। ਵੱਡੇ ਕਾਰਪੋਰੇਟ ਤੇ ਟੈਕਸ ਵਧਾਓ, ਉਨ੍ਹਾਂ ਦੀਆਂ ਸੰਪਤੀਆਂ ਦਾ ਰਾਸ਼ਟਰੀਕਰਨ ਕਰੋ।

• ਸਾਰੇ ਸਿਆਸੀ ਕੈਦੀ, ਸਮਾਜਿਕ ਕਾਰਕੁੰਨ, ਪੱਤਰਕਾਰ ਮਨੁੱਖੀ ਅਧਿਕਾਰਾਂ ਦੇ ਰਾਖੇ ਵਕੀਲਾਂ, ਰੰਗਕਰਮੀਆਂ ਨੂੰ ਬਿਨਾਂ ਸ਼ਰਤ ਰਿਹਾ ਕਰੋ ਅਤੇ ਗੈਰ ਜਮਹੂਰੀ ਕਾਨੂੰਨ ਵਾਪਸ ਲਵੋ।

ਸਰਮਾਏਦਾਰ ਪ੍ਰਬੰਧ ਦੇ ਚਲਦੇ ਅਜਿਹੇ ਸੰਕਟ ਆਉਂਦੇ ਰਹਿਣਗੇ। ਦੇਸੀ ਸਰਮਾਏਦਾਰੀ ਵਿਦੇਸ਼ੀ ਸਾਮਰਾਜੀ ਤਾਕਤਾਂ ਦੇ ਇਸ਼ਾਰੇ ’ਤੇ ਲੋਕ ਵਿਰੋਧੀ ਨੀਤੀਆਂ ਲਾਗੂ ਹੋਣ ਤੋਂ ਰੋਕਣ ਲਈ ਲੋਕ ਸੰਘਰਸ਼ ਹੀ ਵੱਡਾ ਸੰਦ ਹੈ। ਲੰਬੇ ਦਾਅ ਤੋਂ ਸਮਾਜਵਾਦੀ ਅਰਥ ਵਿਵਸਥਾ ਹੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਹੈ। ਬਿਨਾਂ ਸ਼ੱਕ ਚੀਨ ਅਜੇ ਇਸ ਸੰਕਟ ਤੋਂ ਬਚਿਆ ਹੋਇਆ ਹੈ, ਜੋ ਪੱਛਮੀ ਅਰਥ ਵਿਵਸਥਾਵਾਂ ਨੇ ਝੱਲਿਆ ਹੈ। ਅੱਜ ਤਾਕਤਾਂ ਦਾ ਸੰਤੁਲਨ ਵੀ ਨਵੀਂ ਤਰਤੀਬ ਵਿਚ ਜਾਣ ਲਈ ਅੱਗੇ ਵਧ ਰਿਹਾ ਹੈ। ਅਜ਼ਾਦੀ ਦੇ ਸੰਘਰਸ਼ ਸਮੇਂ ਭਗਤ ਸਿੰਘ ਤੇ ਉਸਦੇ ਅਨੇਕਾਂ ਸਾਥੀਆਂ ਨੇ ਸ਼ਹਾਦਤ ਦਿੱਤੀ ਸੀ। ਅੱਜ 600 ਕਿਸਾਨਾਂ ਦੀ ਸ਼ਹਾਦਤ ਦੂਜੀ ਅਜ਼ਾਦੀ ਦੀ ਲੜਾਈ ਲੜ ਰਹੀ ਹੈ, ਜਿਸ ਨਾਲ ਅਸੀਂ ਇਕਮੁੱਠਤਾ ਦਾ ਪ੍ਰਗਟਾਵਾ ਕਰਦੇ ਹਾਂ।



# ਖੇਤੀ ਸੰਕਟ ਅਤੇ ਉਸ ਦਾ ਨਵਾਂ ਮਾਡਲ

*ਭਾਰਤ ਵਿਚ ਚੱਲੇ ਮਿਸਾਲੀ ਕਿਸਾਨ ਅੰਦੋਲਨ ਨਾਲ ਖੇਤੀ ਨੂੰ ਦਰਪੇਸ਼ ਸੰਕਟ ਬਾਰੇ ਨਵੇਂ ਸਿਰਿਓਂ ਵੱਡੀ ਪੱਧਰ 'ਤੇ ਗੱਲ ਚੱਲੀ ਹੈ। ਪਰਮਜੀਤ ਰੌਡੇ ਨੇ ਆਪਣੇ ਇਸ ਲੇਖ ਵਿਚ ਬਦਲਵੇਂ ਖੇਤੀ ਮਾਡਲ ਬਾਰੇ ਨਿੱਠ ਕੇ ਚਰਚਾ ਕੀਤੀ ਹੈ ਅਤੇ ਇਤਿਹਾਸ ਵਿਚੋਂ ਅਜਿਹੇ ਹਵਾਲੇ ਦਿੱਤੇ ਹਨ ਜੋ ਇਸ ਸੰਕਟ ਦਾ ਹੱਲ ਕੱਢਣ ਦੀ ਸਮਰੱਥਾ ਰੱਖਦੇ ਹਨ। –*



**ਪਰਮਜੀਤ ਰੌਡੇ**
**ਫੋਨ: 737-274-2374**

ਸ਼ਾਂਤਮਈ ਕਿਸਾਨ ਸੰਘਰਸ਼ ਦੀ ਸ਼ਾਂਤਮਈ ਜਿੱਤ ਨਾਲ ਬੇਸ਼ੱਕ ਅੰਦੋਲਨ ਇਕ ਵਾਰ ਸਿਰੇ ਚੜ੍ਹ ਗਿਆ ਹੈ ਪਰ ਦੇਸੀ ਵਿਦੇਸ਼ੀ ਸਿਆਸਤ 'ਤੇ ਪੈਣ ਵਾਲੇ ਇਸ ਦੇ ਪ੍ਰਭਾਵ ਦੀਆਂ ਪਰਤਾਂ ਲਗਾਤਾਰ ਖੁੱਲ੍ਹਦੀਆਂ ਰਹਿਣਗੀਆਂ। ਕਾਰਪੋਰੇਟ ਹਿੱਤਾਂ ਦੀ ਸਰਪ੍ਰਸਤ ਨਰਿੰਦਰ ਮੋਦੀ ਸਰਕਾਰ ਦਾ ਗਰੂਰ ਭਾਵੇਂ ਇਕ ਵਾਰ ਟੁੱਟ ਗਿਆ ਪਰ ਸਮਾਂ ਲੰਘਣ 'ਤੇ ਉਹ ਫਿਰ ਝਪਟੇਗੀ। ਸਰਕਾਰ ਜੋ ਮਰਜ਼ੀ ਕਰੇ ਪਰ ਕਿਸਾਨ ਵੀ ਪਹਿਲਾਂ ਵਾਲੇ ਨਹੀਂ ਰਹੇ, ਘੋਲ ਲੜਨ ਅਤੇ ਜਿੱਤਣ ਦਾ ਉਨ੍ਹਾਂ ਕੋਲ ਵੀ ਅਮੀਰ ਤਜਰਬਾ ਹੈ। ਕਾਰਪੋਰੇਟੀ ਹਮਲਾ ਤਾਂ ਪਛਾੜ ਦਿੱਤਾ ਪਰ ਖੇਤੀ ਅਤੇ ਖੇਤੀ ਕਰਨ ਵਾਲਾ ਅਜੇ ਵੀ ਸੰਕਟ ਵਿਚ ਹੈ।

ਪੈਦਾਵਾਰ ਵਿਚ ਖੜੋਤ ਆ ਚੁੱਕੀ ਹੈ ਤੇ ਜ਼ਮੀਨ ਦੀ ਗੁਣਵੱਤਾ ਲਗਾਤਾਰ ਘਟ ਰਹੀ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ ਅਤੇ ਧਰਤੀ ਬੰਜਰ ਹੋਣ ਵੱਲ ਵਧ ਰਹੀ ਹੈ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਬੇਥਾਹ ਵਰਤੋਂ ਕਾਰਨ ਮਿੱਟੀ, ਉਪਜ ਅਤੇ ਧਰਤੀ ਹੇਠਲਾ ਪਾਣੀ ਜ਼ਹਿਰੀਲੇ ਹੋ ਗਏ ਹਨ; ਸਿੱਟੇ ਵਜੋਂ ਮਾਰੂ ਬਿਮਾਰੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਵਧੀਆਂ ਪੈਦਾਵਾਰੀ ਲਾਗਤਾਂ ਅਤੇ ਘਟ ਰਹੀ ਆਮਦਨ ਕਾਰਨ ਖੇਤੀ ਦਾ ਧੰਦਾ ਲਾਹੇਵੰਦ ਨਹੀਂ ਰਿਹਾ। ਬੈਂਕਾਂ ਅਤੇ ਆੜ੍ਹਤੀਆਂ ਦੀਆਂ ਉੱਚੀਆਂ ਵਿਆਜ ਦਰਾਂ ਨੇ ਕਿਸਾਨੀ ਦਾ ਕਚੂਮਰ ਕੱਢ ਦਿੱਤਾ ਹੈ। ਜ਼ਮੀਨ ਦੀ ਵੰਡ-ਦਰ-ਵੰਡ ਕਾਰਨ ਛੋਟੀਆਂ ਹੋਈਆਂ ਜੋਤਾਂ, ਨਵੀਂ ਤਕਨੀਕ ਅਤੇ ਮਸ਼ੀਨਰੀ ਦਾ ਲਾਹਾ ਲੈਣ ਦੀ ਹਾਲਤ ਵਿਚ ਨਹੀਂ। ਮਸ਼ੀਨਰੀ ਆਟੋਮੇਸ਼ਨ ਦੇ ਵਧਵੇਂ ਦਖਲ ਕਾਰਨ ਖੇਤੀ ਤੋਂ ਵਿਹਲੀ ਹੋਈ ਕਿਰਤ ਸ਼ਕਤੀ ਨੂੰ ਆਰਥਕਤਾ ਦੇ ਦੂਜੇ ਸੈਕਟਰ- ਉਦਯੋਗ ਅਤੇ ਸੇਵਾਵਾਂ, ਆਪਣੇ ਅੰਦਰ ਜਜ਼ਬ ਕਰਨ ਦੀ ਹਾਲਤ ਵਿਚ ਨਹੀਂ। ਨਿਰਾਸਤਾ, ਬੇਚੈਨੀ ਅਤੇ ਬੇਵਸੀ ਦਾ ਸ਼ਿਕਾਰ ਕਿਸਾਨ ਤਬਕਾ ਨਸ਼ੇ ਅਤੇ ਖੁਦਕੁਸ਼ੀਆਂ ਦੇ ਰਾਹ ਪੈ ਤੁਰਿਆ ਹੈ।

ਖੇਤੀ ਸੰਕਟ ਇੰਨਾ ਪ੍ਰਤੱਖ ਹੈ ਕਿ ਇਸ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਇਸੇ ਲਈ ਮਸਲਾ ਤਾਂ ਸੰਕਟ ਦੀ ਚੁਣੌਤੀ ਕਬੂਲਣ ਅਤੇ ਸਾਰਥਕ ਹੁੰਗਾਰਾ ਭਰਨ ਦਾ ਹੈ। ਮੋਦੀ ਸਰਕਾਰ ਵੱਲੋਂ ਸੰਕਟ ਨੂੰ ਭਰਿਆ ਹੁੰਗਾਰਾ ਅਤੇ ਪੇਸ਼ ਕੀਤਾ ਹੱਲ ਤਾਂ ਅਸੀਂ ਦੇਖ ਹੀ ਚੁੱਕੇ ਹਾਂ ਕਿ ਕਿਵੇਂ ਸਮੁੱਚੇ ਖੇਤੀ ਸੈਕਟਰ ਨੂੰ ਹੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਦੂਸਰਾ ਹੁੰਗਾਰਾ ਕਿਸਾਨ ਪੱਖੀ ਬੁੱਧੀਜੀਵੀਆਂ ਅਤੇ ਅਰਥ ਸ਼ਾਸਤਰੀਆਂ ਨੇ ਭਰਨਾ ਹੈ। ਦੇਖਦੇ ਹਾਂ ਕਿ ਇਹ ਬੁੱਧੀਜੀਵੀ ਅਤੇ ਮਾਹਰ ਚੌਰਾਹੇ 'ਤੇ ਡੌਰ-ਭੌਰ ਖੜ੍ਹੀ ਕਿਸਾਨੀ ਸਾਹਮਣੇ ਖੇਤੀਬਾੜੀ ਦਾ ਕਿਹੜਾ ਨਵਾਂ ਮਾਡਲ ਪੇਸ਼ ਕਰਦੇ ਹਨ। ਕੁਝ ਅਰਥ ਸ਼ਾਸਤਰੀਆਂ ਨੇ ਸਹਿਕਾਰੀ ਖੇਤੀ ਦਾ ਵਿਚਾਰ ਅੱਗੇ ਤੋਰਿਆ ਹੈ। ਮੇਰੇ ਵਿਚਾਰ ਵਿਚ ਸਮਾਜਕ ਵਿਕਾਸ ਦੇ ਇਸ ਪੜਾਅ 'ਤੇ ਸਭ ਤੋਂ ਢੁਕਵਾਂ ਮਾਡਲ ਸਹਿਕਾਰੀ ਖੇਤੀ ਹੀ ਬਣਦਾ ਹੈ; ਭਾਵ ਸਰਕਾਰ ਦੇ ਕਾਰਪੋਰੇਟ ਮਾਡਲ ਦੇ ਮੁਕਾਬਲੇ ਖੇਤੀ ਦਾ ਕੋਆਪਰੇਟਿਵ (ਸਹਿਕਾਰੀ) ਮਾਡਲ।

ਸਹਿਕਾਰੀ ਫਾਰਮਾਂ ਤੋਂ ਭਾਵ ਅਜਿਹੇ ਫਾਰਮਾਂ ਤੋਂ ਹੈ ਜਦੋਂ ਗਰੀਬ ਤੇ ਦਰਮਿਆਨੇ ਕਿਸਾਨ ਆਪਣੀ ਜ਼ਮੀਨ ਸਵੈ-ਇੱਛਾ ਅਨੁਸਾਰ ਇਕੱਠਾ ਕਰਕੇ ਵੱਡਾ ਫਾਰਮ ਬਣਾ ਲੈਂਦੇ ਹਨ ਪਰ ਜ਼ਮੀਨ ਦੇ ਟੁਕੜਿਆਂ ਦੀ ਮਾਲਕੀ ਆਪੋ-ਆਪਣੀ ਰਹਿੰਦੀ ਹੈ। ਫਾਰਮ ਤੋਂ ਹੋਈ ਆਮਦਨ ਨੂੰ ਉਹ ਜ਼ਮੀਨ ਮਾਲਕੀ ਦੇ ਸ਼ੇਅਰ ਅਤੇ ਵਿਅਕਤੀ-ਵਿਸ਼ੇਸ਼ ਵੱਲੋਂ ਕੀਤੀ ਮਿਹਨਤ, ਭਾਵ ਕੰਮ ਦੇ ਦਿਨਾਂ ਮੁਤਾਬਕ ਵੰਡ ਲੈਂਦੇ ਹਨ।

ਸਹਿਕਾਰੀ ਫਾਰਮ ਬਣਾਉਣ ਦੇ ਬਹੁਤ ਫਾਇਦੇ ਹਨ। ਮੁਕਾਬਲਤਨ ਪੈਦਾਵਾਰੀ ਲਾਗਤਾਂ ਘਟ ਜਾਂਦੀਆਂ ਅਤੇ ਪੈਦਾਵਾਰ ਵਧ ਜਾਂਦੀ ਹੈ। ਉਹ ਗਰੀਬ ਕਿਸਾਨ ਜਿਹੜੇ ਨਾ ਤਾਂ ਲੋੜੀਂਦੀ ਮਸ਼ੀਨਰੀ ਖਰੀਦ ਸਕਦੇ ਹਨ ਅਤੇ ਨਾ ਹੀ ਟਿਊਬਵੈਲ ਵਗੈਰਾ ਦਾ ਜੁਗਾੜ ਕਰਨ ਦੀ ਹਾਲਤ ਵਿਚ ਹੁੰਦੇ ਹਨ, ਸਹਿਕਾਰੀ ਫਾਰਮ ਦੇ ਮੈਂਬਰ ਬਣਨ ਨਾਲ ਇਨ੍ਹਾਂ ਸਹੂਲਤਾਂ ਦਾ ਬਕਾਇਦਾ ਲਾਹਾ ਲੈ ਸਕਦੇ ਹਨ। ਉਹ ਕਿਸਾਨ ਜਿਨ੍ਹਾਂ ਕੋਲ ਘੱਟ ਜ਼ਮੀਨ ਹੈ ਪਰ ਉਹ ਜ਼ਮੀਨ 'ਤੇ ਕਰਜ਼ਾ ਚੁੱਕ ਕੇ ਮਹਿੰਗੇ ਟਰੈਕਟਰ ਤੇ ਹੋਰ ਮਸ਼ੀਨਰੀ ਖਰੀਦੀ ਬੈਠੇ ਹਨ, ਸਹਿਕਾਰੀ ਫਾਰਮ ਦਾ ਮੈਂਬਰ ਬਣਨ ਨਾਲ ਇਨ੍ਹਾਂ ਸਾਧਨਾ ਨੂੰ ਫਾਰਮਾਂ ਦੀ ਸਾਂਝੀ ਜਾਇਦਾਦ ਬਣਾ ਕੇ ਨਿੱਜੀ ਕਰਜ਼ ਤੋਂ ਮੁਕਤ ਹੋ ਸਕਦੇ ਹਨ। ਵੱਡੇ ਸਹਿਕਾਰੀ ਫਾਰਮ ਬਣਨ ਨਾਲ ਛੋਟੀਆਂ ਜੋਤਾਂ ਤੇ ਵੱਟਾਂ ਬੰਨੇ ਢਾਹੁਣ ਕਰਕੇ ਇਹ ਜ਼ਮੀਨ ਵਾਹੀ ਹੇਠ ਆ ਜਾਂਦੀ ਹੈ, ਇਸ ਤਰ੍ਹਾਂ ਵਾਹੀਯੋਗ ਜ਼ਮੀਨ ਦਾ ਖੇਤਰਫਲ ਵਧਦਾ ਹੈ। ਜ਼ਮੀਨ ਦੀ ਵੰਡ-ਦਰ-ਵੰਡ ਦਾ ਅਮਲ ਰੁਕਣ ਕਰਕੇ ਕਿਸਾਨਾਂ ਦਾ ਕਈ ਕਿਸਮ ਦੇ ਝਗੜੇ-ਝਮੇਲਿਆਂ ਤੋਂ ਖਹਿੜਾ ਛੁੱਟ ਜਾਂਦਾ ਹੈ। ਖੇਤੀਬਾੜੀ ਕਾਰੋਬਾਰ ਨੂੰ ਸਮੂਹ ਦੇ ਹੱਥ ਦੇਣ ਕਰਕੇ ਕਿਸਾਨਾਂ ਵਿਚ ਪਹਿਲਾਂ ਪਸਰੀ ਨਿਰਾਸਤਾ ਅਤੇ ਬੇਦਿਲੀ ਦੂਰ ਹੁੰਦੀ ਤੇ ਉਤਸ਼ਾਹ ਅਤੇ ਸਿਰੜ ਨਾਲ ਕੰਮ ਕਰਨ ਲਈ ਸਾਜ਼ਗਾਰ ਮਾਹੌਲ ਪੈਦਾ ਹੁੰਦਾ ਹੈ। ਇਕ ਸਚਾਈ ਇਹ ਵੀ ਹੈ ਕਿ ਛੋਟੇ ਖੇਤਾਂ ਦੇ ਮੁਕਾਬਲੇ ਵੱਡੇ ਫਾਰਮਾਂ ਦੀ ਪ੍ਰਤੀ ਏਕੜ ਪੈਦਾਵਾਰ ਸਦਾ ਹੀ ਵੱਧ ਹੁੰਦੀ ਹੈ। ਵੱਖ-ਵੱਖ ਸਮਿਆਂ 'ਤੇ ਹੋਏ ਅਧਿਐਨ ਵੀ ਇਸ ਤੱਥ ਦੀ ਸ਼ਾਹਦੀ ਭਰਦੇ ਹਨ।

ਖੇਤੀ ਸੈਕਟਰ ਵਿਚ ਪੰਜਾਬ ਕੋਲ ਹੰਢੀ ਅਤੇ ਤਜਰਬੇਕਾਰ ਕਿਸਾਨੀ ਦੀ ਕੋਈ ਥੁੜ੍ਹ ਨਹੀਂ। ਜੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇ ਨਾਲੋ-ਨਾਲ ਸਰਕਾਰ ਕਿਸਾਨਾਂ ਨੂੰ ਸਹਿਕਾਰੀ ਫਾਰਮ ਬਣਾਉਣ ਦੀਆਂ ਸ਼ਰਤਾਂ 'ਤੇ ਸਰਮਾਇਆ ਅਤੇ ਹੋਰ ਸਾਜ਼ੋ-ਸਮਾਨ ਦੇਣ ਦੀ ਗਰੰਟੀ ਕਰੇ ਤਾਂ ਹੈਰਾਨਜਨਕ ਨਤੀਜੇ ਨਿਕਲਣਗੇ। ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰ ਸਹਿਕਾਰੀ ਫਾਰਮਾਂ ਨੂੰ ਬਿਨਾ ਵਿਆਜ ਕਰਜ਼ੇ ਦੇਣ, ਖਾਦਾਂ, ਬੀਜਾਂ ਅਤੇ ਮਸ਼ੀਨਰੀ ਵਗੈਰਾ 'ਤੇ ਸਬਸਿਡੀਆਂ, ਗਰਾਂਟਾਂ ਅਤੇ ਲੋੜ ਪੈਣ 'ਤੇ ਹੋਰ ਛੋਟਾਂ ਦੇਣ ਦਾ ਐਲਾਨ ਕਰੇ; ਦੇਖਣਾ, ਕਿਸਾਨ ਕਿਵੇਂ ਧੜਾ-ਧੜ ਸਹਿਕਾਰੀ ਫਾਰਮ ਬਣਾਉਂਦੇ ਹਨ। ਮੁੱਢਲੇ ਰੂਪ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੰਜੀਦਗੀ ਨਾਲ ਜਾਗਰੂਕਤਾ ਪ੍ਰੇਰਨਾ ਅਤੇ ਹੱਲਾਸ਼ੇਰੀ ਦੀ ਮੁਹਿੰਮ ਸ਼ੁਰੂ ਕਰੇ।

ਜਿਵੇਂ-ਜਿਵੇਂ ਇਨ੍ਹਾਂ ਫਾਰਮਾਂ ਦੀ ਆਮਦਨ ਵਧਦੀ ਜਾਵੇਗੀ, ਉਹ ਆਪਣੀ ਸਰਗਰਮੀ ਅਤੇ ਕਾਰੋਬਾਰ ਦਾ ਘੇਰਾ ਵਧਾਉਂਦੇ ਜਾਣਗੇ। ਵਾਹੀ-ਜੋਤੀ ਦੇ ਨਾਲੋ-ਨਾਲ ਉਹ ਉਪਜ ਦੀ ਪ੍ਰੋਸੈਸਿੰਗ, ਗਰੇਡਿੰਗ ਪੈਕਿੰਗ ਢੋਆ ਢੁਆਈ ਅਤੇ ਮਾਰਕੀਟਿੰਗ ਯੂਨਿਟ ਵੀ ਬਣਾ ਸਕਦੇ ਹਨ। ਅੜੇ-ਆੜ੍ਹਤੀਏ ਜਿਹੜੇ ਕਿਸਾਨ ਦੀ ਕਮਾਈ ਦਾ ਵੱਡਾ ਹਿੱਸਾ ਬਟੋਰ ਲੈਂਦੇ ਹਨ, ਨੂੰ ਦ੍ਰਿਸ਼ ਤੋਂ ਲਾਂਭੇ ਕੀਤਾ ਜਾ ਸਕਦਾ ਹੈ। ਜੇ ਸਰਕਾਰ ਸਮੁੱਚੇ ਦੇਸ਼ ਨੂੰ ਜਲਵਾਯੂ ਜ਼ੋਨਾਂ ਵਿਚ ਵੰਡ ਕੇ ਫਸਲੀ ਵੰਨ-ਸੁਵੰਨਤਾ ਅਤੇ ਐਗਰੋ-ਇੰਡਸਟਰੀ ਨੂੰ ਵੀ ਉਤਸ਼ਾਹਤ ਕਰੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਕੋਆਪਰੇਟਿਵ (ਸਹਿਕਾਰੀ) ਫਾਰਮਾਂ ਦਾ ਇਹ ਵਿਚਾਰ ਭਾਰਤ ਲਈ ਕੋਈ ਨਵਾਂ ਨਹੀਂ। ਆਜ਼ਾਦੀ ਤੋਂ ਪਹਿਲਾਂ (1944-45) ਵਿਚ ਨਹਿਰੂ, ਗਾਂਧੀ ਅਤੇ ਸਮਾਜਵਾਦੀ ਲੀਡਰ ਇਸ ਨੁਕਤੇ 'ਤੇ ਇਕ ਮੱਤ ਸਨ ਕਿ ਆਜ਼ਾਦੀ ਤੋਂ ਬਾਅਦ ਸਹਿਕਾਰੀ ਖੇਤੀ ਦੀ ਜੁਗਤ ਭਾਰਤ ਦੇ ਖੇਤੀਬਾੜੀ ਖੇਤਰ ਲਈ ਵੱਧ ਢੁੱਕਵੀਂ ਹੋਵੇਗੀ। ਆਜ਼ਾਦੀ ਤੋਂ ਬਾਅਦ ਪਹਿਲੀ ਪੰਜ ਸਾਲਾ ਯੋਜਨਾ (1951-56) ਅਧੀਨ ਦੋ ਹਜ਼ਾਰ ਸਹਿਕਾਰੀ ਫਾਰਮ ਬਣਾਏ ਗਏ। ਇਹ ਉਹ ਸਮਾਂ ਸੀ ਜਦੋਂ ਇਨਕਲਾਬ (1949) ਤੋਂ ਬਾਅਦ ਬਣੇ ਚੀਨ ਦੇ ਸਹਿਕਾਰੀ ਫਾਰਮਾਂ ਦੀ ਸਫਲਤਾ ਅਤੇ ਵਿਲੱਖਣਤਾ ਦੀ ਚਰਚਾ ਦੁਨੀਆ ਭਰ ਵਿਚ ਜ਼ੋਰਾਂ 'ਤੇ ਸੀ। ਸੋ, 1956 ਵਿਚ ਨਹਿਰੂ ਸਰਕਾਰ ਨੇ ਇਕ ਡੈਲੀਗੇਸ਼ਨ ਚੀਨੀ ਸਹਿਕਾਰੀ ਫਾਰਮਾਂ ਦੇ ਅਧਿਐਨ ਲਈ ਚੀਨ ਭੇਜਿਆ। ਇਹ ਡੈਲੀਗੇਸ਼ਨ ਚੀਨੀ ਸਹਿਕਾਰੀ ਫਾਰਮਾਂ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਭਾਰਤ ਪਰਤਦਿਆਂ ਹੀ ਸਿਫਾਰਸ਼ ਕਰ ਦਿੱਤੀ ਕਿ ਜਿੰਨੀ ਜਲਦੀ ਹੋ ਸਕੇ, ਸਹਿਕਾਰੀ ਫਾਰਮ ਬਣਾਏ ਜਾਣ। ਸੋ, ਦੇਸ਼ ਦੇ ਹਰ ਨੈਸ਼ਨਲ ਐਕਸਟੈਨਸ਼ਨ ਬਲਾਕ ਵਿਚ ਇਕ-ਇਕ ਸਹਿਕਾਰੀ ਫਾਰਮ ਬਣਾਉਣ ਤੋਂ ਇਲਾਵਾ 5000 ਨਵੇਂ ਫਾਰਮ ਬਣਾਏ ਗਏ ਅਤੇ ਆਸ ਜ਼ਾਹਰ ਕੀਤੀ ਗਈ ਕਿ ਬਹੁਤ ਜਲਦ ਦੇਸ਼ ਦੀ ਵਾਹੀਯੋਗ ਜ਼ਮੀਨ ਦਾ ਮਹੱਤਵਪੂਰਨ ਹਿੱਸਾ ਸਹਿਕਾਰੀ ਫਾਰਮਾਂ ਅਧੀਨ ਆ ਜਾਵੇਗਾ।

ਕਾਂਗਰਸ ਪਾਰਟੀ ਨੇ 1959 ਦੇ ਕਾਨਪੁਰ ਸੈਸ਼ਨ ਵਿਚ ਮਤਾ ਪਾਇਆ ਕਿ ਭਾਰਤ ਦਾ ਭਵਿੱਖੀ ਖੇਤੀਬਾੜੀ ਢੰਗ-ਤਰੀਕਾ ਸਹਿਕਾਰੀ ਫਾਰਮਿੰਗ ਹੋਵੇਗਾ ਪਰ ਕੁਝ ਸਮੇਂ ਬਾਅਦ ਤਿੰਨ ਵੱਡੇ ਲੀਡਰ ਸੀ. ਗੋਪਾਲਨਚਾਰੀ, ਐਨ.ਜੀ. ਰੰਗਾ ਅਤੇ ਚਰਨ ਸਿੰਘ ਸ਼ਰੇਆਮ ਸਹਿਕਾਰੀ ਫਾਰਮਾਂ ਦਾ ਵਿਰੋਧ ਕਰਨ ਲੱਗ ਪਏ। ਉਨ੍ਹਾਂ ਦੀ ਦਲੀਲ ਸੀ ਕਿ ਸਹਿਕਾਰੀ ਫਾਰਮਾਂ ਦਾ ਅਮਲ ਆਪਣੇ ਆਪ ਵਧ ਕੇ ਸਮੂਹਕ (ਕੁਲੈਕਟਿਵ) ਫਾਰਮਾਂ ਵਿਚ ਬਦਲ ਜਾਵੇਗਾ। ਉਹ ਤਾਂ ਇਹ ਕਹਿਣ ਤੱਕ ਵੀ ਚਲੇ ਗਏ ਕਿ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇਸ਼ 'ਤੇ ਚੀਨ, ਰੂਸ ਵਰਗਾ ਤਾਨਾਸ਼ਾਹੀ ਰਾਜ ਠੋਸਣਾ ਚਾਹੁੰਦਾ ਹੈ।

ਭਾਰਤ ਵਿਚ ਭੂਮੀ ਸੁਧਾਰਾਂ ਦੇ ਨਾਮ ਹੇਠ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਸਮਿਆਂ 'ਤੇ ਲੈਂਡ ਸੀਲਿੰਗ ਕਾਨੂੰਨ ਬਣਾਏ ਗਏ ਜਿਨ੍ਹਾਂ ਮੁਤਾਬਕ ਇਕ ਸੀਮਾ ਮਿਥੀ ਗਈ ਕਿ ਕਿੰਨੇ ਮੈਂਬਰਾਂ ਦਾ ਪਰਿਵਾਰ ਵੱਧ ਤੋਂ ਵੱਧ ਕਿੰਨੀ ਜ਼ਮੀਨ ਰੱਖ ਸਕਦਾ ਹੈ। ਇਸ ਤੋਂ ਬਿਨਾ ਮੁਜਾਰਾ ਐਕਟ ਵੀ ਬਣਿਆ ਜਿਸ ਅਨੁਸਾਰ ਜਗੀਰਦਾਰਾਂ ਦੀ ਜ਼ਮੀਨ 'ਤੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਮੁਜਾਰਿਆ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦੇਣੇ ਸਨ। ਇਹ ਦੋਵੇਂ ਕਾਨੂੰਨ ਇਮਾਨਦਾਰੀ ਨਾਲ ਦੇਸ਼ ਵਿਚ ਕਿਧਰੇ ਵੀ ਲਾਗੂ ਨਹੀਂ ਹੋਏ, ਸਿਵਾਏ ਜੰਮੂ ਕਸ਼ਮੀਰ ਦੇ ਜਿਸ ਦਾ ਸਿਹਰਾ ਸ਼ੇਖ ਅਬਦੁੱਲਾ ਨੂੰ ਜਾਂਦਾ ਹੈ।

ਭਾਰਤ ਦੇ ਵੱਡੇ ਭੋਇੰ ਮਾਲਕਾਂ/ਜਗੀਰਦਾਰਾਂ ਨੇ ਆਪਣੀ ਜ਼ਮੀਨ ਜਾਇਦਾਦ ਨੂੰ ਇਨ੍ਹਾਂ ਕਾਨੂੰਨਾਂ ਦੀ ਮਾਰ ਤੋਂ ਬਚਾਉਣ ਲਈ ਬੋਗਸ ਸਹਿਕਾਰੀ ਫਾਰਮ ਬਣਾ ਲਏ। ਰਜਿਸਟਰੇਸ਼ਨ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਖੇਤਾਂ ਵਿਚ ਕੰਮ ਕਰਦੇ ਮਜ਼ਦੂਰਾਂ ਅਤੇ ਮੁਜਾਰਿਆਂ ਨੂੰ ਕਾਗਜ਼ਾਂ ਵਿਚ ਫਾਰਮਾਂ ਦੇ ਮੈਂਬਰ ਦਿਖਾਇਆ ਗਿਆ। ਕਈ ਥਾਵਾਂ 'ਤੇ ਤਾਂ ਅਜਿਹੇ ਵਿਅਕਤੀਆਂ ਨੂੰ ਫਾਰਮਾਂ ਦੇ ਮੈਂਬਰ ਦਿਖਾਇਆ ਗਿਆ ਜਿਨ੍ਹਾਂ ਦਾ ਖੇਤੀ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇਹ ਜਾਣਦੇ ਹੋਏ ਵੀ ਕਿ ਇਹ ਸਹਿਕਾਰੀ ਫਾਰਮ ਜਾਅਲੀ ਹਨ, ਸਰਕਾਰੀ ਅਫਸਰਾਂ ਨੇ ਮਾਲਕਾਂ ਨੂੰ ਖਾਦਾਂ ਤੇ ਬੀਜ ਸਸਤੇ ਦੇਣ ਤੋਂ ਇਲਾਵਾ ਸਬਸਿਡੀਆਂ ਦੇ ਵੱਡੇ ਗੱਫੇ ਦਿੱਤੇ। ਜਿਹੜੇ ਫਾਰਮ ਅਸਲੀ ਸਨ, ਉਨ੍ਹਾਂ ਦੀ ਮੈਨੇਜਮੈਂਟ ਅਮੀਰ ਪਰਿਵਾਰਾਂ ਨੇ ਸਾਂਭ ਲਈ ਅਤੇ ਗਰੀਬਾਂ ਦੇ ਪੱਲੇ ਕੱਖ ਨਹੀਂ ਪਾਇਆ ਕਈ ਥਾਵਾਂ 'ਤੇ ਤਾਂ ਇਸ ਤਰ੍ਹਾਂ ਵੀ ਹੋਇਆ ਕਿ ਸਬਸਿਡੀਆਂ ਲੈਣ ਖਾਤਰ ਭ੍ਰਿਸ਼ਟ ਅਫਸਰਾਂ ਨਾਲ ਮਿਲ ਕੇ ਦੋ ਜਾਂ ਫਿਰ ਇਕ ਪਰਿਵਾਰ ਨੇ ਹੀ ਆਪ ਨੂੰ ਸਹਿਕਾਰੀ ਫਾਰਮ ਦੇ ਤੌਰ 'ਤੇ ਰਜਿਸਟਰ ਕਰਾ ਲਿਆ। ਸਰਕਾਰ ਨੇ ਕੁਝ ਫਾਰਮ ਆਪਣੀ ਸਿੱਧੀ ਸਰਪ੍ਰਸਤੀ ਹੇਠ ਵੀ ਬਣਾਏ ਪਰ ਸਮੇਂ ਸਿਰ ਬਿਜਲੀ ਅਤੇ ਸਿੰਜਾਈ ਦਾ ਪ੍ਰਬੰਧ ਨਾ ਕਰਨ ਤੋਂ ਇਲਾਵਾ ਹੋਰ ਲੋੜੀਦੀਆਂ ਸਹੂਲਤਾਂ ਨਾ ਦੇਣ ਦੀ ਬਦਨੀਤੀ ਕਰਕੇ ਇਹ ਫਾਰਮ ਵੀ ਚੱਲ ਨਹੀਂ ਸਕੇ। ਕਾਫੀ ਸਹਿਕਾਰੀ ਫਾਰਮ ਉਘੇ ਲੀਡਰ ਬਿਨੋਵਾ ਭਾਵੇ ਦੀ ਭੂ-ਦਾਨ ਲਹਿਰ ਰਾਹੀਂ ਇਕੱਠੀ ਹੋਈ ਜ਼ਮੀਨ 'ਤੇ ਵੀ ਬਣਾਏ ਗਏ। ਉਨ੍ਹਾਂ ਦਾ ਅੰਤ ਵੀ ਬਾਕੀ ਸਹਿਕਾਰੀ ਫਾਰਮਾਂ ਵਰਗਾ ਹੀ ਹੋਇਆ। ਬਿਨੋਵਾ ਭਾਵੇ ਦੀ ਭੂ-ਦਾਨ ਲਹਿਰ ਦਾ ਪ੍ਰਸੰਗ ਵੀ ਕਾਫੀ ਦਿਲਚਸਪ ਹੈ।

ਭਾਰਤ ਦੀ ਆਜ਼ਾਦੀ ਤੋਂ ਦੋ ਸਾਲ ਪਹਿਲਾਂ 1945 ਵਿਚ ਨਿਜ਼ਾਮ ਹੈਦਰਾਬਾਦ ਦੀ ਹਕੂਮਤ ਖਿਲਾਫ ਤਿਲੰਗਾਨਾ ਖੇਤਰ ਵਿਚ ਇਨਕਲਾਬੀ ਲਹਿਰ ਸ਼ੁਰੂ ਹੋਈ ਜਿਸ ਵਿਚ ਜਾਗੀਰਦਾਰਾਂ ਤੋਂ ਦਸ ਲੱਖ ਏਕੜ ਜ਼ਮੀਨ ਖੋਹ ਕੇ ਗਰੀਬ ਕਿਸਾਨਾਂ ਵਿਚ ਵੰਡ ਦਿੱਤੀ। ਆਜ਼ਾਦੀ ਤੋਂ ਬਾਅਦ ਨਹਿਰੂ ਸਰਕਾਰ ਨੇ ਇਸ ਇਨਕਲਾਬੀ ਲਹਿਰ ਨੂੰ ਦਬਾਉਣ ਲਈ ਭਾਰਤੀ ਫੌਜ ਭੇਜ ਦਿੱਤੀ ਜਿਸ ਦੇ ਦੋ ਮਕਸਦ ਸਨ। ਇਕ ਸੀ ਇਨਕਲਾਬੀ ਲਹਿਰ ਨੂੰ ਕੁਚਲਣਾ ਅਤੇ ਦੂਸਰਾ ਸੀ ਨਿਜ਼ਾਮ ਦੀ ਹੈਦਰਾਬਾਦ ਰਿਆਸਤ ਨੂੰ ਭਾਰਤੀ ਯੂਨੀਅਨ ਦਾ ਅੰਗ ਬਣਾਉਣਾ। ਨਿਜਾਮ ਤਾਂ ਛੇਤੀ ਹੀ ਝੁਕ ਗਿਆ ਅਤੇ ਭਾਰਤੀ ਯੂਨੀਅਨ ਦਾ ਅੰਗ ਬਣ ਗਿਆ ਪਰ ਇਨਕਲਾਬੀ ਲਹਿਰ ਤਿੰਨ ਸਾਲ ਹੋਰ, 1951 ਤੱਕ ਚੱਲਦੀ ਰਹੀ ਅਤੇ ਆਖਰ ਲੀਡਰਸ਼ਿਪ ਦੀਆਂ ਗਲਤੀਆਂ ਤੇ ਬੇਮੇਚੀ ਟੱਕਰ ਕਰਕੇ ਕੁਚਲੀ ਗਈ। ਇਹ ਉਹ ਸਮਾਂ ਸੀ ਜਦੋਂ ਗਾਂਧੀਵਾਦੀ ਬਿਨੋਵਾ ਭਾਵੇ ਨੇ ਮੈਦਾਨ ਵਿਚ ਦਾਖਲਾ ਲਿਆ। ਬਿਨੋਵਾ ਭਾਵੇ ਨੇ ਤਿਲੰਗਾਨਾ ਦੇ ਇਕ ਪਿੰਡ ਤੋਂ ਅਖੌਤੀ ਭੂ-ਦਾਨ ਲਹਿਰ ਸ਼ੁਰੂ ਕੀਤੀ ਜਿਸ ਨੂੰ ਬਗੈਰ ਖੂਨ-ਖਰਾਬੇ ਇਨਕਲਾਬ (ਬਲੱਡਲੈੱਸ ਰੈਵੋਲਿਊਸ਼ਨ) ਦਾ ਨਾਮ ਦਿੱਤਾ ਗਿਆ। ਇਸ ਦਾ ਅਸਲ ਮਕਸਦ ਇਨਕਲਾਬੀ ਲਹਿਰ ਦੀ ਲੀਡਰਸ਼ਿਪ ਤੋਂ ਨਾ-ਖੁਸ਼ ਕਾਡਰ ਦੇ ਗੁੱਸੇ ਅਤੇ ਰੋਹ 'ਤੇ ਠੰਢਾ ਛਿੜਕਣਾ ਸੀ। ਸੋ, ਪਹਿਲੀ ਪੰਜ ਸਾਲਾ ਯੋਜਨਾ ਨਾਲ ਸ਼ੁਰੂ ਹੋਈ ਕੋਆਪਰੇਟਿਵ ਫਾਰਮਿੰਗ ਸਕੀਮ ਦਾ ਚੌਥੀ ਪੰਜ ਸਾਲਾ ਯੋਜਨਾ (1969-74) ਵਿਚ ਅਧਿਕਾਰਤ ਤੌਰ 'ਤੇ ਭੋਗ ਪਾ ਦਿੱਤਾ ਗਿਆ। ਉਸ ਸਮੇਂ ਦੀ ਸਹਿਕਰੀ ਫਾਰਮਿੰਗ ਦੇ ਫੇਲ੍ਹ ਹੋਣ ਦਾ ਇਹ ਅਰਥ ਕਦਾਚਿਤ ਨਹੀਂ ਬਣਦਾ ਕਿ ਇਹ ਵਿਚਾਰ ਹੀ ਗਲਤ ਸੀ। ਅਸਲ ਮਸਲਾ ਸਿਆਸਤ ਅਤੇ ਵਿਚਾਰਧਾਰਾ ਦਾ ਹੈ ਕਿ ਕਿਸੇ ਵਿਸ਼ੇਸ਼ ਸਮੇਂ 'ਤੇ ਵਿਸ਼ੇਸ਼ ਪਾਲਸੀ ਰਾਹੀਂ ਕਿਹੜੀ ਸਿਆਸਤ ਕੀ ਹਾਸਲ ਕਰਨਾ ਚਾਹੁੰਦੀ ਹੈ। ਆਜ਼ਾਦੀ ਤੋਂ ਬਾਅਦ ਨਹਿਰੂ ਸਰਾਕਰ ਵਿਚ ਜਗੀਰੂ ਧਿਰ ਭਾਰੂ ਸੀ ਅਤੇ ਸਹਿਕਾਰੀ ਫਾਰਮਿੰਗ ਦੇ ਹਿਤ ਜਗੀਰੂ ਧਿਰ ਦੇ ਹਿਤਾਂ ਨਾਲ ਬੁਰੀ ਤਰ੍ਹਾਂ ਟਕਰਾਉਂਦੇ ਸਨ। ਇਥੇ ਕਾਰਲ ਮਾਰਕਸ ਦੀ 'ਚਾਰ ਸਾਰੇ' (ਫੋਰ ਆਲਜ਼) ਵਜੋਂ ਜਾਣੀ ਜਾਂਦੀ ਸਟੇਟਮੈਂਟ ਦਾ ਹਵਾਲਾ ਦੇਣਾ ਬਣਦਾ ਹੈ। ਉਸ ਨੇ ਕਿਹਾ ਕਿ ਕਮਿਊਨਿਸਟ ਇਨਕਲਾਬ, ਇਨਕਲਾਬ ਦਾ ਨਿਸ਼ਾਨਾ ਅਤੇ ਆਖਰੀ ਉਦੇਸ਼ ਹੈ:

1) ਸਾਰੇ ਜਮਾਤੀ ਵਖਰੇਵਿਆਂ ਦਾ ਖਾਤਮਾ; 2) ਉਨ੍ਹਾਂ ਸਾਰੇ ਪੈਦਾਵਾਰੀ ਸਬੰਧਾਂ (ਆਰਥਕ ਸਬੰਧਾਂ) ਦਾ ਖਾਤਮਾ ਜਿਨ੍ਹਾਂ ਉਪਰ ਇਹ ਜਮਾਤੀ ਵਖਰੇਵੇਂ ਟਿਕੇ ਹੋਏ ਹਨ; 3) ਉਨ੍ਹਾਂ ਸਾਰੇ ਸਮਾਜਕ ਰਿਸ਼ਤਿਆਂ (ਜਿਵੇਂ ਮਨੁੱਖਾਂ ਤੇ ਔਰਤਾਂ ਵਿਚਕਾਰਲੇ ਜਾਂ ਵੱਖਰੇ ਲੋਕਾਂ ਤੇ ਕੌਮਾਂ ਵਿਚਕਾਰਲੇ, ਜਾਂ ਹੱਥੀ ਕੰਮ ਕਰਨ ਵਾਲੇ ਤੇ ਬੁੱਧੀਜੀਵੀਆਂ ਵਿਚਕਾਰਲੇ) ਨੂੰ ਖਤਮ ਕਰਨਾ ਜਿਹੜੇ ਉਨ੍ਹਾਂ ਪੈਦਾਵਾਰੀ ਰਿਸ਼ਤਿਆਂ ਦੇ ਅਨੁਸਾਰੀ ਹੁੰਦੇ ਹਨ; 4) ਉਨ੍ਹਾਂ ਸਾਰੇ ਵਿਚਾਰਾਂ ਦਾ ਇਨਕਲਾਬੀਕਰਨ ਜਿਹੜੇ ਉਨ੍ਹਾਂ ਸਮਾਜਕ ਰਿਸ਼ਤਿਆਂ ਦੇ ਨਾਲੋ-ਨਾਲ ਚੱਲਦੇ ਹਨ।

1949 ਦੇ ਚੀਨੀ ਇਨਕਲਾਬ ਤੋਂ ਬਾਅਦ ਸਹਿਕਾਰੀ ਫਾਰਮਿੰਗ ਦੀ ਸਫਲਤਾ ਅਤੇ ਬਹੁਤ ਥੋੜ੍ਹੇ ਸਮੇਂ ਦਾ ਇਨ੍ਹਾਂ ਫਾਰਮਾਂ ਦੇ ਸਮੂਹਕ ਫਾਰਮਾਂ ਵਿਚ ਤਬਦੀਲ ਹੋਣ ਅਤੇ ਉਥੇ ਹੋਈ ਸਮਾਜਵਾਦੀ ਉਸਾਰੀ ਦਾ ਕਾਰਨ ਵੀ ਇਹੀ ਸੀ ਕਿ ਉਨ੍ਹਾਂ ਨੇ ਕਾਰਲ ਮਾਰਕਸ ਦੀ ਉਪਰੋਕਤ ਸਟੇਟਮੈਂਟ ਦੀ ਭਾਵਨਾ ਦਾ ਲੜ ਕਦੇ ਨਹੀਂ ਛੱਡਿਆ। ਇਹ ਠੀਕ ਐ ਕਿ ਸਹਿਕਾਰੀ ਫਾਰਮਿੰਗ ਵੀ ਸਰਮਾਏਦਾਰੀ ਮਾਡਲ ਹੀ ਹੈ ਅਤੇ ਇਸ ਦੇ ਅਮਲ ਦੌਰਾਨ ਸਰਮਾਏਦਾਰੀ ਦੀਆਂ ਬੁਰਾਈਆਂ ਵੀ ਪੈਦਾ ਹੋਣਗੀਆਂ ਪਰ ਜੇ ਟੀਚਾ ਕਿਸਾਨਾਂ ਦੀ ਮੁਕਤੀ ਦਾ ਹੋਵੇ ਅਤੇ ਅਗਵਾਈ ਇਨਕਲਾਬੀ ਸਿਆਸਤ ਦੇ ਹੱਥ ਹੋਵੇ ਤਾਂ ਇਨ੍ਹਾਂ ਬੁਰਾਈਆਂ ਦੀ ਸਿਰੀ ਫਿਹਦਿਆਂ ਅਗਾਂਹ ਵਧਿਆ ਜਾ ਸਕਦਾ ਹੈ। ਚੀਨੀਆਂ ਨੇ ਇਵੇਂ ਹੀ ਕੀਤਾ ਸੀ।

ਹੁਣ ਜਦੋਂ 30-32 ਸਾਲ ਪਹਿਲਾਂ ਵਿਚਾਰਧਾਰਕ ਖੇਤਰ ਵਿਚ ਹੋਏ ਸਰਮਾਏਦਾਰੀ ਰਾਜਪਲਟੇ ਤੋਂ ਬਾਅਦ ਚੀਨ ਅਮੀਰ ਸਰਮਾਏਦਾਰ ਦੇਸ਼ ਬਣ ਚੁੱਕਿਆ ਅਤੇ ਕਾਰਪੋਰੇਟ ਜਗਤ ਮਜ਼ਬੂਤੀ ਦੇ ਰਾਹ ਪੈ ਤੁਰਿਆ ਹੈ ਤਾਂ ਸਾਡੇ ਕੁਝ ਕਾਰਪੋਰੇਟ ਪੱਖੀ ਅਤੇ ਇਨਕਲਾਬ ਵਿਰੋਧੀ ਲੇਖਕ ਚੀਨ ਨੂੰ ਜਾਣਬੁੱਝ ਕੇ ਸਮਾਜਵਾਦੀ ਦੇਸ਼ ਵਜੋਂ ਪੇਸ਼ ਕਰ ਰਹੇ ਹਨ ਤਾਂ ਕਿ ਚੀਨ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਕਿਸਾਨਾਂ ਦੀ ਹੁਣੇ ਹੋਈ ਜਿੱਤ ਖਿਲਾਫ ਅਤੇ ਕਾਰਪੋਰੇਸ਼ਨਾਂ ਦੇ ਹੱਕ ਵਿਚ ਭੁਗਤਾਇਆ ਜਾ ਸਕੇ।

ਕਾਰਪੋਰੇਟ ਜਗਤ ਦੀ ਸਰਪ੍ਰਸਤ ਮੌਜੂਦਾ ਭਾਰਤ ਸਰਕਾਰ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਸਹਿਕਾਰੀ ਫਾਰਮਿੰਗ ਨੂੰ ਉਤਸ਼ਾਹਤ ਕਰਨ ਅਤੇ ਸਮਰਥਨ ਦੇਣ ਦੇ ਰਾਹ ਪਵੇਗੀ। ਇਹ ਤਾਂ ਫਿਰ ਹੀ ਸੰਭਵ ਹੋ ਸਕਦਾ ਹੈ ਕਿ ਜਾਂ ਤਾਂ ਮਜ਼ਬੂਤ ਇਨਕਲਾਬੀ ਲਹਿਰ ਦਾ ਦਬਾਅ ਬਣ ਜਾਵੇ, ਜਾਂ ਫਿਰ ਇਸ ਸਰਕਾਰ ਦੀ ਥਾਂ ਕੋਈ ਇਨਕਲਾਬੀ ਸਰਕਾਰ ਬਣੇ।

# ਬਾਂਦਰਾਂ ਤੇ ਕੁੱਤਿਆਂ ਦੀ ਬਦਲਾਖੋਰੀ!

ਡਾ. ਬਲਜਿੰਦਰ ਸਿੰਘ



ਮਹਾਂਰਾਸਟਰ ਦੇ ਬੀਡ ਜ਼ਿਲੇ ਬਾਰੇ ਨਿਊਯਾਰਕ ਟਾਈਮਜ ’ਚ ਛਪੀ ਇੱਕ ਰਿਪੋਰਟ ਧਿਆਨ ਖਿੱਚਦੀ ਹੈ। ਖਬਰ ਮੁਤਾਬਕ ਕੁੱਝ ਬਾਂਦਰਾਂ ਨੇ 250 ਦੇ ਕਰੀਬ ਕਤੂਰਿਆਂ ਨੂੰ ਘਰਾਂ ਦੀਆਂ ਛੱਤਾਂ ਤੋਂ ਜਾਂ ਫਿਰ ਦਰਖਤਾਂ ਦੀਆਂ ਟੀਸੀਆਂ ਤੋਂ ਹੇਠਾਂ ਜਮੀਨ ’ਤੇ ਪਟਕ ਮਾਰ ਮਾਰ ਮੁਕਾਇਆ। ਸਥਾਨਕ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਅਜਿਹਾ ਹੋਣ ਪਿੱਛੇ ਇੱਕ ਕਾਰਨ ਇਹ ਹੈ ਕਿ ਕੁੱਤਿਆਂ ਨੇ ਬਾਂਦਰ ਦੇ ਇੱਕ ਛੋਟੇ ਬੱਚੇ ਨੂੰ ਨੋਚ-ਨੋਚ ਕੇ ਮਾਰ ਮੁਕਾਇਆ ਸੀ। ਇਸ ਘਟਨਾ ਤੋਂ ਭੜਕੇ ਬਾਂਦਰ ਬਦਲੇ ਦੀ ਭਾਵਨਾ ਨਾਲ ਆਦਮਬੋਅ-ਆਦਮਬੋਅ ਕਰਦੇ ਕਤੂਰਿਆਂ ਦੇ ਮਗਰ ਪੈ ਕੇ ਉਹਨਾਂ ਨੂੰ ਪਟਕ-ਪਟਕ ਕੇ ਮਾਰ ਰਹੇ ਹਨ। ਜਿ ?ਲ੍ਹੇ ਦੇ ਲਾਵੋਲ ਪਿੰਡ ਦੇ ਨਗਰ ਨਿਵਾਸੀਆਂ ਦਾ ਕਹਿਣਾ ਸੀ ਕਿ ਕਤੂਰੇ ਨਾ ਮਿਲਣ ਦੀ ਸੂਰਤ ’ਚ ਬਾਂਦਰ ਹੁਣ ਪਿੰਡ ਵਾਸੀਆਂ ਦੇ ਛੋਟੇ ਬੱਚਿਆਂ ’ਤੇ ਵੀ ਝਪਟ ਕੇ ਪੈ ਰਹੇ ਹਨ। ਫੋਰੈਸਟ ਅਫਸਰ ਸਚਿਨ ਕਾਂਡ ਮੁਤਾਬਕ ਨਾਗਪੁਰ ਦੇ ਜੰਗਲਾਤ ਵਿਭਾਗ ਦੀ ਬੀਡ ਜ਼ਿਲ੍ਹੇ ’ਚ ਸਥਿਤ ਟੀਮ ਨੇ ਕਤੂਰਿਆਂ ਨੂੰ ਮਾਰਨ ਦੀਆਂ ਇਹਨਾਂ ਘਟਨਾਵਾਂ ’ਚ ਸਾਮਲ ਦੋ ਬਾਂਦਰਾਂ ਨੂੰ ਕਾਬੂ ਕਰ ਲਿਆ ਹੈ।

ਬਾਂਦਰਾਂ ਅਤੇ ਕੁੱਤਿਆਂ ਦੀ ਇਸ ਝੜਪ ਨੂੰ ਹਿੰਦ-ਪਾਕ ਦੀ ਜੰਗ ਵਾਂਗ ਟਿੱਕਿਆ ਗਿਆ ਹੈ ਕਿ ਜਿਵੇਂ ਬਹੁਤ ਵੱਡੇ ਖੂੰਖਾਰ ਅੱਤਵਾਦੀ ਨੂੰ ਕਾਬੂ ਕਰ ਲਿਆ ਹੋਵੇ। ਦੋਵਾਂ ਧਿਰਾਂ ਦਰਮਿਆਨ ਬਦਲੇ ਦੀ ਭਾਵਨਾ ਮੌਜੂਦ ਹੋਣ ਅਤੇ ਉਤੇਜਿਤ ਹੋਣ ਦੀ ਗੱਲ ਧੁਮਾਈ ਜਾ ਰਹੀ ਹੈ। ਇੱਥੇ ਇਹ ਸਮਝਣਾ ਜਰੂਰੀ ਹੈ ਕਿ ਸਿਮੀਅਨ(ਬਾਂਦਰਾਂ ਦੀ ਪ੍ਰਜਾਤੀ ਲਈ ਅੰਗਰੇਜੀ ਲਫਜ) ਤੋਂ ਅੱਗੇ ਮਨੁੱਖ ਜਾਤੀ ਦਾ ਵਿਕਾਸ ਹੋਇਆ ਹੈ। ਪਰ ਗੌਰ ਤਲਬ ਬਾਤ ਇਹ ਹੈ ਕਿ ਬਾਂਦਰ ਤੋਂ ਮਨੁੱਖ ’ਚ ਢਲਣ ਦਾ ਇਹ ਸਿਲਸਿਲਾ ਕੋਈ ਇੱਕ ਰਾਤ ’ਚ ਨਹੀਂ ਵਾਪਰਿਆ ਸੀ ਕਿ ਰਾਤ ਨੂੰ ਪੂਛ ਵਾਲਾ ਬਾਂਦਰ ਸੁੱਤਾ ਪਿਆ ਸੀ ਅਤੇ ਜਦੋਂ ਸਵੇਰੇ ਉੱਠਿਆ ਤਾਂ ਉਸਦੇ ਪੂਛ ਗਾਇਬ ਸੀ ਅਤੇ ਉਹ ਦੋ ਪੈਰਾਂ ’ਤੇ ਭੱਜਿਆ ਫਿਰਦਾ ਸੀ। ਕਈ ਮਿਲਿਅਨ ਸਾਲਾਂ ਦੇ ਸਹਿਜ-ਵਿਕਾਸ (ਐਵੋਲੂਸਨ) ਦੇ ਸਿੱਟੇ ਵਜੋਂ ਅਜੋਕਾ ਮਨੁੱਖ ਢਲਿਆ ਹੈ। ਵੈਰ-ਭਾਵ, ਨਫਰਤ, ਦੁਸਮਣੀ, ਬਦਲਾ, ਟੋਹ ਲਾ ਕੇ ਮਾਰਨਾ, ਟਿੱਕਕੇ ਮਾਰਨਾ ਆਦਿ ਇੱਕ ਬਹੁਤ ਹੀ ਚੇਤੰਨ ਦਿਮਾਗ ਦਾ ਕਾਰਜ ਹੈ। ਇਹ ਅਜਿਹੇ ਕਾਰਜ ਹਨ ਜਿਹੜੇ ਪਸੂ ਜਾਤੀ ’ਚ ਸਿਰਫ ਮਨੁੱਖ ਹੀ ਅੰਜਾਮ ਦੇ ਸਕਦਾ ਹੈ। ਪਸੂ ਜਾਤੀ ਦਾ ਕੋਈ ਵੀ ਵਿਕਸਤ ਤੋਂ ਵਿਕਸਤ ਪ੍ਰਾਣੀ ਅਜਿਹੀਆਂ ਸੂਖਮ ਗਤੀਵਿਧੀਆਂ ਨਹੀਂ ਕਰ ਸਕਦਾ। ਮਨੁੱਖ ’ਚ ਇਹ ਕਾਬਲੀਅਤ ਉਸ ਦੇ ਦਿਮਾਗ ਦੀ ਬਦੌਲਤ ਆਈ ਹੈ ਜਿਹੜਾ ਕਿ ਗੁੰਝਲਦਾਰ ਤੋਂ ਗੁੰਝਲਦਾਰ ਸਰਗਰਮੀਆਂ ਨੂੰ ਬਾਰ ਬਾਰ ਕਰ ਕਰ ਕੇ ਅਤੇ ਇਹਦੇ ’ਚੋਂ ਸਿੱਖਦਿਆਂ ਅੱਗੇ ਵੱਲ ਵਿਕਸਤ ਹੋਇਆ ਹੈ। ਮਨੁੱਖ ਨੇ ਇਹ ਵਿਕਾਸ ਆਪਣੀ ਜੁਬਾਨ ਦਾ ਵਿਕਾਸ ਕੀਤੇ ਜਾਣ ਰਾਹੀਂ ਕੀਤਾ ਹੈ। ਜੰਮਦੇ ਬਾਲ ਦੇ ਹਲਕ ਦੀ ਬਣਤਰ ਇਸ ਰੂਪ ਦੀ ਹੁੰਦੀ ਹੈ ਕਿ ਉਹ ਐਪਸ ਅਤੇ ਹੋਰਨਾਂ ਥਣਧਾਰੀਆਂ ਨਾਲ ਮਿਲਦੀ ਜੁਲਦੀ ਹੁੰਦੀ ਹੈ। ਇਹ ਇਸ ਕਰਕੇ ਹੁੰਦੀ ਹੈ ਕਿ ਬਾਲ ਆਪਣੀ ਮਾਂ ਦਾ ਥਣ ਚੁੰਘਦਿਆਂ ਆਪਣਾ ਸਾਹ ਚਾਲੂ ਰੱਖਦਿਆਂ ਚੀਕੇ, ਆਪਣੀ ਬਾਤ ਵੀ ਪਾ ਸਕੇ। ਇਹਨਾਂ ਚੀਕਾਂ ਅਤੇ ਪਸੂਆਂ ਦੀਆਂ ਚੀਕਾ ਦਰਮਿਆਨ ਕੋਈ ਅੰਤਰ ਨਹੀਂ ਹੁੰਦਾ। ਇਸ ਨੂੰ ਮਨੁੱਖ ਦੀ ਜੁਬਾਨ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਪਰ ਜਿਓਂ ਹੀ ਉਸਦੀ ਉਮਰ ਅੱਗੇ ਵੱਧਦੀ ਹੈ ਉਹਦੇ ਬੋਲਣ ਵਾਲਾ ਅੰਗ ਯਾਨੀ ਕਿ ਵੋਕਲ ਅਪਰੇਟਸ ਉਤਾਂਹ ਵੱਲ ਨੂੰ ਖਿਸਕ ਜਾਂਦਾ ਹੈ ਅਤੇ ਉਹ ਕੁੱਝ ਨਾ ਕੁੱਝ ਤੋਤਲੀ ਜੁਬਾਨ ’ਚ ਆਪਣੀ ਗੱਲ ਕਹਿਣ ਲੱਗ ਜਾਂਦਾ ਹੈ। ਇਹ ਅਮਲ ਐਵੋਲੂਸਨ ਦੌਰਾਨ ਹਕੀਕੀ ਰੂਪ ’ਚ ਘੰਟੇ ਘਟਨਾਕਰਮ ਦੀ ਇੱਕ ਝਲਕ ਮਾਤਰ ਹੈ। ਜਿੱਥੇ ਜੁਬਾਨ ਨੇ ਮੌਜੂਦਾ ਸਕਲ ’ਚ ਆਉਣ ਨੂੰ ਮਿਲੀਅਨ ਸਾਲ ਲੱਗੇ ਹਨ।

ਇਹ ਜੁਬਾਨ ਹੀ ਹੈ ਜਿਹੜੀ ਸੋਚਣ ਦੇ ਅਮਲ ਦੀ ਜਨਮਦਾਤੀ ਹੈ। ਜੁਬਾਨ ਸਮਾਜਕ ਜੀਵਨ ਦੀ ਉਪਜ ਹੈ। ਮਨੁੱਖ ਦੀ ਕੋਈ ਵੀ ਸਮਾਜਕ ਸਰਗਰਮੀ ਨੂੰ ਜੁਬਾਨ ਬਿਨ੍ਹਾਂ ਕਿਆਸਿਆ ਹੀ ਨਹੀਂ ਜਾ ਸਕਦਾ। ਇਓਂ ਦੇਖਿਆਂ ਅਮਲ ’ਚੋਂ ਹੀ ਸੋਚਣ ਦੀ ਵਿਧੀ ਬਣੀ ਹੈ। ਕਿਸੇ ਵੀ ਮਨੁੱਖ ਵੱਲੋਂ ਦੂਜੇ ਮਨੁੱਖ ਨਾਲ ਹਮਦਰਦੀ, ਉਹਦੀ ਇਮਦਾਦ ਕਰਨਾ ਅਤੇ ਉਹਦਾ ਨਾਲ ਰਿਸਤਾ ਗੰਢਣਾ- ਇਹ ਸਾਰਾ ਕੁੱਝ ਮਨੁੱਖੀ ਮਨ ਹੀ ਕਰ ਸਕਦਾ ਹੈ। ਪਸੂ ਜਾਤੀ ਦੀ ਕੋਈ ਵੀ ਹੋਰ ਪ੍ਰਜਾਤੀ ’ਚ ਇਹ ਸੋਝੀ ਨਹੀਂ ਕਿ ਉਹ ਮਨੁੱਖ ਵਾਂਗ ਵਿਹਾਰ ਕਰ ਸਕੇ। ਮਨੁੱਖਾਂ ਨੂੰ ਆਪਸ ’ਚ ਹੀ ਜੋੜਣ ਵਾਲੇ ਰਿਸਤੇ ’ਚੋਂ ਹੀ ਇਹ ਗੱਲ ਨਿਕਲਦੀ ਹੈ ਕਿ ਉਹਨੂੰ ਕੋਈ ਨਿੱਜੀ ਦਰਦ ਜਾਂ ਕਿਸੇ ਨੇ ਉਸ ਨਾਲ ਜ਼ਿਆਦਤੀ ਕੀਤੀ ਹੈ, ਨਾ ਕਿ ਜਾਨਵਰ ਇਸ ਤਰ੍ਹਾਂ ਨਾਲ ਸੋਚ ਸਕਦੇ ਹਨ। ਤਾਂ ਫਿਰ ਕੀ ਕਾਰਨ ਹੈ ਕਿ ਬਾਂਦਰਾਂ ਨੇ ਕਤੂਰਿਆਂ ਨੂੰ ਤੰਗ-ਪ੍ਰੇਸਾਨ ਕਰ ਉਹਨਾਂ ਨੂੰ ਜਾਨੋ ਮਾਰ ਮੁਕਾਉਣ ਦਾ ਸਿਲਸਿਲਾ ਆਰੰਭਿਆ। ਅਗਰ ਇਸ ਸਾਰੇ ਅਮਲ ਦੀ ਗਹਿਰੀ ਜਾਂਚ-ਪੜਤਾਲ ਕੀਤੀ ਜਾਵੇ ਤਾਂ ਕਿਸੇ ਨਤੀਜੇ ’ਤੇ ਪਹੁੰਚਿਆ ਜਾ ਸਕਦਾ ਹੈ ਪਰ ਇੱਥੇ ਤਾਂ ਗੱਲ ਹੀ ਉਲਟੀ ਕੀਤੀ ਪਈ ਹੈ। ਪਸੂ ਜਾਤੀ ਦੇ ਦਿਮਾਗ ’ਚ ਹੀ ਮਨੁੱਖਾਂ ਦੀਆਂ ਮਾੜੀਆਂ ਆਦਤਾਂ, ਜਿਹੜੀਆਂ ਕਿ ਹਾਕਮ ਜਮਾਤੀ ਸਿਆਸਤ ਦਾ ਅੰਗ ਹਨ ਕਿ ਹਰ ਮਨੁੱਖ ਆਪਣੇ ਲਈ ਹੀ ਜਿਓਂਦਾ ਹੈ, ਨੂੰ ਜਬਰੀ ਜਾਨਵਰਾਂ ਦੀਆਂ ਬਣਾ ਕੇ ਪੇਸ ਕਰਕੇ ਆਪਣੇ ਸੌੜੇ ਨਿੱਜੀ ਹਿੱਤ ਪੂਰਨ ਖਾਤਰ ਘਾੜਤ ਘੜ ਕੇ ਅਫਵਾਹ ਫੈਲਾਈ ਗਈ ਕਿ ਇਸ ਤਰ੍ਹਾਂ ਦਾ ਵਰਤਾਰਾ ਵਾਪਰ ਰਿਹਾ ਹੈ। ਅਤੇ ਨਾਲ ਹੀ ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਹਾਕਮ ਜਮਾਤਾਂ ਪੱਖੀ ਮੀਡੀਆ ਵੀ ਅਜਿਹੇ ਕੂੜ-ਕਬਾੜ ਨੂੰ ਖੂਬ ਉਛਾਲਦਾ ਹੈ ਤਾਂ ਕਿ ਲੋਕ ਵਹਿਮ-ਭਰਮ ਦੀ ਦਲਦਲ ’ਚ ਡੂੰਘੇ ਧੱਸੇ ਰਹਿਣ। ਅਜਿਹੀਆਂ ਘਟਨਾਵਾਂ ਸਾਡੇ ਸਮਾਜ ਨੂੰ ਤਰੱਕੀ ਪਸੰਦ ਬਣਾਉਣ ਦੀ ਥਾਈਂ ਉਸ ਨੂੰ ਪਿਛਾਂਹਖਿੱਚੂ ਬਣਾਉਂਦੀਆਂ ਹਨ ਅਤੇ ਸਮਾਜਕ ਤਰੱਕੀ ਦੇ ਰਾਹ ’ਚ ਬਹੁਤ ਹੀ ਵੱਡੀ ਰੁਕਾਵਟ ਹਨ। ਇਸ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਦੇਖਣ ਦੀ ਲੋੜ ਹੈ।










# ਫਾਰਮਰਜ਼ ਸਪੋਰਟ ਕਮੇਟੀ ਵੱਲੋਂ ਭਰਵੀਂ ਜਿੱਤ ਰੈਲੀ







ਬਰੈਂਪਟਨ ( ਪ੍ਰੋ. ਜਗੀਰ ਸਿੰਘ ਕਾਹਲੋਂ) ਕਿਸਾਨ ਅੰਦੋਲਨ ਦੀ ਇਤਿਹਾਸਿਕ ਜਿੱਤ ਨੂੰ ਸਮੱਰਪਿਤ ਭਰਵੀਂ ਜਿੱਤ ਰੈਲੀ ਬਰੈਂਪਟਨ ਦੇ ਸੌਪਰਜ ਵਰਲਡ ਦੇ ਸਾਹਮਣੇ ਹਰਉਨਟੇਰੀਓ ਅਤੇ ਸਟੀਲਜ ਦੇ ਚੌਕ ਵਿੱਚ ਆਯੋਜਿਤ ਕੀਤੀ ਗਈ ਇਹ ਕਮੇਟੀ ਇਕ ਦਰਜਨ ਦੇ ਕਰੀਬ ਵੱਖ ਵੱਖ ਖੇਤਰਾਂ ਦੀਆ ਜਥੇਬੰਦੀਆਂ ਤੇ ਅਧਾਰਿਤ ਹੈ ਤੇ ਸਾਰੀਆਂ ਹੀ ਜਥੇਬੰਦੀਆਂ ਨੇ ਸਮੂਲੀਅਤ ਕੀਤੀ।

ਦੁਪਹਿਰੇ ਦੋ ਵਜੇ ਜੀਟੀਏ ਦੇ ਨਾਮੀ ਢੋਲੀ ਅਤੇ ਭੰਗੜਾ ਉਸਤਾਦ ਜਗਮੀਤ ਸਿੰਘ ਸੈਣੀ ਨੇ ਜਦੋਂ ਢੋਲ ਤੇ ਡੰਗਾਂ ਲਾਇਆ ਤਾਂ ਰੈਲੀਕਾਰਾਂ ਨੇ ਧਮਾਲਾਂ ਅਰੰਭ ਦਿੱਤੀਆਂ ਤੇ ਬੀਬੀ ਕਮਲਜੀਤ ਨੱਤ, ਨਵਦੀਪ ਜੋਧਾਂ ਅਤੇ ਵਿਸਵ ਪੰਜਾਬੀ ਕਾਨਫਰੰਸ ਰਜਿ ਟੋਰੰਟੋ ਦੇ ਨੁਮਾਇੰਦਿਆਂ ਗਿਆਨ ਸਿੰਘ ਕੰਗ, ਕਮਲਜੀਤ ਲਾਲੀ ਕਿੰਗ ਅਤੇ ਜਗਮੋਹਨ ਸਿੰਘ ਕਿੰਗ ਵੱਲੋਂ ਲਿਆਂਦੇ ਬੂੰਦੀ ਦੇ ਦੇਸੀ ਲੱਡੂ ਵਰਤਾਉਣੇ ਸੁਰੂ ਕਰ ਦਿੱਤੇ। ਖੰਮ੍ਹਣੀਆਂ ਨਾਲ ਸੱਜੇ ਖੂੰਡਿਆਂ, ਢੋਲੀ ਅਤੇ ਬੀਬੀਆਂ ਖਾਸ ਕਰਕੇ ਸੁਖਵੰਤ ਕੌਰ ਸਿੱਧੂ ਅਤੇ ਵੀਰ ਕੌਰ ਚੀਮਾਂ ਤੇ ਅਮਰੀਕ ਕੌਰ ਅਟਵਾਲ ਦੀਆ ਕਿਸਾਨਾਂ ਦੇ ਹੱਕ ਵਿੱਚ ਪਾਈਆਂ ਬੋਲੀਆਂ ਨੇ ਅਜਿਹਾ ਰੰਗ ਬੰਨ੍ਹਿਆ ਕਿ ਪੰਜਾਬੀ ਵਿਆਹਾਂ ਵਰਗਾ ਮਹੌਲ ਬਣ ਗਿਆ। ਓਧਰੋਂ ਰਣਜੀਤ ਸਿੰਘ ਬੱਗਾ ਆਪਣੇ ਨਵੇਂ ਨਕੋਰ ਅਤੇ ਸੱਜੇ ਹੋਏ ਟ੍ਰੈਕਟਰ ਨਾਲ ਆ ਸਾਮਲ ਹੋਇਆਂ ਜਿਸ ਨੇ ਰੌਣਕਾਂ ਨੂੰ ਚਾਰ ਚੰਨ ਲਾ ਦਿੱਤੇ। ਲਾਗੋਂ ਲੰਘਣ ਵਾਲੇ ਇਹਨਾਂ ਰੌਣਕਾਂ ਦਾ ਅਨੰਦ ਵੀ ਮਾਣਦੇ ਤੇ ਰੈਲੀ ਦੇ ਹੱਕ ਵਿੱਚ ਗੱਡੀਆਂ ਦੇ ਹਾਰਨ ਵੀ ਵਜਾ ਕੇ ਲੰਘਦੇ।

ਫਿਰ ਪ੍ਰੋਫੈਸਰ ਜਗੀਰ ਸਿੰਘ ਕਾਹਲੋਂ ਨੇ ਸਟੇਜ ਸੰਭਾਲਦੇ ਹੋਏ ਦੱਸਿਆ ਕਿ ਕਿਵੇਂ ਦਿਸੰਬਰ 2020 ਦੇ ਪਹਿਲੇ ਹਫਤੇ ਇਸ ਸਪੋਰਟ ਕਮੇਟੀ ਦਾ ਗਠਨ ਕੀਤਾ ਗਿਆ ਸੰਯੁਕਤ ਕਿਸਾਨ ਮੋਰਚੇ ਦੇ ਹਰ ਸੱਦੇ ਤੇ ਫੁੱਲ ਚੜ੍ਹਾਏ ਗਏ ਤੇ ਕਿਸਾਨ ਅੰਦੋਲਨ ਸੰਬੰਧੀ ਆਖਰੀ ਸੈਮੀਨਾਰ ਵੀ ਬਰੈਂਪਟਨ ਵਿੱਚ 5 ਦਸੰਬਰ 2021 ਨੂੰ ਕਰਵਾਇਆਂ ਗਿਆ ਜਿਸ ਵਿੱਚ ਬਲਦੇਵ ਦੂਹੜੇ, ਡਾ ਕੰਵਲਜੀਤ ਕੌਰ ਗਿੱਲ, ਪ੍ਰੋ. ਜਗੀਰ ਸਿੰਘ ਕਾਹਲੋਂ, ਐਡਵੋਕੇਟ ਜੋਗਿੰਦਰ ਸਿੰਘ ਤੂਰ ਅਤੇ ਡਾ ਸੁੱਚਾ ਸਿੰਘ ਗਿੱਲ ਹੁਰਾਂ ਆਪਣੇ ਪੇਪਰ ਪੇਸ ਕੀਤੇ ਤੇ ਇਹ ਸੈਮੀਨਾਰ ਭਾਰਤ ਸਰਕਾਰ ਦੇ ਕਫਨ ਵਿੱਚ ਆਖਰੀ ਕਿੱਲ ਸਾਬਤ ਹੋਇਆਂ। ਇਸ ਤਰ੍ਹਾ ਇਹ ਜਿੱਤ ਅਮਦੋਲਕਾਰੀ ਕਿਸਾਨਾਂ ਦੇ ਸਿਰੜ, ਲੀਡਰਸ਼ਿਪ ਦੀ ਸੁਯੋਗ ਅਗਵਾਈ,




ਭਾਰਤੀ ਸਮਾਜ ਦੇ ਸਭਨਾਂ ਹਿੱਸਿਆ ਵੱਲੋਂ ਪਾਏ ਯੋਗਦਾਨ ਅਤੇ ਵਿਸਵ ਭਰ ਵਿੱਚੋਂ ਮਿਲੀ ਹਮਾਇਤ ਕਾਰਨ ਸੰਭਵ ਹੋਈ ਹੈ ਤੇ ਇਸ ਜਿੱਤ ਦੀ ਖੁਸੀ ਇਸੇ ਅੰਦਾਜ

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

urban
Real Estate Services Ltd.
Harcharan Parhar
REALTOR®
For all your Real Estate needs
Please Call for Buy or Sell
Residential, Commercial, Condos
& Rental Property.
Cell : 403.681.8689
Email : hp8689@gmail.com
www.harcharanparhar.com








ਵਿੱਚ ਹੀ ਮੰਨਾਉਣੀ ਬਣਦੀ ਹੈ।

ਸੰਬੋਧਨ ਕਰਨ ਵਾਲਿਆਂ ਵਿੱਚ ਬੀਬੀ ਕਮਲਜੀਤ ਕੌਰ ਨੱਤ 'ਦਿਸਾ', ਹਰਜਸਪ੍ਰੀਤ ਕੌਰ ਗਿੱਲ (ਸਿਰਜਣਹਾਰੀਆਂ), ਮਲਕੀਤ ਸਿੰਘ ਜਿੰਡੇਰ (ਵੈਸਟ ਕਲੱਬ, ਸੀਪੀਸੀ), ਹਰਪਰਮਿੰਦਰਜੀਤ ਸਿੰਘ ਗਦਰੀ (ਅਲਾਇੰਸ ਆਪ ਪਰੋਗਰੈਸਿਵ ਕੈਨੇਡੀਅਨਜ), ਚਰਨਜੀਤ ਸਿੰਘ ਬਰਾੜ (ਮੀਡੀਅ ਪਰਸਨ), ਗੁਰਪ੍ਰੀਤ ਸਿੰਘ ਢਿਲੋਂ, ਰਿਜਨਲ, ਕਾਊਂਸਲਰ, ਸੁਰਜੀਤ ਸਿੰਘ ਸਹੋਤਾ (ਇੰਡੋ ਕੈਨੇਡੀਅਨ ਵਰਕਰਜ ਐਸੋਸੀਏਸਨ), ਸੁਖਵੰਤ ਕੌਰ ਸਿੱਧੂ (ਪਰਵਾਸੀ ਪੰਜਾਬੀ ਪੈਨਸਨਰਜ ਵੈਲਫੇਅਰ ਐਸੋਸੀਏਸਨ, ਉਨਟੇਰੀਓ, ਟੋਰਾਂਟੋ), ਗਿਆਨ ਸਿੰਘ ਕੰਗ (ਚੇਅਰਪਰਸਨ ਵਿਸ਼ਵ ਪੰਜਾਬੀ ਕਾਨਫਰੰਸ ਰਜਿਸਟਰਡ, ਟੋਰਾਂਟੋ), ਰਣਜੀਤ ਸਿੰਘ ਬੱਗਾ (ਟ੍ਰੈਕਟਰ ਵਾਲਾ), ਸਰਬਜੀਤ ਸਿੰਘ (ਅੰਤਰਰਾਸਟਰੀ ਇਨਕਲਾਬੀ ਮੰਚ, ਬਰੈਂਪਟਨ), ਬਲਦੇਵ ਸਿੰਘ ਰਹਿਪਾ (ਤਰਕਸ਼ੀਲ ਸੋਸਾਇਟੀ), ਹਰਿੰਦਰ ਸਿੰਘ ਮੱਲ੍ਹੀ (ਮੇਲਾ ਕਿਰਤੀਆਂ ਦਾ), ਮਾਸਟਰ ਨਰਿੰਦਰ ਸਿੰਘ ਸੋਹਲ (ਸੀਨੀਅਰਜ ਕਲੱਬ), ਇੰਜੀ ਹਰਜੀਤ ਸਿੰਘ ਗਿੱਲ (ਪ੍ਰਧਾਨ ਪ੍ਰੋ ਮੋਹਨ ਸਿੰਘ ਫਾਊਂਡੁਸਨ ਕੈਨੇਡਾ ਅਤੇ ਸੀ ਈ ਓ ਟੀ ਵੀ, 'ਪੰਜਾਬੀ ਦੁਨੀਆ', ਦਲਜੀਤ ਸਿੰਘ ਗੇਦੂ (ਪ੍ਰਧਾਨ ਅੰਤਰਰਾਸਟਰੀ ਸਰਬ ਸਾਂਝਾ ਕਵੀ ਦਰਬਾਰ, ਟੋਰਾਂਟੋਂ), ਸਿੱਧੂ ਦਮਦਮੀ (ਸਾਬਕਾ ਸੰਪਾਦਕ, "ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ) ਅਤੇ ਸੁਰਜੀਤ ਸਿੰਘ ਦੌਧਰ ਸ਼ਾਮਲ ਸਨ।

ਸਾਇਰਾ ਸੁਰਜੀਤ ਕੌਰ, ਗਾਇਕਾ ਤੇ ਮੀਡੀਆ ਪਰਸਨ ਰਾਜ ਘੁੰਮਣ, ਕਲਾਕਾਰ ਤੇ ਸਮਾਜ ਸੇਵੀ ਕਰਮਜੀਤ ਗਿੱਲ, 'ਦਿਸਾ' ਵੱਲੋਂ ਸਰਬਜੀਤ ਕੌਰ ਕਾਹਲੋਂ, ਲੇਖਕਾਂ ਪਰਮਜੀਤ ਦਿਓਲ, ਅਮਨ ਹੁੰਦਲ, ਹਰਜਿੰਦਰ ਸਿੰਘ ਸੇਰਗਿੱਲ ਅਤੇ "ਪੰਜਾਬੀ ਸਭਿਆਚਾਰ ਮੰਚ" ਵੱਲੋਂ ਸੁਰਿੰਦਰ ਗਿੱਲ ਵਿਸੇਸ ਤੌਰ 'ਤੇ ਸ਼ਾਮਲ ਹੋਏ।




ਹਰਿੰਦਰ ਹੁੰਦਲ ਵੱਲੋਂ ਆਇਆ ਸਭਨਾਂ ਦਾ ਧੰਨਵਾਦ ਕੀਤਾ ਗਿਆ ਜੋ ਤੁਫਾਨੀ ਹਨੇਰੀ ਦਾ ਬਾਵਜੂਦ ਰੈਲੀ ਵਿੱਚ ਸਾਮਲ ਹੋਏ ਅਤੇ ਦੋ ਘੰਟੇ ਦੇ ਕਰੀਬ ਗੱਟੇ ਰਹੇ। ਤੁਫਾਨੀ ਹਨੇਰੀ ਦੇ ਦਮ ਖਮ ਦਾ ਅੰਦਾਜਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਸੜਕ ਕੰਢੇ ਤੋਂ ਮੇਰਾ ਗਾਰਬਿ ਜ ਕਾਟ ਸਮੇਤ ਗਾਰਬਿਜ ਬਿਨ ਉੱਡ ਗਿਆ ਤੇ ਕਿੱਤੇ ਲੱਭਿਆ ਨਹੀਂ । ਇਸਦੇ ਇਸ ਤਰ੍ਹਾ ਇਹ ਰੈਲੀ ਇਤਿਹਾਸਕ ਅਤੇ ਯਾਦਗਾਰੀ ਹੋ ਨਿੱਬੜੀ।

PHYSIO DOME

Feel the difference at Physiodome, a multidisciplinary clinic conveniently located in downtown right across from the Erlton Stampede station.

We specialize in motor vehicle accidents, workplace injuries, chronic pain, neck pain & headaches, disc-related pain, sciatica, sports injuries & more!

Call or go on the website to book your appointment today!

- Chiropractor
- Acupuncture
- Physiotherapy
- Massage Therapy
- Shockwave
- Laser Therapy

Phone: (587) 351-3340
Website: https://www.physiodome.com
Email: mission@physiodome.com
@physiodome_mission

#110 2505 Macleod Trail SW
Calgary, AB Canada
Monday - Fridays 9AM - 8PM
Saturdays 9AM - 5PM

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਧਰਮ-ਬਦਲੀਆਂ ਦੇ ਖ਼ਤਰੇ ਬਹਾਨੇ ਪੈਰ ਪਸਾਰ ਰਿਹਾ ਭਗਵਾਂ ਦਹਿਸ਼ਤਵਾਦ



ਬੂਟਾ ਸਿੰਘ ਨਵਾਂਸ਼ਹਿਰ
94634-74342



ਹਾਲ ਹੀ ਵਿਚ ਹਰਿਆਣੇ ਦੇ ਗੁੜਗਾਓਂ ਅਤੇ ਕੁਰਕਸ਼ੇਤਰ ਵਿਚ ਹਿੰਦੂਤਵ ਜਥੇਬੰਦੀਆਂ ਵੱਲੋਂ ਕ੍ਰਿਸਮਿਸ ਦੇ ਸਮਾਗਮਾਂ 'ਚ ਖ਼ੱਲਲ ਪਾਉਣ ਦੀਆਂ ਰਿਪੋਰਟਾਂ ਬੇਹੱਦ ਚਿੰਤਾਜਨਕ ਹਨ। ਮੁਸਲਮਾਨਾਂ ਦੇ ਨਾਲ-ਨਾਲ ਹੁਣ ਈਸਾਈਆਂ ਉੱਪਰ ਆਰ.ਐੱਸ.ਐੱਸ. ਦੀਆਂ ਫਰੰਟ ਜਥੇਬੰਦੀਆਂ ਦੇ ਹਮਲੇ ਤੇਜ਼ੀ ਨਾਲ ਵੱਧ ਰਹੇ ਹਨ। 'ਧਰਮ ਜਾਗ੍ਰਿਤੀ ਮਿਸ਼ਨ' ਨਾਂ ਦੀ ਇਕ ਫਿਰਕੂ ਟੋਲੀ ਵੱਲੋਂ ਪਟੌਦੀ ਇਲਾਕੇ ਦੇ ਨਰਹੇੜਾ ਪਿੰਡ ਦੇ ਚਰਚ 'ਚ ਈਸਾਈ ਸਮਾਗਮ ਨੂੰ ਇਸ ਬਹਾਨੇ ਨਿਸ਼ਾਨਾ ਬਣਾਇਆ ਗਿਆ ਕਿ ਇਹ ਸਮਾਗਮ ਬੱਚਿਆਂ ਨੂੰ ਗੁੰਮਰਾਹ ਕਰਕੇ ਈਸਾਈ ਧਰਮ ਅਪਨਾਉਣ ਲਈ ਆਯੋਜਤ ਕੀਤਾ ਗਿਆ ਸੀ। ਕਿ ਈਸਾਈ ਪ੍ਰਚਾਰਕਾਂ ਵੱਲੋਂ ਲੋਕਾਂ ਨੂੰ ਖਾਣਾ ਅਤੇ ਕੱਪੜੇ ਵੰਡ ਕੇ ਧਰਮ ਬਦਲਣ ਲਈ ਵਰਗਲਾਇਆ ਜਾ ਰਿਹਾ ਹੈ। ਆਯੋਜਕਾਂ ਤੋਂ ਮਾਈਕ ਖੋਹ ਕੇ "ਜੈ ਸ਼੍ਰੀ ਰਾਮ" ਅਤੇ "ਭਾਰਤ ਮਾਤਾ ਕੀ ਜੈ" ਦੇ ਨਾਅਰੇ ਲਗਾਏ ਗਏ ਅਤੇ ਐਲਾਨ ਕੀਤਾ ਗਿਆ ਕਿ ਧਰਮ ਬਦਲੀਆਂ ਦੁਆਰਾ ਭਾਰਤੀ ਸੰਸਕ੍ਰਿਤੀ ਨੂੰ ਤਬਾਹ ਕਰਨ ਦੇ ਯਤਨ ਸਵੀਕਾਰ ਨਹੀਂ ਕੀਤੇ ਜਾਣਗੇ। ਹਕੀਕਤ ਇਹ ਸੀ ਕਿ 'ਹਾਊਸ ਹੋਪ ਗੁਰੂਗ੍ਰਾਮ' ਨਾਂ ਦੇ ਗਰੁੱਪ ਵੱਲੋਂ ਈਸਾਈ ਪਰੰਪਰਾ ਅਨੁਸਾਰ "ਕ੍ਰਿਸਮਸ ਮਿਲਨ" ਸਮਾਗਮ ਕੀਤਾ ਜਾ ਰਿਹਾ ਸੀ ਜਿਸ ਦਾ ਮਨੋਰਥ ਨਾਚ-ਗਾਣੇ ਅਤੇ ਬਾਈਬਲ ਦੀਆਂ ਸਿੱਖਿਆਵਾਂ ਰਾਹੀਂ ਲੋਕਾਂ ਨੂੰ ਕ੍ਰਿਸਮਸ ਦੇ ਅਸਲ ਭਾਵ ਬਾਰੇ ਜਾਗਰੂਕ ਕਰਨਾ ਸੀ। ਆਲੇ-ਦੁਆਲੇ ਦੇ ਇਲਾਕੇ 'ਚੋਂ ਸਾਧਾਰਨ ਪਰਿਵਾਰਾਂ ਦੇ ਬੱਚੇ ਅਤੇ ਔਰਤਾਂ ਇਸ ਸਮਾਗਮ ਵਿਚ ਸ਼ਾਮਿਲ ਹੋਏ ਸਨ। ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਘੱਟਗਿਣਤੀਆਂ ਦੇ ਹਰ ਧਾਰਮਿਕ ਸਮਾਗਮ ਨੂੰ ਰੋਕਣ ਲਈ ਇਨ੍ਹਾਂ ਨੂੰ ਧਰਮ-ਬਦਲੀ ਦੀ ਸਾਜ਼ਿਸ਼ ਵਜੋਂ ਪੇਸ਼ ਕਰਕੇ ਆਮ ਹਿੰਦੂਆਂ ਨੂੰ ਘੱਟਗਿਣਤੀਆਂ ਵਿਰੁੱਧ ਭੜਕਾ ਰਹੀਆਂ ਹਨ। ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿਚ ਬਣੇ ਖ਼ੌਫ਼ ਨੂੰ ਇਸ ਮਿਸਾਲ ਤੋਂ ਸਮਝਿਆ ਜਾ ਸਕਦਾ ਹੈ ਕਿ ਘਟਨਾ ਦੇ ਵੇਰਵੇ ਦੱਸਣ ਵਾਲੇ ਈਸਾਈ ਪਾਦਰੀ ਨੇ ਮੀਡੀਆ ਨੂੰ ਗੁਜ਼ਾਰਿਸ਼ ਕੀਤੀ ਕਿ ਉਸ ਦਾ ਅਤੇ ਉਨ੍ਹਾਂ ਦੇ ਸਕੂਲ ਦਾ ਨਾਂਅ ਗੁਪਤ ਰੱਖਿਆ ਜਾਵੇ। ਉਸ ਦੇ ਜ਼ਿਹਨ ਵਿਚ ਉੜੀਸਾ ਵਿਚ ਬਜਰੰਗ ਦਲੀਆਂ ਵੱਲੋਂ ਜ਼ਿੰਦਾ ਸਾੜ ਦਿੱਤੇ ਗਏ ਈਸਾਈ ਪਾਦਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਬੱਚਿਆਂ ਦੀਆਂ ਲੂਹੀਆਂ ਹੋਈਆਂ ਲਾਸ਼ਾਂ ਦਾ ਖ਼ੌਫ਼ ਹੋਵੇਗਾ। ਉਸ ਨੇ ਇਹ ਵੀ ਕਿਹਾ ਕਿ ਅਸੀਂ ਪੁਲਿਸ ਨੂੰ ਕੋਈ ਸ਼ਿਕਾਇਤ ਨਹੀਂ ਕਰਨਾ ਚਾਹੁੰਦੇ, ਅਸੀਂ ਪ੍ਰੇਮ 'ਚ ਯਕੀਨ ਰੱਖਦੇ ਹਾਂ। ਇਸੇ ਤਰ੍ਹਾਂ, ਕੁਰਕਸ਼ੇਤਰ ਵਿਚ ਵੀ ਬਜਰੰਗ ਦਲੀਆਂ ਦੀ ਇਕ ਟੋਲੀ ਨੇ ਇਕ ਨਿੱਜੀ ਪੈਲੇਸ ਵਿਚ ਈਸਾਈ ਸਮਾਗਮ 'ਚ ਜਾ ਕੇ ਹੜਦੂੰਗ ਮਚਾਇਆ ਅਤੇ ਉੱਥੇ ਧੱਕੇ ਨਾਲ 'ਹਨੂਮਾਨ ਚਾਲੀਸਾ' ਪੜ੍ਹਿਆ ਗਿਆ। ਇਸ ਤੋਂ ਬਿਨਾਂ, ਕ੍ਰਿਸਮਸ ਦੇ ਮੌਕੇ ਅਣਪਛਾਤੇ ਵਿਅਕਤੀਆਂ ਵੱਲੋਂ ਅੰਬਾਲਾ 'ਚ 'ਹੋਲੀ ਰਿਡੀਮਰ ਚਰਚ' ਵਿਚ ਲਗਾਇਆ ਈਸਾ ਮਸੀਹ ਦਾ ਬੁੱਤ ਤੋੜਨ ਦੀ ਰਿਪੋਰਟ ਹੈ।

ਇਸੇ ਤਰ੍ਹਾਂ 23 ਦਸੰਬਰ ਨੂੰ ਕਰਨਾਟਕਾ ਦੇ ਮਾਂਡੀਆ ਜ਼ਿਲ੍ਹੇ ਦੇ ਪਾਂਡਵਪੁਰਾ ਕਸਬੇ ਦੇ ਇਕ ਕਾਨਵੈਂਟ ਸਕੂਲ ਵਿਚ ਕ੍ਰਿਸਮਸ ਜਸ਼ਨਾਂ 'ਚ 'ਹਿੰਦੂ ਜਾਗਰਣ ਵੇਦਿਕੇ' ਦੇ ਹਜੂਮ ਨੇ ਗੁੰਡਾਗਰਦੀ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸਕੂਲ ਵਿਚ ਹਿੰਦੂ ਦੇਵੀ ਸਰਸਵਤੀ ਦੀ ਤਸਵੀਰ ਲਗਾਉਣਗੇ ਅਤੇ ਸੰਸਥਾ ਦੇ ਪ੍ਰਬੰਧਕਾਂ ਨੂੰ ਸਕੂਲ ਦੇ ਅੰਦਰ ਹਿੰਦੂਆਂ ਦਾ ਗਣੇਸ਼ ਚਤੁਰਥੀ ਦਿਵਸ ਵੀ ਮਨਾਉਣਾ ਪਵੇਗਾ। ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ, ਮਹਿਜ਼ ਚੇਤਾਵਨੀ ਦੇ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਗਿਆ। ਇਹ ਚੇਤਾਵਨੀ ਘੱਟਗਿਣਤੀਆਂ ਲਈ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਜਾਂ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਨ ਵਾਲੇ ਭਗਵੇਂ ਗੁੰਡਿਆਂ ਲਈ, ਇਹ ਤਾਂ ਪੁਲਿਸ ਅਧਿਕਾਰੀ ਹੀ ਦੱਸ ਸਕਦੇ ਹਨ! ਯਾਦ ਰਹੇ ਕਿ ਇਸੇ ਦਿਨ ਕਰਨਾਟਕਾ ਵਿਧਾਨ-ਸਭਾ ਵੱਲੋਂ 'ਧਰਮ ਦੀ ਆਜ਼ਾਦੀ ਦੇ ਹੱਕ ਦੀ ਸੁਰੱਖਿਆ ਲਈ ਬਿੱਲ 2021' ਨਾਂ ਦਾ ਕਾਲਾ ਕਾਨੂੰਨ ਪਾਸ ਕੀਤਾ ਗਿਆ ਹੈ ਜੋ 'ਲਵ ਜਿਹਾਦ' ਅਤੇ ਹੋਰ ਨਾਵਾਂ ਹੇਠ ਧਰਮ-ਬਦਲੀ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਲੋਕਾਂ ਦੇ ਆਪਣੀ ਇੱਛਾ ਅਨੁਸਾਰ ਧਰਮ ਬਦਲਣ ਦੇ ਹੱਕ ਨੂੰ ਕੁਚਲਣ ਦਾ ਸੰਦ ਹੈ।

ਈਸਾਈਆਂ ਵਿਰੁੱਧ ਹਿੰਸਾ ਬੇਰੋਕ ਜਾਰੀ ਹੈ। ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬ੍ਰਟੀਜ਼ ਨੇ ਈਸਾਈ ਫਿਰਕੇ ਵਿਰੁੱਧ ਹਿੰਸਾ ਬਾਬਤ ਬਾਕਾਇਦਾ ਰਿਪੋਰਟ ਜਾਰੀ ਕੀਤੀ ਹੈ ਜਿਸ ਵਿਚ ਇਸ ਸਾਲ ਜਨਵਰੀ ਤੋਂ ਲੈ ਕੇ ਨਵੰਬਰ ਤੱਕ ਈਸਾਈਆਂ ਵਿਰੁੱਧ 39 ਹਿੰਸਕ ਘਟਨਾਵਾਂ ਦੀ ਸੂਚੀ ਦਿੱਤੀ ਗਈ ਹੈ। ਪਰ ਆਪਣੀ ਖ਼ਸਲਤ ਅਨੁਸਾਰ ਕਰਨਾਟਕਾ ਦੀ ਬੀ.ਜੇ.ਪੀ. ਸਰਕਾਰ ਦਾਅਵਾ ਕਰ ਰਹੀ ਹੈ ਕਿ ਉਨ੍ਹਾਂ ਦਾ ਰਾਜ ਤਾਂ ਸ਼ਾਂਤਮਈ ਹੈ, ਉੱਥੇ ਈਸਾਈਆਂ ਵਿਰੁੱਧ ਕੋਈ ਹਿੰਸਾ ਹੋ ਹੀ ਨਹੀਂ ਰਹੀ। ਹੁਕਮਰਾਨ ਕਹਿ ਰਹੇ ਹਨ ਕਿ ਹਿੰਸਾ ਦੇ ਜੋ ਵੀਡੀਓ ਕਲਿੱਪ ਸ਼ੇਅਰ ਕੀਤੇ ਜਾ ਰਹੇ ਹਨ ਉਹ ਜਾਅਲੀ ਹਨ। ਕੀ ਧਰਮ-ਬਦਲੀਆਂ ਦੇ ਜਿਸ ਹਊਏ ਦੇ ਆਧਾਰ 'ਤੇ ਧਰਮ-ਬਦਲੀ ਵਿਰੁੱਧ ਕਾਨੂੰਨ ਬਣਾਇਆ ਗਿਆ ਹੈ, ਉਸ ਦੇ ਕੋਈ ਅੰਕੜੇ ਹਨ ਤਾਂ ਮੁੱਖ ਮੰਤਰੀ ਦਾ ਜਵਾਬ ਹੈ ਕਿ 'ਅੰਕੜੇ ਦੇਣੇ ਜ਼ਰੂਰੀ ਨਹੀਂ ਹੁੰਦੇ'। ਬੀ.ਜੇ.ਪੀ. ਧਰਮ-ਬਦਲੀ ਨੂੰ ਖ਼ਤਰਾ ਬਣਾ ਕੇ ਪੇਸ਼ ਕਰਨ ਲਈ ਈਸਾਈ ਵਸੋਂ ਦੇ ਅੰਕੜਿਆਂ ਨੂੰ ਚਲਾਕੀ ਨਾਲ ਵਧਾ-ਚੜ੍ਹਾ ਕੇ ਪਰੋਸ ਰਹੀ ਹੈ ਕਿ ਦੇਖੋ ਈਸਾਈ ਵਸੋਂ 0.5 ਤੋਂ ਵੱਧ ਕੇ 3% ਹੋ ਗਈ ਹੈ। ਜਦਕਿ ਮਰਦਮਸ਼ੁਮਾਰੀ 2011 ਦੇ ਅੰਕੜਿਆਂ ਅਨੁਸਾਰ ਈਸਾਈ ਵਸੋਂ












ਸਿਰਫ਼ 1.87% ਸੀ।

ਇਹ ਇੱਕਾਦੁੱਕਾ ਘਟਨਾਵਾਂ ਨਹੀਂ ਹਨ। ਦਰਅਸਲ ਇਹ ਪੂਰੇ ਮੁਲਕ ਵਿਚ ਘੱਟਗਿਣਤੀਆਂ ਵਿਰੁੱਧ ਆਰ.ਐੱਸ.ਐੱਸ ਦੀਆਂ ਫਰੰਟ ਜਥੇਬੰਦੀਆਂ ਵੱਲੋਂ ਲੜੇ ਜਾ ਰਹੇ 'ਹਿੰਦੂ ਰੱਖਿਆ ਯੁੱਧ' ਦਾ ਹਿੱਸਾ ਹਨ।

ਮੁਸਲਿਮ ਫਿਰਕੇ ਵਿਰੁੱਧ ਜ਼ਹਿਰੀਲੀ ਮੁਹਿੰਮ ਹੋਰ ਵੀ ਤਿੱਖੀ ਹੈ। ਕ੍ਰਿਸਮਸ ਤੋਂ ਇਕ ਦਿਨ ਪਹਿਲਾਂ 24 ਦਸੰਬਰ ਨੂੰ ਜੁੰਮੇ ਦੀ ਨਮਾਜ ਸੀ। ਗੁੜਗਾਓਂ ਵਿਚ ਪੁਲਿਸ ਦੀ ਨਿਗਰਾਨੀ ਹੇਠ ਸਿਰਫ਼ 6 ਜਨਤਕ ਥਾਵਾਂ ਉੱਪਰ ਮੁਸਲਮਾਨ ਨਮਾਜ ਪੜ੍ਹਨ ਲਈ ਇਕੱਠੇ ਹੋ ਸਕੇ। ਪ੍ਰਸ਼ਾਸਨ ਵੱਲੋਂ ਲਗਾਈ ਗਈ ਪਾਬੰਦੀ ਤੋਂ ਪਹਿਲਾਂ ਇੱਥੇ 37 ਥਾਵਾਂ ਉੱਪਰ ਨਮਾਜ ਪੜ੍ਹੀ ਜਾਂਦੀ ਸੀ ਪਰ ਅਕਤੂਬਰ ਮਹੀਨੇ 'ਚ ਹਿੰਦੂ ਧਰਮ ਦੇ ਆਪੇ ਬਣੇ ਠੇਕੇਦਾਰਾਂ ਨੇ ਇਸ ਬਹਾਨੇ ਮੁਸਲਮਾਨਾਂ ਨੂੰ ਨਮਾਜ ਪੜ੍ਹਨ ਤੋਂ ਰੋਕਣਾ ਸ਼ੁਰੂ ਕਰ ਦਿੱਤਾ ਕਿ ਇਸ ਨਾਲ ਜਨ-ਜੀਵਨ 'ਚ ਰੁਕਾਵਟ ਪੈਂਦੀ ਹੈ। ਸਿਵਲ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੇ ਹਿੰਦੂ ਫਿਰਕਾਪ੍ਰਸਤਾਂ ਦਾ ਸਾਥ ਦਿੰਦਿਆਂ ਇਸ ਬਹਾਨੇ ਬਾਕੀ ਥਾਵਾਂ ਉੱਪਰ ਨਮਾਜ ਬੰਦ ਕਰਵਾ ਦਿੱਤੀ ਕਿ ਉਨ੍ਹਾਂ ਨੂੰ ਸਥਾਨਕ ਲੋਕਾਂ ਨੇ ਨਮਾਜ ਵਿਰੁੱਧ ਸ਼ਿਕਾਇਤ ਕੀਤੀ ਹੈ। ਛੇ ਥਾਵਾਂ ਨਿਸ਼ਚਿਤ ਕਰਨ ਦਾ ਫ਼ਰਮਾਨ ਜਾਰੀ ਕਰ ਦਿੱਤਾ ਗਿਆ ਜਿੱਥੇ ਉਹ ਹੁਣ ਨਮਾਜ ਪੜ੍ਹਨ ਲਈ ਇਕੱਠੇ ਹੋ ਸਕਦੇ ਹਨ। ਮਨੋਹਰ ਲਾਲ ਖੱਟੜ ਨੇ ਹਰਿਆਣੇ ਦੇ ਮੁੱਖ ਮੰਤਰੀ ਵਜੋਂ ਬਾਕਾਇਦਾ ਬਿਆਨ ਦੇ ਕੇ ਨਮਾਜ ਵਿਰੁੱਧ ਨਫ਼ਰਤੀ ਮੁਹਿੰਮ ਨੂੰ ਹਕੂਮਤੀ ਥਾਪੜਾ ਦਿੱਤਾ ਕਿ ਜੇ ਲੋੜ ਪਈ ਤਾਂ ਹੋਰ ਥਾਵਾਂ ਉੱਪਰ ਵੀ ਨਮਾਜ ਨੂੰ ਰੋਕਣ ਦਾ ਐਲਾਨ ਕੀਤਾ।

ਗੁੜਗਾਓਂ, ਜਿਸ ਦਾ ਨਾਮ ਬਦਲ ਕੇ ਆਰ.ਐੱਸ.ਐੱਸ.-ਬੀ.ਜੇ.ਪੀ. ਵੱਲੋਂ 'ਗੁਰੂਗ੍ਰਾਮ' ਕਰ ਦਿੱਤਾ ਗਿਆ ਹੈ, ਦਾ ਖੇਤਰ ਫਿਰਕੂ ਪਾਲਾਬੰਦੀ ਦੀ ਨਵੀਂ ਪ੍ਰਯੋਗਸ਼ਾਲਾ ਹੈ। ਜਿੱਥੇ ਪਹਿਲਾਂ ਮੁਸਲਮਾਨ ਇਕੱਠੇ ਹੋ ਕੇ ਨਮਾਜ ਪੜ੍ਹਦੇ ਸਨ, ਉੱਥੇ ਆਰ.ਐੱਸ.ਐੱਸ. ਨਾਲ ਸੰਬੰਧਤ ਜਥੇਬੰਦੀਆਂ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਫਿਰਕੂ ਏਜੰਡੇ ਦੇ ਹੱਕ 'ਚ ਹਮਾਇਤ ਜੁਟਾਉਣ ਲਈ ਜਾਣ-ਬੁੱਝ ਕੇ ਹਿੰਦੂਆਂ ਦੇ ਧਾਰਮਿਕ ਸਮਾਗਮ ਆਯੋਜਤ ਕਰਦੀਆਂ ਹਨ। ਇਸ ਨਾਲ ਜਨ-ਜੀਵਨ ਵਿਚ ਜਿੰਨਾ ਮਰਜ਼ੀ ਖ਼ੱਲਲ ਪਵੇ, ਬਹੁਗਿਣਤੀ ਫਿਰਕੇ ਨੂੰ ਅਜਿਹਾ ਕਰਨ ਦੀ ਨਾ ਸਿਰਫ਼ ਪੂਰੀ ਖੁੱਲ੍ਹ ਹੈ ਸਗੋਂ ਪੁਲਿਸ ਅਤੇ ਪ੍ਰਸ਼ਾਸਨ ਇਸ ਦੀ ਵਿਵਸਥਾ ਕਰਨ 'ਚ ਵੀ ਸਰਗਰਮੀ ਨਾਲ ਸ਼ਾਮਿਲ ਹੁੰਦੀ ਹੈ। 21 ਨਵੰਬਰ ਨੂੰ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਗੁਰੂਗ੍ਰਾਮ ਦੇ ਸੈਕਟਰ 12ਏ 'ਚ ਉਸੇ ਥਾਂ 'ਗੋਵਰਧਨ ਪੂਜਾ' ਆਯੋਜਿਤ ਕੀਤੀ ਗਈ ਜਿਸ ਨੂੰ ਦਹਾਕਿਆਂ ਤੋਂ ਮੁਸਲਮਾਨ ਨਮਾਜ ਪੜ੍ਹਨ ਲਈ ਵਰਤੋਂ 'ਚ ਲਿਆਉਂਦੇ ਸਨ। ਉੱਥੇ ਹਿੰਦੂਤਵੀ ਆਗੂ ਯਤੀ ਨਰਸਿੰਹਾਨੰਦ ਗਿਰੀ ਦਾ ਨੇੜਲਾ ਸਾਥੀ ਅਮਿਤ ਹਿੰਦੂ ਉਚੇਚੇ ਤੌਰ 'ਤੇ ਹਾਜ਼ਰ ਹੋਇਆ ਅਤੇ ਉਸ ਨੇ "ਹਿੰਦੂ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ" ਦੇ ਨਾਅਰੇ ਲਾਏ ਜਿਸ ਦਾ ਵੀਡੀਓ ਕਲਿੱਪ ਅੱਜ ਵੀ ਸੋਸ਼ਲ ਮੀਡੀਆ ਉੱਪਰ ਮੌਜੂਦ ਹੈ। ਪੂਰਬੀ-ਉੱਤਰੀ ਦਿੱਲੀ ਵਿਚ ਮੁਸਲਮਾਨਾਂ ਵਿਰੁੱਧ ਹਿੰਸਾ ਦੀ ਅਗਵਾਈ ਕਰਨ ਵਾਲੇ ਦਹਿਸ਼ਤੀ ਸਰਗਨੇ ਕਪਿਲ ਮਿਸ਼ਰਾ ਨੂੰ ਵੀ ਉੱਥੇ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸੰਬੰਧਤ 'ਭਾਰਤ ਮਾਤਾ ਵਾਹਿਨੀ' ਦੇ ਇਕ ਆਗੂ ਦਿਨੇਸ਼ ਭਾਰਤੀ, ਜੋ ਗੁਰੂਗ੍ਰਾਮ ਵਿਚ ਨਮਾਜ ਵਿਚ ਖ਼ੱਲਲ ਪਾਉਣ ਲਈ ਕਈ ਵਾਰ ਜੇਲ੍ਹ ਜਾ ਚੁੱਕਾ ਹੈ, ਨੇ ਮੀਡੀਆ ਦੇ ਕੈਮਰੇ ਅੱਗੇ ਸਾਫ਼ ਕਿਹਾ ਹੈ ਕਿ ਜੇ ਗੁਰੂਗ੍ਰਾਮ ਵਿਚ ਨਮਾਜ ਪੜ੍ਹੀ ਜਾਵੇਗੀ ਤਾਂ ਉਹ ਤਲਵਾਰ ਲੈ ਕੇ ਰੋਕਣ ਲਈ ਉੱਥੇ ਪਹੁੰਚੇਗਾ। ਉਸ ਨੂੰ ਜੰਤਰ-ਮੰਤਰ ਦਿੱਲੀ ਵਿਖੇ ਇਕ ਭੜਕਾਊ ਭਾਸ਼ਣ ਦੇਣ ਲਈ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਜਿੱਥੇ ਉਸ ਨੇ ਮੁਸਲਮਾਨਾਂ ਦਾ ਬਾਈਕਾਟ ਕਰਨ ਅਤੇ ਉਨ੍ਹਾਂ ਦੇ ਕਤਲ ਕਰਨ ਦਾ ਸੱਦਾ ਦਿੱਤਾ ਸੀ।

ਘੱਟਗਿਣਤੀਆਂ ਵਿਰੁੱਧ ਹਿੰਸਾ ਲਈ ਰਾਜਨੀਤਕ ਪੱਧਰ 'ਤੇ ਸੱਤਾਧਾਰੀ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਰਾਜਸੀ ਅਤੇ ਰਾਜਾਕੀ ਸਰਪ੍ਰਸਤੀ ਹੇਠ ਤਿਆਰੀ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਹਿੰਦੂ ਫਿਰਕਾਪ੍ਰਸਤ ਯਤੀ ਨਰਸਿੰਹਾਨੰਦ ਗਿਰੀ, ਜੋ ਗਾਜ਼ੀਆਬਾਦ ਦੇ ਡਾਸਨਾ ਮੰਦਰ ਦਾ ਮਹੰਤ ਹੈ (ਡਾਸਨਾ ਮੰਦਰ ਵਿਚ ਜਾਣ ਤੋਂ ਪਹਿਲਾਂ ਹਰ ਕਿਸੇ ਨੂੰ ਆਪਣਾ ਆਧਾਰ ਕਾਰਡ ਦਿਖਾਉਣਾ ਪੈਂਦਾ ਹੈ। ਮੁੱਖ ਦਵਾਰ ਉੱਪਰ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਹੈ ਕਿ ਇਸ ਦੇ ਅੰਦਰ ਮੁਸਲਮਾਨਾਂ ਦਾ ਦਾਖ਼ਲ ਹੋਣਾ ਮਨ੍ਹਾ ਹੈ), ਵੱਲੋਂ ਉਤਰਾਖੰਡ ਦੇ ਹਰਿਦਵਾਰ ਦੇ ਵੇਦ ਨਿਕੇਤਨ ਧਾਮ ਵਿਚ 17 ਤੋਂ 19 ਦਸੰਬਰ ਤੱਕ 'ਧਰਮ ਸੰਸਦ' ਆਯੋਜਿਤ ਕੀਤੀ ਗਈ ਜਿਸ ਵਿਚ ਕਥਿਤ ਹਿੰਦੂ ਸੰਤਾਂ ਅਤੇ ਧਰਮ-ਗੁਰੂਆਂ ਦੇ ਨਾਲ ਸੀਨੀਅਰ ਭਾਜਪਾ ਆਗੂ ਅਸ਼ਵਿਨੀ ਉਪਾਧਿਆਏ ਵੀ ਸ਼ਾਮਿਲ ਹੋਇਆ। ਇਨ੍ਹਾਂ ਧਰਮ ਗੁਰੂਆਂ ਵੱਲੋਂ ਜ਼ਹਿਰੀਲੇ ਭਾਸ਼ਣ ਦੇ ਕੇ ਧਰਮ ਦੀ ਰੱਖਿਆ ਲਈ ਸ਼ਸਤਰ ਚੁੱਕਣ, ਦਿੱਲੀ ਦੇ ਬਾਰਡਰਾਂ ਉੱਪਰ ਹਿੰਦੂਆਂ ਨੂੰ ਵੱਢ ਕੇ ਟੰਗਣ ਤੋਂ ਸਬਕ ਲੈਣ, 2029 'ਚ ਮੁਸਲਿਮ ਪ੍ਰਧਾਨ ਮੰਤਰੀ ਨਾ ਬਣਨ ਦੇਣ ਅਤੇ ਮੁਸਲਿਮ ਆਬਾਦੀ ਵਧਣ ਨਾ ਦੇਣ ਸਗੋਂ ਹਿੰਦੂਆਂ ਦੀ ਆਬਾਦੀ ਵਧਾਉਣ ਦੇ ਸੱਦੇ ਦਿੱਤੇ ਗਏ। ਹਿੰਦੂ ਮਹਾਸਭਾ ਦੀ ਜਨਰਲ ਸਕੱਤਰ ਅਤੇ ਨਿਰੰਜਨੀ ਅਖਾੜਾ ਦੀ ਕਰਤਾ-ਧਰਤਾ ਪੂਜਾ ਸ਼ਕੂਨ ਪਾਂਡੇ ਉਰਫ਼ ਅੰਨਪੂਰਣਾ ਮਾਂ, ਜੋ ਘੱਟਗਿਣਤੀਆਂ ਵਿਰੁੱਧ ਹਿੰਸਾ ਦੇ ਸੱਦੇ ਦੇਣ ਅਤੇ ਨਫ਼ਰਤ ਫੈਲਾਉਣ ਲਈ ਬਦਨਾਮ ਹੈ, ਨੇ ਕਿਹਾ ਕਿ ਜੇ ਹਿੰਦੂਤਵ ਉੱਪਰ ਖ਼ਤਰਾ ਮੰਡਰਾਏਗਾ ਤਾਂ ਚਾਹੇ ਉਸ ਨੂੰ ਗੌਡਸੇ ਦੀ ਤਰ੍ਹਾਂ ਕਲੰਕ ਕਿਉਂ ਨਾ ਖੱਟਣਾ ਪਵੇ, ਉਹ ਸ਼ਸਤਰ ਉਠਾਏਗੀ ਅਤੇ ਹਿੰਦੂਤਵ ਦੀ ਰਾਖੀ ਕਰੇਗੀ। ਉਸ ਦੇ ਹੱਥ ਹੀ ਸ਼ੇਰਨੀ ਦੇ ਪੰਜਿਆਂ ਵਰਗੇ ਹਨ, ਉਹ ਸ਼ਸਤਰਾਂ ਤੋਂ ਬਿਨਾਂ ਹੀ ਦੁਸ਼ਮਣਾਂ ਨੂੰ ਪਾੜ ਦੇਵੇਗੀ। ਉਸ ਨੇ ਇਹ ਸੱਦਾ ਵੀ ਦਿੱਤਾ ਕਿ ਜੇ ਧਰਮ ਬਚਾਉਣਾ ਹੈ ਤਾਂ ਕਾਪੀਆਂ-ਕਿਤਾਬਾਂ ਛੱਡ ਦਿਓ ਅਤੇ ਸ਼ਸਤਰ ਚੁੱਕ ਲਓ; ਇਹ ਪ੍ਰਣ ਕਰੋ ਕਿ 2029 'ਚ ਮੁਸਲਮਾਨ ਪ੍ਰਧਾਨ ਮੰਤਰੀ ਨਹੀਂ ਬਣਨ ਦਿਆਂਗੇ (ਇਹ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਜ਼ਿਆਦਾ ਬੱਚੇ ਜੰਮਣ ਕਰਕੇ ਮੁਸਲਮਾਨਾਂ ਦੀ ਜਨ-ਸੰਖਿਆ ਤੇਜ਼ੀ ਨਾਲ ਵਧ ਰਹੀ ਹੈ। ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਹਿੰਦੂ ਘੱਟਗਿਣਤੀ 'ਚ ਰਹਿ ਜਾਣਗੇ ਅਤੇ 2029 'ਚ ਮੁਲਕ ਦਾ ਪ੍ਰਧਾਨ ਮੰਤਰੀ ਮੁਸਲਮਾਨ ਬਣ ਜਾਵੇਗਾ।)। ਬਿਹਾਰ ਦੇ ਧਰਮਦਾਸ ਮਹਾਰਾਜ ਨੇ ਕਿਹਾ ਕਿ ਜਦੋਂ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਆਪਣੇ ਭਾਸ਼ਣ ਵਿਚ ਇਹ ਕਿਹਾ ਸੀ ਕਿ ਮੁਲਕ ਦੇ ਕੌਮੀ ਵਸੀਲਿਆਂ ਉੱਪਰ ਸਭ ਤੋਂ ਪਹਿਲਾ ਹੱਕ ਘੱਟਗਿਣਤੀਆਂ ਦਾ ਹੈ ਜੇ ਉਹ ਉਸ ਵਕਤ ਸੰਸਦ ਵਿਚ ਮੌਜੂਦ ਹੁੰਦਾ ਤਾਂ ਨੱਥੂ ਰਾਮ ਗੌਡਸੇ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਉਸ ਦੀ ਹਿੱਕ 'ਚ ਛੇ ਗੋਲੀਆਂ ਮਾਰ ਕੇ ਹੀ ਦਮ ਲੈਂਦਾ। ਇਕ ਹੋਰ ਆਗੂ ਆਨੰਦ ਸਵਰੂਪ ਮਹਾਰਾਜ ਨੇ 1857 ਤੋਂ ਵੀ ਭਿਆਨਕ ਯੁੱਧ ਛੇੜਣ ਦਾ ਸੱਦਾ ਦਿੱਤਾ ਅਤੇ ਲੋਕਾਂ ਅਤੇ ਹੋਟਲਾਂ ਵਾਲਿਆਂ ਨੂੰ ਹਰਦਵਾਰ ਵਿਚ ਕ੍ਰਿਸਮਸ ਨਾ ਮਨਾਉਣ ਦੀ ਧਮਕੀ ਵੀ ਦਿੱਤੀ। ਯਤੀ ਨਰਸਿੰਹਾਨੰਦ ਨੇ ਕਿਹਾ ਕਿ ਮੁਸਲਮਾਨਾਂ ਦੇ ਆਰਥਕ ਬਾਈਕਾਟ ਨਾਲ ਗੱਲ ਨਹੀਂ ਬਣੇਗੀ। ਹਿੰਦੂਆਂ ਨੂੰ ਖ਼ੁਦ ਨੂੰ ਅੱਪਡੇਟ ਹੋਣਾ ਪਵੇਗਾ। ਤਲਵਾਰਾਂ ਮੰਚ ਉੱਪਰ ਹੀ ਚੰਗੀਆਂ ਲੱਗਦੀਆਂ ਹਨ। ਇਹ ਲੜਾਈ ਬਿਹਤਰ ਹਥਿਆਰਾਂ ਵਾਲੇ ਲੋਕ ਹੀ ਜਿੱਤ ਸਕਣਗੇ। ਜ਼ਿਆਦਾ ਬੱਚੇ ਜੰਮਣੇ ਅਤੇ ਵਧੀਆ ਹਥਿਆਰ ਹੀ ਹਿੰਦੂਆਂ ਨੂੰ ਬਚਾਉਣਗੇ। ਇਹ ਭਾਸ਼ਣ ਐਨੀ ਘਿਨਾਉਣੀ ਹੱਦ ਤੱਕ ਭੜਕਾਊ ਹਨ ਕਿ ਇਸ ਬਾਰੇ ਵਿਵਾਦ ਖੜ੍ਹਾ ਹੋਣ 'ਤੇ ਪੁਲਿਸ ਨੂੰ ਪਰਚਾ ਦਰਜ ਕਰਨ ਦੀ ਖ਼ਾਨਾਪੂਰਤੀ ਕਰਨੀ ਪਈ ਹੈ। ਇਹ ਗੱਲ ਵੱਖਰੀ ਹੈ ਕਿ ਹਕੀਕਤ 'ਚ ਕੋਈ ਕਾਰਵਾਈ ਨਹੀਂ ਹੋਵੇਗੀ, ਕੋਈ ਗ੍ਰਿਫ਼ਤਾਰੀ ਨਹੀਂ ਹੋਵੇਗੀ। ਜੇ ਅਜਿਹਾ ਕੋਈ ਬਿਆਨ ਕਿਸੇ ਗ਼ੈਰਹਿੰਦੂ ਨੇ ਦਿੱਤਾ ਹੁੰਦਾ ਤਾਂ ਹੁਣ ਤੱਕ ਰਾਜਧ੍ਰੋਹ ਅਤੇ ਮੁਲਕ ਨੂੰ ਟੁਕੜੇ-ਟੁਕੜੇ ਕਰਨ ਦੀ ਸਾਜ਼ਿਸ਼ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰਕੇ ਅਤੇ ਯੂ.ਏ.ਪੀ.ਏ. ਲਗਾ ਕੇ ਉਸ ਨੂੰ ਤੁਰੰਤ ਜੇਲ੍ਹ ਭੇਜ ਦਿੱਤਾ ਜਾਣਾ ਸੀ।

ਮੁਸਲਮਾਨਾਂ ਅਤੇ ਈਸਾਈਆਂ ਦਾ ਕਤਲੇਆਮ ਕਰਨ ਦੇ ਸੱਦੇ ਸਿਰਫ਼ ਭਾਸ਼ਣਾਂ ਵਿਚ ਹੀ ਨਹੀਂ ਹਨ। ਇਨ੍ਹਾਂ ਨੂੰ ਬਾਕਾਇਦਗੀ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ। ਹਿੰਦੂਤਵ ਦੇ ਬਾਨੀ ਅਤੇ ਸਿਧਾਂਤਕਾਰ ਘੱਟਗਿਣਤੀਆਂ ਨੂੰ ਦਹਿਸ਼ਤਜ਼ਦਾ ਕਰਕੇ ਦਬਾ ਕੇ ਰੱਖਣ ਅਤੇ ਉਨ੍ਹਾਂ ਨੂੰ ਆਰਥਕ ਤੌਰ 'ਤੇ ਸੱਟ ਮਾਰਨ ਲਈ ਉਨ੍ਹਾਂ ਦੀ ਰੋਟੀ-ਰੋਜ਼ੀ ਦੇ ਵਸੀਲਿਆਂ ਨੂੰ ਤਬਾਹ ਕਰਨ ਉੱਪਰ ਸ਼ੁਰੂ ਤੋਂ ਹੀ ਜ਼ੋਰ ਦਿੰਦੇ ਆ ਰਹੇ ਹਨ। ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਨੂੰ ਏਜੰਡੇ 'ਤੇ ਲਿਆ ਕੇ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣ ਦੇ ਆਪਣੇ ਮਨਸ਼ੇ ਆਰ.ਐੱਸ.ਐੱਸ.-ਬੀ.ਜੇ.ਪੀ. ਨੇ ਪਹਿਲਾਂ ਹੀ ਸਪਸ਼ਟ ਕਰ ਦਿੱਤੇ ਹਨ। ਚਾਹੇ 2002 'ਚ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਸੀ ਜਾਂ ਯੂ.ਪੀ. ਵਿਚ ਮੁਜ਼ੱਫ਼ਰਨਗਰ ਅਤੇ ਹੋਰ ਦੰਗੇ ਜਾਂ 2020 ਦੇ ਸ਼ੁਰੂ 'ਚ ਪੂਰਬੀ-ਉੱਤਰੀ ਦਿੱਲੀ ਵਿਚ ਕਤਲੇਆਮ ਅਤੇ ਸਾੜ-ਫੂਕ ਦੀ ਮੁਹਿੰਮ, ਕਥਿਤ ਦੰਗਿਆਂ ਦੀ ਹਰ ਘਟਨਾ ਵਿਚ ਮੁਸਲਮਾਨਾਂ ਦੇ ਕਾਰੋਬਾਰਾਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ। 2014 ਤੋਂ ਲੈ ਕੇ ਇਸ ਮਨੋਰਥ ਨਾਲ ਇਕ ਗੁੱਝੀ ਮੁਹਿੰਮ ਚਲਾਈ ਜਾ ਰਹੀ ਹੈ ਜੋ ਵੱਖ-ਵੱਖ ਰੂਪਾਂ ਵਿਚ ਸਾਹਮਣੇ ਆਉਂਦੀ ਰਹਿੰਦੀ ਹੈ। ਫੂਡ ਪ੍ਰੋਡਕਟ ਕੰਪਨੀ ਆਈ.ਡੀ. ਫਰੈੱਸ਼ ਵਿਰੁੱਧ ਜ਼ਹਿਰੀਲੀ ਮੁਹਿੰਮ ਚਲਾਈ ਗਈ ਕਿ ਇਹ ਸਿਰਫ਼ ਮੁਸਲਮਾਨਾਂ ਨੂੰ ਰੋਜ਼ਗਾਰ ਦਿੰਦੀ ਹੈ ਅਤੇ "ਹਲਾਲ ਸਰਟੀਫਾਈਡ" ਹੈ। ਮੁਹਿੰਮ ਐਨੀ ਜ਼ੋਰਦਾਰ ਸੀ ਕਿ ਕੰਪਨੀ ਨੂੰ ਸਫ਼ਾਈ ਪੇਸ਼ ਕਰਨੀ ਪਈ ਕਿ ਇਸ ਵੱਲੋਂ ਬਣਾਈਆਂ ਜਾ ਰਹੀਆਂ ਖਾਣ ਵਾਲੀਆਂ ਚੀਜ਼ਾਂ ਸ਼ੁੱਧ ਸ਼ਾਕਾਹਾਰੀ ਹਨ। ਕੰਪਨੀ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਇਸ ਦੀ ਸਥਾਪਨਾ ਕਰਨ ਵਾਲੇ ਕਾਰੋਬਾਰੀ ਮੁਸਲਮਾਨ ਹਨ। ਇਸ ਤੋਂ ਪਹਿਲਾਂ, ਰਾਜਾਂ ਵਿਚ ਛੋਟੇ ਛੋਟੇ ਕੰਮ ਕਰਨ ਵਾਲੇ ਮੁਸਲਮਾਨ ਕਿਰਤੀਆਂ ਉੱਪਰ ਹਮਲਿਆਂ ਦੀਆਂ ਰਿਪੋਰਟਾਂ ਵੀ ਛਪ ਚੁੱਕੀਆਂ ਹਨ।

ਮੱਧ ਪ੍ਰਦੇਸ਼ ਵਿਚ ਇਕ ਵੰਗਾਂ ਵੇਚਣ ਵਾਲੇ ਮੁਸਲਮਾਨ ਦੀ ਕੁੱਟਮਾਰ ਕੀਤੀ ਗਈ ਕਿ ਉਹ ਹਿੰਦੂ ਇਲਾਕੇ ਵਿਚ ਵੰਗਾਂ ਕਿਉਂ ਵੇਚਦਾ ਹੈ। ਉੱਤਰ ਪ੍ਰਦੇਸ਼ ਵਿਚ ਇਕ ਡੋਸਾ ਵਾਲੇ ਦਾ ਸਟਾਲ ਇਸ ਲਈ ਤੋੜ ਦਿੱਤਾ ਗਿਆ ਕਿ ਉਸ ਨੇ ਮੁਸਲਮਾਨ ਹੋ ਕੇ ਆਪਣੀ ਦੁਕਾਨ ਦਾ ਨਾਂ ਹਿੰਦੂ ਦੇਵਤੇ ਵਾਲਾ ਕਿਉਂ ਰੱਖਿਆ ਸੀ। ਮੱਧ ਪ੍ਰਦੇਸ਼ ਵਿਚ ਇਕ ਕਬਾੜੀਏ ਨੂੰ ਘੇਰ ਕੇ ਉਸ ਨੂੰ "ਜੈ ਸ਼੍ਰੀਰਾਮ" ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਗਿਆ। ਲਖਨਊ ਵਿਚ ਇਕ ਘੋੜਾ ਬੱਘੀ ਵਾਲੇ ਨੂੰ ਘੇਰ ਕੇ ਇਹ ਝੂਠਾ ਦਾਅਵਾ ਕਰਕੇ "ਪਾਕਿਸਤਾਨ ਮੁਰਦਾਬਾਦ" ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਗਿਆ ਕਿ ਉਸ ਨੇ ਆਪਣੀ ਬੱਘੀ ਉੱਪਰ ਪਾਕਿਸਤਾਨ ਦਾ ਝੰਡਾ ਪੇਂਟ ਕਰਾਇਆ ਹੋਇਆ ਸੀ। ਇਸੇ ਤਰ੍ਹਾਂ ਇਕ ਫੇਰੀ ਵਾਲੇ ਮੁਸਲਮਾਨ ਵਿਰੁੱਧ ਪਰਚਾ ਦਰਜ ਕਰਵਾ ਕੇ ਉਸ ਨੂੰ ਜੇਲ੍ਹ ਭਿਜਵਾ ਦਿੱਤਾ ਗਿਆ ਕਿ ਉਹ ਜੋ ਜੁੱਤੀਆਂ ਵੇਚਦਾ ਸੀ ਉਨ੍ਹਾਂ ਉੱਪਰ ਬਰੈਂਡ 'ਠਾਕੁਰ' ਕਿਉਂ ਲਿਖਿਆ ਹੋਇਆ ਸੀ। ਇਸੇ ਤਰ੍ਹਾਂ, 2017 'ਚ ਉੱਤਰ ਪ੍ਰਦੇਸ਼ ਵਿਚ ਗ਼ੈਰਰਸਮੀ ਮੀਟ ਕਾਰੋਬਾਰ ਵਿਰੁੱਧ ਲੁਕਵੀਂ ਫਿਰਕੂ ਮੁਹਿੰਮ ਚਲਾਈ ਗਈ ਕਿਉਂਕਿ ਇਹ ਕਾਰੋਬਾਰ ਮੁੱਖ ਤੌਰ 'ਤੇ ਮੁਸਲਮਾਨ ਕਰਦੇ ਹਨ। 30 ਅਗਸਤ ਨੂੰ ਮਹੰਤ ਅਦਿਤਿੱਆਨਾਥ ਨੇ ਫ਼ਰਮਾਨ ਜਾਰੀ ਕਰਕੇ ਮਥੁਰਾ ਵਿਚ ਮੀਟ ਦੇ ਕਾਰੋਬਾਰ ਉੱਪਰ ਮੁਕੰਮਲ ਪਾਬੰਦੀ ਲਗਾ ਦਿੱਤੀ ਅਤੇ ਇੱਕੋ ਝਟਕੇ ਨਾਲ ਹਜ਼ਾਰਾਂ ਲੋਕਾਂ ਦਾ ਰੋਟੀ-ਰੋਜ਼ੀ ਦਾ ਵਸੀਲਾ ਬੰਦ ਕਰ ਦਿੱਤਾ। ਦਰਅਸਲ ਪੂਰੇ ਉੱਤਰੀ ਭਾਰਤ ਵਿਚ ਪਸ਼ੂਆਂ ਦੀ ਖ਼ਰੀਦੋਫ਼ਰੋਖ਼ਤ ਅਤੇ ਡੇਅਰੀ ਦਾ ਕਾਰੋਬਾਰ ਭਗਵੇਂ ਗਰੋਹਾਂ ਦੇ ਲਗਾਤਾਰ ਨਿਸ਼ਾਨੇ 'ਤੇ ਹੈ ਕਿਉਂਕਿ ਇਹ ਕਾਰੋਬਾਰ ਮੁੱਖ ਤੌਰ 'ਤੇ ਮੁਸਲਮਾਨ ਕਰਦੇ ਹਨ। ਉਨ੍ਹਾਂ ਨੂੰ ਦਬਾਉਣ ਲਈ ਲਗਾਤਾਰ ਹਜੂਮੀ ਹਿੰਸਾ ਕੀਤੀ ਜਾ ਰਹੀ ਹੈ।

ਪੰਜਾਬ ਵਿਚ ਵੀ ਈਸਾਈ ਧਰਮ ਨੂੰ ਮੰਨਣ ਵਾਲਿਆਂ ਵਿਰੁੱਧ ਨਫ਼ਰਤ ਭੜਕਾਈ ਜਾ ਰਹੀ ਹੈ। ਬਹੁਤ ਸਾਰੇ ਸਿੱਖੀ ਬਾਰੇ ਫ਼ਿਕਰਮੰਦੀ ਜ਼ਾਹਿਰ ਕਰਨ ਵਾਲੇ ਸੱਜਣ ਵੀ ਪੰਜਾਬ ਦੇ ਪਿੰਡਾਂ ਵਿਚ ਈਸਾਈ ਧਰਮ ਦੇ ਪਸਾਰੇ ਦੇ ਅੰਕੜੇ ਅਤੇ ਸਨਸਨੀਖੇਜ਼ ਕਹਾਣੀਆਂ ਪੇਸ਼ ਕਰਕੇ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਕਿਸੇ ਦਿਨ ਪੰਜਾਬ ਦੀ ਧਰਤੀ ਉੱਪਰ ਸਿੱਖ ਧਰਮ ਘੱਟਗਿਣਤੀ 'ਚ ਰਹਿ ਜਾਵੇਗਾ। ਕਦੇ-ਕਦੇ ਧਰਮ-ਬਦਲੀ ਕਾਨੂੰਨ ਬਣਾਏ ਜਾਣ ਦੀ ਸੁਰ ਵੀ ਉੱਠਦੀ ਹੈ। ਆਰ.ਐੱਸ.ਐੱਸ. ਨਾਲ ਜੁੜੇ ਲੋਕ ਵੀ ਇਸ ਖ਼ਦਸ਼ੇ ਨੂੰ ਬਹੁਤ ਚਲਾਕੀ ਨਾਲ ਹਵਾ ਦੇ ਰਹੇ ਹਨ ਅਤੇ ਇਸ ਬਹਾਨੇ ਖ਼ੁਦ ਨੂੰ ਸਿੱਖ ਧਰਮ ਦੀ ਖ਼ੈਰਖਵਾਹ ਤਾਕਤ ਬਣਾ ਕੇ ਪੇਸ਼ ਕਰ ਰਹੇ ਹਨ। ਸਿੱਖੀ ਦੇ ਉਪਰੋਕਤ ਹਿਤੈਸ਼ੀ ਉਸ ਜਾਤ ਹੰਕਾਰ ਦੀ ਗੱਲ ਨਹੀਂ ਕਰਦੇ ਜੋ ਸਿੱਖ ਧਰਮ ਦੇ ਪੈਰੋਕਾਰ ਲੋਕਾਂ 'ਚ ਡੂੰਘੀਆਂ ਜੜ੍ਹਾਂ ਲਗਾਈ ਬੈਠਾ ਹੈ। ਦੱਬੇਕੁਚਲੇ ਅਤੇ ਕਿਰਤੀ ਲੋਕ ਇਸ ਕਾਰਨ 'ਸਰਬਤ ਦਾ ਭਲਾ' ਦੀ ਗੱਲ ਕਰਨ ਵਾਲੀ ਅਤੇ ਮਜ਼ਲੂਮਾਂ ਦੀ ਰਾਖੀ ਲਈ ਲੜਨ ਦੀਆਂ ਸ਼ਾਨਦਾਰ ਰਵਾਇਤਾਂ ਵਾਲੀ ਸਿੱਖੀ ਨੂੰ ਛੱਡ ਕੇ ਈਸਾਈ ਧਰਮ ਜਾਂ ਧਾਰਮਿਕ ਡੇਰਿਆਂ ਦੀ ਸ਼ਰਣ 'ਚ ਜਾ ਰਹੇ ਹਨ ਨਾ ਕਿ ਆਰਥਕ ਲਾਭਾਂ ਕਾਰਨ। ਉਹ ਭੁੱਲ ਰਹੇ ਹੈ ਕਿ ਆਰ.ਐੱਸ.ਐੱਸ. ਦੀ ਵਿਚਾਰਧਾਰਾ ਹਰ ਘੱਟਗਿਣਤੀ ਸਮੂਹ ਦੀ ਹੋਂਦ ਲਈ ਬਰਾਬਰ ਖ਼ਤਰਾ ਹੈ।

ਜੇ ਇਨਸਾਫ਼ਪਸੰਦ ਇਨਸਾਨੀਅਤ ਪ੍ਰੇਮੀ ਤਾਕਤਾਂ ਇਸ ਦਹਿਸ਼ਤਵਾਦੀ ਮੁਹਿੰਮ ਦਾ ਗੰਭੀਰ ਨੋਟਿਸ ਲੈ ਕੇ ਇਸ ਨੂੰ ਰੋਕਣ ਲਈ ਅੱਗੇ ਨਹੀਂ ਆਉਂਦੀਆਂ ਤਾਂ ਇਸ ਦੇ ਨਤੀਜੇ ਪੂਰੇ ਸਮਾਜ ਨੂੰ ਭੁਗਤਣੇ ਪੈਣਗੇ। ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦਾ ਨਿਸ਼ਾਨਾ ਸਿਰਫ਼ ਘੱਟਗਿਣਤੀਆਂ ਨਹੀਂ ਸਗੋਂ ਹਰ ਉਹ ਹਿੰਸਾ, ਸੋਚ ਅਤੇ ਕਦਰ-ਕੀਮਤ ਹੈ ਜੋ ਇਨ੍ਹਾਂ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਰਾਹ ਵਿਚ ਅੜਿੱਕਾ ਬਣਦੀ ਹੈ। 2025 'ਚ ਆਰ.ਐੱਸ.ਐੱਸ. ਦੀ ਸਥਾਪਨਾ ਨੂੰ ਪੂਰੇ ਸੌ ਸਾਲ ਹੋ ਜਾਣਗੇ, ਇਨ੍ਹਾਂ ਦੀ ਕੋਸ਼ਿਸ਼ 2025 ਤੱਕ ਹਿੰਦੂ ਰਾਸ਼ਟਰ ਲਈ ਵੱਧ ਤੋਂ ਵੱਧ ਹਾਲਾਤ ਤਿਆਰ ਕਰਨ ਦੀ ਹੈ।

ਅਜੇ ਵੀ ਸੰਭਲਣ ਦਾ ਵੇਲਾ ਹੈ।

# ਸੱਚ ਬੋਲਣ ਦੀ ਸਜਾ - ਜੂਲੀਅਨ ਅਸਾਂਜ ਦੀ ਕਹਾਣੀ

(ਸਫ਼ਾ 2 ਦੀ ਬਾਕੀ)

ਨੂੰ ਸਵੀਡਨ ਭੇਜ ਦਿੱਤਾ ਗਿਆ ਤਾਂ, ਸਵੀਡਨ ਸਰਕਾਰ ਉਸ ਨੂੰ ਅਮਰੀਕਾ ਦੇ ਹਵਾਲੇ ਕਰ ਦੇਵੇਗੀ ਅਤੇ ਉਸ ਨੂੰ ਉਮਰ ਭਰ ਲਈ ਜੇਲ਼ ਵਿੱਚ ਸੁੱਟ ਦਿੱਤਾ ਜਾਵੇਗਾ। ਸਵੀਡਨ ਦੀ ਸਰਕਾਰ ਨੂੰ, ਸਬੂਤਾਂ ਦੀ ਘਾਟ ਕਰਕੇ ਇਹ ਕੇਸ ਵਾਪਸ ਲੈਣਾ ਪਿਆ। ਫਿਰ ਅਮਰੀਕਾ ਦਾ ਦਬਾਅ ਨਾ ਝੱਲਣ ਕਾਰਨ ਇੱਕੁਆਡੋਰ ਨੇ ਅਸਾਂਜ ਦੀ ਸ਼ਰਣ ਖਤਮ ਕਰ ਦਿੱਤੀ ਅਤੇ ਉਸ ਨੂੰ ਇੰਗਲੈਂਡ ਦੀ ਪੁਲੀਸ ਹਵਾਲੇ ਕਰ ਦਿੱਤਾ ਗਿਆ। ਅਮਰੀਕਾ ਨੇ ਇੰਗਲੈਂਡ ਦੀ ਹਾਈਕੋਰਟ ਵਿੱਚ ਅਸਾਂਜ ਨੂੰ ਗਰਿੱਫਤਾਰ ਕਰਨ ਲਈ ਅਪੀਲ ਕਰ ਦਿੱਤੀ । ਅਮਰੀਕਾ ਇਹ ਅਪੀਲ ਜਿੱਤ ਗਿਆ, ਇਹਨਾਂ ਸਤਰਾਂ ਲਿਖੀਆਂ ਜਾਣ ਤੱਕ ਅਸਾਂਜ ਨੇ ਇੰਗਲੈਂਡ ਦੀ ਸੁਪਰੀਮ ਕੋਰਟ ਵਿੱਚ ਅਪੀਲ ਕਰ ਦਿੱਤੀ, ਹੁਣ ਅੱਗੇ ਦੇਖੋ ਕੀ ਬਣਦਾ ਹੈ ਪਰ ਅਮਰੀਕਾ ਕਿਸੇ ਵੀ ਹਾਲਤ ਵਿੱਚ ਅਸਾਂਜ ਨੂੰ ਨਹੀਂ ਛੱਡਣਾਂ ਚਾਂਹੁਦਾ । ਜੇਕਰ ਅਸਾਂਜ ਅਮਰੀਕਾ ਭੇਜ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਅਮਰੀਕਾ ਦੀ ਜੇਲ੍ਹ ਵਿੱਚ ਜਿਉਂਦੀ ਜਾਗਦੀ ਮੌਤ ਲਿਵਿੰਗ ਡੈਥ ਹੰਢਾਉਣੀ ਪਵੇਗੀ । ਜੇਕਰ ਅਸਾਂਜ ਦੇ ਕੇਸ ਦੀ ਗੱਲ ਕਰੀਏ ਤਾਂ ਅਸਾਂਜ ਨੂੰ ਸੱਚ ਬੋਲਣ ਦੀ, ਦਲੇਰ ਅਤੇ ਬੇਬਾਕ ਪੱਤਰਕਾਰ ਹੋਣ ਦੀ ਸਜਾ ਮਿਲ਼ੀ ਹੈ। ਇਹ ਇਨਸਾਫ ਨਹੀਂ ਸਗੋਂ ਇਨਸਾਫ ਦਾ ਬਲਾਤਕਾਰ ਹੈ । ਸੱਚ ਲਿਖਣ ਵਾਲ਼ੇ ਅਸਾਂਜ ਲਈ ਇਸ ਧਰਤੀ ਤੇ ਇੱਕ ਨਰਕ ਤਿਆਰ ਕੀਤਾ ਜਾ ਰਿਹਾ ਹੈ। ਹੇਠ ਲਿਖੇ ਕੁੱਝ ਨੁਕਤੇ ਸਿੱਧ ਕਰਦੇ ਹਨ ਕਿ ਕਿਵੇਂ ਸੱਚ ਨੂੰ ਫਾਂਸੀ ਚਾੜਨ ਲਈ ਫੰਦਾ ਤਿਆਰ ਕੀਤਾ ਜਾ ਰਿਹਾ ਹੈ:

-ਐਫ.ਬੀ.ਆਈ ਦੇ ਇੱਕ ਏਜੰਟ ਨੇ ਮੰਨਿਆ ਕਿ ਉਸਨੇ ਅਸਾਂਜ ਵਿਰੁੱਧ ਸਾਰੇ ਦੋਸ਼ ਮਨਘੜਤ ਬਣਾਏ ਹਨ ਪਰ ਇੰਗਲੈਂਡ ਦੀ ਅਦਾਲਤ ਨੇ ਇਸ ਨੂੰ ਵੀ ਨਕਾਰ ਦਿੱਤਾ।

-ਜਦ ਅਸਾਂਜ ਇਕੁਆਡੋਰ ਦੀ ਐਂਬੈਂਸੀ ਵਿੱਚ ਸ਼ਰਣ ਲੈ ਰਿਹਾ ਸੀ, ਉਸ ਸਮੇ ਸੀ.ਆਈ.ਏ, ਅਸਾਂਜ ਦੇ ਵਕੀਲਾਂ, ਡਾਕਟਰਾਂ ਦੀ ਜਸੂਸੀ ਕਰ ਰਹੀ ਸੀ, ਇਸ ਗੱਲ ਤੇ ਵੀ ਪਰਦਾ ਪਾ ਦਿੱਤਾ ਗਿਆ ਹੈ।

- ਇੰਗਲੈਂਡ ਦੀ ਹਾਈਕੋਰਟ ਨੂੰ, ਪੱਤਰਕਾਰਾਂ ਵੱਲੋਂ ਦਿੱਤਾ ਗਿਆ ਗਰਾਫਿਕ ਸਬੂਤ ਕੇ ਸੀ.ਆਈ.ਏ ਨੇ ਅਸਾਂਜ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਦੀ ਵੀ ਕੋਈ ਪਰਵਾਹ ਨਹੀਂ ਕੀਤੀ ਗਈ।

- ਇਹ ਜਿੰਨੇ ਵੀ ਸਬੂਤ ਸੀ ਜੋ ਜੱਜ ਦੇ ਸਾਹਮਣੇ ਪੇਸ਼ ਕੀਤੇ ਗਏ, ਕਾਫੀ ਸੀ ਅਸਾਂਜ ਨੂੰ ਬਰੀ ਕਰਨ ਲਈ ਪਰ ਵਿਕੀਆਂ ਹੋਈਆਂ ਅਦਾਲਤਾਂ ਖੁੱਦ ਫੈਸਲੇ ਨਹੀਂ ਕਰਦੀਆਂ ਸਗੋਂ ਪਿਛਾਂਹ ਤੋਂ ਆਏ ਫੈਸਲੇ ਲਾਗੂ ਕਰਦੀਆਂ ਹਨ ।

- ਸਭ ਤੋਂ ਹੈਰਾਨੀ ਕਰਨ ਵਾਲ਼ੀ ਗੱਲ ਸੀ ਕਿ ਇੰਗਲੈਂਡ ਹਾਈਕੋਰਟ ਦੇ ਜੱਜ 'ਲਾਰਡ ਬਰੂਨੈਟ' ਅਤੇ 'ਲਾਰਡ ਜਸਟਿਸ ਟਿਮਥੀ ਹੋਲੀਰੋਡ' ਨੇ ਬਿਨਾਂ ਕਿਸੇ ਹਿਚਕਚਾਹਟ ਦੇ ਅਸਾਂਜ ਨੂੰ ਇੱਕ ਜਿਉਂਦੀ ਮੌਤ ਝੱਲਣ 'ਅਮਰੀਕਾ ਦੇ ਹਵਾਲੇ ਕਰਨ ਦੀ' ਦੀ ਸਜ਼ਾ ਸੁਣਾ ਦਿੱਤੀ। ਬੇਸ਼ੱਕ ਅਮਰੀਕਾ ਨੇ ਕਿਹਾ ਹੈ ਕਿ ਅਸਾਂਜ ਨੂੰ ਇਨਸਾਫ ਮਿਲੇਗਾ ਪਰ ਇਸਦੀ ਕੋਈ ਗਰੰਟੀ ਅਮਰੀਕਾ ਨੇ ਨਹੀਂ ਦਿੱਤੀ। ਐਮਨੈਸਟੀ ਇੰਟਰਨੈਸ਼ਨਲ ਨੇ ਵੀ ਕਿਹਾ ਹੈ ਕਿ ਇਸਦਾ ਮਤਲਬ ਅਮਰੀਕਾ ਨੂੰ ਆਪਦੇ ਸਾਰੇ ਵਾਅਦੇ ਤੋੜਨ ਦੀ ਖੁੱਲ ਹੋਵੇਗੀ। ਇਹ ਜਿਹੇ ਵਾਅਦੇ ਤੋੜਨ ਦੀਆਂ ਅਮਰੀਕਾ ਦੀਆਂ ਬਹੁਤ ਉਦਾਹਰਣਾਂ ਹਨ। ਸਪੇਨ ਦੇ ਇੱਕ ਨਾਗਰਿਕ 'ਮੈਨਡੋਜਾ' ਨੂੰ ਜਦ ਅਮਰੀਕਾ ਦੇ ਹਵਾਲੇ ਕੀਤਾ ਗਿਆ ਸੀ, ਉਦੋਂ ਅਮਰੀਕਾ ਨੇ ਇਹ ਵਾਦਾ ਕੀਤਾ ਸੀ ਕਿ ਮੈਨਡੋਜਾ ਨੂੰ ਸਜਾ ਕੱਟਣ ਲਈ ਵਾਪਸ ਸਪੇਨ ਭੇਜਿਆ ਜਾਵੇਗਾ ਪਰ ਬਾਦ ਵਿੱਚ ਅਮਰੀਕਾ ਆਪਦੇ ਇਸ ਵਾਅਦੇ ਤੋਂ ਮੁੱਕਰ ਗਿਆ ਸੀ। ਅਮਰੀਕਾ ਦਾ ਇਹ ਰਿਕਾਰਡ ਹੈ ਕਿ ਇਸਨੇ ਹਜ਼ਾਰਾਂ ਹੀ ਸੰਧੀਆ ਤੋੜੀਆਂ ਹਨ, ਇਰਾਨ ਨਾਲ਼ ਹੋਇਆ ਪਰਮਾਣੂ ਸਮਝੌਤਾ ਇਸਦੀ ਤਾਜਾ ਮਿਸਾਲ ਹੈ। ਹੁਣ ਤਾਂ ਖੁੱਦ ਅਮਰੀਕੀ ਪੱਤਰਕਾਰ ਵੀ ਇਹ ਮੰਨਣ ਲੱਗ ਪਏ ਹਨ ਕਿ ਲੋਕਤੰਤਰ ਦਾ ਚੌਥਾ ਥੰਮ, ਦਲੇਰ ਅਤੇ ਨਿਰਪੱਖ ਪੱਤਰਕਾਰੀ ਦਾ ਖਾਤਮਾ ਹੋ ਰਿਹਾ ਹੈ। ਸਿਰਫ ਉਹੀ ਪੱਤਰਕਾਰੀ ਪਰਫੁੱਲਤ ਹੋ ਰਹੀ ਹੈ ਜੋ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਦੀ ਤਰਫ਼ਦਾਰੀ ਕਰਦੀ ਹੈ। ਅੱਜ ਲੋੜ ਹੈ ਦੁਨੀਆਂ ਭਰ ਦੇ ਅਗਾਂਹਵਧੂ ਲੋਕਾਂ, ਬੁੱਧੀਜੀਵੀਆਂ ਨੂੰ ਇਕੱਠੇ ਹੋਕੇ ਇੱਕ ਲਹਿਰ ਚਲਾਉਣ ਦੀ ਤਾਂ ਕਿ ਅਸਾਂਜ ਦੀ ਜਾਨ ਹੀ ਨਹੀਂ ਸਗੋਂ ਪਰੈਸ ਦੀ ਅਜਾਦੀ ਵੀ ਬਚਾਈ ਜਾ ਸਕੇ। ਕਿਉਂਕਿ ਜੇਕਰ ਪਰੈਸ ਅਜਾਦ ਨਾਂ ਰਹੀ ਤਾਂ ਲੋਕਾਂ ਨੂੰ ਸਚਾਈ ਕੌਣ ਦੱਸੂਗਾ। ਅਜਾਦ ਪਰੈਸ ਤੋਂ ਬਿਨਾ ਤਾਂ ਇਹ ਅਖੌਤੀ ਲੋਕਤੰਤਰ ਵੀ ਤਾਨਾਸ਼ਾਹੀ ਦਾ ਰੂਪ ਧਾਰਨ ਕਰ ਲਵੇਗਾ।

# ਫ਼ਾਸ਼ੀਵਾਦ ਦੇ ਖ਼ਾਤਮੇ ਲਈ ਈ ਵੀ ਐੱਮ 'ਤੇ ਬੈਨ ਜ਼ਰੂਰੀ



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.


19 ਨਵੰਬਰ 2021 ਨੂੰ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨਾਂ ਦੇ ਇਕ ਸਾਲ ਦੇ ਲੰਬੇ ਸੰਘਰਸ਼ ਬਾਅਦ ਪ੍ਰਧਾਨ ਮੰਤਰੀ ਮੋਦੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ 'ਤੇ ਅਚਾਨਕ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਇਕ-ਤਰਫ਼ਾ ਐਲਾਨ ਕਰ ਦਿੱਤਾ ਗਿਆ। 29 ਨਵੰਬਰ ਨੂੰ ਲੋਕ ਸਭਾ, ਰਾਜ ਸਭਾ ਵਿੱਚ ਇਹ ਤਿੰਨੇ ਕਾਨੂੰਨ ਰੱਦ ਕਰਵਾ, ਰਾਸ਼ਟਰਪਤੀ ਦੀ ਮਨਜ਼ੂਰੀ ਦੀ ਮੋਹਰ ਲਵਾ ਕੇ ਜਿੱਥੋਂ ਤੇ ਜਿਵੇਂ ਇਹ ਨਿੱਕਲੇ ਸਨ, ਉਥੇ ਹੀ ਵਾਪਸ ਵਾੜ ਦਿੱਤੇ ਗਏ ਹਨ। ਇਸ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ 'ਜਮਹੂਰੀਅਤ' ਕਹਾਉਣ ਵਾਲ਼ੇ ਭਾਰਤ ਦਾ ਲੱਛੇਦਾਰ ਭਾਸ਼ਾ ਵਿੱਚ ਲਿਖਿਆ ਸੰਵਿਧਾਨ ਕਿਨਾ ਖ਼ਾਮੀਆਂ ਭਰਿਆ, ਖੋਖਲਾ ਤੇ ਅਰਥਹੀਣ ਹੈ, ਜਿਸਨੂੰ ਸੱਤਾ ਵਿੱਚਲੀ ਹਕੂਮਤ ਜਿਵੇਂ ਚਾਹੇ ਬਦਲ ਸਕਦੀ ਹੈ; ਕਿ ਲੋਕ ਸਭਾ, ਰਾਜ ਸਭਾ, ਸਭ ਬਕਵਾਸ-ਕੇਂਦਰ ਹਨ ਅਤੇ ਰਾਸ਼ਟਰਪਤੀ ਤਾਂ ਪ੍ਰਧਾਨ ਮੰਤਰੀ ਦੇ ਘੜੇ ਦੀ ਮੱਛੀ ਹੈ। ਭਾਰਤੀ ਕਿਸਾਨਾਂ ਦੀ ਇਸ ਜਿੱਤ ਨੂੰ ਇੱਕੀਵੀਂ ਸਦੀ ਦੇ ਸਭ ਤੋਂ ਲੰਬੇ ਲੋਕ-ਸੰਘਰਸ਼ ਵਿੱਚ ਹੋਈ ਬੇਮਿਸਾਲ, ਇਤਿਹਾਸਕ ਜਿੱਤ ਹੋਣ ਦਾ ਮਾਣ ਹੈ! ਇਸ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਜਦ ਲੋਕ ਆਈ 'ਤੇ ਆ ਜਾਣ ਤਾਂ ਉਹ ਮੋਦੀ-ਸ਼ਾਹ-ਤੋਮਰ ਤਿੱਕੜੀ ਵਰਗੇ ਦੁਸ਼ਟਾਂ, ਅਜਿੱਤ, ਹੰਕਾਰੀਆਂ ਦੀ ਧੌਣ 'ਚੋਂ ਕਿੱਲਾ ਕੱਢਣ ਦੀ ਸਮਰੱਥਾ ਰੱਖਦੇ ਹਨ। ਜਿੱਥੇ ਕਿਸਾਨ ਸੰਘਰਸ਼ ਦੀ ਇਸ ਸ਼ਾਨਾਮੱਤੀ ਜਿੱਤ ਦੇ ਜਸ਼ਨ ਮਨਾਏ ਜਾ ਰਹੇ ਹਨ ਉਥੇ ਹੋਰ ਵੀ ਚੌਕਸੀ ਦੀ ਗੰਭੀਰ ਲੋੜ ਹੈ ਕਿ ਦੁਸ਼ਮਨ ਨੂੰ ਕਦੇ ਵੀ ਕਮਜ਼ੋਰ ਨਾ ਸਮਝਿਆ ਜਾਵੇ। ਦੁਸ਼ਮਨ ਨੂੰ ਖ਼ਤਮ ਕਰਨ ਲਈ ਦੁਸ਼ਮਨ ਨੂੰ ਜਾਣਨਾ ਬਹੁਤ ਜ਼ਰੂਰੀ ਹੁੰਦਾ ਹੈ। ਦੁਸ਼ਮਨ ਬਾਤ ਕਰੇ ਅਣਹੋਣੀ। ਤੇਲ ਦੇਖ ਤੇਲ ਦੀ ਧਾਰ ਦੇਖਣੀ ਹੋਵੇਗੀ। ਮੋਦੀ ਨੇ ਵਕਤੀ ਤੌਰ 'ਤੇ ਹਾਰ ਕਬੂਲੀ ਹੈ ਪਰ ਉਸਦੀ ਨੀਤ ਤੇ ਨੀਤੀ ਵਿੱਚ ਛੁਪੀਆਂ ਨਾਪਾਕ, ਘਾਤਕ ਸਾਜਿਸ਼ਾਂ ਹਨ। ਉਹ ਸੱਟ ਖਾਧੇ ਸੱਪ ਵਾਂਗ ਵਿੱਸ ਘੋਲ਼ ਰਿਹਾ ਹੈ, ਪਤਾ ਨਹੀਂ ਕਿਵੇਂ ਤੇ ਕਦੋਂ ਡੰਗ ਮਾਰ ਜਾਵੇ। ਉਸਨੇ ਜਬਰ ਦੀ ਨੀਤੀ ਅਜ਼ਮਾ ਕੇ ਦੇਖ ਲਈ ਹੈ, ਹੁਣ ਉਹ ਛਲ ਕਪਟ 'ਤੇ ਉੱਤਰੇਗਾ। ਮੋਦੀ ਸਰਕਾਰ ਨੇ ਖੇਤੀ ਕਾਨੂੰਨ ਤਾਂ ਵਾਪਸ ਲੈ ਲਏ ਹਨ ਪਰ ਨਾਲ ਹੀ ਕਹਿ ਦਿੱਤਾ ਕਿ ਸਰਕਾਰ 'ਕੁੱਝ ਕਿਸਾਨਾਂ' ਨੂੰ ਸਮਝਾਉਣ ਦੀ ਪ੍ਰਕਿਰਿਆ ਵਿੱਚ ਅਸਮਰੱਥ ਰਹੀ ਹੈ ਅਤੇ ਢੁਕਵਾਂ ਸਮਾਂ ਆਉਣ 'ਤੇ ਖੇਤੀ ਦਾ ਨਵਾਂ ਮਾਡਲ ਲਿਆਉਣ ਦਾ ਯਤਨ ਕਰੇਗੀ।

ਪੰਜਾਬ, ਯੂ ਪੀ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਗੁਜਰਾਤ, ਗੋਆ, ਮਨੀਪੁਰ, ਸੂਬਿਆਂ ਵਿੱਚ 2022 ਵਿਧਾਨ ਸਭਾਵਾਂ ਦੀਆਂ ਚੋਣਾਂ ਸਿਰ 'ਤੇ ਹਨ। ਇਸ ਤੋਂ ਬਾਅਦ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵੀ ਬਹੁਤੀ ਦੂਰ ਨਹੀਂ। ਯੂ ਪੀ ਖ਼ਾਸ ਤੌਰ 'ਤੇ ਮਹੱਤਵਪੂਰਨ ਸੂਬਾ ਹੈ, ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਦੀ ਕੁਰਸੀ ਨੂੰ ਰਸਤਾ ਯੂ ਪੀ ਵਿੱਚ ਦੀ ਜਾਂਦਾ ਹੈ! ਤਾਜ਼ੁਬ ਦੀ ਬਾਤ ਹੈ ਕਿ ਸਾਰੀਆਂ ਵਿਰੋਧੀ ਪਾਰਟੀਆਂ Electronic Voting Machines (ਈ ਵੀ ਐੱਮ) ਨੂੰ ਬੈਨ ਕਰਵਾਉਣ ਵਾਸਤੇ ਅੱਗੋਂ ਪਿੱਛੋਂ ਸ਼ੋਰ ਸ਼ਰਾਬਾ ਕਰਦੀਆਂ ਹਨ, ਪਰ ਹੁਣ ਜਦ ਚੋਣਾਂ ਸਿਰ 'ਤੇ ਹਨ ਤਾਂ ਇਸ ਮੁੱਦੇ ਵੱਲ ਕਿਸੇ ਦਾ ਧਿਆਨ ਨਹੀਂ, ਸਭ ਆਪਣੇ ਸਿਆਸੀ ਵਕਾਰ ਲਈ ਜੁਗਾੜ ਬਣਾ ਰਹੇ ਹਨ। ਖ਼ਾਸ ਤੌਰ 'ਤੇ ਪੰਜਾਬ ਵਿੱਚ ਤਾਂ 2022 ਦੀਆਂ ਸੂਬਾਈ ਚੋਣਾਂ ਦੇ ਸਿਲਸਿਲੇ ਵਿੱਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦੇ ਭ੍ਰਿਸ਼ਟ ਉਮੀਦਵਾਰ ਨੈਤਿਕਤਾ, ਸੰਗ-ਸ਼ਰਮ ਨੂੰ ਛਿੱਕੇ ਟੰਗ, ਇਕ ਪਾਰਟੀ 'ਚੋਂ ਧੁਰਲੀ ਮਾਰ ਕੇ ਦੂਜੀ ਵਿੱਚ ਸ਼ਾਮਲ ਹੋ ਰਹੇ ਹਨ। ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਅਤੇ ਈ ਵੀ ਐੱਮ ਦੇ ਦੁਰ-ਉਪਯੋਗ ਵਰਗੇ ਵਸੀਹੀ ਮਸਲਿਆਂ ਨੂੰ ਛੱਡ ਲੋਕਾਂ ਨੂੰ ਚੋਣਾਂ ਦੇ ਕਾਟੋ-ਕਲੇਸ਼ 'ਚ ਉਲਝਾਇਆ ਜਾ ਰਿਹਾ ਹੈ। ਕਿਉਂਕਿ 2022 ਦੀਆਂ ਚੋਣਾਂ ਤਤਕਾਲੀ ਹਨ, ਇਸ ਕਰਕੇ ਫ਼ੌਰੀ ਕਾਰਜ ਵਜੋਂ ਅਜੇ ਅਸੀਂ ਈ ਵੀ ਐੱਮ ਬਾਰੇ ਚਰਚਾ ਕਰਾਂਗੇ।

ਇਹ ਗੱਲ ਤਾਂ ਪੱਥਰ 'ਤੇ ਲਕੀਰ ਹੈ ਕਿ ਜਦ ਤੱਕ ਈ ਵੀ ਐੱਮ ਵਾਲ਼ਾ 'ਅਲਾਦੀਨੀ ਚਿਰਾਗ਼' ਬੀ ਜੇ ਪੀ ਕੋਲ਼ ਹੈ, ਕੋਈ ਉਸਦਾ ਵਾਲ਼ ਵਿੰਗਾ ਨਹੀਂ ਕਰ ਸਕਦਾ। 2019 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਸੱਤਾ ਵਿੱਚ ਆਉਣ ਦੇ ਭਰੋਸੇ ਨੂੰ ਲੈ ਕੇ ਬੀ ਜੇ ਪੀ ਦੇ ਪ੍ਰਧਾਨ ਅਤੇ ਹੁਣ ਦੇ ਗ੍ਰਹਿ-ਮੰਤਰੀ ਅਮਿਤ ਸ਼ਾਹ ਨੇ ਦਿੱਲੀ ਵਿੱਚ ਬੀ ਜੇ ਪੀ ਦੀ ਨੈਸ਼ਨਲ ਇਗਜ਼ੈਕਿਟਿਵ ਦੀ ਮੀਟਿੰਗ ਵਿੱਚ ਹੰਕਾਰ ਵਿੱਚ ਚਿੱਥ ਕੇ ਕਿਹਾ ਸੀ ਕਿ 'ਉਸਦੀ ਪਾਰਟੀ ਅਗਲੇ 50 ਸਾਲ ਤੱਕ ਦੇਸ਼ ਉੱਪਰ ਰਾਜ ਕਰੇਗੀ।' ਬੀ ਜੇ ਪੀ ਨੂੰ ਸੱਤਾ 'ਚ ਲਿਆਉਣ ਲਈ ਈ ਵੀ ਐੱਮ ਦੇ ਯੋਗਦਾਨ ਬਾਰੇ ਜਾਣਨ ਲਈ ਭਾਰਤ ਦੀ ਚੋਣ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸਮਝਣਾ ਜ਼ਰੂਰੀ ਹੈ। ਚੋਣਾਂ ਸਰਮਾਏਦਾਰੀ ਦਾ ਵਿਧਾਨਿਕ ਪਖੰਡ ਹੈ। ਚੋਣਾਂ ਨਾਲ਼ ਮਹਿਜ਼ ਸਰਕਾਰਾਂ ਬਦਲਦੀਆਂ ਹਨ। ਬਦਨਾਮ ਹੋ ਚੁੱਕੀ ਰਾਜਨੀਤਕ ਪਾਰਟੀ ਦੀ ਥਾਂ 'ਤੇ ਨਵੇਂ ਚਿਹਰੇ, ਤੇ ਵੱਧ ਭਰਮਾਊ ਚੋਣ ਵਾਅਦੇ ਲੈ ਕੇ ਨਵੀਂ ਪਾਰਟੀ ਮੈਦਾਨ ਵਿੱਚ ਆਣ ਨਿੱਤਰਦੀ ਹੈ। ਇਸ ਸਾਰੇ ਵਰਤਾਰੇ ਪਿੱਛੇ ਦੇਸੀ-ਵਿਦੇਸ਼ੀ ਪੂੰਜੀਪਤੀਆਂ ਦੇ ਹਿੱਤ ਜੁੜੇ ਹੁੰਦੇ ਹਨ, ਜਿਹੜੇ ਹਜ਼ਾਰਾਂ ਕਰੋੜ ਰੁਪਏ ਇਲੈੱਕਟਰੋਲ-ਬਾਂਡ ਜ਼ਰੀਏ ਪਾਰਟੀਆਂ ਨੂੰ ਚੋਣ-ਫ਼ੰਡ ਵਜੋਂ ਦਿੰਦੇ ਹਨ, ਫਿਰ ਆਪਣੀ ਮਰਜ਼ੀ ਦੇ ਫ਼ੈਸਲੇ ਕਰਵਾਉਂਦੇ ਹਨ। ਦੇਸੀ-ਵਿਦੇਸ਼ੀ ਪੂੰਜੀਪਤੀਆਂ ਦਾ ਹੱਥ ਜਿਸ ਪਾਰਟੀ ਜਾਂ ਗੱਠਜੋੜ ਦੇ ਸਿਰ 'ਤੇ ਹੋਵੇ, ਉਹ ਲੋਕ ਸਭਾ, ਰਾਜ ਸਭਾ ਵਿੱਚ ਬਹੁਮੱਤ ਪ੍ਰਾਪਤ ਕਰਕੇ ਸਰਕਾਰ ਬਣਾਉਂਦਾ ਹੈ ਅਤੇ ਇਸ ਬਹੁਮੱਤ ਦੇ ਬਲਬੂਤੇ ਉਹ ਸੰਸਦ ਤੋਂ ਪੂੰਜੀਪਤੀਆਂ ਦੇ ਹਿੱਤ ਦੇ ਕਾਨੂੰਨਾਂ ਅਤੇ ਫ਼ੈਸਲਿਆਂ ਉੱਪਰ ਮਨਜ਼ੂਰੀ ਲੈਂਦਾ ਹੈ।



ਕਹਿਣ ਨੂੰ ਤਾਂ ਭਾਰਤੀ ਚੋਣ ਕਮਿਸ਼ਨ, ਭਾਰਤੀ ਸੰਵਿਧਾਨ ਅਨੁਸਾਰ ਇਕ ਖ਼ੁਦਮੁਖ਼ਤਾਰ, ਸਰਬ-ਸਮਰੱਥ ਸੰਵਿਧਾਨਿਕ ਸੰਸਥਾ ਹੈ, ਜੋ ਭਾਰਤ ਵਿੱਚ ਲੋਕ ਸਭਾ, ਰਾਜ ਸਭਾ, ਰਾਜ ਵਿਧਾਨ ਸਭਾਵਾਂ, ਰਾਸ਼ਟਰਪਤੀ ਅਤੇ ਉੱਪ-ਰਾਸ਼ਟਰਪਤੀ ਦੀ ਚੋਣ ਦਾ ਸੰਚਾਲਨ ਕਰਦਾ ਹੈ। ਭਾਰਤੀ ਚੋਣ ਕਮਿਸ਼ਨ ਕਿੰਨ੍ਹਾ ਕੁ "ਖ਼ੁਦਮੁਖ਼ਤਾਰ" ਜਾਂ "ਸਰਬ-ਸਮਰੱਥ" ਅਦਾਰਾ ਹੈ, ਇਹ ਗੱਲ ਇਸ ਦੀ ਨਾਮਜ਼ਦਗੀ ਅਤੇ ਨਿਯੁਕਤੀ ਤੋਂ ਹੀ ਸਾਫ਼ ਹੋ ਜਾਂਦੀ ਹੈ। ਭਾਰਤੀ ਸੰਵਿਧਾਨ ਅਨੁਸਾਰ ਚੀਫ਼ ਇਲੈਕਸ਼ਨ ਕਮਿਸ਼ਨਰ ਆਫ਼ ਇੰਡੀਆ ਦੀ ਨਾਮਜ਼ਦਗੀ ਭਾਰਤ ਸਰਕਾਰ ਦਵਾਰਾ ਕੀਤੀ ਜਾਂਦੀ ਹੈ ਅਤੇ ਨਿਯੁਕਤੀ ਰਾਸ਼ਟਰਪਤੀ ਦਵਾਰਾ ਕੀਤੀ ਜਾਂਦੀ ਹੈ। ਚੀਫ਼ ਇਲੈਕਸ਼ਨ ਕਮਿਸ਼ਨਰ ਰਾਸ਼ਟਰਪਤੀ ਦਵਾਰਾ ਨਿਯੁਕਤ ਕੀਤਾ ਜਾਂਦਾ ਹੈ। ਜਦ ਰਾਸ਼ਟਰਪਤੀ ਖ਼ੁਦ ਹੀ ਸੱਤਾ ਵਿੱਚਲੀ ਸਰਕਾਰ ਦੀ "ਰਬਰ ਸਟੈਂਪ" ਹੈ ਤਾਂ ਉਸ ਦਵਾਰਾ ਨਿਯੁਕਤ ਕੀਤੇ ਚੋਣ ਕਮਿਸ਼ਨ ਦੇ "ਖ਼ੁਦਮੁਖ਼ਤਾਰ" ਜਾਂ "ਸਰਬ-ਸਮਰੱਥ" ਹੋਣ ਵਾਲ਼ੀ ਕਿਹੜੀ ਗੱਲ ਰਹਿ ਜਾਂਦੀ ਹੈ? ਈ ਵੀ ਐੱਮ ਬਣਾਉਣ ਵਾਲ਼ੀਆਂ ਦੋਵੇਂ ਵੱਡੀਆਂ ਇਲੈੱਕਟ੍ਰਾਨਿਕ ਕੰਪਨੀਆਂ- ਬੰਗਲੌਰ ਸਥਿੱਤ ਭਾਰਤ ਇਲੈੱਕਟ੍ਰਾਨਿਕ ਲਿਮਿਟਿਡ, ਅਤੇ ਹੈਦਰਾਬਾਦ ਸਥਿੱਤ ਇਲੈੱਕਟ੍ਰਾਨਿਕ ਕਾਰਪੋਰੇਸ਼ਨ ਆਫ਼ ਇੰਡੀਆ, ਭਾਰਤ ਸਰਕਾਰ ਦੇ ਅਧੀਨ ਕੰਮ ਕਰਦੀਆਂ ਹਨ!

ਪਿਛਲੇ ਕਈ ਸਾਲਾਂ ਤੋਂ ਪਟੀਸ਼ਨਕਰਤਾ ਈ ਵੀ ਐੱਮ ਦੀ ਸਾਰਥਕਤਾ 'ਤੇ ਸਵਾਲ ਉਠਾਉਂਦੇ ਆ ਰਹੇ ਹਨ ਅਤੇ ਇਕ ਵਧੇਰੇ ਪਾਰਦਰਸ਼ੀ, ਤਸਦੀਕ ਕੀਤੀ ਜਾ ਸਕਣ ਵਾਲ਼ੀ ਵੋਟਿੰਗ ਪ੍ਰਣਾਲੀ ਦੀ ਮੰਗ ਕਰ ਰਹੇ ਹਨ। ਉਨ੍ਹਾਂ ਅਨੁਸਾਰ ਈ ਵੀ ਐੱਮ ਨੂੰ ਹੈਕ ਕਰਨ ਦਾ ਸਭ ਤੋਂ ਮਾਰੂ ਤਰੀਕਾ ਮਸ਼ੀਨ ਦੇ ਕੰਟਰੋਲ ਯੂਨਿਟ ਦੇ Display Section ਅੰਦਰ ਇਕ 'ਟਰੋਜਨ' ਵਾਲ਼ੀ ਚਿੱਪ ਫਿੱਟ ਕਰ ਕੇ ਕੀਤਾ ਜਾ ਸਕਦਾ ਹੈ ਚੋਣ ਨਤੀਜਿਆਂ ਨਾਲ਼ ਛੇੜਛਾੜ ਕਰਕੇ ਮਨ-ਇੱਛਤ ਨਤੀਜੇ ਸਕਰੀਨ 'ਤੇ ਦਿਖਾ ਸਕਦੀ ਹੈ। ਫੇਰ ਸਾਰੇ ਲੋਕ ਜਿਹੜੇ ਇਲੈਕਸ਼ਨ ਕਮਿਸ਼ਨ ਦੇ ਘੇਰੇ ਅਤੇ ਕੰਟਰੋਲ ਤੋਂ ਬਾਹਰ ਹਨ, ਉਨ੍ਹਾਂ ਕੋਲ਼ ਵੱਖ ਵੱਖ ਸਮਿਆਂ 'ਤੇ ਈ ਵੀ ਐੱਮ ਨਾਲ਼ ਛੇੜਛਾੜ ਲਈ ਪਹੁੰਚ ਹੁੰਦੀ ਹੈ, ਜਿਵੇਂ ਕਿ ਈ ਵੀ ਐੱਮ ਨਿਰਮਾਤਾ ਕੰਪਨੀਆਂ, ਮਾਈਕਰੋ ਕੰਟਰੋਲਰ ਮੁਹੱਈਆ ਕਰਨ ਵਾਲ਼ੀਆਂ ਬਿਦੇਸ਼ੀ ਕੰਪਨੀਆਂ, ਅਤੇ ਈ ਵੀ ਐੱਮ ਦੀ ਦੇਖ ਭਾਲ਼ ਕਰਨ ਵਾਲੇ ਪ੍ਰਾਈਵੇਟ ਅਦਾਰੇ। Republicworld.com/India (16 July, 2021) ਅਨੁਸਾਰ ਈ ਵੀ ਐਮ ਮਸ਼ੀਨਾਂ ਵਿਰੁੱਧ ਪਟੀਸ਼ਨਕਰਤਾ ਵਕੀਲ ਸੀ ਆਰ ਜਯਾ ਸੁਕਿਨ ਨੇ ਜ਼ੋਰ ਦੇ ਕੇ ਕਿਹਾ "ਲੋਕਤੰਤਰ ਨੂੰ ਬਚਾਉਣ ਲਈ, ਸਾਨੂੰ ਦੇਸ਼ ਵਿੱਚ ਚੋਣ ਪ੍ਰਕਿਰਿਆ ਵਿੱਚ ਬੈਲਟ ਪੇਪਰ ਪ੍ਰਣਾਲੀ ਨੂੰ ਵਾਪਸ ਲਿਆਉਣਾ ਚਾਹੀਦਾ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 324 ਕਹਿੰਦੀ ਹੈ ਕਿ ਚੋਣ ਕਮਿਸ਼ਨ ਵੱਲੋਂ ਕੀਤੀਆਂ ਗਈਆਂ ਚੋਣਾਂ ਨੂੰ ਆਜ਼ਾਦ ਅਤੇ ਨਿਰਪੱਖ ਹੋਣ ਦੀ ਲੋੜ ਹੈ ਅਤੇ ਵੋਟਰਾਂ ਦੀ ਇੱਛਾ ਨੂੰ ਦਰਸਾਉਣਾ ਚਾਹੀਦਾ ਹੈ। ਈ ਵੀ ਐਮ ਨੇ ਭਾਰਤ ਵਿੱਚ ਪੁਰਾਣੀ ਬੈਲਟ ਪੇਪਰ ਪ੍ਰਣਾਲੀ ਦੀ ਥਾਂ ਲੈ ਲਈ ਹੈ, ਹਾਲਾਂਕਿ ਦੁਨੀਆ ਦੇ ਬਹੁਤ ਸਾਰੇ ਦੇਸ਼- ਇੰਗਲੈਂਡ, ਫਰਾਂਸ, ਜਰਮਨੀ, ਨੀਦਰਲੈਂਡ ਅਤੇ ਅਮਰੀਕਾ ਸਮੇਤ ਈ ਵੀ ਐੱਮ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ।" ਇਸ ਤੋਂ ਇਲਾਵਾ ਅਰਜਨਟੀਨਾ, ਬਰਕੀਨਾ ਫਾਸੋ, ਕੈਨੇਡਾ, ਫਿਨਲੈਂਡ, ਗ੍ਹਾਨਾ, ਇੰਡੋਨੇਸ਼ੀਆ, ਆਇਰਲੈਂਡ, ਕਾਜ਼ਿਖ਼ਸਤਾਨ, ਲਿਥੁਆਨੀਆਂ, ਮਲੇਸ਼ੀਆ, ਮੌਜ਼ੰਮਬੀਕ, ਨਾਰਵੇ, ਰਸ਼ੀਆ, ਸਪੇਨ, ਸਵੀਡਨ, ਯੂ ਕੇ, ਜ਼ਿੰਬਾਬਵੇ ਵਿੱਚ ਵੀ ਈ ਵੀ ਐੱਮ ਦੀ ਵਰਤੋਂ 'ਤੇ ਪਾਬੰਦੀ ਹੈ।

The Wire (22 ਮਈ, 2019) ਅਨੁਸਾਰ ਵਿਰੋਧੀ ਪਾਰਟੀਆਂ ਦੇ ਈ ਵੀ ਐੱਮ ਪ੍ਰਤਿ ਸ਼ੰਕੇ ਹੋਰ ਵੀ ਪੱਕੇ ਹੋ ਗਏ ਜਦੋਂ 19 ਲੱਖ ਪੋਲਿੰਗ ਮਸ਼ੀਨਾਂ "ਗ਼ਾਇਬ" ਹੋ ਗਈਆਂ। 'ਫ਼ਰੰਟਲਾਈਨ ਨਿਊਜ਼ ਮੈਗਜ਼ੀਨ' ਦੀ ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ RTI ਤਹਿਤ ਇਕ ਕਾਰਕੁੰਨ ਨੇ ਪ੍ਰਾਪਤ ਕੀਤੇ ਦਸਤਾਵੇਜ਼ਾਂ 'ਤੇ ਅਧਾਰਿਤ ਪੁਸ਼ਟੀ ਕੀਤੀ ਹੈ ਕਿ ਇਹ ਮਸ਼ੀਨਾਂ ਪਬਲਿਕ ਸੈੱਕਟਰ ਅਦਾਰੇ BEL ਅਤੇ ECIL ਵੱਲੋਂ ਸਪੁਰਦ ਕੀਤੀਆਂ ਗਈਆਂ ਸਨ, ਪਰ ਚੋਣ ਕਮਿਸ਼ਨ ਦਾ ਦਾਅਵਾ ਹੈ ਕਿ ਉਸ ਨੇ ਇਹ ਕਦੇ ਵੀ ਵਸੂਲ ਨਹੀਂ ਕੀਤੀਆਂ। 116.55 ਕਰੋੜ ਰੁਪਏ ਦੇ ਘੁਟਾਲ਼ੇ ਅਤੇ BEL ਅਤੇ ECIL ਦਵਾਰਾ ਈ ਵੀ ਐੱਮ ਦੀ ਸੁਪਲਾਈ ਦੇ ਸਾਲ ਦਰ ਸਾਲ ਦੇ ਵੇਰਵੇ ਦਿੰਦਿਆਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਤਕਰੀਬਨ 15 ਸਾਲ ਦੇ ਅਰਸੇ ਦੌਰਾਨ BEL ਵੱਲੋਂ ਸੁਪਲਾਈ ਕੀਤੀਆਂ 9,64,270 ਅਤੇ ECIL ਵੱਲੋਂ 9,29,949 ਈ ਵੀ ਐੱਮ ਮਸ਼ੀਨਾਂ, ਇਲੈਕਸ਼ਨ ਕਮਿਸ਼ਨ ਦਵਾਰਾ ਵਸੂਲ ਨਹੀਂ ਪਾਈਆਂ ਗਈਆਂ, ਜਦ ਕਿ BEL ਅਤੇ ECIL ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ ਇਹ ਮਸ਼ੀਨਾਂ ਇਲੈਕਸ਼ਨ ਕਮਿਸ਼ਨ ਦੇ ਹਵਾਲੇ ਕੀਤੀਆਂ ਗਈਆਂ ਹਨ। ਰਿਪੋਰਟ ਵਿੱਚ ਨੋਟ ਕੀਤਾ ਗਿਆ ਕਿ ਬੰਬੇ ਹਾਈ ਕੋਰਟ ਵਿੱਚ ਪੇਸ਼ ਕੀਤਾ "ਆਰਡਰ ਅਤੇ ਸੁਪਲਾਈ ਚਾਰਟ" ਚੱਕਰੀ ਭੁਆ ਦੇਣ ਵਾਲ਼ਾ ਦਸਤਾਵੇਜ਼ ਹੈ।

ਨੈਸ਼ਨਲ ਹੈਰੈਲਡ (22 ਅਕਤੂਬਰ 2019) ਅਨੁਸਾਰ ਈ ਵੀ ਐੱਮ 'ਚ ਹੁੰਦੀ ਗੜਬੜੀ ਹਮੇਸ਼ਾ ਬੀ ਜੇ ਪੀ ਦੇ ਪੱਖ 'ਚ ਹੀ ਕਿਉਂ ਭੁਗਤਦੀ ਹੈ? ਸਤਾਰਾ ਵਿੱਚ ਈ ਵੀ ਐੱਮ ਦਾ ਕੋਈ ਵੀ ਬਟਨ ਦਬਾਉਣ 'ਤੇ ਵੋਟ ਸਿਰਫ਼ ਬੀ ਜੇ ਪੀ ਨੂੰ ਹੀ ਗਈ। ਮਹਾਰਾਸ਼ਟਰਾ ਟਾਈਮਜ਼ ਅਤੇ ਮੰਬਈ ਮਿੱਰਰ 'ਚ ਲੱਗੀਆਂ ਖ਼ਬਰਾਂ 'ਚ ਕਿਹਾ ਗਿਆ ਹੈ ਕਿ 2019 ਵਿੱਚ ਮਹਾਰਾਸ਼ਟਰ ਦੀਆਂ ਅਸੈਂਬਲੀ ਚੋਣਾਂ ਦੌਰਾਨ ਈ ਵੀ ਐੱਮ ਵਿੱਚ ਗੜਬੜੀ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ। ਅਨੇਕਾਂ ਥਾਵਾਂ 'ਤੇ ਬੀ ਜੇ ਪੀ ਦੇ ਨੇਤਾ ਈ ਵੀ ਐੱਮ ਪ੍ਰਾਈਵੇਟ ਵਾਹਨਾਂ ਵਿੱਚ ਲਿਜਾਂਦੇ ਫੜ੍ਹੇ ਗਏ। 2017 ਦੀਆਂ ਯੂ ਪੀ ਚੋਣਾਂ ਅਤੇ 2019 ਦੀਆਂ ਲੋਕ ਸਭਾ ਚੋਣਾਂ ਦੇ ਵਿੱਚਕਾਰ, ਬਹੁਤ ਸਾਰੀਆਂ ਪਾਰਟੀਆਂ ਨੇ ਈ ਵੀ ਐਮ ਦੇ ਵਿਰੁੱਧ ਮੁਹਿੰਮ ਚਲਾਈ ਸੀ। ਮਾਰਚ 2021 ਵਿੱਚ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵੀ ਈ ਵੀ ਐਮ ਨੂੰ 'ਫੱਜਡ' ਕਹਿੰਦੇ ਹੋਏ ਬੈਲੱਟ ਪੇਪਰਾਂ ਰਾਹੀਂ ਪੋਲਿੰਗ ਦੀ ਵਕਾਲਤ ਕੀਤੀ ਸੀ।

ਛਲ ਕਪਟ ਦੀ ਅਗਲੀ ਸ਼ਤਰੰਜੀ ਚਾਲ ਚੋਣਾਂ ਉੱਤੇ ਖਰਚੀ ਜਾਣ ਵਾਲ਼ੀ ਮੋਟੀ ਧਨ-ਰਾਸ਼ੀ ਹੈ। ਸੈਂਟਰ ਫ਼ਾਰ ਮੀਡੀਆ ਸਟੱਡੀਜ਼ (CMS) ਅਨੁਸਾਰ 2019 ਇਲੈਕਸ਼ਨਾਂ ਦੇ ਕੁੱਲ ਖਰਚੇ ਦਾ ਅੰਦਾਜ਼ਾ 60,000 ਕਰੋੜ ਰੁਪਏ ਲਗਾਇਆ ਗਿਆ ਹੈ, ਜੋ ਕਿ ਦੁਨੀਆਂ ਵਿੱਚ ਚੋਣਾਂ ਉੱਪਰ ਖਰਚੀ ਜਾਣ ਵਾਲ਼ੀ ਸਭ ਤੋਂ ਵੱਡੀ ਰਾਸ਼ੀ ਹੈ ਅਤੇ 2014 ਦੀਆਂ ਚੋਣਾਂ ਤੋਂ ਦੁੱਗਣੀ ਹੈ। ਰਿਪੋਰਟ ਅਨੁਸਾਰ ਇਸ ਵਿਚੋਂ 27,000 ਕਰੋੜ ਰੁਪਏ ਅਰਥਾਤ 45% ਇਕੱਲੀ ਬੀ ਜੇ ਪੀ ਨੇ ਖਰਚੇ ਹਨ । CMS ਦੇ ਚੇਅਰਪਰਸਨ ਐੱਨ ਭਾਸਕਰਾ ਰਾਓ ਨੇ ਕਿਹਾ ਕਿ "ਸਾਰੇ ਭ੍ਰਿਸ਼ਟਾਚਾਰ ਦੀ ਮਾਂ ਇਹਨਾਂ ਚੋਣਾਂ ਉੱਪਰ ਕੀਤਾ ਗਿਆ ਛਾਲ਼ਾਂ ਮਾਰ ਵਧਦਾ ਜਾ ਰਿਹਾ ਖਰਚਾ ਹੈ । ਜੇ ਅਸੀਂ ਇਸ ਨੂੰ ਕਾਬੂ ਨਾ ਕਰ ਸਕੇ, ਤਾਂ ਭਾਰਤ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪਾ ਸਕਾਂਗੇ।" ਇਸ ਧਨ ਦਾ ਮੁੱਖ ਸੋਮਾਂ ਕਾਰਪੋਰੇਸ਼ਨਾਂ ਹਨ। The Wire, ਨਵੰਬਰ 15, 2021 ਦੇ ਆਰਟੀਕਲ 'ਚੋਣ ਬਾਂਡ ਭਾਰਤੀ ਲੋਕਤੰਤਰ ਲਈ ਖ਼ਤਰਾ ਹਨ' ਅਨੁਸਾਰ "ਚੋਣ ਬਾਂਡਾਂ ਦੀ ਸ਼ੁਰੂਆਤ ਨੇ ਨਾ ਸਿਰਫ ਗੁੰਮਨਾਮ ਦਾਨੀਆਂ ਦੀ ਗਿਣਤੀ ਵਿੱਚ ਵਾਧਾ ਕੀਤਾ, ਸਗੋਂ ਰਾਜਨੀਤਿਕ ਪਾਰਟੀਆਂ ਨੂੰ ਦਾਨ ਕਰਨ ਵਾਲੀਆਂ ਸ਼ੈੱਲ ਕੰਪਨੀਆਂ ਦੀ ਗਿਣਤੀ ਵਿੱਚ ਵੀ ਵਾਧਾ ਕੀਤਾ। ਸਾਲ 2019-2020 ਵਿੱਚ ਸਿਆਸੀ ਪਾਰਟੀਆਂ ਨੂੰ ਮਿਲ਼ੇ 3,429 ਕਰੋੜ ਰੁਪਏ ਵਿਚੋਂ ਭਾਜਪਾ ਨੂੰ ਕੁੱਲ ਚੋਣ ਬਾਂਡਾਂ ਦਾ 2,606 ਕਰੋੜ ਰੁਪਏ ਜਾਂ 76% ਦਾ ਹਿੱਸਾ ਮਿਲ਼ਿਆ, ਅਤੇ ਕਾਂਗਰਸ ਨੂੰ ਸਿਰਫ਼ 9% ਹਿੱਸਾ ਮਿਲ਼ਿਆ।" 'Gfiles Magazine' ਨੇ ਇਕ ਪਰੇਸ਼ਾਨ ਕਰਨ ਵਾਲ਼ਾ ਖ਼ੁਲਾਸਾ ਕੀਤਾ ਹੈ "ਬੀ ਜੇ ਪੀ ਦੇ ਵਸੀਲੇ ਮੁੱਖ ਤੌਰ 'ਤੇ NRI ਦਵਾਰਾ ਇਕੱਤਰ ਕੀਤੇ ਗਏ, ਜੋ ਕਿ ਬੀ ਜੇ ਪੀ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦਾ ਅਧਾਰ ਹੈ। ਬੀ ਜੇ ਪੀ ਅਤੇ ਮੋਦੀ ਪਰੰਪ੍ਰਿਕ ਫ਼ੰਡ ਇਕੱਠਾ ਕਰਨ ਵਿੱਚ ਯਕੀਨ ਨਹੀਂ ਰੱਖਦੇ। ਸੂਤਰਾਂ ਨੇ ਇਕ ਵਿਸ਼ਾਲ ਸੰਗ੍ਰਿਹ ਦਾ ਖ਼ੁਲਾਸਾ ਕੀਤਾ ਹੈ ਕਿ ਤਿੰਨ ਸਭ ਤੋਂ ਵੱਧ ਲਾਭਦਾਇਕ ਫ਼ੰਡ ਹੋਲਡਰ ਕੈਮੀਕਲ ਤੇ ਸ਼ਰਾਬ, ਤੰਬਾਕੂ ਅਤੇ ਅਸਲਾ ਸੁਪਲਾਈ ਕਰਨ ਵਾਲੀ ਲਾਬੀ ਹੈ । ਸਾਰੇ ਸ਼ਕਤੀਸ਼ਾਲੀ ਸੂਤਰਧਾਰ ਬੀ ਜੇ ਪੀ ਦੇ ਪ੍ਰਧਾਨ ਅਮਿੱਤ ਸ਼ਾਹ ਦੇ ਸੰਪਰਕ ਵਿੱਚ ਸਨ ...ਜ਼ਰਾ ਕਿਆਸ ਕਰੋ ਕਿ ਕਿੰਨਾ ਧਨ ਇਕੱਠਾ ਕੀਤਾ ਗਿਆ? ਅਸਲਾ ਮੁਹੱਈਆ ਕਰਨ ਵਾਲ਼ੀ ਲਾਬੀ ਦੇ ਨੇੜਲੇ ਸੂਤਰ ਨੇ ਇਹ ਰਾਸ਼ੀ ਦੋ ਬਿਲੀਅਨ ਡਾਲਰ ਦੱਸੀ ਹੈ। ਇਸਦਾ ਅਜੇ ਤੱਕ ਕਿਸੇ ਨੇ ਖੰਡਨ ਨਹੀਂ ਕੀਤਾ।"

CMS ਦੇ ਹਵਾਲੇ ਨਾਲ਼ 2019 ਦੀਆਂ ਚੋਣਾਂ ਉੱਪਰ 60,000 ਕਰੋੜ ਰੁਪਏ ਖ਼ਰਚੇ ਦੀ ਗੱਲ ਯੂ ਪੀ ਦੇ ਕਾਂਗਰਸੀ ਸੀਨੀਅਰ ਵਕੀਲ ਅਤੇ ਰਾਜ ਸਭਾ ਦੇ ਪਾਰਲੀਮੈਂਟ ਮੈਂਬਰ ਕਪਿਲ ਸਿੱਬਲ ਨੇ ਵੀ ਉਠਾਈ ਸੀ। ਉਸਨੇ 3 ਜੁਲਾਈ, 2019 ਨੂੰ ਰਾਜ ਸਭਾ ਵਿੱਚ ਕਿਹਾ ਸੀ ਕਿ ਈ ਵੀ ਐੱਮ ਗਿਣਤੀ ਕਰਨ ਵਾਲ਼ੀ ਮਸ਼ੀਨ ਬਣ ਕੇ ਰਹਿ ਗਈ ਹੈ, ਕਿ 2024 ਵਿੱਚ ਇਹ ਖਰਚਾ 100,000 ਕਰੋੜ ਰੁਪਏ ਹੋ ਜਾਣ ਦਾ ਖ਼ਦਸ਼ਾ ਹੈ। ਇਸ ਤੋਂ ਇਲਾਵਾ ਬੀ ਜੇ ਪੀ ਨੇ 25,000 ਕਰੋੜ ਰੁਪਏ ਸਿਰਫ਼ Publicity Campaign ਉੱਪਰ ਖਰਚ ਕੀਤੇ। ਇਹ ਪੈਸਾ ਕਿੱਥੋਂ ਆਇਆ? ਕੀ ਇਹ ਕਾਲ਼ਾ ਧਨ ਸੀ ਜਾਂ ਸਫ਼ੈਦ? 2019 ਦੀਆਂ ਚੋਣਾਂ ਵਾਸਤੇ ਧਨ ਇਕੱਠਾ ਕਰਨ ਲਈ ਬੀ ਜੇ ਪੀ ਨੇ Finance Act ਵਿੱਚ ਸ਼ੰਸ਼ੋਧਨ ਕੀਤੇ। Foreign Contribution Regulation Act (FCRA) ਵੱਡੀਆਂ ਸੋਧਾਂ ਕਰਕੇ ਵਿਦੇਸ਼ੀ ਕੰਪਨੀਆਂ, ਜਿੰਨ੍ਹਾਂ ਦੀਆਂ ਸੱਬਸਿਡੀਅਰ ਕੰਪਨੀਆਂ ਭਾਰਤ ਵਿੱਚ ਹਨ, ਹੁਣ ਜਿੰਨਾਂ ਚਾਹੁਣ, ਦਾਨ ਕਰ ਸਕਦੀਆਂ ਹਨ। ਫਿਰ 2017 ਵਿੱਚ Finance Act ਵਿੱਚ ਹੋਰ ਸ਼ੰਸ਼ੋਧਨ ਕੀਤੇ, ਜਿਸ ਅਨੁਸਾਰ ਭਾਰਤ ਦੇ Indian Companies Act ਵਿੱਚ ਮੌਜੂਦਾ ਦਾਨ ਕਰਨ ਦੀ 7.5 % ਸੀਮਾਂ ਹਟਾ ਕੇ ਇਹ ਖੁੱਲ੍ਹ ਦੇ ਦਿਤੀ ਕਿ ਕੋਈ ਪ੍ਰਾਈਵੇਟ ਕੰਪਨੀ, ਐਸੋਸੀਏਸ਼ਨ, ਪਾਰਟਨਰਸ਼ਿਪ ਜਿੰਨਾਂ ਚਾਹੇ ਕਿਸੇ ਵੀ ਪਾਰਟੀ ਨੂੰ ਦਾਨ ਦੇ ਸਕਦੀ ਹੈ। ਉਨ੍ਹਾਂ ਨੂੰ ਇਸ ਰਾਸ਼ੀ ਨੂੰ ਕੰਪਨੀ ਦੇ Profit and Loss ਵਿੱਚ ਵੇਰਵਾ ਦੇਣਾ ਜ਼ਰੂਰੀ ਨਹੀਂ, ਉਹ ਇਸਨੂੰ ਕੰਪਨੀ ਦੇ ਖਰਚੇ (Expenditure) ਦਿਖਾ ਕੇ ਟੈਕਸ ਵਿੱਚ ਵੱਡੀਆਂ ਛੋਟਾਂ ਲੈ ਸਕਦੇ ਹਨ।

ਛਲ ਕਪਟ ਦੇ ਇਸ ਤਾਣੇਬਾਣੇ ਵਿੱਚ ਸੱਤਾ ਵਿੱਚਲੀ ਬੀ ਜੇ ਪੀ ਸਰਕਾਰ, ਰਾਸ਼ਟਰਪਤੀ, ਪੂੰਜੀਪਤੀ ਘਰਾਣੇ, ਸੁਪਰੀਮ ਕੋਰਟ, ਚੋਣ ਕਮਿਸ਼ਨ, ਪ੍ਰਸ਼ਾਸਨ, ਜੁਡੀਸ਼ਰੀ, ਪੁਲਸ, ਈ ਵੀ ਐੱਮ ਨਿਰਮਾਤਾ, ਸਾਫ਼ਟਵੇਅਰ (ਚਿੱਪ) ਬਣਾਉਣ ਵਾਲ਼ੇ, ਸੋਸ਼ਲ ਮੀਡੀਆ, ਗੋਦੀ ਮੀਡੀਆ, 'ਆਜ਼ਾਦ' ਓਪੀਨੀਅਨ ਪੋਲ ਏਜੰਸੀਆਂ ਸਭ ਭਾਈਵਾਲ਼ ਹਨ। ਤੁਸੀਂ ਦੇਖੋਗੇ ਕਿ ਇਲੈਕਸ਼ਨਾਂ ਤੋਂ ਪਹਿਲਾਂ ਕਿਸੇ ਵੱਡੇ ਸਨਸਨੀਖ਼ੇਜ਼ ਖ਼ਬਰ ਨਾਲ਼ ਬੀ ਜੇ ਪੀ ਪਾਰਟੀ ਦੀ 'ਬੱਲੇ ਬੱਲੇ' ਦਾ ਧੂੰਆਂਧਾਰ ਕੂੜ ਪਰਚਾਰ ਕਰਵਾਇਆ ਜਾਵੇਗਾ। ਚੋਣਾਂ ਦੌਰਾਨ ਸੁਖ ਸਹੂਲਤਾਂ ਦੇ ਸਬਜ਼ਬਾਗ ਤੋਂ ਲੈ ਕੇ ਮਾਇਆ ਨਗਰੀ ਦੀ ਚਮਕ ਆਪਣਾ ਰੰਗ ਦਿਖਾਵੇਗੀ। ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਬੀ ਜੇ ਪੀ ਦੇ ਹੁਕਮ ਅਧੀਨ ਸੋਸ਼ਲ ਮੀਡੀਆ, ਗੋਦੀ ਮੀਡੀਆ ਜਾਂ ਅਖੌਤੀ 'ਆਜ਼ਾਦ' ਏਜੰਸੀਆਂ ਵੱਲੋਂ ਚੋਣਾਂ ਵਿੱਚ ਪਾਰਟੀਆਂ ਨੂੰ ਸੰਭਾਵਿਤ ਹਾਸਲ ਹੋਣ ਵਾਲੀਆਂ ਸੀਟਾਂ ਦੇ ਸਰਵੇ ਕਰਵਾਏ ਜਾਣਗੇ। ਚੋਣਾਂ ਤੋਂ ਪਹਿਲਾਂ ਕਰਵਾਏ Entrance Polls ਅਤੇ ਚੋਣਾਂ ਦੇ ਆਫ਼ੀਸ਼ਲ ਰਿਜ਼ਲਟ ਆਉਣ ਤੋਂ ਜ਼ਰਾ ਕੁ ਪਹਿਲਾਂ Exit Polls ਦਾ ਡਰਾਮਾ ਰਚਿਆ ਜਾਵੇਗਾ। ਈ ਵੀ ਐੱਮ ਵਿਚ ਛੇੜਛਾੜ ਕਰਕੇ ਅਖ਼ੀਰ ਚੋਣਾਂ ਦੇ ਆਫ਼ੀਸ਼ਲ ਰਿਜ਼ਲਟ ਪਹਿਲਾਂ ਕਰਵਾਏ Polls ਦੇ ਐਨੇ ਕਰੀਬ ਦਿਖਾਏ ਜਾਣਗੇ ਕਿ ਸਧਾਰਨ ਬੰਦੇ ਦੀ ਚੱਕਰੀ ਭੌਂ ਜਾਵੇਗੀ। ਝੂਠ, ਸੱਚ ਨਾਲੋਂ ਸੱਚਾ ਸੁੱਚਾ ਬਣਾ ਦਿੱਤਾ ਜਾਵੇਗਾ!

ਬੀ ਜੇ ਪੀ/ਮੋਦੀ-ਸ਼ਾਹ-ਤੋਮਰ ਵਰਗੇ ਪਰਾਜਾਤੀਆਂ, ਪਰਜੀਵੀਆਂ ਦੀ ਜਾਨ ਈ ਵੀ ਐੱਮ ਵਿੱਚ ਹੈ। ਇਹ ਨਿਸ਼ਚਿਤ ਹੈ ਕਿ ਜਿੰਨੀ ਦੇਰ ਈ ਵੀ ਐੱਮ ਦੀ ਵਿਵਸਥਾ ਰਹੇਗੀ, ਬੀ ਜੇ ਪੀ ਚੋਣਾਂ ਜਿੱਤਦੀ ਰਹੇਗੀ। ਜੇ ਬੀ ਜੇ ਪੀ / ਮੋਦੀ ਸਰਕਾਰ ਦਾ ਸਫ਼ਾਇਆ ਕਰਨਾ ਹੈ ਅਤੇ ਕਿਸਾਨ ਸੰਘਰਸ਼ ਦੀ ਫ਼ਤਹਿ ਸਦੀਵੀ ਬਣਾਉਣੀ ਹੈ ਤਾਂ ਈ ਵੀ ਐੱਮ ਦੇ ਇਸਤੇਮਾਲ ਉੱਤੇ ਮੁਕੰਮਲ ਪਾਬੰਦੀ ਅਤੇ ਇਸ ਦੀ ਥਾਂ ਬੈਲੱਟ ਪੇਪਰਾਂ ਰਾਹੀਂ ਪੋਲਿੰਗ ਦੀ ਮੰਗ ਲਈ ਸੰਘਰਸ਼ ਵਿੱਢਣਾ ਚਾਹੀਦਾ ਹੈ। ਭਾਰਤ ਦੇ ਮਾਣ-ਮੱਤੇ ਮੌਜੂਦਾ ਕਿਸਾਨ ਸੰਘਰਸ਼ ਦੀ ਫ਼ਤਹਿ ਤੋਂ ਬਾਅਦ ਸੰਭਾਵਿਤ ਉਦੈ ਹੋਣ ਵਾਲ਼ੀ ਜਮਹੂਰੀ ਲੋਕ-ਲਹਿਰ ਹੀ ਈ ਵੀ ਐੱਮ ਬੈਨ ਕਰਵਾ ਕੇ ਇਹਨਾਂ ਪਰਾਜਾਤੀਆਂ, ਪਰਜੀਵੀਆਂ ਦੀ ਜੁੰਡਲ਼ੀ ਦਾ ਖੁਰਾ ਨੱਪੇਗੀ।

ਇਨਕਲਾਬ-ਜ਼ਿੰਦਾਬਾਦ ਲੁਟੇਰਾ ਤੇ ਜਾਬਰ ਰਾਜ ਪ੍ਰਬੰਧ-ਮੁਰਦਾਬਾਦ

# ਖੇਤੀ ਕਾਲੇ ਕਾਨੂੰਨਾਂ ਦਾ ਮੂੰਹ ਮੋੜਨ ਵਿੱਚ ਤੁਹਾਡੇ ਸਬਰ, ਸਿਦਕ ਤੇ ਦ੍ਰਿੜਤਾ ਨੂੰ ਸਲਾਮ !!

ਜੁਝਾਰੂ ਕਿਸਾਨ ਭੈਣਾਂ, ਭਰਾਵੋ, ਬਜ਼ੁਰਗੋ, ਨੌਜਵਾਨੋਂ,

ਕਰੀਬ ਪੌਣੀ ਸਦੀ ਬਾਅਦ ਤੁਸੀਂ ਅੰਗੜਾਈ ਭੰਨੀ, ਤੇ ਐਸੀ ਭੰਨੀ ਕਿ ਥੋੜੀ ਜੁਰਅਤ ਨੇ, ਥੋੜੇ ਹੌਸਲੇ, ਜੋਸ਼, ਜ਼ਜ਼ਬੇ, ਸਬਰ, ਸਿਦਕ ਠਰੰਮੇ ਤੇ ਦਲੇਰੀ ਨੇ ਫਿਰਕੂ-ਫਾਸ਼ੀ ਰਥ 'ਸਵਾਰ ਅਤਿਅੰਤ ਹੰਕਾਰੇ ਤਾਨਾਸ਼ਾਹ ਹਾਕਮ ਦੀ ਧੌਣ 'ਚੋਂ ਕਿੱਲਾ ਕੱਢ ਦਿੱਤਾ। ਤੁਹਾਡੇ ਕੜਕ ਦੀਆਂ ਧੁੱਪਾਂ ਤੇ ਕਕਰੀਲੀਆਂ ਰਾਤਾਂ ਨੂੰ ਬੇਖੌਫ ਹੋ ਕੇ ਪਿੰਡੇ 'ਤੇ ਸਹਿਣ ਦੇ ਸਿਦਕ ਨੇ "ਕਾਨੂੰਨ ਵੀ ਕਦੇ ਵਾਪਸ ਹੋਏ ਨੇ" ਦੀ ਰਟੇ ਲਾਉਣ ਵਾਲੇ ਸੰਘੀ ਲਾਣੇ ਦੇ ਪ੍ਰਧਾਨ ਸੇਵਕ ਨੂੰ ਤਿੰਨੋ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨ ਲਈ ਮਜਬੂਰ ਕਰ ਦਿੱਤਾ। ਤੁਸੀਂ ਜੋ ਇਤਿਹਾਸ ਸਿਰਜਿਆ ਹੈ, ਉਹ ਸਦੀਆਂ ਤੱਕ ਦੇਸ਼ ਤੇ ਦੁਨੀਆਂ ਭਰ ਦੇ ਕਿਰਤੀ ਲੋਕਾਂ ਲਈ ਚਾਨਣ ਮੁਨਾਰਾ ਬਣਿਆ ਰਹੇਗਾ। ਬਿਨਾਂ ਸ਼ੱਕ ਤੁਹਾਡਾ ਨਾਂ ਇਤਿਹਾਸ ਦੇ ਸੁਨਹਿਰੀ ਪੱਤਰਿਆਂ 'ਤੇ ਲਿਖਿਆ ਜਾਵੇਗਾ।

* ਤੁਹਾਡੇ ਇਸ ਲੰਮੇ ਸੰਘਰਸ਼ ਨੇ ਆਪਣੇ ਅਸਲ ਦੁਸ਼ਮਣ ਦੀ ਪਛਾਣ ਕਰਵਾ ਦਿੱਤੀ ਹੈ। ਗੋਰੀ ਹਕੂਮਤ ਦੇ ਸਿੱਧੇ ਰਾਜ ਤੋਂ ਬਾਅਦ, ਦੂਜੀ ਵੱਡੀ ਸੰਸਾਰ ਜੰਗ ਤੋਂ ਬਾਅਦ ਸੰਸਾਰ ਪੂੰਜੀ ਦਾ ਸਭ ਤੋਂ ਵੱਡਾ ਸਰਦਾਰ ਅਮਰੀਕਾ ਅਤੇ ਹੋਰ ਸਾਮਰਾਜੀ ਮੁਲਕ ਆਪਣੇ ਧਨ ਦੇ ਜ਼ੋਰ ਸਾਰੀ ਦੁਨੀਆਂ 'ਤੇ ਕਬਜਾ ਜਮਾਉਣਾ ਚਾਹੁੰਦੇ ਹਨ ਤੁਸੀਂ ਸੰਸਾਰ ਦੇ ਸਭ ਤੋਂ ਵੱਡੇ ਖ਼ੂੰਖਾਰ ਜੰਗਬਾਜ, ਗੁੰਡੇ ਅਮਰੀਕਨ ਸਾਮਰਾਜ ਅਤੇ ਹੋਰਨਾਂ ਸਾਮਰਾਜੀ ਮੁਲਕਾਂ ਦੀਆਂ ਤੀਸਰੀ ਦੁਨੀਆਂ ਦੇ ਮੁਲਕਾਂ 'ਤੇ ਜਬਰੀ ਥੋਪੀਆਂ ਜਾ ਰਹੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਮੂੰਹ ਮੋੜਿਆ ਹੈ।

*ਇਸ ਸ਼ਾਨਦਾਰ ਸੰਘਰਸ਼ ਰਾਹੀਂ ਆਪਾ ਨੂੰ ਸਾਮਰਾਜੀ ਸੰਸਥਾਵਾਂ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ, ਵਿਸ਼ਵ ਵਪਾਰ ਸੰਸਥਾ ਦੀਆਂ ਲੋਕ ਵਿਰਧੀ ਨੀਤੀਆਂ ਬਾਰੇ ਪਤਾ ਲੱਗ ਗਿਆ ਕਿ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਦੀ ਅਸਲ ਜੜ੍ਹ ਇਹੀ ਹਨ।

*ਤੁਸੀਂ ਇਸ ਜਾਨਦਾਰ ਤੇ ਜਾਨ ਹੁਲਵੇਂ ਸੰਘਰਸ਼ ਰਾਹੀਂ ਹਿਟਲਰ ਦੇ ਵਾਰਸ ਮੋਦੀ ਦੇ ਫਿਰਕੂ ਫਾਸ਼ੀ ਰੱਥ ਨੂੰ ਨਾਗਪੁਰੀਏ ਸੱਪਾਂ ਦੇ ਧਾਰਮਿਕ ਘੱਟ ਗਿਣਤੀਆਂ ਖਾਸਕਰ ਮੁਸਲਿਮ ਧਾਰਮਿਕ ਘੱਟ ਗਿਣਤੀਆਂ ਦੇ ਦੇਸ ਨਿਕਾਲੇ ਦੀ ਸਾਜਿਸ਼ ਨੂੰ ਲੋਕ ਏਕਤਾ ਦੇ ਜ਼ੋਰ ਮੂਹਰਿਓਂ ਹੋ ਕੇ ਰੋਕਿਆ ਹੈ। ਤੁਸੀ ਮੋਦੀ ਹਕੂਮਤ ਤੋਂ ਹਿੰਦੂ ਮੁਸਲਮਾਨ ਦਾ ਏਜੰਡਾ ਖੋਹ ਲਿਆ ਹੈ।

*ਤੁਸੀਂ ਆਪਣੇ ਇਸ ਲੰਮੇ ਤੇ ਜਥਾਬੰਧ ਅੰਦੋਲਨ ਰਾਹੀ ਸਾਰੀਆਂ ਹੀ ਮੌਕਾਪ੍ਰਸਤ ਵੋਟ ਪਾਰਟੀਆਂ ਦਾ ਲੋਕ ਵਿਰੋਧੀ ਕਿਰਦਾਰ ਨੰਗਾ ਕਰਕੇ ਉਨਾਂ ਨੂੰ ਇੱਕ ਵਾਰ ਖੂੰਡਾਂ ਵਿੱਚ ਵੜਨ ਲਈ ਮਜਬੂਰ ਕੀਤਾ ਹੈ।

*ਸੰਸਾਰ ਭਰ ਵਿੱਚ ਆਪਣੇ ਸੰਗੀਆਂ, ਹਿਤੈਸ਼ੀਆਂ ਨਾਲ ਪੱਕੀ ਆੜੀ ਗੰਢ ਲਈ ਹੈ। ਦੁਨੀਆਂ ਦੇ ਹਰ ਕੋਨੇ 'ਚ ਲੋਕਾਂ ਨੇ, ਹਰ ਤਬਕੇ ਨੇ ਥੋੜੇ ਸੰਘਰਸ਼ ਨਾਲ ਜਾਨਦਾਰ ਮੋਢਾ ਲਾਇਆ ਹੈ।

*ਇਸ ਅੰਦੋਲਨ ਨੂੰ ਇਤਿਹਾਸਕ ਬਨਾਉਣ ਵਿੱਚ ਮੁਲਾਜਮਾਂ, ਮੀਡੀਆ ਕਰਮੀਆਂ, ਬੁੱਧੀਜੀਵੀਆਂ, ਰੰਗਕਰਮੀਆਂ, ਕਲਾਕਾਰਾਂ, ਬੱਚੇ-ਬੁੱਢਿਆਂ, ਛੋਟੇ ਕਾਰੋਬਾਰੀਆਂ, ਗੀਤਕਾਰਾਂ, ਵਿਦੇਸ਼ੀਂ ਬੈਠੇ ਸੁਹਿਰਦ ਸ਼ੁਭਚਿੰਤਕਾਂ, ਧਾਰਮਿਕ ਸੰਗਠਨਾਂ, ਸਮਾਜ ਸੇਵੀ ਸੰਸਥਾਵਾਂ, ਇਨਕਲਾਬੀ ਜਮਹੂਰੀ ਇਨਸਾਫ ਪਸੰਦ ਤਾਕਤਾਂ ਦਾ ਅਹਿਮ ਯੋਗਦਾਨ ਹੈ।

*ਤੁਸੀਂ ਪੂਰੀ ਚੌਕਸੀ ਨਾਲ ਆਪਣੇ ਅੰਦੋਲਨ ਦੀ ਰਾਖੀ ਕੀਤੀ ਹੈ। ਹਕੂਮਤਾਂ ਵੱਲੋਂ ਮੋਰਚੇ ਨੂੰ ਬਦਨਾਮ ਕਰਨ, ਫੇਲ੍ਹ ਕਰਨ ਦੀਆਂ ਸਾਰੀਆਂ ਸਾਜਿਸ਼ਾਂ ਨੂੰ ਨਾਕਾਮ ਕੀਤਾ ਹੈ।

* ਤੁਹਾਡੇ ਇਸ ਅੰਦੋਲਨ ਨੇ ਦੇਸ ਪੱਧਰ 'ਤੇ ਮਿਹਨਤਕਸ਼ ਲੋਕਾਂ, ਔਰਤਾਂ, ਨੌਜਵਾਨਾਂ, ਅਨੁਸੂਚਿਤ ਜਾਤੀਆਂ, ਧਾਰਮਿਕ ਘੱਟ ਗਿਣਤੀਆਂ, ਲੁੱਟ ਤੇ ਜ਼ਬਰ ਦਾ ਦਹਕਿਆਂ ਤੋਂ ਸ਼ਿਕਾਰ ਵਿਰਵੇ ਤੇ ਹੀਣੇ ਲੋਕਾਂ ਨੂੰ ਮੁਕਤੀ ਦੇ ਰਾਹ ਦੀ ਪਛਾਣ ਕਰਵਾਉਣ ਦਾ ਬੇਹੱਦ ਪਵਿੱਤਰ ਕਾਰਜ ਕੀਤਾ ਹੈ।

ਪਿਆਰੇ ਸਤਿਕਾਰੇ ਵੀਰੋ-ਭੈਣੋ,

* ਲੁੱਟ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦੀ ਜੜ੍ਹ ਇਸ ਪੂੰਜੀਵਾਦੀ ਪ੍ਰਬੰਧ ਨੇ ਸਾਥੋਂ ਸਾਡੀ ਜਿੰਦਗੀ, ਸਾਡੇ ਹਾਸੇ, ਸਾਡੇ ਚਾਅ ਮਲ੍ਹਾਰ, ਸਾਡੀਆਂ ਇਛਾਵਾਂ ਖੋਹ ਲਈਆਂ ਹਨ। ਇਸ ਜੇਤੂ ਸੰਘਰਸ਼ ਨੇ ਤੁਹਾਡੇ ਲਈ ਆਉਣ ਵਾਲੇ ਸਮੇਂ ਦੇ ਵੱਡੇ ਸੰਘਰਸ਼ਾਂ ਦਾ ਮੁੱਢ ਬੰਨਿਆ ਹੈ।

* ਸਾਮਰਾਜੀ ਕਾਰਪੋਰੇਟਾਂ ਦੇ ਯਾਰ ਭਾਰਤੀ ਹਾਕਮਾਂ ਦੀਆਂ ਨਿੱਜੀਕਰਨ, ਉਦਾਰੀਕਰਨ ਤੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਨੂੰ ਰੋਕਣ, ਠੇਕੇਦਾਰੀ ਪ੍ਰਬੰਧ ਦਾ ਖਾਤਮਾ ਕਰਵਾਉਣ ਲਈ ਆਪਾਂ ਨੂੰ ਇਸ ਮੰਗ ਤੇ ਇਸ ਅੰਦੋਲਨ ਤੋਂ ਵੀ ਵੱਡਾ ਅੰਦੋਲਨ ਲੜਨਾ ਪੈਣਾ ਹੈ। ਮੁਲਕ ਦੇ ਹਾਕਮਾਂ ਨੂੰ ਵਿਸ਼ਵ ਵਪਾਰ ਸੰਸਥਾ ਤੋਂ ਬਾਹਰ ਆਉਣ ਲਈ ਮਜਬੂਰ ਕਰਨ ਦੀ ਵੰਗਾਰ ਦਰਪੇਸ਼ ਹੈ।

* ਦੇਸ ਭਰ 'ਚ ਹੱਕੀ ਸੰਘਰਸ਼ਾਂ ਨੂੰ ਕੁੱਚਲਣ ਲਈ ਬਣਾਏ ਕਾਲੇ ਕਾਨੂੰਨਾਂ ਯੂ.ਏ.ਪੀ.ਏ. ਐਸਮਾ, ਅਫਸਪਾ ਨੂੰ ਰੱਦ ਕਰਾਉਣ ਲਈ ਦੇਸ ਭਰ 'ਚ ਜ਼ੇਲ੍ਹਾਂ 'ਚ ਬੰਦ ਬੁੱਧੀਜੀਵੀਆਂ, ਜਮਹੂਰੀ ਕਾਰਕੁੰਨਾਂ, ਵਕੀਲਾਂ ਨੂੰ ਰਿਹਾਅ ਕਰਾਉਣ ਲਈ ਆਪਾਂ ਨੂੰ ਲੜਨਾ ਹੀ ਪੈਣਾ ਹੈ।

* ਦੇਸ ਦੇ ਸਭ ਤੋਂ ਵੱਧ ਦੱਬੇ-ਕੁਚਲੇ ਕਬੀਲਿਆਂ, ਅਨੁਸੂਚਿਤ ਜਾਤਾਂ, ਧਾਰਮਿਕ ਘੱਟ ਗਿਣਤੀਆਂ, ਪੇਂਡੂ ਤੇ ਸਨਅਤੀ ਮਜ਼ਦੂਰਾਂ ਸੰਗ ਜਮਾਤੀ ਏਕਤਾ ਉਸਾਰਨੀ ਹੋਵੇਗੀ। ਏਹੀ ਮਜ਼ਦੂਰ-ਕਿਸਾਨ ਏਕਤਾ ਹੀ ਤਾਂ ਆਪਾਂ ਇਸ ਘੋਲ 'ਚ ਉਸਾਰਨ ਦਾ ਚੰਗਾ ਯਤਨ ਕੀਤਾ ਹੈ। ਅਗਲੀਆਂ ਲੜਾਈਆਂ 'ਚ ਇਸ ਨੂੰ ਹੋਰ ਮਜਬੂਤ ਕਰਨਾ ਹੋਵੇਗਾ।

* ਤੁਸੀਂ ਜਦੋਂ ਜਿੱਤ ਹਾਸਲ ਕਰਕੇ ਪਿੰਡਾਂ ਨੂੰ ਪਰਤ ਰਹੇ ਹੋ ਤਾਂ ਪੰਜਾਬ ਵਿੱਚ ਚੋਣਾਂ ਦਾ ਬਿਗੁਲ ਵੱਜਣ ਦੀਆਂ ਤਿਆਰੀਆਂ ਹਨ। ਇੱਕ ਵਾਰ ਫਿਰ ਤਿੰਨ ਕਾਲੇ ਕਾਨੂੰਨਾਂ ਦਾ ਘਾੜਾ ਤੁਹਾਡੇ ਚੋਟ ਨਿਸ਼ਾਨੇ ਰਿਹਾ ਸੰਘੀ-ਭਾਜਪਾਈ ਲਾਣਾ ਬੇਹੱਦ ਨਿਖੇੜੇ 'ਚ ਹੋਣ ਅਤੇ ਆਪਣੇ ਪੁਰਾਣੇ ਸੰਗੀ, ਅਕਾਲੀਆਂ ਨੂੰ ਗੁਆਉਣ ਤੋਂ ਬਾਅਦ, ਕੈਪਟਨ ਤੇ ਢੀਂਡਸੇ ਵਰਗੇ ਘਾਗ ਮੌਕਾਪ੍ਰਸਤਾਂ ਨਾਲ ਜੋੜਤੋੜ ਕਰਕੇ ਪੰਜਾਬ ਦੀ ਸੱਤਾ ਹਥਿਆਉਣ ਲਈ ਚਾਲਾਂ ਚੱਲ ਰਿਹਾ ਹੈ। ਤੁਸੀਂ ਇਨ੍ਹਾਂ ਦੀਆਂ ਲੋਕ ਦੋਖੀ ਚਾਲਾਂ ਦਾ ਮੂੰਹ ਵੀ ਭੰਨਣਾ ਹੈ ਅਤੇ ਹੋਰਨਾਂ ਮੌਕਾਪ੍ਰਸਤ ਪਾਰਟੀਆਂ/ਗੱਠਜੋੜਾਂ ਦਾ ਪਰਦਾਚਾਕ ਵੀ ਕਰਨਾ ਹੈ ਅਤੇ ਸਭ ਤੋਂ ਵਧ ਕੇ ਚੋਣਾਂ ਦੌਰਾਨ ਸੰਘਰਸ ਦੌਰਾਨ ਉੱਸਰੀ ਆਪਣੀ ਏਕਤਾ/ਇੱਕਜੁੱਟਤਾ ਨੂੰ ਬਰਕਰਾਰ ਵੀ ਰੱਖਣਾ ਹੈ। ਵੇਖਿਉ, ਕਿ ਮੌਕਾਪ੍ਰਸਤ ਪਾਰਟੀਆਂ ਦੀਆਂ ਚਾਲਾਂ ਵਿੱਚ ਫਸ ਕੇ ਆਪਣੇ ਪੈਰ ਕੁਹਾੜਾ ਨਾ ਮਾਰ ਬੈਠਿਓ।

ਇੱਕ ਵਾਰ ਫੇਰ ਅਸੀਂ ਤੁਹਾਡੇ 700 ਤੋਂ ਵਧੇਰੇ ਸਾਥੀਆਂ ਦੀਆਂ ਸ਼ਹਾਦਤਾਂ, ਕੁਰਬਾਨੀਅ ਨੂੰ ਸਿਜਦਾ ਕਰਦੇ ਹਾਂ। ਤੁਹਾਡੇ ਜੋਸ਼, ਸਬਰ ਤੇ ਸਿਦਕ ਨੂੰ ਸਲਾਮ ਕਰਦੇ ਹਾਂ। ਤੁਸੀਂ ਮੁੜ ਤੋਂ ਕਹਾਣੀਆਂ ਦਾ ਮੁੱਢ ਬੰਨਿਆ ਹੈ। ਇਤਿਹਾਸਕ ਤੇ ਸ਼ਾਨਾਮੱਤੀ ਜਿੱਤ ਦੀਆਂ ਸੰਗਰਾਮੀ ਮੁਬਾਰਕਾਂ ਨੂੰ ਮਨਾਂ, ਦਿਲਾਂ ਵਿੱਚ ਵਸਾ ਕੇ ਰੱਖਿਓ ਝੰਡਿਆਂ ਵਿੱਚ ਡੰਡੇ ਪਾਕੇ ਰੱਖਿਓ। ਅਸਲ ਲੜਾਈ ਤਾਂ ਹਾਲੇ ਲੜਨੀ ਬਾਕੀ ਹੈ। ਆਪਣੀ ਲੜਾਈ ਦਾ ਇੱਕ ਅਹਿਮ ਪੜਾਅ ਜਿੱਤਣ ਤੋਂ ਬਾਅਦ ਸੰਘਰਸ਼ ਨੂੰ ਮੁਲਤਵੀ ਕਰਕੇ ਅਗਲੇਰੀਆਂ ਵੱਡੀਆਂ ਚੁਣੌਤੀਆਂ ਸੰਗ ਮੱਥਾ ਲਾਉਣ ਦੀ ਜ਼ੋਰਦਾਰ ਤਿਆਰੀ 'ਚ ਜੁਟ ਜਾਣਾ ਹੈ।

ਸਗੋਂ ਇਸ ਤੋਂ ਵੀ ਅੱਗੇ ਇਨ੍ਹਾਂ ਕਾਲੇ ਕਾਨੂੰਨਾਂ ਸਮੇਤ ਹੋਰਨਾਂ ਲੋਕ ਵਿਰੋਧੀ ਨੀਤੀਆਂ ਦੀ ਜੜ੍ਹ ਲੁਟੇਰੇ ਤੇ ਜਾਬਰ ਰਾਜ ਪ੍ਰਬੰਧ ਨੂੰ ਮੁੱਢੋਂ ਤਬਦੀਲ ਕਰਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲਾ ਨਵਾਂ ਜਮਹੂਰੀ ਪ੍ਰਬੰਧ ਉਸਾਰਨ ਲਈ ਚੱਲ ਰਹੀ ਜਮਾਤੀ ਜੱਦੋਜਹਿਦ ਨੂੰ ਤੇਜ ਕਰਨਾ ਹੋਵੇਗਾ।

ਕੰਵਲਜੀਤ ਖੰਨਾ
94170-67344, 96460-10770

## 'ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨ ਵਾਪਸ ਲੈਣੇ ਪਏ, ਉਸੇ ਤਰ੍ਹਾਂ ਸੀ.ਏ.ਏ.-ਐੱਨ.ਆਰ.ਸੀ. ਵਾਪਸ ਲੈਣਾ ਪਵੇਗਾ': ਅਰੁੰਧਤੀ ਰਾਏ (ਸਫ਼ਾ 3 ਦੀ ਬਾਕੀ)

ਗਿਆ ਹੈ ਤਾਂ ਸਭ ਨੂੰ ਸਮਝ ਆ ਗਈ ਹੈ ਕਿ ਇਸ ਮੁਲਕ ਉੱਪਰ ਰਾਜ ਕਰਨ ਵਾਲੇ ਲੋਕ ਕੌਣ ਹਨ ਅਤੇ ਉਹ ਕੀ ਕਰ ਰਹੇ ਹਨ।

ਵਿਦਿਆਰਥੀਆਂ ਨੇ ਇਨ੍ਹਾਂ ਸਰੋਕਾਰਾਂ ਨੂੰ ਸਮਝਿਆ ਅਤੇ ਵਿਰੋਧ ਕੀਤਾ। ਅਤੇ ਹੋਰ ਬਹੁਤ ਸਾਰੇ ਲੋਕਾਂ ਨੇ, ਕਾਰਕੁੰਨਾਂ ਨੇ, ਵਕੀਲਾਂ ਨੇ, ਬੁੱਧੀਜੀਵੀਆਂ ਨੇ, ਸੱਭਿਆਚਾਰਕ ਕਾਮਿਆਂ ਨੇ ਇਨ੍ਹਾਂ ਗੱਲਾਂ ਨੂੰ ਸਮਝਿਆ। ਅਤੇ ਇਸੇ ਕਾਰਨ ਉਨ੍ਹਾਂ ਉੱਪਰ ਹਮਲਾ ਕੀਤੇ ਗਏ। ਜਾਮੀਆ ਵਿਚ, ਜੇਐੱਨਯੂ ਦੇ ਵਿਦਿਆਰਥੀਆਂ ਉੱਪਰ ਹਮਲਾ ਕੀਤੇ ਗਏ ਅਤੇ ਉਨ੍ਹਾਂ ਨੂੰ ਬਦਨਾਮ ਕੀਤਾ ਗਿਆ। ਇਸ ਤੋਂ ਪਹਿਲਾਂ 2016 ਤੋਂ ਲੈ ਕੇ ਉਮਰ ਖ਼ਾਲਿਦ ਵਰਗੇ ਵਿਦਿਆਰਥੀਆਂ ਨਾਲ ਜੋ ਕੁਝ ਹੋ ਰਿਹਾ ਹੈ, ਉਹ ਇਸ ਹਕੂਮਤ ਦੀ ਖ਼ਸਲਤ ਨੂੰ ਦਰਸਾਉਂਦਾ ਹੈ। ਇਹ ਫਾਸ਼ੀਵਾਦੀ ਹਕੂਮਤ ਸਿਰਫ਼ ਬੁੱਧੀਜੀਵੀਆਂ ਅਤੇ ਬੌਧਿਕਤਾ ਦੇ ਖ਼ਿਲਾਫ਼ ਨਹੀਂ ਹੈ, ਇਹ ਹਰ ਤਰ੍ਹਾਂ ਦੀ ਸਮਝਦਾਰੀ ਦੇ ਖ਼ਿਲਾਫ਼ ਹੈ।

ਇਹ ਖੇਤੀਬਾੜੀ ਦੀ ਸੂਝ ਦੇ ਵਿਰੁੱਧ ਹੈ, ਇਹ ਜ਼ਮੀਨ ਉੱਪਰ ਕੰਮ ਕਰਨ ਦੀ ਸੂਝ ਦੇ ਖ਼ਿਲਾਫ਼ ਹੈ, ਇਹ ਕਾਰੀਗਰਾਂ ਅਤੇ ਕਾਰੀਗਰਾਂ ਦੀ ਸੂਝ ਦੇ ਖ਼ਿਲਾਫ਼ ਹੈ। ਇਸ ਨੂੰ ਨਫ਼ਰਤ ਤੋਂ ਇਲਾਵਾ ਹੋਰ ਕੁਝ ਵੀ ਸਮਝ ਨਹੀਂ ਆਉਂਦਾ। ਸਾਡੇ ਕੋਲ ਅਜਿਹੀ ਸਰਕਾਰ ਹੈ ਜੋ ਮੁਲਕ ਨੂੰ ਪਿਆਰ ਕਰਦੀ ਹੈ ਪਰ ਲੋਕਾਂ ਨੂੰ ਪਿਆਰ ਨਹੀਂ ਕਰਦੀ ਹੈ। ਦੋ ਦਿਨ ਪਹਿਲਾਂ ਅਸੀਂ ਦੇਖਿਆ, ਮੋਦੀ ਜੀ ਬਨਾਰਸ ਦੇ ਇਕ ਮੰਦਰ ਵਿਚ ਸੀਮਿੰਟ ਦੇ ਬਣੇ ਭਾਰਤ ਮਾਤਾ ਦੇ ਨਕਸ਼ੇ ਨੂੰ ਸਲਾਮ ਕਰ ਰਹੇ ਸਨ। ਅੱਜ ਜਦੋਂ ਉਨ੍ਹਾਂ ਦੀਆਂ ਨੀਤੀਆਂ ਕਾਰਨ ਪੂਰਾ ਮੁਲਕ ਆਰਥਿਕ ਸੰਕਟ ਅਤੇ ਕਰੋਨਾ ਮਹਾਮਾਰੀ ਨਾਲ ਹਾਲੋਂ ਬੇਹਾਲ ਹੈ। ਅੱਜ ਜਦੋਂ ਇਸ ਮੁਲਕ ਦੇ ਕਾਰਕੁਨ ਜੇਲ੍ਹਾਂ ਵਿਚ ਹਨ, ਵਿਦਿਆਰਥੀ ਜੇਲ੍ਹਾਂ ਵਿਚ ਹਨ, ਬੁੱਧੀਜੀਵੀ ਜੇਲ੍ਹ ਵਿਚ ਹਨ, ਆਖ਼ਿਰਕਾਰ ਇਹ ਕਿਸ ਮੁਲਕ ਦੀ ਪੂਜਾ ਕਰ ਰਹੇ ਸਨ? ਨਾ ਕਿਸਾਨਾਂ ਦੀ, ਨਾ ਦਲਿਤਾਂ ਦੀ, ਨਾ ਮਜ਼ਦੂਰਾਂ ਦੀ, ਨਾ ਔਰਤਾਂ ਦੀ, ਨਾ ਆਦਿਵਾਸੀਆਂ ਦੀ।

**ਉਹ ਪੂਜਦੇ ਹਨ ਤਾਂ ਅੰਬਾਨੀ ਨੂੰ, ਅਡਾਨੀ ਨੂੰ।**

ਇਨ੍ਹਾਂ ਹਾਲਾਤ ਨੂੰ ਬਦਲਣਾ ਪਵੇਗਾ, ਅਤੇ ਇਹ ਸੌਖਾ ਕੰਮ ਨਹੀਂ ਹੈ। ਸੱਤਾ ਉੱਪਰ ਆਪਣੀ ਪਕੜ ਬਣਾਈ ਰੱਖਣ ਲਈ ਉਨ੍ਹਾਂ ਨੇ ਚੋਣਾਂ ਦੀ ਪੂਰੀ ਵਿਵਸਥਾ ਹੀ ਬਦਲ ਦਿੱਤੀ ਹੈ। ਹੁਣ ਕਿਸੇ ਵੀ ਪਾਰਟੀ ਕੋਲ ਚੋਣਾਂ ਲਈ ਲੋੜੀਂਦੇ ਵਸੀਲੇ ਨਹੀਂ ਹਨ, ਭਾਜਪਾ ਹੀ ਅਜਿਹੀ ਪਾਰਟੀ ਹੈ ਜਿਸ ਕੋਲ ਚੋਣ ਫੰਡ ਹਨ। ਇਲੈਕਟੋਰਲ ਬੌਂਡਾਂ ਬਾਰੇ ਲਿਆਂਦਾ ਗਿਆ ਕਾਨੂੰਨ, ਚੋਣ ਹਲਕਿਆਂ ਦੀਆਂ ਹੱਦਾਂ ਬਦਲਣਾ - ਸਭ ਕੁਝ ਇਹ ਯਕੀਨੀ ਬਣਾਉਣ ਲਈ ਕੀਤਾ ਜਾ ਰਿਹਾ ਹੈ ਕਿ ਉਹ ਸੱਤਾ ਵਿਚ ਬਣੇ ਰਹਿਣ।

ਅੱਜ ਇਸ ਮੁਲਕ ਦੀਆਂ ਸੰਸਥਾਵਾਂ ਉੱਪਰ ਸਿਰਫ਼ ਭਾਜਪਾ ਦਾ ਹੀ ਨਹੀਂ, ਸਗੋਂ ਆਰ.ਐੱਸ.ਐੱਸ. ਅਤੇ ਉਸ ਦੀ ਵਿਚਾਰਧਾਰਾ ਦਾ ਕੰਟਰੋਲ ਹੈ। ਇਹ ਕਬਜਾ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਜੇਕਰ ਉਹ ਚੋਣ ਹਾਰ ਵੀ ਜਾਣ ਤਾਂ ਵੀ ਉਨ੍ਹਾਂ ਦੇ ਲੋਕ ਸੱਤਾ ਉੱਪਰ ਕਾਬਜ ਰਹਿਣਗੇ। ਅਸੀਂ ਖ਼ੁਦ ਦੇਖਿਆ ਕਿ ਕਿਵੇਂ ਚੀਫ ਜਸਟਿਸ ਰੰਜਨ ਗੋਗੋਈ ਨੇ ਸੁਪਰੀਮ ਕੋਰਟ ਨੂੰ ਇਕ ਪ੍ਰਸ਼ਾਸਕੀ ਸੰਸਥਾ ਵਿਚ ਬਦਲ ਦਿੱਤਾ, ਉਸ ਨੂੰ ਸੀ.ਏ.ਏ.-ਐੱਨ.ਆਰ.ਸੀ.ਦੇ ਰੋਜ਼ਮਰਾ ਦੇ ਕੰਮਕਾਜ ਦੀ ਨਿਗਰਾਨੀ ਕਰਨ ਦਾ ਜ਼ਿੰਮਾ ਦੇ ਦਿੱਤਾ। ਅਜਿਹਾ ਉਦੋਂ ਕੀਤਾ ਗਿਆ ਜਦੋਂ ਇਹ ਸਵਾਲ ਅਜੇ ਹੱਲ ਨਹੀਂ ਹੋਇਆ ਸੀ ਕਿ ਸੀ.ਏ.ਏ.-ਐੱਨ.ਆਰ.ਸੀ. ਸੰਵਿਧਾਨਕ ਹੈ ਵੀ ਜਾਂ ਨਹੀਂ, ਉਹ ਇਸ ਸੁਣਵਾਈ ਨੂੰ ਟਾਲਦਾ ਰਿਹਾ। ਇਨ੍ਹਾਂ ਕਾਨੂੰਨਾਂ ਦੀ ਸੰਵਿਧਾਨਕਤਾ ਉੱਪਰ ਸਵਾਲ ਉੱਠੇ ਸਨ ਅਤੇ ਅਦਾਲਤ ਇਨ੍ਹਾਂ ਨੂੰ ਤੈਅ ਕੀਤੇ ਬਿਨਾਂ ਲਾਗੂ ਕਰ ਰਹੀ ਸੀ। ਉਨ੍ਹਾਂ ਨੇ ਸੁਪਰੀਮ ਕੋਰਟ ਦਾ ਮਜ਼ਾਕ ਬਣਾ ਦਿੱਤਾ।

ਅਜਿਹੇ ਹਾਲਾਤ 'ਚ ਸਾਡੇ ਸਾਰਿਆਂ ਲਈ ਵੱਡਾ ਸਵਾਲ ਇਹ ਹੈ ਕਿ ਭਵਿੱਖ 'ਚ ਕੀ ਹੋਣ ਵਾਲਾ ਹੈ। ਇਸ ਦਾ ਜਵਾਬ ਉਦੋਂ ਤੱਕ ਮੁਸ਼ਕਿਲ ਰਹੇਗਾ ਜਦੋਂ ਤੱਕ ਅਸੀਂ ਇਹ ਨਹੀਂ ਸਮਝਦੇ ਕਿ ਇਹ ਸਾਰੇ ਸੰਘਰਸ਼ ਆਪਸ ਵਿਚ ਜੁੜੇ ਹੋਏ ਹਨ, ਜਿੰਨਾ ਚਿਰ ਅਸੀਂ ਵੱਖੋ ਵੱਖਰੇ ਲੜਦੇ ਰਹਾਂਗੇ। ਉਹ ਚਾਹੁੰਦੇ ਹਨ ਕਿ ਅਸੀਂ ਵੱਖੋ-ਵੱਖਰੇ ਬਣੇ ਰਹੀਏ, ਜਾਮੀਆ ਦੇ ਵਿਦਿਆਰਥੀ ਸਿਰਫ਼ ਜਾਮੀਆ ਲਈ ਲੜਨ, ਜੇ.ਐੱਨ.ਯੂ. ਦੇ ਵਿਦਿਆਰਥੀ ਸਿਰਫ਼ ਜੇ.ਐੱਨ.ਯੂ. ਲਈ ਲੜਨ, ਛੱਤੀਸਗੜ੍ਹ ਦੇ ਲੋਕ ਸਿਰਫ਼ ਛੱਤੀਸਗੜ੍ਹ ਲਈ ਲੜਨ, ਕਿਸਾਨ ਸਿਰਫ਼ ਕਿਸਾਨਾਂ ਲਈ ਲੜਨ। ਉਹ ਇਹੀ ਚਾਹੁੰਦੇ ਹਨ ਕਿ ਇਕ ਜਾਤ ਦੂਜੀ ਦੇ ਖ਼ਿਲਾਫ਼, ਇਕ ਧਰਮ ਦੂਜੇ ਦੇ ਖ਼ਿਲਾਫ਼ ਰਹੇ। ਅੱਜ ਅਸੀਂ ਜਿਨ੍ਹਾਂ ਹਾਲਾਤ ਵਿਚ ਹਾਂ, ਸਾਨੂੰ ਸਮਝਣਾ ਹੋਵੇਗਾ ਕਿ ਚੀਜ਼ਾਂ ਇਸ ਤਰ੍ਹਾਂ ਨਹੀਂ ਚੱਲਣਗੀਆਂ। ਸਾਡਾ ਮੁਲਕ ਭਾਰਤ ਇਕ ਸਮਾਜਿਕ ਇਕਰਾਰ ਉੱਪਰ ਬਣਿਆ ਹੈ। ਇਹ ਇਕਰਾਰ ਸੈਂਕੜੇ ਭਾਈਚਾਰਿਆਂ, ਭਾਸ਼ਾਵਾਂ, ਧਰਮਾਂ, ਨਸਲਾਂ, ਜਾਤਾਂ, ਖੇਤਰਾਂ, ਨਸਲਾਂ ਵਿਚਕਾਰ ਹੈ। ਜੇਕਰ ਇਹ ਇਕਰਾਰ ਤੋੜਿਆ ਜਾਂਦਾ ਹੈ, ਅਤੇ ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਾ ਇਸ ਸਮਝੌਤੇ ਨੂੰ ਤੋੜਨ ਦੀ ਵਿਚਾਰਧਾਰਾ ਹੈ, ਤਾਂ ਭਾਰਤ ਨਹੀਂ ਰਹੇਗਾ। ਸ਼ਾਇਦ ਦਸ ਜਾਂ ਵੀਹ ਸਾਲ ਲੱਗ ਜਾਣਗੇ ਪਰ ਇਸ ਇਕਰਾਰ ਦੇ ਟੁੱਟਣ ਤੋਂ ਬਾਦ ਭਾਰਤ ਵੀ ਨਹੀਂ ਰਹੇਗਾ। ਜੇ ਤੁਸੀਂ ਇਹ ਦੇਖਣਾ ਚਾਹੁੰਦੇ ਹੋ ਕਿ ਮੁਲਕ ਕਿਵੇਂ ਖ਼ਤਮ ਹੁੰਦੇ ਹਨ, ਤਾਂ ਸੋਵੀਅਤ ਯੂਨੀਅਨ ਅਤੇ ਯੂਗੋਸਲਾਵੀਆ ਨੂੰ ਦੇ ਲਓ।

ਇਸ ਲਈ ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਜਾਮੀਆ ਅਤੇ ਏਐੱਮਯੂ ਦੇ ਵਿਦਿਆਰਥੀ ਅਤੇ ਉਹ ਸਾਰੇ ਜੋ ਸੀ.ਏ.ਏ. ਦੇ ਖ਼ਿਲਾਫ਼ ਡੱਟੇ ਸਨ, ਸਮਝ ਗਏ ਸਨ ਕਿ ਇਹ ਸਾਡੇ ਮੁਲਕ ਸਾਹਮਣੇ ਬੁਨਿਆਦੀ ਖ਼ਤਰਾ ਹੈ। ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਅੱਜ ਯੂ.ਏ.ਪੀ.ਏ. ਤਹਿਤ ਜੇਲ੍ਹ ਵਿਚ ਹਨ। ਕਿਸੇ ਲੋਕਤੰਤਰ ਵਿਚ ਅਜਿਹਾ ਕਾਨੂੰਨ ਕਿਵੇਂ ਹੋ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਚੁੱਕ ਕੇ ਸਾਲਾਂ ਤੱਕ ਜੇਲ੍ਹ ਵਿਚ ਸੁੱਟ ਦਿਓ। ਉਹ ਇਸ ਨੂੰ ਇਹਤਿਆਤੀ ਨਜ਼ਰਬੰਦੀ ਕਹਿੰਦੇ ਹਨ, ਲੋਕਤੰਤਰ ਵਿਚ ਅਜਿਹੇ ਕਾਨੂੰਨ ਦੀ ਥਾਂ ਕਿੱਥੇ ਹੈ? ਜਿਨ੍ਹਾਂ ਨੂੰ ਵੀ ਹਕੂਮਤ ਨੇ ਇਸ ਦਹਿਸ਼ਤਵਾਦ ਦੇ ਕਾਨੂੰਨ ਤਹਿਤ ਚੁੱਕਿਆ ਹੈ, ਉਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਦਹਿਸ਼ਤਵਾਦੀ ਨਹੀਂ ਹਨ। ਇਸੇ ਲਈ ਉਹ ਉਨ੍ਹਾਂ ਨੂੰ ਦਹਿਸ਼ਤਵਾਦੀ ਕਹਿ ਰਹੇ ਹਨ। ਸਾਈਬਾਬਾ ਦਹਿਸ਼ਤਵਾਦੀ ਨਹੀਂ ਹੈ, ਸੁਧਾ ਭਾਰਦਵਾਜ ਦਹਿਸ਼ਤਵਾਦੀ ਨਹੀਂ ਹੈ, ਆਨੰਦ ਤੇਲਤੁੰਬੜੇ ਦਹਿਸ਼ਤਵਾਦੀ ਨਹੀਂ ਹੈ, ਸੁਰਿੰਦਰ ਗੈਡਲਿੰਗ, ਗੌਤਮ ਨਵਲੱਖਾ, ਉਮਰ ਖ਼ਾਲਿਦ, ਸ਼ਰਜੀਲ ਇਮਾਮ, ਕੋਈ ਵੀ ਦਹਿਸ਼ਤਵਾਦੀ ਨਹੀਂ ਹੈ। ਸਗੋਂ ਸੱਚ ਇਸ ਦੇ ਉਲਟ ਹੈ। ਤੁਸੀਂ ਜਾਣਦੇ ਹੋ ਕਿ ਖ਼ੁਰਮ ਪਰਵੇਜ਼ ਜੇਲ੍ਹ ਵਿਚ ਕਿਉਂ ਹੈ। ਕਿਉਂਕਿ ਉਹ ਕਸ਼ਮੀਰ ਵਿਚ ਇਕ ਮਜ਼ਬੂਤ ਪੈਰ ਦੇ ਰੂਪ ਵਿਚ ਖੜ੍ਹੇ ਸਨ, ਉਹ ਇਕ ਮੁਸ਼ਕਿਲ ਜ਼ਮੀਨ ਉੱਪਰ ਖੜ੍ਹੇ ਸਨ ਜਿੱਥੋਂ ਉਹ ਉੱਥੋਂ ਦੇ ਲੋਕਾਂ ਵਿਰੁੱਧ ਰਾਜ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਸਨ ਅਤੇ ਖਾੜਕੂਵਾਦ ਦੇ ਵੀ ਖ਼ਿਲਾਫ਼ ਸਨ। ਭਾਰਤੀ ਰਾਜ ਨੇ ਕਸ਼ਮੀਰ ਉੱਪਰ ਜੋ ਦਹਿਸ਼ਤ ਥੋਪੀ ਹੈ, ਉਸ ਦੀ ਜਥੇਬੰਦੀ ਨੇ ਉਸ ਦਾ ਦਸਤਾਵੇਜ਼ੀਕਰਨ ਕੀਤਾ। ਉਹ ਜੇਲ੍ਹ ਵਿਚ ਹਨ ਕਿਉਂਕਿ ਉਨ੍ਹਾਂ ਨੇ ਉਸ ਦਹਿਸ਼ਤਗਰਦੀ ਅਤੇ ਭਾਰਤੀ ਰਾਜ ਦਾ ਪਰਦਾਫਾਸ਼ ਕੀਤਾ ਜੋ ਇਕ ਦਹਿਸ਼ਤੀ ਰਾਜ ਹੈ।

ਯੂ.ਏ.ਪੀ.ਏ. ਇਸ ਗੱਲ ਦੀ ਸਿਰਫ਼ ਇਕ ਮਿਸਾਲ ਹੈ ਕਿ ਇਹ ਦਹਿਸ਼ਤ ਕਿਸ ਤਰ੍ਹਾਂ ਥੋਪੀ ਜਾ ਰਹੀ ਹੈ। ਅਮਿਤ ਸ਼ਾਹ ਨੇ ਯੂ.ਏ.ਪੀ.ਏ. ਨੂੰ ਹੋਰ ਵੀ ਬੇਕਿਰਕ ਬਣਾਉਂਦੇ ਹੋਏ ਇਸ ਵਿਚ ਇਹ ਜੋੜ ਦਿੱਤਾ ਕਿ ਸਿਰਫ਼ ਸੰਸਥਾਵਾਂ ਹੀ ਨਹੀਂ ਬਲਕਿ ਵਿਅਕਤੀਆਂ ਨੂੰ ਵੀ ਦਹਿਸ਼ਤਵਾਦੀ ਮੰਨਿਆ ਜਾ ਸਕਦਾ ਹੈ। ਤੁਸੀਂ-ਅਸੀਂ, ਇੱਥੇ ਮੌਜੂਦ ਸਾਰੇ ਨੌਜਵਾਨ, ਵਿਦਿਆਰਥੀ, ਆਗੂ, ਕਾਰਕੁੰਨ, ਬੁੱਧੀਜੀਵੀ ਜੇਲ੍ਹ ਵਿਚ ਡੱਕੇ ਜਾ ਸਕਦੇ ਹਨ। 1 ਅਗਸਤ, 2019 ਨੂੰ ਯੂ.ਏ.ਪੀ.ਏ. ਐਕਟ ਵਿਚ ਸੋਧ ਕਰਦੇ ਸਮੇਂ ਅਮਿਤ ਸ਼ਾਹ ਨੇ ਕੀ ਕਿਹਾ ਸੀ ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾਉਣਾ ਚਾਹੁੰਦੀ ਹਾਂ-

'ਸ਼੍ਰੀਮਾਨ ਜੀ, ਬੰਦੂਕਾਂ ਦਹਿਸ਼ਤਵਾਦ ਨੂੰ ਹੱਲਾਸ਼ੇਰੀ ਨਹੀਂ ਦਿੰਦੀਆਂ। ਦਹਿਸ਼ਤਵਾਦ ਦੀ ਜੜ੍ਹ ਉਹ ਪ੍ਰਚਾਰ ਹੈ ਜੋ ਇਸ ਨੂੰ ਫੈਲਾਉਂਦਾ ਹੈ.... ਜੇ ਐਸੇ ਸਾਰੇ ਵਿਅਕਤੀਆਂ ਨੂੰ ਦਹਿਸ਼ਤਗਰਦ ਐਲਾਨ ਦਿੱਤਾ ਜਾਵੇ ਤਾਂ ਮੈਨੂੰ ਨਹੀਂ ਲੱਗਦਾ ਕਿ ਕਿਸੇ ਵੀ ਸੰਸਦ ਮੈਂਬਰ ਨੂੰ ਇਸ ਉੱਪਰ ਇਤਰਾਜ਼ ਹੋਵੇਗਾ।'

ਇਹ ਵਿਦਿਆਰਥੀਆਂ ਉੱਪਰ, ਬੁੱਧੀਜੀਵੀਆਂ ਉੱਪਰ ਹਮਲਾ ਹੈ, ਇਹ ਸਾਡੇ ਸਾਰਿਆਂ ਉੱਪਰ ਹਮਲਾ ਹੈ, ਜਿਨ੍ਹਾਂ ਨੂੰ ਸ਼ਹਿਰੀ ਨਕਸਲੀ ਕਿਹਾ ਜਾਂਦਾ ਹੈ। ਅਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਹਮਲੇ ਦਾ ਮੁਕਾਬਲਾ ਕਰਨਾ ਪਵੇਗਾ। ਜਿਵੇਂ ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨ ਵਾਪਸ ਲੈਣੇ ਪਏ, ਉਸੇ ਤਰ੍ਹਾਂ ਉਨ੍ਹਾਂ ਨੂੰ ਸੀ.ਏ.ਏ.-ਐੱਨ.ਆਰ.ਸੀ. ਵਾਪਸ ਲੈਣਾ ਪਵੇਗਾ।

ਅਖ਼ੀਰ ਵਿਚ, ਮੈਂ ਦੋ ਗੱਲਾਂ ਹੋਰ ਕਹਿਣਾ ਚਾਹੁੰਦੀ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਸਾਨੂੰ ਇਹ ਸਾਫ਼-ਸਾਫ਼ ਕਹਿਣ ਦੀ ਲੋੜ ਹੈ ਕਿ ਜੋ ਵੀ ਵਿਰੋਧੀ ਪਾਰਟੀਆਂ ਆਪਸ ਵਿਚ ਲੜਦੀਆਂ ਹਨ, ਉਹ ਫਾਸ਼ੀਵਾਦੀਆਂ ਦੇ ਨਾਲ ਹਨ। ਉੱਤਰ ਪ੍ਰਦੇਸ਼ 'ਚ ਚੋਣਾਂ ਹੋਣ ਵਾਲੀਆਂ ਹਨ, ਅਸੀਂ ਚਾਹੁੰਦੇ ਹਾਂ ਕਿ ਫਾਸ਼ੀਵਾਦ ਦੇ ਖ਼ਿਲਾਫ਼ ਸਾਰੀਆਂ ਪਾਰਟੀਆਂ ਇਕੱਠੀਆਂ ਹੋਣ। ਅਤੇ ਜੇਕਰ ਉਹ ਨਹੀਂ ਹੁੰਦੀਆਂ ਤਾਂ ਇਸ ਦਾ ਮਤਲਬ ਹੈ ਕਿ ਉਹ ਉਨ੍ਹਾਂ ਦੇ ਨਾਲ ਹਨ।

ਦੂਸਰੀ ਗੱਲ ਇਹ ਹੈ ਕਿ ਸਾਨੂੰ ਇਕ ਬਹੁਤ ਹੀ ਮਹੱਤਵਪੂਰਨ ਮੰਗ ਉਠਾਉਣ ਦੀ ਲੋੜ ਹੈ ਕਿ ਸਾਡੇ ਮੁਲਕ ਵਿਚ ਇਕ ਵਿਅਕਤੀ ਸਿਰਫ਼ ਇਕ ਕਾਰਜਕਾਲ ਲਈ ਪ੍ਰਧਾਨ ਮੰਤਰੀ ਬਣ ਸਕਦਾ ਹੈ। ਸਾਨੂੰ ਰਾਜਿਆਂ-ਮਹਾਰਾਜਿਆਂ ਵਾਲਾ ਵਕਤ ਨਹੀਂ ਚਾਹੀਦਾ। ਉਹ ਵਕਤ ਖ਼ਤਮ ਹੋ ਗਿਆ ਹੈ। ਹੁਣ ਸਾਡੀ ਮੰਗ ਹੈ ਕਿ ਕੋਈ ਵਿਅਕਤੀ ਸਿਰਫ਼ ਇਕ ਵਾਰ ਪ੍ਰਧਾਨ ਮੰਤਰੀ ਬਣ ਸਕਦਾ ਹੈ, ਇਸ ਤੋਂ ਵੱਧ ਨਹੀਂ। ਸਾਡੇ ਵੱਲੋਂ ਇਹ ਜਮਹੂਰੀ ਮੰਗ ਉਠਾਈ ਜਾਣੀ ਚਾਹੀਦੀ ਹੈ।

# ਕਿਸਾਨੀ ਘੋਲ ਦੇ ਸਬਕ ਨਾਲ ਇਨਕਲਾਬੀ ਤਬਦੀਲੀ ਦਾ ਰਾਹ ਪੱਧਰਾ

ਪੰਜਾਬ ਦੇ ਜੁਝਾਰੂ ਲੋਕੋ,ਤੁਹਾਡੇ ਜਾਨ ਹੂਲਵੇਂ ਸੰਘਰਸ ਨੇ ਖੇਤੀ ਕਾਨੂੰਨਾਂ ਦਾ ਕਦਮ ਪਛਾੜ ਦਿੱਤਾ ਹੈ।ਇਸ ਇਤਿਹਾਸਕ ਸੰਘਰਸ਼ ਨੇ ਪੂਰੇ ਦੇਸ ਅਤੇ ਖਾਸਕਰ ਪੰਜਾਬ, ਹਰਿਆਣੇ ਦੀ ਫਿਜਾ ਨੂੰ ਡੂੰਘੀ ਤਰ੍ਹਾਂ ਝੰਜੋੜਿਆ ਹੈ। ਨਾਉਮੀਦੀ ਦੇ ਆਲਮ ਅੰਦਰ ਆਸ ਦੀਆਂ ਤਰੰਗਾਂ ਜਗਾਈਆਂ ਹਨ। ਪਿਛਲੇ ਦਹਾਕਿਆਂ ਅੰਦਰ ਹਕੂਮਤਾਂ ਸਾਡੇ ਤੋਂ ਸਭ ਕੁਝ ਖੋਹ ਕੇ ਸਾਮਰਾਜੀਆਂ-ਕਾਰਪੋਰੇਟਾਂ ਦੇ ਹਵਾਲੇ ਕਰਦੀਆਂ ਆ ਰਹੀਆਂ ਸਨ। ਇਨ੍ਹਾਂ ਸਾਲਾਂ ਅੰਦਰ ਸਰਕਾਰੀ ਅਦਾਰੇ ਧੜਾਧੜ ਨਿੱਜੀ ਕੰਪਨੀਆਂ ਨੂੰ ਸੌਂਪੇ ਜਾਂਦੇ ਰਹੇ, ਪੱਕੇ ਰੁਜਗਾਰ ਦਾ ਫਸਤਾ ਵੱਢਿਆ ਗਿਆ, ਜਲ, ਜੰਗਲ, ਬਿਜਲੀ ਵਰਗੇ ਸੈਂਕੜੇ ਅਹਿਮ ਸਰੋਤ ਕਾਰਪਰੇਟਾਂ ਹਵਾਲੇ ਕੀਤੇ ਗਏ, ਕਾਨੂੰਨਾਂ ਨੂੰ ਸਾਮਰਾਜੀ ਕੰਪਨੀਆਂ ਮੁਤਾਬਕ ਢਾਲਿਆ ਗਿਆ, ਸਭ ਸਹੂਲਤਾਂ-ਸਬਸਿਡੀਆਂ ਖੋਹੀਆਂ ਗਈਆਂ, ਪਰ ਲੋਕਾਂ ਦੀ ਲਹਿਰ ਇਸ ਵੱਡੇ ਅਤੇ ਮਾਰੂ ਹਮਲੇ ਦਾ ਕੋਈ ਅਸਰਦਾਰ ਟਾਕਰਾ ਨਾ ਉਸਾਰ ਸਕੀ। ਇਸ ਹਾਲਤ ਨੇ ਆਪਣੇ ਲੋਕਾਂ ਅੰਦਰ ਨਿਰਾਸ਼ਾ ਅਤੇ ਨਾਉਮੀਦੀ ਭਰੀ। ਸਾਡੀ ਧਰਤੀ ਦੇ ਧੀਆਂ ਪੁੱਤ ਇਸ ਨਾਉਮੀਦੀ ਚੋਂ ਪਰਾਈਆਂ ਧਰਤੀਆਂ ਦੇ ਬਾਸ਼ਿੰਦੇ ਜਾ ਬਣੇ। ਬਾਕੀ ਰਹਿੰਦੇ ਹਾਕਮਾਂ ਵੱਲੋਂ ਚਲਾਈ ਨਸ਼ਿਆਂ, ਲੱਚਰ ਸੱਭਿਆਚਾਰ, ਵੈਲਪੁਣੇ ਤੇ ਜਾਂ ਖੁਦਕੁਸੀਆਂ ਦੀ ਹਨ੍ਹੇਰੀ ਵਿੱਚ ਉੱਡਦੇ ਰਹੇ। ਪਰ ਸਾਲ ਤੋਂ ਵੀ ਵੱਧ ਸਮਾਂ ਚੱਲੇ ਸੰਘਰਸ ਨੇ ਇਸ ਹਾਲਤ ਨੂੰ ਬਦਲ ਸੁੱਟਣ ਲਈ ਜਮੀਨ ਤਿਆਰ ਕਰ ਦਿੱਤੀ ਹੈ।ਇਸ ਸੰਘਰਸ਼ ਦੇ ਜੇਤੂ ਜਸਨਾਂ ਦੇ ਨਾਲ ਨਾਲ ਇਸ ਜਮੀਨ ਦੀ ਰਾਖੀ ਕਰਨਾ ਤੇ ਇਸ ਨੂੰ ਸਿੰਜਣਾ ਜਰੂਰੀ ਹੈ ਤਾਂ ਜੋ ਇਸ ਉਤੇ ਸਾਡੇ ਚੰਗੇ ਭਵਿੱਖ ਦੀ ਫਸਲ ਲਹਿਰਾ ਸਕੇ। ਜਿਹੜੀਆਂ ਗੱਲਾਂ ਨੇ ਇਸ ਸੰਘਰਸ ਨੂੰ ਕਾਮਯਾਬੀ ਬਖਸ਼ੀ, ਉਨ੍ਹਾਂ ਨੂੰ ਸਮਝਣਾ, ਮਜਬੂਤ ਕਰਨਾ ਅਤੇ ਇਸ ਘੋਲ ਦੇ ਸਬਕਾਂ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ।

ਇਸ ਇੱਕ ਵਰ੍ਹੇ ਤੋਂ ਉਪਰ ਦੇ ਸਮੇਂ ਦੌਰਾਨ ਲੋਕ ਸੰਘਰਸ ਦਾ ਵਾਹ ਅਨੇਕ ਪ੍ਰਕਾਰ ਦੇ ਜਾਬਰ ਤੇ ਦਬਸ ਪਾਊ ਕਦਮਾਂ, ਭਟਕਾਊ ਹੱਥਕੰਡਿਆਂ, ਸਾਜ਼ਿਸਾਂ ਅਤੇ ਹਕੂਮਤੀ ਚਾਲਾਂ ਨਾਲ ਪਿਆ ਹੈ। ਇਨ੍ਹਾਂ ਸਾਰੇ ਹੱਥਕੰਡਿਆਂ ਅਤੇ ਜਾਬਰ ਕਦਮਾਂ ਨੂੰ ਪਛਾੜਦਿਆਂ ਇਹ ਸੰਘਰਸ ਸਫਲਤਾ ਤਕ ਪੁੱਜ ਸਕਿਆ ਕਿਉਂਕਿ:

* ਇਹ ਘੋਲ ਉਨ੍ਹਾਂ ਜਥੇਬੰਦੀਆਂ ਦੀ ਅਗਵਾਈ ਹੇਠ ਲੜਿਆ ਗਿਆ, ਜਿਹੜੀਆਂ ਪਿਛਲੇ ਦਹਾਕਿਆਂ ਦੌਰਾਨ ਕਿਸਾਨਾਂ ਨੂੰ ਹਕੂਮਤੀ ਨੀਤੀਆਂ ਖ਼ਿਲਾਫ ਚੇਤਨ ਅਤੇ ਲਾਮਬੰਦ ਕਰਨ ਲਈ ਪੰਜਾਬ ਅੰਦਰ ਅਣਖਿਝ ਕੰਮ ਕਰਦੀਆਂ ਰਹੀਆਂ ਸਨ। ਕਿਸਾਨ ਇਨ੍ਹਾਂ ਦੀ ਅਗਵਾਈ ਹੇਠ ਅਨੇਕਾਂ ਸੰਘਰਸ ਲੜ ਚੁੱਕੇ ਸਨ, ਜਥੇਬੰਦ ਹੋਣ ਦਾ ਮੁੱਢਲਾ ਸਬਕ ਗ੍ਰਹਿਣ ਕਰ ਚੁੱਕੇ ਸਨ, ਹਕੂਮਤੀ ਕਿਰਦਾਰ ਤੋਂ ਕਿਸੇ ਹੱਦ ਤੱਕ ਵਾਕਿਫ ਹੋ ਚੁੱਕੇ ਸਨ। ਇਹਨਾਂ ਜਥੇਬੰਦੀਆਂ ਹੇਠਲੀ ਕਿਸਾਨ ਤਾਕਤ ਹੀ ਅੰਤ ਤਕ ਇਸ ਘੋਲ ਅੰਦਰ ਡਟੀ ਰਹੀ ਅਤੇ ਇਸ ਨੂੰ ਲੰਬਾ ਸਮਾਂ ਮੱਘਦਾ ਰੱਖਿਆ। ਇਸ ਜਥੇਬੰਦ ਤਾਕਤ ਦੀ ਅਣਹੋਂਦ ਅੰਦਰ ਆਪ ਮੁਹਾਰਾ ਵੇਗ ਛੇਤੀ ਹੀ ਦਬ ਜਾਣਾ ਸੀ ਅਤੇ ਘੋਲ ਨੇ ਲੀਹੋਂ ਲਹਿ ਜਾਣਾ ਸੀ।

*ਇਹ ਘੋਲ ਭਾਵੇਂ ਖੇਤੀ ਕਾਨੂੰਨਾਂ ਦੇ ਫੌਰੀ ਕਦਮ ਖਿਲਾਫ ਉੱਠਿਆ ਸੀ, ਪਰ ਇਸਨੂੰ ਹਕੂਮਤੀ ਨੀਤੀਆਂ ਦੀ ਵਡੇਰੀ ਚੇਤਨਾ ਨਾਲ ਲੜਿਆ ਗਿਆ। ਖੇਤੀ ਕਾਨੂੰਨਾਂ ਦੇ ਕਦਮ ਨੂੰ ਦਹਾਕਿਆਂ ਤੋਂ ਲਾਗੂ ਹੁੰਦੀਆਂ ਆ ਰਹੀਆਂ ਲੋਕ ਮਾਰੂ ਨੀਤੀਆਂ ਦੀ ਕੜੀ ਵਿਚ ਹੀ ਇਕ ਅਗਲੇ ਕਦਮ ਵਜੋਂ ਬੁੱਝਿਆ ਗਿਆ। ਇਸ ਵਡੇਰੇ ਪ੍ਰਸੰਗ ਵਿਚ ਹਕੂਮਤੀ ਹੱਲੇ ਨੂੰ ਬੁੱਝਣ ਸਦਕਾ ਹੀ ਇਸ ਘੋਲ ਦੇ ਸਹੀ ਚੋਟ ਨਿਸਾਨੇ ਟਿੱਕੇ ਗਏ।

* ਇਸ ਘੋਲ ਅੰਦਰ ਲੋਕਾਂ ਨੇ ਹਾਕਮ ਜਮਾਤੀ ਸਿਆਸਤ ਦੀਆਂ ਸਭਨਾਂ ਧਿਰਾਂ ਨੂੰ ਆਪਣੇ ਮੰਚ ਤੋਂ ਲਾਂਭੇ ਰੱਖਿਆ। ਹੁਣ ਤੱਕ ਅਨੇਕਾਂ ਵਾਰ ਹਿਮਾਇਤ ਦੇ ਨਾਂ ਹੇਠ ਇਹ ਧਿਰਾਂ ਲੋਕਾਂ ਦੇ ਸੰਘਰਸਾਂ ਦੀ ਕਮਾਨ ਸਾਂਭਦੀਆਂ ਅਤੇ ਹੱਕੀ ਘੋਲਾਂ ਨੂੰ ਆਪਣੀ ਚੋਣ ਖੇਡ ਵਿੱਚ ਵਰਤਦੀਆਂ ਰਹੀਆਂ ਹਨ।ਪਰ ਇਸ ਵਾਰ ਲੋਕਾਂ ਨੇ ਵੋਟ ਸਿਆਸਤ ਨੂੰ ਆਪਣਾ ਘੋਲ ਖਦੇੜਨ ਦਾ ਮੌਕਾ ਨਹੀਂ ਦਿੱਤਾ।

*ਇਹ ਧਰਮਾਂ, ਸੂਬਿਆਂ ਅਤੇ ਤਬਕਿਆਂ ਦੀ ਵਲਗਣ ਤੋਂ ਪਾਰ ਇਕ ਸਾਂਝਾ ਅੰਦੋਲਨ ਬਣਕੇ ਉਭਰਿਆ, ਜਿਸ ਨੇ ਹਾਕਮਾਂ ਵੱਲੋਂ ਵਰਤੇ ਜਾਂਦੇ ਸਭ ਪ੍ਰਕਾਰ ਦੇ ਪਾਟਕ-ਪਾਊ ਪੈਂਤੜੇ ਕਾਮਯਾਬ ਨਹੀਂ ਹੋਣ ਦਿੱਤੇ। ਇਹ ਘੋਲ ਸਮਾਜ ਦੇ ਸਾਰੇ ਤਬਕਿਆਂ ਦਾ ਸਰੋਕਾਰ ਜਗਾਉਣ ਵਿੱਚ ਕਾਮਯਾਬ ਰਿਹਾ। ਗੀਤਕਾਰ, ਗਾਇਕ, ਲੇਖਕ, ਕਲਾਕਾਰ ਇਸਦੇ ਵੇਗ ਨਾਲ ਟੁੰਬੇ ਗਏ ਤੇ ਇਸਦਾ ਅੰਗ ਬਣੇ। ਵਿਦੇਸੀ ਧਰਤੀਆਂ ਤੇ ਵਸੇ ਸਾਡੀ ਮਿੱਟੀ ਦੇ ਜਾਏ ਹਰ ਸੰਭਵ ਤਰੀਕੇ ਇਸਦੀ ਇਮਦਾਦ ਵਿੱਚ ਆ ਜੁਟੇ। ਹੋਰਨਾਂ ਜਥੇਬੰਦ ਤਬਕਿਆਂ ਨੇ ਇਸ ਘੋਲ ਨਾਲ ਆਪਣੇ ਆਪ ਨੂੰ ਜੋੜਿਆ। ਇਉਂ ਇਹ ਕਿਸਾਨੀ ਸੰਘਰਸ ਰਹਿੰਦਾ ਹੋਇਆ ਵੀ ਸਮੁੱਚੇ ਸਮਾਜ ਦਾ ਸਾਂਝਾ ਸੰਘਰਸ ਬਣ ਸਕਿਆ।

* ਸਾਰੇ ਘੋਲ ਦੌਰਾਨ ਇਸ ਦੀ ਅਗਵਾਈ ਕਿਸਾਨਾਂ ਦੀਆਂ ਆਪਣੀਆਂ ਜਥੇਬੰਦੀਆਂ ਦੇ ਹੱਥ ਰਹੀ। ਵੱਖ ਵੱਖ ਤਰ੍ਹਾਂ ਦੇ ਤੱਤਾਂ ਵੱਲੋਂ ਮੌਕੇ ਦਰ ਮੌਕੇ ਉਛਾਲੇ ਜਾਂਦੇ ਮੁੱਦਿਆਂ ਦੇ ਮੁਕਾਬਲੇ ਇਹ ਜਥੇਬੰਦੀਆਂ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਮੰਗ ਤੇ ਅਡੋਲ ਰਹੀਆਂ, ਭਟਕਾਊ ਮੁੱਦਿਆਂ ਤੋਂ ਨਿਖੇੜਾ ਕਰਦੀਆਂ ਰਹੀਆਂ ਅਤੇ ਘੋਲ ਨੂੰ ਆਪ ਮੁਹਾਰਤਾ ਦਾ ਸ਼ਿਕਾਰ ਹੋ ਕੇ ਖਿੰਡਣ ਨਹੀਂ ਦਿੱਤਾ।

* ਵੱਖ-ਵੱਖ ਤੱਤਾਂ ਵੱਲੋਂ ਇਹਨੂੰ ਧਾਰਮਿਕ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਘੋਲ ਮੁੱਖ ਤੌਰ 'ਤੇ ਧਰਮ ਨਿਰਲੇਪ ਰਿਹਾ। ਹਾਕਮਾਂ ਅਤੇ ਗੈਰ ਸਮਾਜੀ ਤੱਤਾਂ ਵੱਲੋਂ ਇਹਨੂੰ ਧਾਰਮਕ ਹੱਦਬੰਦੀਆਂ ਵਿੱਚ ਕੈਦ ਕਰਨ ਅਤੇ ਇੱਕ ਫਿਰਕੇ ਦਾ ਘੋਲ ਬਣਾ ਕੇ ਪੇਸ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਕੀਤੀਆਂ ਗਈਆਂ।ਚੇਤਨ ਆਗੂ ਹਿੱਸਿਆਂ ਵੱਲੋਂ ਇਸਦਾ ਧਰਮ ਨਿਰਲੇਪ ਖਾਸਾ ਬੁਲੰਦ ਰੱਖਣ ਲਈ ਲਗਾਏ ਗਏ ਤਾਣ ਨੇ ਇਸ ਅੰਦਰ ਰੋਲ ਨਿਭਾਇਆ।

ਇਸ ਸਾਲ ਭਰ ਲੰਮੇ ਸੰਘਰਸ਼ ਨੇ ਸਿਰਫ ਖੇਤੀ ਕਾਨੂੰਨ ਹੀ ਵਾਪਿਸ ਨਹੀਂ ਕਰਵਾਏ ਸਗੋਂ:

*ਪੰਜਾਬ ਦੀ ਸਿਆਸੀ ਫ਼ਿਜ਼ਾ ਵੀ ਬਦਲੀ ਹੈ। ਸਾਮਰਾਜੀਏ, ਕਾਰਪੋਰੇਟ ਤੇ ਵਰਗੀਆਂ ਉਨ੍ਹਾਂ ਦੀਆਂ ਸੰਸਥਾਵਾਂ ਸਾਡੀ ਜ਼ਿੰਦਗੀ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਰਹੀਆਂ ਸਨ ਪਰ ਸਾਡੀ ਪਛਾਣ ਤੋਂ ਪਰ੍ਹੇ ਸਨ। ਹੁਣ ਅੱਗੋਂ ਲਈ ਉਹ ਲੋਕਾਂ ਦੇ ਚੋਟ ਨਿਸਾਨੇ ਤੇ ਆ ਗਏ ਹਨ। ਉਨ੍ਹਾਂ ਲਈ ਲੋਕਾਂ ਦੀ ਜ਼ਿੰਦਗੀ ਤਹਿਸ ਨਹਿਸ ਕਰਦੀਆਂ ਸਰਕਾਰਾਂ ਦੀਆਂ ਨੀਤੀਆਂ ਲੋਕਾਂ ਦੇ ਨਿਸਾਨੇ ਉੱਤੇ ਆਈਆਂ ਹਨ। ਆਪਣੀ ਜ਼ਿੰਦਗੀ ਦੀ ਦੁਰਗਤ ਲਈ ਜ਼ਿੰਮੇਵਾਰ ਹਕੀਕੀ ਦੁਸਮਣਾਂ ਦੀ ਪਹਿਚਾਣ ਨੇ ਭਵਿੱਖੀ ਲੋਕ ਸੰਗਰਾਮਾਂ ਨੂੰ ਜੇਤੂ ਰੰਗਤ ਦੇਣੀ ਹੈ।

*ਹਾਕਮ ਜਮਾਤਾਂ ਦੀ ਵੰਡ ਪਾਊ ਸਿਆਸਤ ਨੂੰ ਵੀਚਮਾਤ ਦਿੱਤੀ ਹੈ। ਪਿਛਲੇ ਵਰ੍ਹਿਆਂ ਅੰਦਰ ਇਸ ਸਿਆਸਤ ਦੇ ਬਲਬੂਤੇ ਲੋਕ ਸੰਘਰਸਾਂ ਨਾਲ ਨਜਿੱਠਿਆ ਜਾਂਦਾ ਰਿਹਾ ਹੈ। ਪਰ ਇਸ ਸੰਘਰਸ ਨੇ ਲੋਕਾਂ ਦੇ ਏਕੇ ਅਤੇ ਭਾਈਚਾਰੇ ਵਿੱਚ ਨਵੀਂ ਰੂਹ ਫੂਕੀ ਹੈ।ਸੂਬਿਆਂ ਦੀਆਂ ਹੱਦਬੰਦੀਆਂ ਭੰਨੀਆਂ ਗਈਆਂ ਹਨ। ਸੌੜੀਆਂ ਧਾਰਮਕ ਵਲਗਣਾਂ ਨੂੰ ਨਾਂ ਸਿਰਫ ਨਕਾਰਿਆ ਗਿਆ ਹੈ, ਸਗੋਂ ਪਿਛਲੇ ਅਰਸੇ ਅੰਦਰ ਸਾਵਣਵਾਦੀ ਤਾਕਤਾਂ ਵੱਲੋਂ ਗੂੜ੍ਹੀ ਕੀਤੀ ਗਈ ਫਿਰਕਿਆਂ ਵਿਚਲੀ ਲੀਕ ਵੀ ਮੇਟੀ ਗਈ ਹੈ। ਇਹ ਸੰਘਰਸ ਸਭ ਵਖਰੇਵਿਆਂ ਤੋਂ ਉੱਪਰ ਉੱਠੀ ਸਾਂਝੀਵਾਲਤਾ ਦਾ ਚਿੰਨ੍ਹ ਬਣਿਆ ਹੈ। ਇਸ ਸਾਂਝ ਅਤੇ ਭਾਈਚਾਰੇ ਦੇ ਸਿਰ ਤੇ ਲੋਕਾਂ ਨੇ ਭਵਿੱਖ ਵਿੱਚ ਬਹੁਤ ਲੰਮਾ ਪੰਧ ਤੈਅ ਕਰਨਾ ਹੈ।

* ਪੰਜਾਬ ਦੀ ਜੁਆਨੀ ਅੰਦਰ ਲੋਕ ਪੱਖੀ ਸਿਆਸਤ ਦੀ ਝਰਨਾਹਟ ਛੇੜੀ ਹੈ।ਹੁਣ ਤਕ ਇਹ ਹਿੱਸਾ ਲੋਕ ਸੰਘਰਸਾਂ ਤੋਂ ਪਾਸੇ ਰਿਹਾ ਹੈ, ਹਾਕਮ ਜਮਾਤਾਂ ਦੇ ਸੱਭਿਆਚਾਰਕ ਸ਼ਿਕੰਜੇ ਵਿੱਚ ਜਕੜਿਆ ਰਿਹਾ ਹੈ। ਇਸ ਸੰਘਰਸ ਨੇ ਉਨ੍ਹਾਂ ਅੰਦਰ ਕੌਮੀ ਅਣਖ ਜਗਾਈ ਹੈ, ਭਖਵੇਂ ਸੁਆਲ ਅਤੇ ਮੁੱਦੇ ਉਭਾਰੇ ਹਨ। ਜੁਆਨੀ ਦੇ ਗੀਤਾਂ ਦੇ ਬੋਲ ਇਸ ਸੰਘਰਸ਼ ਨੇ ਬਦਲੇ ਹਨ। ਇਸ ਸੰਘਰਸ ਰਾਹੀਂ ਹਲੂਣੀ ਗਈ ਜੁਆਨੀ ਨੇ ਪੰਜਾਬ ਦੇ ਸੰਗਰਾਮਾਂ ਨੂੰ ਨਵੀਆਂ ਬੁਲੰਦੀਆਂ ਤੇ ਲੈ ਕੇ ਜਾਣਾ ਹੈ।

*ਲੋਕ ਜਥੇਬੰਦੀਆਂ ਨੂੰ ਨਵੀਂ ਤਾਕਤ ਦਿੱਤੀ ਹੈ।ਲੋਕਾਂ ਅੰਦਰ ਪਨਪਦਾ ਆਪ ਮੁਹਾਰਾ ਰੋਹ ਜਥੇਬੰਦੀਆਂ ਦੇ ਝੰਡੇ ਹੇਠ ਲਾਮਬੰਦ ਹੋਣ ਤੁਰਿਆ ਹੈ। ਇਹ ਜਥੇਬੰਦ ਤਾਕਤ ਹੀ ਅਜਿਹੀ ਜਾਬਤਾਬੱਧ ਫੌਜ ਬਣਦੀ ਹੈ ਜੀਹਦੇ ਸਿਰ ਤੇ ਕਰੜੇ ਸੰਘਰਸ ਲੜੇ ਅਤੇ ਜਿੱਤੇ ਜਾ ਸਕਦੇ ਹਨ।

ਸਾਡੇ ਇਸ ਕਿਸਾਨ ਘੋਲ ਨੇ ਦਿਖਾਇਆ ਹੈ ਕਿ ਜੇ ਲੋਕ ਏਕਾ ਕਰ ਲੈਣ ਤਾਂ

* ਕੋਈ ਪ੍ਰਵਾਹ ਨਾ ਕਰਨ ਵਾਲੀਆਂ ਧੱਕੜ ਹਕੂਮਤਾਂ ਦੀਆਂ ਵੀ ਗੋਡਣੀਆਂ ਲਗਵਾਈਆਂ ਜਾ ਸਕਦੀਆਂ ਹਨ।

*ਪਛੜੇ ਮੁਲਕਾਂ ਵਿੱਚ ਆਪਣੀ ਮਨਮਰਜੀ ਦੇ ਕਾਨੂੰਨ ਬਣਵਾਉਣ ਵਾਲੇ ਸਾਮਰਾਜੀਆਂ ਨੂੰ ਵੀ ਮਾਤ ਦਿੱਤੀ ਜਾ ਸਕਦੀ ਹੈ।

*ਹਾਕਮ ਜਮਾਤਾਂ ਵੱਲੋਂ ਲੋਕਾਂ ਚ ਖੜ੍ਹੀਆਂ ਕੀਤੀਆਂ ਸੂਬਿਆਂ, ਧਰਮਾਂ, ਜਾਤਾਂ ਦੀਆਂ ਵੰਡੀਆਂ ਵੀ ਖੋਰੀਆਂ ਜਾ ਸਕਦੀਆਂ ਹਨ।

*ਆਪਣੇ ਮੁਨਾਫਿਆਂ ਲਈ ਲੋਕਾਂ ਦੀਆਂ ਜ਼ਿੰਦਗੀਆਂ ਉਜਾੜਦੇ ਕਾਰਪੋਰੇਟਾਂ ਦੇ ਕਾਰੋਬਾਰ ਵੀ ਠੱਪ ਕੀਤੇ ਜਾ ਸਕਦੇ ਹਨ।

ਅੱਜ ਜਦੋਂ ਕਿ ਸਮਾਜ ਦੇ ਹੋਰ ਸਾਰੇ ਤਬਕੇ ਵੀ ਸਾਮਰਾਜੀ ਜਾਗੀਰਦਾਰੀ ਪੱਖੀ ਹਕੂਮਤੀ ਨੀਤੀਆਂ ਦੀ ਪੀੜ ਹੰਢਾ ਰਹੇ ਹਨ ਅਤੇ ਸੰਘਰਸ ਦੇ ਰਾਹ ਤੁਰੇ ਹੋਏ ਹਨ ਤਾਂ ਇਹ ਜੇਤੂ ਕਿਸਾਨ ਸੰਘਰਸ ਉਹਨਾਂ ਨੂੰ ਅਗਵਾਈ ਦਿੰਦਾ ਹੈ ਕਿ:

*ਲੰਮਾ ਦਮ ਰੱਖ ਕੇ ਲੜਨ ਲਈ ਤਿਆਰ ਹੋਵੋ!

*ਫੌਰੀ ਕਦਮਾਂ ਪਿਛਲੀਆਂ ਨੀਤੀਆਂ ਪਛਾਣੋ ਅਤੇ ਨਿਸਾਨੇ ਹੇਠ ਲਵੋ!

*ਵੋਟ ਬਟੋਰੂਆਂ ਨੂੰ ਆਪਣੇ ਸੰਘਰਸ ਅੰਦਰ ਘੁਸਪੈਠ ਨਾਂ ਕਰਨ ਦਿਓ!

* ਸੌੜੀਆਂ ਵਲਗਣਾਂ ਤੋਂ ਉਪਰ ਉਠੋ, ਵੱਡਾ ਏਕਾ ਉਸਾਰਨ ਦੇ ਰਾਹ ਪਓ!

ਹੁਣ ਜਦੋਂ ਕਿ ਲੋਕ ਆਪਣੀ ਇਸ ਇਤਿਹਾਸਕ ਜਿੱਤ ਦੇ ਜਸਨ ਮਨਾ ਰਹੇ ਹਨ ਤਾਂ ਪੰਜਾਬ ਅੰਦਰ ਚੋਣਾਂ ਦਾ ਮਾਹੌਲ ਵੀ ਭਖ ਰਿਹਾ ਹੈ। ਚੱਲਦੇ ਸੰਘਰਸ ਦੌਰਾਨ ਵੀ ਵੰਨ ਸੁਵੰਨ ਦੀਆਂ ਵੋਟ ਬਟੋਰੂ ਪਾਰਟੀਆਂ ਸਾਡੇ ਸੰਘਰਸ਼ ਅੰਦਰ ਘੁਸਪੈਠ ਕਰਨ ਲਈ ਯਤਨਸੀਲ ਰਹੀਆਂ ਹਨ ਅਤੇ ਹੁਣ ਵੀ ਉਹ ਇਸ ਸੰਘਰਸ ਦੀ ਜਿੱਤ ਨੂੰ ਆਪਣੇ ਵੋਟ ਬੈਂਕ ਵਿੱਚ ਢਾਲਣ ਦੀਆਂ ਆਸਾਂ ਪਾਲ ਰਹੀਆਂ ਹਨ। 74 ਸਾਲਾਂ ਦੇ ਚੋਣ ਅਮਲ ਨੇ ਇਹ ਦਿਖਾ ਦਿੱਤਾ ਹੈ ਕਿ ਚੋਣਾਂ ਦਾ ਗਧੀ ਗੇੜ ਲੋਕਾਂ ਦੀਆਂ ਜ਼ਿੰਦਗੀਆਂ ਨਹੀਂ ਸੰਵਾਰ ਸਕਦਾ। ਸਗੋਂ ਇਹ ਅਮਲ ਤਾਂ ਲੋਕਾਂ ਖਿਲਾਫ ਸਾਜ਼ਿਸ਼ਾਂ ਦੀ ਭੌਂ ਬਣਦਾ ਹੈ, ਉਨ੍ਹਾਂ ਨੂੰ ਆਪੋ ਵਿਚ ਪਾੜਦਾ ਅਤੇ ਇਕ ਦੂਜੇ ਖਿਲਾਫ ਵਰਤਣ ਦਾ ਸੰਦ ਬਣਦਾ ਹੈ। ਚੋਣਾਂ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਕੇ ਹਕੀਕਤ ਵਿਚ ਸਾਮਰਾਜੀ ਕਦਮਾਂ ਦੇ ਹੱਕ ਵਿੱਚ ਫਤਵੇ ਲਏ ਜਾਂਦੇ ਹਨ। ਇਸ ਲਈ ਵੋਟ ਸਿਆਸਤ ਲੋਕਾਂ ਦੀ ਸਿਆਸਤ ਨਹੀਂ ਹੈ।ਲੋਕਾਂ ਦੀ ਹਕੀਕੀ ਸਿਆਸਤ ਤਾਂ ਕਿਸਾਨ ਘੋਲ ਦੌਰਾਨ ਉੱਭਰੀ ਹੋਈ ਸਿਆਸਤ ਹੈ। ਇਹ ਸਿਆਸਤ:

*ਵੋਟ ਬਟੋਰੂ ਟੋਲਿਆਂ ਦੇ ਲੜ ਨਾ ਲੱਗਣ ਦੀ ਸਿਆਸਤ ਹੈ।

*ਵੋਟ ਤਾਕਤ ਦੇ ਮੁਕਾਬਲੇ ਲੋਕ ਤਾਕਤ ਮਜਬੂਤ ਕਰਨ ਦੀ ਸਿਆਸਤ ਹੈ।

*ਹਾਕਮ ਜਮਾਤਾਂ ਦੇ ਕਾਨੂੰਨਾਂ, ਨੀਤੀਆਂ, ਸੰਸਥਾਵਾਂ ਨੂੰ ਬਾਹਰੋਂ ਪ੍ਰਭਾਵਤ ਕਰਨ ਦੀ ਸਿਆਸਤ ਹੈ।

* ਸੰਘਰਸਾਂ ਦੇ ਜੋਰ ਲੋਕਾਂ ਦੀ ਰਜਾ ਮਨਵਾਉਣ ਦੀ ਸਿਆਸਤ ਹੈ।

* ਵੋਟਾਂ ਦੀ ਕੁੱਕੜਖੋਹੀ ਕੋਲੋਂ ਆਪਣੀ ਭਾਈਚਾਰਕ ਸਾਂਝ ਬਚਾਉਣ ਦੀ ਸਿਆਸਤ ਹੈ।

ਆਉਂਦੇ ਦਿਨਾਂ ਅੰਦਰ ਇਸ ਵੋਟ ਸਿਆਸਤ ਦੇ ਮੁਕਾਬਲੇ ਲੋਕਾਂ ਦੀ ਇਸ ਸਿਆਸਤ ਨੂੰ ਬੁਲੰਦ ਕਰਨ ਦੀ ਅਤੇ ਲੋਕਾਂ ਦੇ ਮਜਬੂਤ ਹੋਏ ਏਕੇ ਨੂੰ ਮੁੜ ਖਿੰਡਣ ਤੋਂ ਬਚਾਉਣ ਦੀ ਬੇਹੱਦ ਲੋੜ ਹੈ। ਆਪਣੇ ਸਭ ਮੰਗਾਂ ਮਸਲਿਆਂ ਦੇ ਹੱਲ ਲਈ ਅਤੇ ਆਪਣੀ ਜ਼ਿੰਦਗੀਆਂ ਦੀ ਨੁਹਾਰ ਬਦਲਣ ਲਈ ਹਾਕਮਾਂ ਦੀ ਵੋਟ ਸਿਆਸਤ ਤੋਂ ਟੇਕ ਤੋੜ ਕੇ ਸਿਰਫ ਸੰਘਰਸ਼ ਕਰਨ ਦੇ ਰਾਹ ਤੇ ਮੋਹਰ ਲਗਾਉਣ ਦੀ ਲੋੜ ਹੈ।

ਲੋਕ ਤਾਕਤ ਨੇ ਭਾਵੇਂ ਇੱਕ ਵਾਰ ਹਕੂਮਤ ਨੂੰ ਖੇਤੀ ਕਾਨੂੰਨਾਂ ਦਾ ਕਦਮ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਹੈ, ਪਰ ਜਦੋਂ ਤੱਕ ਸਾਡੇ ਦੇਸ ਦੀ ਸਿਆਸਤ ਉੱਤੇ ਸਾਮਰਾਜੀਆਂ ਦਾ ਗਲਬਾ ਹੈ, ਸਾਡੇ ਮੁਲਕ ਦੀਆਂ ਨੀਤੀਆਂ ਉੱਤੇ ਕਾਰਪੋਰੇਟਾਂ ਤੇ ਵੱਡੇ ਜਾਗੀਰਦਾਰਾਂ ਦੇ ਹਿਤਾਂ ਦੀ ਮੋਹਰ ਹੈ, ਉਨ੍ਹਾਂ ਚਿਰ ਲੋਕਾਂ ਦੇ ਹੱਕਾਂ ਅਤੇ ਮੁਲਕ ਦੇ ਸੋਮਿਆਂ ਉੱਤੇ ਝਪਟਾਂ ਵੱਜਦੀਆਂ ਹੀ ਰਹਿਣੀਆਂ ਹਨ,ਇੱਕ ਤੋਂ ਬਾਦ ਦੂਜਾ ਅਜਿਹੇ ਕਾਨੂੰਨ ਲਾਗੂ ਹੁੰਦੇ ਹੀ ਰਹਿਣੇ ਹਨ, ਸਾਡੇ ਦੇਸ ਦੀ ਖੇਤੀ ਅਤੇ ਕੁੱਲ ਅਰਥਚਾਰਾ ਸੰਕਟ ਵਿੱਚ ਘਿਰੇ ਹੀ ਰਹਿਣੇ ਹਨ। ਇਸ ਲਈ ਸਵਾਲ ਇਸ ਪ੍ਰਬੰਧ ਅਤੇ ਇਸ ਸਿਆਸਤ ਦੀ ਇਨਕਲਾਬੀ ਤਬਦੀਲੀ ਦਾ ਹੈ।ਵੱਡੇ ਜਾਗੀਰਦਾਰਾਂ, ਕਾਰਪੋਰੇਟਾਂ, ਸਾਮਰਾਜੀਆਂ ਨੂੰ ਧੱਕ ਕੇ ਪਰ੍ਹੇ ਕਰਨ ਅਤੇ ਕਿਰਤੀ ਲੋਕਾਂ ਨੂੰ ਸਾਡੇ ਮੁਲਕ ਦੀ ਸਿਆਸਤ ਦੇ ਕੇਂਦਰ ਵਿੱਚ ਲਿਆਉਣ ਦਾ ਹੈ।

ਲੋਕ ਮੋਰਚਾ ਪੰਜਾਬ ਸੱਦਾ ਦਿੰਦਾ ਹੈ ਕਿ ਆਓ, ਕਿਸਾਨ ਸੰਘਰਸ ਚੋਂ ਉੱਭਰੇ ਲੋਕ ਏਕਤਾ ਦੇ ਥੰਮ੍ਹ ਨੂੰ ਹੋਰ ਮਜਬੂਤ ਕਰੀਏ, ਇਸਨੂੰ ਖਿੰਡਾਉਣ ਦੀਆਂ ਸਭ ਕੋਸ਼ਿਸ਼ਾਂ ਨਾਕਾਮ ਕਰੀਏ।ਲੋਕ ਤਾਕਤ ਦੇ ਜੋਰ ਸਿਆਸਤ ਅੰਦਰ ਲੋਕਾਂ ਦੀ ਮਰਜੀ ਪੁਗਾਉਣ ਦੇ ਰਾਹ ਤੁਰੀਏ ਅਤੇ ਇਉਂ ਕਰਦਿਆਂ ਆਪਣੀਆਂ ਜ਼ਿੰਦਗੀਆਂ ਅਤੇ ਸਮਾਜ ਦੀ ਅਸਲੀ ਕਾਇਆਪਲਟੀ ਕਰੀਏ!

ਕਿਸਾਨ ਘੋਲ ਦੇ ਸਬਕ ਗ੍ਰਹਿਣ ਕਰਦਿਆਂ ਮੁਲਕ ਦੀ ਇਨਕਲਾਬੀ ਤਬਦੀਲੀ ਦੇ ਰਾਹ ਤੁਰੋ

ਪੰਜਾਬ ਦੇ ਜੁਝਾਰੂ ਲੋਕੋ, ਤੁਹਾਡੇ ਜਾਨ ਹੂਲਵੇਂ ਸੰਘਰਸ ਨੇ ਖੇਤੀ ਕਾਨੂੰਨਾਂ ਦਾ ਕਦਮ ਪਛਾੜ ਦਿੱਤਾ ਹੈ।ਇਸ ਇਤਿਹਾਸਕ ਸੰਘਰਸ ਨੇ ਪੂਰੇ ਦੇਸ ਅਤੇ ਖਾਸਕਰ ਪੰਜਾਬ, ਹਰਿਆਣੇ ਦੀ ਫਿਜਾ ਨੂੰ ਡੂੰਘੀ ਤਰ੍ਹਾਂ ਝੰਜੋੜਿਆ ਹੈ। ਨਾਉਮੀਦੀ ਦੇ ਆਲਮ ਅੰਦਰ ਆਸ ਦੀਆਂ ਤਰੰਗਾਂ ਜਗਾਈਆਂ ਹਨ। ਪਿਛਲੇ ਦਹਾਕਿਆਂ ਅੰਦਰ ਹਕੂਮਤਾਂ ਸਾਡੇ ਤੋਂ ਸਭ ਕੁਝ ਖੋਹ ਕੇ ਸਾਮਰਾਜੀਆਂ-ਕਾਰਪੋਰੇਟਾਂ ਦੇ ਹਵਾਲੇ ਕਰਦੀਆਂ ਆ ਰਹੀਆਂ ਸਨ। ਇਨ੍ਹਾਂ ਸਾਲਾਂ ਅੰਦਰ ਸਰਕਾਰੀ ਅਦਾਰੇ ਧੜਾਧੜ ਨਿੱਜੀ ਕੰਪਨੀਆਂ ਨੂੰ ਸੌਂਪੇ ਜਾਂਦੇ ਰਹੇ, ਪੱਕੇ ਰੁਜਗਾਰ ਦਾ ਫਸਤਾ ਵੱਢਿਆ ਗਿਆ, ਜਲ, ਜੰਗਲ, ਬਿਜਲੀ ਵਰਗੇ ਸੈਂਕੜੇ ਅਹਿਮ ਸਰੋਤ ਕਾਰਪਰੇਟਾਂ ਹਵਾਲੇ ਕੀਤੇ ਗਏ, ਕਾਨੂੰਨਾਂ ਨੂੰ ਸਾਮਰਾਜੀ ਕੰਪਨੀਆਂ ਮੁਤਾਬਕ ਢਾਲਿਆ ਗਿਆ, ਸਭ ਸਹੂਲਤਾਂ-ਸਬਸਿਡੀਆਂ ਖੋਹੀਆਂ ਗਈਆਂ, ਪਰ ਲੋਕਾਂ ਦੀ ਲਹਿਰ ਇਸ ਵੱਡੇ ਅਤੇ ਮਾਰੂ ਹਮਲੇ ਦਾ ਕੋਈ ਅਸਰਦਾਰ ਟਾਕਰਾ ਨਾ ਉਸਾਰ ਸਕੀ। ਇਸ ਹਾਲਤ ਨੇ ਆਪਣੇ ਲੋਕਾਂ ਅੰਦਰ ਨਿਰਾਸ਼ਾ ਅਤੇ ਨਾਉਮੀਦੀ ਭਰੀ। ਸਾਡੀ ਧਰਤੀ ਦੇ ਧੀਆਂ ਪੁੱਤ ਇਸ ਨਾਉਮੀਦੀ ਚੋਂ ਪਰਾਈਆਂ ਧਰਤੀਆਂ ਦੇ ਬਾਸ਼ਿੰਦੇ ਜਾ ਬਣੇ। ਬਾਕੀ ਰਹਿੰਦੇ ਹਾਕਮਾਂ ਵੱਲੋਂ ਚਲਾਈ ਨਸ਼ਿਆਂ, ਲੱਚਰ ਸੱਭਿਆਚਾਰ, ਵੈਲਪੁਣੇ ਤੇ ਜਾਂ ਖੁਦਕੁਸੀਆਂ ਦੀ ਹਨ੍ਹੇਰੀ ਵਿੱਚ ਉੱਡਦੇ ਰਹੇ। ਪਰ ਸਾਲ ਤੋਂ ਵੀ ਵੱਧ ਸਮਾਂ ਚੱਲੇ ਸੰਘਰਸ ਨੇ ਇਸ ਹਾਲਤ ਨੂੰ ਬਦਲ ਸੁੱਟਣ ਲਈ ਜਮੀਨ ਤਿਆਰ ਕਰ ਦਿੱਤੀ ਹੈ। ਇਸ ਸੰਘਰਸ਼ ਦੇ ਜੇਤੂ ਜਸਨਾਂ ਦੇ ਨਾਲ ਨਾਲ ਇਸ ਜਮੀਨ ਦੀ ਰਾਖੀ ਕਰਨਾ ਤੇ ਇਸ ਨੂੰ ਸਿੰਜਣਾ ਜਰੂਰੀ ਹੈ ਤਾਂ ਜੋ ਇਸ ਉਤੇ ਸਾਡੇ ਚੰਗੇ ਭਵਿੱਖ ਦੀ ਫਸਲ ਲਹਿਰਾ ਸਕੇ। ਜਿਹੜੀਆਂ ਗੱਲਾਂ ਨੇ ਇਸ ਸੰਘਰਸ ਨੂੰ ਕਾਮਯਾਬੀ ਬਖਸ਼ੀ, ਉਨ੍ਹਾਂ ਨੂੰ ਸਮਝਣਾ,



ਮਜਬੂਤ ਕਰਨਾ ਅਤੇ ਇਸ ਘੋਲ ਦੇ ਸਬਕਾਂ ਨੂੰ ਗ੍ਰਹਿਣ ਕਰਨਾ ਜਰੂਰੀ ਹੈ।

ਇਸ ਇੱਕ ਵਰ੍ਹੇ ਤੋਂ ਉਪਰ ਦੇ ਸਮੇਂ ਦੌਰਾਨ ਲੋਕ ਸੰਘਰਸ ਦਾ ਵਾਹ ਅਨੇਕ ਪ੍ਰਕਾਰ ਦੇ ਜਾਬਰ ਤੇ ਦਬਸ ਪਾਊ ਕਦਮਾਂ, ਭਟਕਾਊ ਹੱਥਕੰਡਿਆਂ, ਸਾਜ਼ਿਸ਼ਾਂ ਅਤੇ ਹਕੂਮਤੀ ਚਾਲਾਂ ਨਾਲ ਪਿਆ ਹੈ। ਇਨ੍ਹਾਂ ਸਾਰੇ ਹੱਥਕੰਡਿਆਂ ਅਤੇ ਜਾਬਰ ਕਦਮਾਂ ਨੂੰ ਪਛਾੜਦਿਆਂ ਇਹ ਸੰਘਰਸ ਸਫਲਤਾ ਤੱਕ ਪੁੱਜ ਸਕਿਆ ਕਿਉਂਕਿ:

* ਇਸ ਸੰਘਰਸ਼ ਦੀ ਅਗਵਾਈ ਦੌਰਾਨ ਉਹ ਕਿਸਾਨ ਜਥੇਬੰਦੀਆਂ ਮੂਹਰਲੀਆਂ ਸਫਾਂ ਵਿਚ ਸਨ, ਜਿਹੜੀਆਂ ਪਿਛਲੇ ਦਹਾਕਿਆਂ ਦੌਰਾਨ ਕਿਸਾਨਾਂ ਨੂੰ ਹਕੂਮਤੀ ਨੀਤੀਆਂ ਖਿਲਾਫ ਚੇਤਨ ਅਤੇ ਲਾਮਬੰਦ ਕਰਨ ਲਈ ਪੰਜਾਬ ਅੰਦਰ ਅਣਖਿਝ ਕੰਮ ਕਰਦੀਆਂ ਰਹੀਆਂ ਸਨ। ਕਿਸਾਨ ਇਨ੍ਹਾਂ ਦੀ ਅਗਵਾਈ ਹੇਠ ਅਨੇਕਾਂ ਸੰਘਰਸ ਲੜ ਚੁੱਕੇ ਸਨ,ਜਥੇਬੰਦ ਹੋਣ ਦਾ ਮੁੱਢਲਾ ਸਬਕ ਗ੍ਰਹਿਣ ਕਰ ਚੁੱਕੇ ਸਨ, ਹਕੂਮਤੀ ਕਿਰਦਾਰ ਤੋਂ ਕਿਸੇ ਹੱਦ ਤੱਕ ਵਾਕਿਫ ਹੋ ਚੁੱਕੇ ਸਨ। ਇਹਨਾਂ ਜਥੇਬੰਦੀਆਂ ਹੇਠਲੀ ਕਿਸਾਨ ਤਾਕਤ ਹੀ ਅੰਤ ਤਕ ਇਸ ਘੋਲ ਅੰਦਰ ਡਟੀ ਰਹੀ ਅਤੇ ਇਸ ਨੂੰ ਲੰਬਾ ਸਮਾਂ ਮੱਘਦਾ ਰੱਖਿਆ। ਇਸ ਜਥੇਬੰਦ ਤਾਕਤ ਦੀ ਅਣਹੋਂਦ ਅੰਦਰ ਆਪ ਮੁਹਾਰਾ ਵੇਗ ਛੇਤੀ ਹੀ ਦਬ ਜਾਣਾ ਸੀ ਅਤੇ ਘੋਲ ਨੇ ਲੀਹੋਂ ਲਹਿ ਜਾਣਾ ਸੀ।

*ਇਹ ਘੋਲ ਭਾਵੇਂ ਖੇਤੀ ਕਾਨੂੰਨਾਂ ਦੇ ਫੌਰੀ ਕਦਮ ਖਿਲਾਫ ਉੱਠਿਆ ਸੀ, ਪਰ ਇਸਨੂੰ ਹਕੂਮਤੀ ਨੀਤੀਆਂ ਦੀ ਵਡੇਰੀ ਚੇਤਨਾ ਨਾਲ ਲੜਿਆ ਗਿਆ। ਖੇਤੀ ਕਾਨੂੰਨਾਂ ਦੇ ਕਦਮ ਨੂੰ ਦਹਾਕਿਆਂ ਤੋਂ ਲਾਗੂ ਹੁੰਦੀਆਂ ਆ ਰਹੀਆਂ ਲੋਕ ਮਾਰੂ ਨੀਤੀਆਂ ਦੀ ਕੜੀ ਵਿਚ ਹੀ ਇਕ ਅਗਲੇ ਕਦਮ ਵਜੋਂ ਬੁੱਝਿਆ ਗਿਆ। ਇਸ ਵਡੇਰੇ ਪ੍ਰਸੰਗ ਵਿਚ ਹਕੂਮਤੀ ਹੱਲੇ ਨੂੰ ਬੁੱਝਣ ਸਦਕਾ ਹੀ ਇਸ ਘੋਲ ਦੇ ਸਹੀ ਚੋਟ ਨਿਸਾਨੇ ਟਿੱਕੇ ਗਏ।

*ਅਨੇਕਾਂ ਆਪਸੀ ਵਖਰੇਵਿਆਂ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਦਾ ਇਕਜੁੱਟ ਜੋਰ ਖੇਤੀ ਕਾਨੂੰਨਾਂ ਦੇ ਕਦਮ ਖਿ?ਲਾਫ ਸੇਧਿਤ ਹੋਇਆ ਅਤੇ ਵਿਸਾਲ ਕਿਸਾਨ ਜਨਤਾ ਇੱਕ ਨੁਕਤੇ ਤੇ ਲਾਮਬੰਦ ਹੋ ਸਕੀ।

*ਇਸ ਘੋਲ ਅੰਦਰ ਲੋਕਾਂ ਨੇ ਹਾਕਮ ਜਮਾਤੀ ਸਿਆਸਤ ਦੀਆਂ ਸਭਨਾਂ ਧਿਰਾਂ ਨੂੰ ਆਪਣੇ ਮੰਚ ਤੋਂ ਲਾਂਭੇ ਰੱਖਿਆ।ਹੁਣ ਤੱਕ ਅਨੇਕਾਂ ਵਾਰ ਹਿਮਾਇਤ ਦੇ ਨਾਂ ਹੇਠ ਇਹ ਧਿਰਾਂ ਲੋਕ ਉਭਾਰਾਂ ਦੀ ਕਮਾਨ ਹਥਿਆਉਂਦੀਆਂ ਅਤੇ ਹੱਕੀ ਘੋਲਾਂ ਨੂੰ ਆਪਣੀ ਚੋਣ ਖੇਡ ਵਿੱਚ ਵਰਤਣ ਵਿੱਚ ਕਾਮਯਾਬ ਹੁੰਦੀਆਂ ਆ ਰਹੀਆਂ ਸਨ।ਪਰ ਇਸ ਵਾਰ ਲੋਕਾਂ ਨੇ ਵੋਟ ਸਿਆਸਤ ਨੂੰ ਆਪਣਾ ਘੋਲ ਖਦੇੜਨ ਦਾ ਮੌਕਾ ਨਹੀਂ ਦਿੱਤਾ।

*ਇਹ ਧਰਮਾਂ, ਸੂਬਿਆਂ ਅਤੇ ਤਬਕਿਆਂ ਦੀ ਵਲਗਣ ਤੋਂ ਪਾਰ ਇਕ ਸਾਂਝਾ ਅੰਦੋਲਨ ਬਣਕੇ ਉਭਰਿਆ, ਜਿਸ ਨੇ ਹਾਕਮਾਂ ਵੱਲੋਂ ਵਰਤੇ ਜਾਂਦੇ ਸਭ ਪ੍ਰਕਾਰ ਦੇ ਪਾਟਕ-ਪਾਊ ਪੈਂਤੜੇ ਕਾਮਯਾਬ ਨਹੀਂ ਹੋਣ ਦਿੱਤੇ। ਇਹ ਘੋਲ ਸਮਾਜ ਦੇ ਸਾਰੇ ਤਬਕਿਆਂ ਦਾ ਸਰੋਕਾਰ ਜਗਾਉਣ ਵਿੱਚ ਕਾਮਯਾਬ ਰਿਹਾ। ਗੀਤਕਾਰ, ਗਾਇਕ, ਲੇਖਕ, ਕਲਾਕਾਰ ਇਸਦੇ ਵੇਗ ਨਾਲ ਟੁੰਬੇ ਗਏ ਤੇ ਇਸਦਾ ਅੰਗ ਬਣੇ। ਵਿਦੇਸੀ ਧਰਤੀਆਂ ਤੇ ਵਸੇ ਸਾਡੀ ਮਿੱਟੀ ਦੇ ਜਾਏ ਹਰ ਸੰਭਵ ਤਰੀਕੇ ਇਸਦੀ ਇਮਦਾਦ ਵਿੱਚ ਆ ਜੁਟੇ ।ਹੋਰਨਾਂ ਜਥੇਬੰਦ ਤਬਕਿਆਂ ਨੇ ਇਸ ਘੋਲ ਨਾਲ ਆਪਣੇ ਆਪ ਨੂੰ ਜੋੜਿਆ। ਇਉਂ ਇਹ ਕਿਸਾਨੀ ਸੰਘਰਸ ਰਹਿੰਦਾ ਹੋਇਆ ਵੀ ਸਮੁੱਚੇ ਸਮਾਜ ਦੀ ਸਾਂਝੀ ਹਿਮਾਇਤ ਵਾਲਾ ਸੰਘਰਸ ਬਣ ਸਕਿਆ।

*ਸਾਰੇ ਘੋਲ ਦੌਰਾਨ ਇਸ ਦੀ ਅਗਵਾਈ ਕਿਸਾਨਾਂ ਦੀਆਂ ਆਪਣੀਆਂ ਜਥੇਬੰਦੀਆਂ ਦੇ ਹੱਥ ਰਹੀ। ਵੱਖ-ਵੱਖ ਤਰ੍ਹਾਂ ਦੇ ਤੱਤਾਂ ਵੱਲੋਂ ਮੌਕੇ ਦਰ ਮੌਕੇ ਉਛਾਲੇ ਜਾਂਦੇ ਮੁੱਦਿਆਂ ਦੇ ਮੁਕਾਬਲੇ ਇਹ ਜਥੇਬੰਦੀਆਂ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਮੰਗ ਤੇ ਅਡੋਲ ਰਹੀਆਂ, ਭਟਕਾਊ ਮੁੱਦਿਆਂ ਤੋਂ ਨਿਖੇੜਾ ਕਰਦੀਆਂ ਰਹੀਆਂ ਅਤੇ ਘੋਲ ਨੂੰ ਆਪ ਮੁਹਾਰਤਾ ਦਾ ਸਿ?ਕਾਰ ਹੋ ਕੇ ਖਿੰਡਣ ਨਹੀਂ ਦਿੱਤਾ।

*ਵੱਖ ਵੱਖ ਤੱਤਾਂ ਵੱਲੋਂ ਇਹਨੂੰ ਧਾਰਮਿਕ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਘੋਲ ਮੁੱਖ ਤੌਰ ਤੇ ਧਰਮ ਨਿਰਲੇਪ ਰਿਹਾ। ਹਾਕਮਾਂ ਅਤੇ ਗੈਰ ਸਮਾਜੀ ਤੱਤਾਂ ਵੱਲੋਂ ਇਹਨੂੰ ਧਾਰਮਕ ਹੱਦਬੰਦੀਆਂ ਵਿੱਚ ਕੈਦ ਕਰਨ ਅਤੇ ਇੱਕ ਫਿਰਕੇ ਦਾ ਘੋਲ ਬਣਾ ਕੇ ਪੇਸ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਕੀਤੀਆਂ ਗਈਆਂ।ਚੇਤਨ ਆਗੂ ਹਿੱਸਿਆਂ ਵੱਲੋਂ ਇਸਦਾ ਧਰਮ ਨਿਰਲੇਪ ਖਾਸਾ ਬੁਲੰਦ ਰੱਖਣ ਲਈ ਲਗਾਏ ਗਏ ਤਾਣ ਨੇ ਇਸ ਅੰਦਰ ਰੋਲ ਨਿਭਾਇਆ।

* ਸੰਘਰਸ ਦੇ ਮੁੱਖ ਕੇਂਦਰ ਤੋਂ ਇਲਾਵਾ ਪਿੰਡਾਂ ਸਹਿਰਾਂ ਅੰਦਰ ਲਾਮਬੰਦੀ ਜਾਰੀ ਰੱਖੀ ਗਈ, ਜਿਸਦੇ ਸਦਕਾ ਵਿਸਾਲ ਜਨਤਾ ਸਰਗਰਮ ਰਹਿ ਸਕੀ।ਇਹ ਜਨਤਾ ਹਾਕਮ ਜਮਾਤੀ ਨੁਮਾਇੰਦਿਆਂ ਦਾ ਸਮਾਜ ਵਿੱਚ ਵਿਚਰਨਾ ਮੁਹਾਲ ਕਰਦੀ ਰਹੀ ਅਤੇ ਅਮਲੀ ਤੌਰ 'ਤੇ ਬਾਈਕਾਟ ਵਰਗੀ ਇਸ ਹਾਲਤ ਦਾ ਸਿਆਸੀ ਸੇਕ ਦਿਨੋਂ ਦਿਨ ਤਿੱਖਾ ਹੁੰਦਾ ਗਿਆ।

ਇਸ ਸਾਲ ਭਰ ਲੰਮੇ ਸੰਘਰਸ ਨੇ ਸਿਰਫ ਖੇਤੀ ਕਾਨੂੰਨ ਹੀ ਵਾਪਿਸ ਨਹੀਂ ਕਰਵਾਏ ਸਗੋਂ:

*ਪੰਜਾਬ ਦੀ ਸਿਆਸੀ ਫਿ?ਜਾ ਵੀ ਬਦਲੀ ਹੈ। ਸਾਮਰਾਜੀਏ, ਕਾਰਪੋਰੇਟ ਤੇ ਵਰਗੀਆਂ ਉਨ੍ਹਾਂ ਦੀਆਂ ਸੰਸਥਾਵਾਂ ਸਾਡੀ ਜ਼ਿੰਦਗੀ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਰਹੀਆਂ ਸਨ ਪਰ ਸਾਡੀ ਪਛਾਣ ਤੋਂ ਪਰ੍ਹੇ ਸਨ। ਇਸ ਸੰਘਰਸ ਨੇ ਲੋਕਾਂ ਅੱਗੇ ਉਨ੍ਹਾਂ ਦੀ ਪਛਾਣ ਨਸਰ ਕੀਤੀ ਹੈ ਅਤੇ ਉਹਨਾਂ ਨੇ ਅੱਗੋਂ ਲਈ ਲੋਕਾਂ ਦੀ ਚੋਟ ਨਿਸਾਨੇ ਤੇ ਰਹਿਣਾ ਹੈ। ਉਨ੍ਹਾਂ ਲਈ ਲੋਕਾਂ ਦੀ ਜ਼ਿੰਦਗੀ ਤਹਿਸ ਨਹਿਸ ਕਰਦੀਆਂ ਸਰਕਾਰਾਂ ਦੀਆਂ ਨੀਤੀਆਂ ਲੋਕਾਂ ਦੇ ਨਿਸਾਨੇ ਉੱਤੇ ਆਈਆਂ ਹਨ। ਆਪਣੀ ਜ਼ਿੰਦਗੀ ਦੀ ਦੁਰਗਤ ਲਈ ਜ਼ਿੰਮੇਵਾਰ ਹਕੀਕੀ ਹੈਨਰੀ ਦੁਸਮਣਾਂ ਦੀ ਪਹਿਚਾਣ ਨੇ ਭਵਿੱਖੀ ਲੋਕ ਸੰਗਰਾਮਾਂ ਨੂੰ ਜੇਤੂ ਰੰਗਤ ਦੇਣੀ ਹੈ।

*ਹਾਕਮ ਜਮਾਤਾਂ ਦੀ ਵੰਡ ਪਾਊ ਸਿਆਸਤ ਨੂੰ ਵੀ ਮਾਤ ਦਿੱਤੀ ਹੈ। ਪਿਛਲੇ ਵਰ੍ਹਿਆਂ ਅੰਦਰ ਇਸ ਸਿਆਸਤ ਦੇ ਬਲਬੂਤੇ ਲੋਕ ਸੰਘਰਸਾਂ ਨਾਲ ਨਜਿੱਠਿਆ ਜਾਂਦਾ ਰਿਹਾ ਹੈ।ਪਰ ਇਸ ਸੰਘਰਸ ਨੇ ਲੋਕਾਂ ਦੇ ਏਕੇ ਅਤੇ ਭਾਈਚਾਰੇ ਵਿੱਚ ਨਵੀਂ ਰੂਹ ਫੂਕੀ ਹੈ। ਸੂਬਿਆਂ ਦੀਆਂ ਹੱਦਬੰਦੀਆਂ ਭੰਨੀਆਂ ਗਈਆਂ ਹਨ। ਸੌੜੀਆਂ ਧਾਰਮਕ ਵਲਗਣਾਂ ਨੂੰ ਨਾਂ ਸਿਰਫ ਨਕਾਰਿਆ ਗਿਆ ਹੈ, ਸਗੋਂ ਪਿਛਲੇ ਅਰਸੇ ਅੰਦਰ ਸਾਵਨਵਾਦੀ ਤਾਕਤਾਂ ਵੱਲੋਂ ਗੂੜ੍ਹੀ ਕੀਤੀ ਗਈ ਫਿਰਕਿਆਂ ਵਿਚਲੀ ਲੀਕ ਵੀ ਮੇਟੀ ਗਈ ਹੈ। ਇਹ ਸੰਘਰਸ ਸਭ ਵਖਰੇਵਿਆਂ ਤੋਂ ਉੱਪਰ ਉੱਠੀ ਸਾਂਝੀਵਾਲਤਾ ਦਾ ਚਿੰਨ੍ਹ ਬਣਿਆ ਹੈ। ਇਸ ਸਾਂਝ ਅਤੇ ਭਾਈਚਾਰੇ ਦੇ ਸਿਰ ਤੇ ਲੋਕਾਂ ਨੇ ਭਵਿੱਖ ਵਿੱਚ ਬਹੁਤ ਲੰਮਾ ਪੰਧ ਤੈਅ ਕਰਨਾ ਹੈ।

* ਪੰਜਾਬ ਦੀ ਜੁਆਨੀ ਅੰਦਰ ਲੋਕ ਪੱਖੀ ਸਿਆਸਤ ਦੀ ਝਰਨਾਹਟ ਛੇੜੀ ਹੈ। ਹੁਣ ਤਕ ਇਹ ਹਿੱਸਾ ਲੋਕ ਸੰਘਰਸਾਂ ਤੋਂ ਪਾਸੇ ਰਿਹਾ ਹੈ, ਹਾਕਮ ਜਮਾਤਾਂ ਦੇ ਸੱਭਿਆਚਾਰਕ ਸ਼ਿਕੰਜੇ ਵਿੱਚ ਜਕੜਿਆ ਰਿਹਾ ਹੈ। ਇਸ ਸੰਘਰਸ਼ ਨੇ ਉਨ੍ਹਾਂ ਅੰਦਰ ਕੌਮੀ ਅਣਖ ਜਗਾਈ ਹੈ, ਭਖਵੇਂ ਸੁਆਲ ਅਤੇ ਮੁੱਦੇ ਉਭਾਰੇ ਹਨ। ਜੁਆਨੀ ਦੇ ਗੀਤਾਂ ਦੇ ਬੋਲ ਇਸ ਸੰਘਰਸ ਨੇ ਬਦਲੇ ਹਨ। ਇਸ ਸੰਘਰਸ ਰਾਹੀਂ ਹਲੂਣੀ ਗਈ ਜੁਆਨੀ ਨੇ ਪੰਜਾਬ ਦੇ ਸੰਗਰਾਮਾਂ ਨੂੰ ਨਵੀਆਂ ਬੁਲੰਦੀਆਂ ਤੇ ਲੈ ਕੇ ਜਾਣਾ ਹੈ।

*ਲੋਕ ਜਥੇਬੰਦੀਆਂ ਨੂੰ ਨਵੀਂ ਤਾਕਤ ਦਿੱਤੀ ਹੈ। ਲੋਕਾਂ ਅੰਦਰ ਪਨਪਦਾ ਆਪ ਮੁਹਾਰਾ ਰੋਹ ਜਥੇਬੰਦੀਆਂ ਦੇ ਝੰਡੇ ਹੇਠ ਲਾਮਬੰਦ ਹੋਣ ਤੁਰਿਆ ਹੈ। ਇਹ ਜਥੇਬੰਦ ਤਾਕਤ ਹੀ ਅਜਿਹੀ ਜਾਬਤਾਬੱਧ ਫੌਜ ਬਣਦੀ ਹੈ ਜੀਹਦੇ ਸਿਰ ਤੇ ਕਰੜੇ ਸੰਘਰਸ ਲੜੇ ਅਤੇ ਜਿੱਤੇ ਜਾ ਸਕਦੇ ਹਨ।

ਸਾਡੇ ਇਸ ਕਿਸਾਨ ਘੋਲ ਨੇ ਦਿਖਾਇਆ ਹੈ ਕਿ ਜੇ ਲੋਕ ਏਕਾ ਕਰ ਲੈਣ ਤਾਂ

*ਕੋਈ ਪ੍ਰਵਾਹ ਨਾ ਕਰਨ ਵਾਲੀਆਂ ਧੱਕੜ ਹਕੂਮਤਾਂ ਦੀਆਂ ਵੀ ਗੋਡਣੀਆਂ ਲਗਵਾਈਆਂ ਜਾ ਸਕਦੀਆਂ ਹਨ।

*ਪਛੜੇ ਮੁਲਕਾਂ ਵਿੱਚ ਆਪਣੀ ਮਨਮਰਜੀ ਦੇ ਕਾਨੂੰਨ ਬਣਵਾਉਣ ਵਾਲੇ ਸਾਮਰਾਜੀਆਂ ਦੇ ਲੁਟੇਰੇ ਮਨਸੂਬਿਆਂ ਨੂੰ ਵੀ ਮਾਤ ਦਿੱਤੀ ਜਾ ਸਕਦੀ ਹੈ।

* ਹਾਕਮ ਜਮਾਤਾਂ ਵੱਲੋਂ ਲੋਕਾਂ ਚ ਖੜ੍ਹੀਆਂ ਕੀਤੀਆਂ ਸੂਬਿਆਂ, ਧਰਮਾਂ, ਜਾਤਾਂ ਦੀਆਂ ਵੰਡੀਆਂ ਵੀ ਖੋਰੀਆਂ ਜਾ ਸਕਦੀਆਂ ਹਨ।

*ਆਪਣੇ ਮੁਨਾਫਿ?ਆਂ ਲਈ ਲੋਕਾਂ ਦੀਆਂ ਜ਼ਿੰਦਗੀਆਂ ਉਜਾੜਦੇ ਕਾਰਪੋਰੇਟਾਂ ਦੇ ਕਾਰੋਬਾਰ ਵੀ ਠੱਪ ਕੀਤੇ ਜਾ ਸਕਦੇ ਹਨ।

ਅੱਜ ਜਦੋਂ ਕਿ ਸਮਾਜ ਦੇ ਹੋਰ ਸਾਰੇ ਤਬਕੇ ਵੀ ਸਾਮਰਾਜੀਆਂ ਜਾਗੀਰਦਾਰਾਂ ਪੱਖੀ ਹਕੂਮਤੀ ਨੀਤੀਆਂ ਦੀ ਪੀੜ ਹੰਢਾ ਰਹੇ ਹਨ ਅਤੇ ਸੰਘਰਸ ਦੇ ਰਾਹ ਤੁਰੇ ਹੋਏ ਹਨ ਤਾਂ ਇਹ ਜੇਤੂ ਕਿਸਾਨ ਸੰਘਰਸ ਉਹਨਾਂ ਨੂੰ ਰਸਤਾ ਦਿਖਾਉਂਦਾ ਹੈ ਕਿ:

*ਲੰਮਾ ਦਮ ਰੱਖ ਕੇ ਲੜਨ ਲਈ ਤਿਆਰ ਹੋਵੋ!

*ਫੌਰੀ ਕਦਮਾਂ ਪਿਛਲੀਆਂ ਨੀਤੀਆਂ ਪਛਾਣੋ ਅਤੇ ਨਿਸਾਨੇ ਹੇਠ ਲਵੋ!

*ਵੋਟ ਬਟੋਰੂਆਂ ਨੂੰ ਆਪਣੇ ਸੰਘਰਸ ਅੰਦਰ ਘੁਸਪੈਠ ਨਾਂ ਕਰਨ ਦਿਓ!

*ਸੌੜੀਆਂ ਵਲਗਣਾਂ ਤੋਂ ਉਪਰ ਉਠੋ, ਵੱਡਾ ਏਕਾ ਉਸਾਰਨ ਦੇ ਰਾਹ ਪਓ!

ਹੁਣ ਜਦੋਂ ਕਿ ਲੋਕ ਆਪਣੀ ਇਸ ਇਤਿਹਾਸਕ ਜਿੱਤ ਦੇ ਜਸ਼ਨ ਮਨਾ ਰਹੇ ਹਨ ਤਾਂ ਪੰਜਾਬ ਅੰਦਰ ਚੋਣਾਂ ਦਾ ਮਾਹੌਲ ਵੀ ਭਖ ਰਿਹਾ ਹੈ।ਚੱਲਦੇ ਸੰਘਰਸ ਦੌਰਾਨ ਵੀ ਵੰਨ ਸੁਵੰਨ ਦੀਆਂ ਵੋਟ ਬਟੋਰੂ ਪਾਰਟੀਆਂ ਸਾਡੇ ਸੰਘਰਸ ਅੰਦਰ ਘੁਸਪੈਠ ਕਰਨ ਲਈ ਯਤਨਸੀਲ ਰਹੀਆਂ ਹਨ ਅਤੇ ਹੁਣ ਵੀ ਉਹ ਇਸ ਸੰਘਰਸ ਦੀ ਜਿੱਤ ਨੂੰ ਆਪਣੇ ਵੋਟ ਬੈਂਕ ਵਿੱਚ ਢਾਲਣ ਦੀਆਂ ਆਸਾਂ ਪਾਲ ਰਹੀਆਂ ਹਨ। 74 ਸਾਲਾਂ ਦੇ ਚੋਣ ਅਮਲ ਨੇ ਇਹ ਦਿਖਾ ਦਿੱਤਾ ਹੈ ਕਿ ਚੋਣਾਂ ਦਾ ਗਧੀ ਗੇੜ ਲੋਕਾਂ ਦੀਆਂ ਜਿ?ਦਗੀਆਂ ਨਹੀਂ ਸੰਵਾਰ ਸਕਦਾ।ਸਗੋਂ ਇਹ ਅਮਲ ਤਾਂ ਲੋਕਾਂ ਖਿਲਾਫ ਸਾਜ਼ਿਸ਼ਾਂ ਦੀ ਭੌਂ ਬਣਦਾ ਹੈ, ਉਨ੍ਹਾਂ ਨੂੰ ਆਪੋ ਵਿਚ ਪਾੜਦਾ ਅਤੇ ਇਕ ਦੂਜੇ ਖਿਲਾਫ ਵਰਤਣ ਦਾ ਸੰਦ ਬਣਦਾ ਹੈ। ਚੋਣਾਂ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਕੇ ਹਕੀਕਤ ਵਿਚ ਸਾਮਰਾਜੀ ਕਦਮਾਂ ਦੇ ਹੱਕ ਵਿੱਚ ਫਤਵੇ ਲਏ ਜਾਂਦੇ ਹਨ। ਇਸ ਲਈ ਵੋਟ ਸਿਆਸਤ ਲੋਕਾਂ ਦੀ ਸਿਆਸਤ ਨਹੀਂ ਹੈ। ਲੋਕਾਂ ਦੀ ਹਕੀਕੀ ਸਿਆਸਤ ਤਾਂ ਕਿਸਾਨ ਘੋਲ ਦੌਰਾਨ ਉੱਭਰੀ ਹੋਈ ਸਿਆਸਤ ਹੈ। ਇਹ ਸਿਆਸਤ:

* ਵੋਟ ਬਟੋਰੂ ਟੋਲਿਆਂ ਦੇ ਲੜ ਨਾ ਲੱਗਣ ਦੀ ਸਿਆਸਤ ਹੈ।

* ਵੋਟ ਤਾਕਤ ਦੇ ਮੁਕਾਬਲੇ ਲੋਕ ਤਾਕਤ ਮਜਬੂਤ ਕਰਨ ਦੀ ਸਿਆਸਤ ਹੈ।

* ਹਾਕਮ ਜਮਾਤਾਂ ਦੇ ਕਾਨੂੰਨਾਂ, ਨੀਤੀਆਂ, ਸੰਸਥਾਵਾਂ ਨੂੰ ਬਾਹਰੋਂ ਪ੍ਰਭਾਵਤ ਕਰਨ ਦੀ ਸਿਆਸਤ ਹੈ।

* ਸੰਘਰਸਾਂ ਦੇ ਜੋਰ ਲੋਕਾਂ ਦੀ ਰਜਾ ਮਨਵਾਉਣ ਦੀ ਸਿਆਸਤ ਹੈ।

*ਵੋਟਾਂ ਦੀ ਕੁੱਕੜਖੋਹੀ ਕੋਲੋਂ ਆਪਣੀ ਭਾਈਚਾਰਕ ਸਾਂਝ ਬਚਾਉਣ ਦੀ ਸਿਆਸਤ ਹੈ।

ਆਉਂਦੇ ਦਿਨਾਂ ਅੰਦਰ ਇਸ ਵੋਟ ਸਿਆਸਤ ਦੇ ਮੁਕਾਬਲੇ ਲੋਕਾਂ ਦੀ ਇਸ ਸਿਆਸਤ ਨੂੰ ਬੁਲੰਦ ਕਰਨ ਦੀ ਅਤੇ ਲੋਕਾਂ ਦੇ ਮਜਬੂਤ ਹੋਏ ਏਕੇ ਨੂੰ ਮੁੜ ਖਿੰਡਣ ਤੋਂ ਬਚਾਉਣ ਦੀ ਬੇਹੱਦ ਲੋੜ ਹੈ। ਆਪਣੇ ਸਭ ਮੰਗਾਂ ਮਸਲਿਆਂ ਦੇ ਹੱਲ ਲਈ ਅਤੇ ਆਪਣੀ ਜ਼ਿੰਦਗੀਆਂ ਦੀ ਨੁਹਾਰ ਬਦਲਣ ਲਈ ਹਾਕਮਾਂ ਦੀ ਵੋਟ ਸਿਆਸਤ ਤੋਂ ਟੇਕ ਤੋੜ ਕੇ ਸਿਰਫ ਸੰਘਰਸ ਕਰਨ ਦੇ ਰਾਹ ਤੇ ਮੋਹਰ ਲਗਾਉਣ ਦੀ ਲੋੜ ਹੈ।

ਲੋਕ ਤਾਕਤ ਨੇ ਭਾਵੇਂ ਇੱਕ ਵਾਰ ਹਕੂਮਤ ਨੂੰ ਖੇਤੀ ਕਾਨੂੰਨਾਂ ਦਾ ਕਦਮ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਹੈ, ਪਰ ਜਦੋਂ ਤੱਕ ਸਾਡੇ ਦੇਸ ਦੀ ਸਿਆਸਤ ਉੱਤੇ ਸਾਮਰਾਜੀਆਂ ਦਾ ਗਲਬਾ ਹੈ, ਸਾਡੇ ਮੁਲਕ ਦੀਆਂ ਨੀਤੀਆਂ ਉੱਤੇ ਕਾਰਪੋਰੇਟਾਂ ਤੇ ਵੱਡੇ ਜਾਗੀਰਦਾਰਾਂ ਦੇ ਹਿਤਾਂ ਦੀ ਮੋਹਰ ਹੈ, ਉਨ੍ਹਾਂ ਚਿਰ ਲੋਕਾਂ ਦੇ ਹੱਕਾਂ ਅਤੇ ਮੁਲਕ ਦੇ ਸੋਮਿਆਂ ਉੱਤੇ ਝਪਟਾਂ ਵੱਜਦੀਆਂ ਹੀ ਰਹਿਣੀਆਂ ਹਨ, ਇੱਕ ਤੋਂ ਬਾਦ ਦੂਜਾ ਅਜਿਹੇ ਕਾਨੂੰਨ ਲਾਗੂ ਹੁੰਦੇ ਹੀ ਰਹਿਣੇ ਹਨ, ਸਾਡੇ ਦੇਸ ਦੀ ਖੇਤੀ ਅਤੇ ਕੁੱਲ ਅਰਥਚਾਰਾ ਸੰਕਟ ਵਿੱਚ ਘਿਰੇ ਹੀ ਰਹਿਣੇ ਹਨ। ਇਸ ਲਈ ਸਵਾਲ ਇਸ ਪ੍ਰਬੰਧ ਅਤੇ ਇਸ ਸਿਆਸਤ ਦੀ ਇਨਕਲਾਬੀ ਤਬਦੀਲੀ ਦਾ ਹੈ। ਵੱਡੇ ਜਾਗੀਰਦਾਰਾਂ, ਕਾਰਪੋਰੇਟਾਂ, ਸਾਮਰਾਜੀਆਂ ਨੂੰ ਧੱਕ ਕੇ ਪਰ੍ਹੇ ਕਰਨ ਅਤੇ ਕਿਰਤੀ ਲੋਕਾਂ ਨੂੰ ਸਾਡੇ ਮੁਲਕ ਦੀ ਸਿਆਸਤ ਦੇ ਕੇਂਦਰ ਵਿੱਚ ਲਿਆਉਣ ਦਾ ਹੈ।

ਲੋਕ ਮੋਰਚਾ ਪੰਜਾਬ ਸੱਦਾ ਦਿੰਦਾ ਹੈ ਕਿ ਆਓ, ਕਿਸਾਨ ਸੰਘਰਸ ਚੋਂ ਉੱਭਰੇ ਲੋਕ ਏਕਤਾ ਦੇ ਥੰਮ੍ਹ ਨੂੰ ਹੋਰ ਮਜਬੂਤ ਕਰੀਏ, ਇਸਨੂੰ ਖਿੰਡਾਉਣ ਦੀਆਂ ਸਭ ਕੋਸ਼ਿਸ਼ਾਂ ਨਾਕਾਮ ਕਰੀਏ।ਲੋਕ ਤਾਕਤ ਦੇ ਜੋਰ ਸਿਆਸਤ ਅੰਦਰ ਲੋਕਾਂ ਦੀ ਮਰਜੀ ਪੁਗਾਉਣ ਦੇ ਰਾਹ ਤੁਰੀਏ ਅਤੇ ਇਉਂ ਕਰਦਿਆਂ ਆਪਣੀਆਂ ਜ਼ਿੰਦਗੀਆਂ ਅਤੇ ਸਮਾਜ ਦੀ ਅਸਲੀ ਕਾਇਆਪਲਟੀ ਕਰੀਏ!

**- ਜਗਮੇਲ ਸਿੰਘ, ਲੋਕ ਮੋਰਚਾ ਪੰਜਾਬ**

# ਰਿਆਇਤਾਂ ਅਤੇ ਲੁਭਾਉਣੇ ਸੁਪਨੇ, ਗਰੀਬ ਦਾ ਢਿੱਡ ਨਹੀਂ ਭਰ ਸਕਦੇ

(ਸਫਾ 34 ਦੀ ਬਾਕੀ)

ਤੰਤਰ ਰਹੀਂ ਪ੍ਰਚਾਰ ਕਰਦੇ ਹਨ। ਉਦਾਹਰਨ ਵਜੋਂ ਸਰਕਾਰ ਕਹਿੰਦੀ ਹੈ ਕਿ ਕਿਸਾਨ ਅੰਦੋਲਨ ਦੌਰਾਨ ਜੋ 700 ਦੇ ਲਗਭਗ ਕਿਸਾਨ ਆਪਣੀ ਜਾਨ ਗੁਆ ਬੈਠੇ ਹਨ, ਉਹਨਾ ਸਬੰਧੀ ਉਹਨਾ ਕੋਲ ਕੋਈ ਵੇਰਵੇ ਹੀ ਨਹੀਂ ਹਨ। ਕਿੱਡਾ ਵੱਡਾ ਮਜ਼ਾਕ ਹੈ ਇਹ । ਦੂਜੇ ਪਾਸੇ ਸਰਕਾਰ ਮੁਲਾਂਕਣ ਪੇਸ਼ ਕਰਦੀ ਹੈ ਕਿ ਦੇਸ਼ ਦਾ ਉਪਭੋਗਤਾ ਮੁੱਲ ਸੂਚਾਂਕ ਪਿਛਲੇ ਲੰਮੇ ਸਮੇਂ ਤੋਂ 4 ਤੋਂ 5 ਫ਼ੀਸਦੀ ਤੱਕ ਟਿਕਿਆ ਹੋਇਆ ਹੈ। ਪਰ ਥੋਕ ਮੁੱਲ 12 ਫ਼ੀਸਦੀ ਪਾਰ ਕਰ ਗਿਆ ਹੈ। ਹੁਣ ਜੇਕਰ ਥੋਕ ਮੁੱਲ ਵਧਣਗੇ ਤਾਂ ਕੀ ਉਪਭੋਗਤਾ ਮੁੱਲ ਸੂਚਾਂਕ ਕਿਉਂ ਨਹੀਂ ਵਧੇਗਾ। ਇਹ ਤਾਂ ਆਪਣੇ ਆਪ ਵਧੇਗਾ। ਪਰ ਸਰਕਾਰ ਇਹ ਮਾਮਲੇ ਤੇ ਚੁੱਪ ਹੈ। ਅਸਲ ਵਿੱਚ ਇਹ ਸਰਕਾਰ ਦਾ ਇੱਕ ਵੱਡਾ ਸ਼ੜਜੰਤਰ ਹੈ।

**ਉਪਭੋਗਤਾਵਾਂ ਦੀ ਜੇਬ ਕੁਤਰੀ**

ਪਿਛਲੇ ਦੋ ਸਾਲਾਂ ਵਿੱਚ ਭਾਰਤ ਸਰਕਾਰ ਨੇ ਲਗਭਗ 8 ਲੱਖ ਕਰੋੜ ਰੁਪਏ ਕੇਵਲ ਡੀਜ਼ਲ-ਪੈਟਰੋਲ ਦੇ ਮੁੱਲ ਵਿੱਚ ਟੈਕਸ ਵਾਧੇ ਨਾਲ ਕਮਾਏ ਹਨ, ਗੈਸ, ਸਿਲੰਡਰਾਂ ਦੀ ਕੀਮਤ ਵਾਧੇ ਨਾਲ ਜੋ ਸਰਕਾਰ ਦੇ ਟੈਕਸਾਂ ਦੇ ਭੜੋਲੇ ਭਰੇ ਹਨ, ਉਹ ਵੱਖਰੇ ਹਨ। ਇੱਕ ਪਾਸੇ ਸਰਕਾਰ ਦਾ ਡਿਜ਼ੀਟਲਾਈਜੇਸ਼ਨ ਦਾ ਪ੍ਰੋਗਰਾਮ ਹੈ। ਦੂਜੇ ਪਾਸੇ ਰਿਲਾਇੰਸ ਅਤੇ ਹੋਰ ਮੋਬਾਇਲ ਕੰਪਨੀਆਂ ਵਲੋਂ ਇਕਦਮ ਇੰਟਰਨੈਟ ਦੀਆਂ ਦਰਾਂ ਵਿੱਚ ਵਾਧਾ ਹੋ ਗਿਆ ਹੈ, ਜਿਸਨੂੰ ਸਮਝਣਾ ਪਵੇਗਾ। ਹੁਣ ਜਦ ਸਿੱਖਿਆ ਤੋਂ ਲੈ ਕੇ ਹੋਰ ਹਰ ਕੰਮ ਆਨ-ਲਾਈਨ ਅਤੇ ਡਿਜ਼ੀਟਲ ਹੋਣਾ ਹੈ, ਤਦ ਲਗਭਗ 100 ਰੁਪਏ ਤੋਂ 200 ਰੁਪਏ ਤੱਕ ਇੰਟਰਨੈਟ ਦਾ ਮੁੱਲ ਵਧਾ ਦਿੱਤਾ ਗਿਆ ਹੈ। ਇਕੱਲੇ ਨਵੰਬਰ 2021 ਵਿੱਚ ਲਗਭਗ 40 ਹਜ਼ਾਰ ਕਰੋੜ ਰੁਪਏ ਉਪਭੋਗਤਾਵਾਂ ਦੀ ਜੇਬ ਵਿੱਚ ਇੰਟਰਨੈਟ ਦੇ ਮਾਲਕਾਂ ਨੇ ਖਿਸਕਾ ਲਏ ਹਨ।

**ਖੇਤੀ ਖੇਤਰ ਅਤੇ ਸਰਕਾਰੀ ਦਮਗਜੇ**

ਦੇਸ਼ ਦਾ ਖੇਤੀ ਖੇਤਰ, ਜੋ ਦੇਸ਼ ਦੀ 50 ਫ਼ੀਸਦੀ ਤੋਂ ਵੱਧ ਆਬਾਦੀ ਨੂੰ ਆਸਰਾ ਦਿੰਦਾ ਹੈ ਅਰਥ ਵਿਵਸਥਾ ਵਿੱਚ ਉਹ 20 ਫ਼ੀਸਦੀ ਯੋਗਦਾਨ ਪਾ ਰਿਹਾ ਹੈ। ਜਦਕਿ 22 ਫ਼ੀਸਦੀ ਦੇ ਨਾਲ ਉਦਯੋਗ ਜਗਤ ਦਾ ਅਰਥ ਵਿਵਸਥਾ 'ਚ ਯੋਗਦਾਨ ਲਗਭਗ 26 ਫ਼ੀਸਦੀ ਹੈ। ਪਰ ਸਰਕਾਰ ਵਲੋਂ ਖੇਤੀ ਖੇਤਰ ਲਈ ਸੁਧਾਰਾਂ ਲਈ ਵੱਡੇ ਦਮਗਜੇ ਮਾਰੇ ਜਾ ਰਹੇ ਹਨ, ਇਹ ਜਾਣਦਿਆਂ ਵੀ ਕਿ ਖੇਤੀ ਪ੍ਰਧਾਨ ਭਾਰਤ ਵਿੱਚ ਖੇਤੀ ਨੂੰ ਕਿਨਾਰੇ ਰੱਖਕੇ ਅਰਥ ਵਿਵਸਥਾ ਨੂੰ ਅੱਗੇ ਨਹੀਂ ਲਿਆਂਦਾ ਜਾ ਸਕਦਾ। ਉਲਟਾ ਸਰਕਾਰ ਖੇਤੀ ਖੇਤਰ ਨੂੰ ਕਾਰਪੋਰੇਟ ਹੱਥ ਸੌਂਪਕੇ ਬੇਰੁਜ਼ਗਾਰੀ 'ਚ ਵਾਧਾ ਕਰਨ ਦੇ ਰਾਹ ਤੁਰੀ ਹੈ। ਤਿੰਨ ਖੇਤੀ ਕਾਨੂੰਨ ਇਸਦੀ ਵੱਡੀ ਉਦਾਹਰਨ ਹਨ।ਕਿਸਾਨਾਂ ਦੀ ਆਮਦਨੀ ਪੰਜ ਸਾਲਾਂ ਵਿੱਚ ਦੋਗੁਣੀ ਕਰਨ ਦੀ ਗੱਲ ਵੀ ਕੀਤੀ ਜਾ ਰਹੀ ਹੈ ਪਰ ਸਿਵਾਏ ਸਰਕਾਰੀ ਪ੍ਰਚਾਰ ਦੇ ਕੁਝ ਵੀ ਸਾਰਥਕ ਨਹੀਂ ਹੋ ਰਿਹਾ।

**ਐਮ.ਐਸ.ਪੀ.**

ਨੈਸ਼ਨਲ ਕਮਿਸ਼ਨ ਆਨ ਫਾਰਮਰਜ਼(ਐਨ.ਸੀ.ਐਫ.), ਜੋ ਨਵੰਬਰ 18, 2004 ਨੂੰ ਸਰਕਾਰ ਵਲੋਂ ਡਾ: ਐਨ.ਐਸ. ਸਵਾਮੀਨਾਥਨ ਨੂੰ ਨਿਯੁਕਤ ਕੀਤਾ ਗਿਆ, ਉਸ ਵਲੋਂ ਅਕਤੂਬਰ 2006 ਵਿੱਚ ਆਪਣੀ ਇੱਕ ਰਿਪੋਰਟ ਸਰਕਾਰ ਨੂੰ ਦਿੱਤੀ ਜਿਸ ਵਿੱਚ ਖੇਤੀ ਸੁਧਾਰਾਂ, ਖੇਤੀ ਉਪਜ ਵਿੱਚ ਵਾਧੇ, ਭੋਜਨ ਸਕਿਉਰਟੀ, ਕਿਸਾਨ ਆਤਮਹੱਤਿਆਵਾਂ ਦੇ ਬਾਰੇ ਚਰਚਾ ਕੀਤੀ ਅਤੇ ਸੁਝਾਇਆ ਕਿ ਖੇਤੀ ਨੂੰ ਲਾਹੇਵੰਦ ਕਰਨ ਲਈ ਅਤੇ ਕਿਸਾਨਾਂ ਦੀ ਦਸ਼ਾ ਸੁਧਾਰਨ ਲਈ ਫ਼ਸਲਾਂ ਦਾ ਘੱਟੋ-ਘੱਟ ਸਮਰੱਥਨ ਮੁੱਲ ਲਾਗੂ ਕੀਤਾ ਜਾਵੇ, ਜਿਸ ਵਿੱਚ ਫ਼ਸਲ ਦੀ ਲਾਗਤ ਉਤੇ 50 ਫ਼ੀਸਦੀ ਲਾਭ ਕਿਸਾਨ ਨੂੰ ਮਿਲੇ। ਪਰ ਇਸ ਰਿਪੋਰਟ ਉਤੇ ਨਾ ਤਾਂ ਕਾਂਗਰਸੀ ਸਰਕਾਰ ਨੇ, ਜਿਸਨੇ ਇਹ ਕਮਿਸ਼ਨ ਬਣਾਇਆ ਸੀ ਅਤੇ ਨਾ ਹੀ ਬਾਅਦ ਵਿੱਚ ਮੋਦੀ ਸਰਕਾਰ ਨੇ ਇਸ ਰਿਪੋਰਟ ਵੱਲ ਤਵੱਜੋ ਕੀਤੀ ਅਤੇ ਨਾ ਹੀ ਅੱਜ ਤੱਕ ਲਾਗੂ ਕੀਤਾ ਹੈ।


ਜੇਕਰ ਘੱਟੋ-ਘੱਟ ਸਮਰੱਥਨ ਮੁੱਲ (ਐਮ.ਐਸ.ਪੀ.)ਕਿਸਾਨਾਂ ਨੂੰ ਦੇ ਦਿੱਤਾ ਜਾਵੇ, ਇਸ ਨਾਲ ਕਿਸਾਨਾਂ ਦੀ ਸਥਿਤੀ ਚੰਗੀ ਹੋਏਗੀ, ਬਜ਼ਾਰ ਨੂੰ ਤਾਕਤ ਮਿਲੇਗੀ। ਦੇਸ਼ ਦੀ ਅਰਥ ਵਿਵਸਥਾ ਰਫ਼ਤਾਰ ਫੜੇਗੀ। ਮੰਨ ਲਵੋ 45 ਲੱਖ ਕਰੋੜ ਰੁਪਏ ਜਿਹੜੇ ਐਮ.ਐਸ.ਪੀ. ਲਈ ਸਰਕਾਰ ਖ਼ਰਚ ਕਰਨ ਦੀ ਦੁਹਾਈ ਦੇਕੇ ਇਸ ਤੋਂ ਸਰਕਾਰ ਕਿਨਾਰਾ ਕਰ ਰਹੀ ਹੈ, ਦੇਸ਼ ਦੇ ਸਾਢੇ 9 ਕਰੋੜ ਕਿਸਾਨ ਪਰਿਵਾਰਾਂ ਵਿੱਚ ਪਹੁੰਚ ਜਾਣ ਤਾਂ ਕੀ ਨਹੀਂ ਹੋ ਸਕਦਾ? ਸਭ ਤੋਂ ਪਹਿਲਾਂ ਤਾਂ ਇਸ ਨਾਲ ਆਰਥਿਕ ਅਸਮਾਨਤਾ ਘਟੇਗੀ। ਬਜ਼ਾਰ ਵਿੱਚ ਮੰਗ ਵਧੇਗੀ, ਨੌਕਰੀਆਂ ਤਿਆਰ ਹੋਣਗੀਆਂ ਅਤੇ ਅਰਥ ਵਿਵਸਥਾ ਮਜ਼ਬੂਤ ਹੋਵੇਗੀ। ਲੇਕਿਨ ਇਹ ਪੈਸਾ ਕਿਸਾਨਾਂ ਕੋਲ ਨਾ ਜਾ ਕੇ ਕੁਝ ਕਾਰੋਬਾਰੀਆਂ ਦੀ ਤਜੌਰੀ 'ਚ ਕੈਦ ਹੋ ਗਿਆ ਹੈ, ਜੋ ਮੰਗ ਦੇ ਅਨੁਸਾਰ ਨਿਵੇਸ਼ ਕਰਦੇ ਹਨ। ਐਮ.ਐਸ.ਪੀ. ਗਰੰਟੀ ਨਾਲ ਖੇਤੀ ਦੀ ਲਾਗਤ ਵੀ ਘਟੇਗੀ ਅਤੇ ਸਿਫ਼ਰ ਬਜ਼ਟ ਵਾਲੀ ਖੇਤੀ ਉਤਸ਼ਾਹਤ ਹੋਏਗੀ। ਐਮ.ਐਸ. ਪੀ . ਨਾਲ ਕਿਸਾਨ ਫ਼ਸਲ ਚੱਕਰ ਵੱਲ ਪਰਤਣਗੇ। ਇਸ ਨਾਲ ਕਿਸਾਨਾਂ ਨੂੰ ਹੀ ਨਹੀਂ ਉਪਭੋਗਤਾ ਨੂੰ ਵੀ ਫ਼ਾਇਦਾ ਹੋਏਗਾ, ਜਿਹਨਾ ਨੂੰ ਸਸਤਾ ਅੰਨ ਮਿਲੇਗਾ। ਸਰਕਾਰ ਵਲੋਂ ਰਿਆਇਤਾਂ ਦੇਣ ਦੀ ਨੀਤੀ ਤਹਿਤ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ, ਪਰੰਪਰਾਗਤ ਖੇਤੀ ਵਿਕਾਸ ਯੋਜਨਾ, ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ ਯੋਜਨਾ, ਕਿਸਾਨ ਕਰੈਡਿਟ ਕਾਰਡ, ਮੁਦਰਾ ਸਵਸਥ ਕਾਰਡ, ਈ-ਨਾਮ ਜੇਹੀਆਂ ਕਈ ਪਹਿਲਾਂ ਕਿਸਾਨਾਂ ਦੀ ਬਿਹਤਰੀ ਲਈ ਸ਼ੁਰੂ ਕੀਤੀਆਂ ਗਈਆਂ ਲੇਕਿਨ ਸਿੱਟੇ ਬਿਹਤਰ ਨਹੀਂ ਆਏ। ਕਿਸਾਨਾਂ ਦੀ ਦਸ਼ਾ ਨਹੀਂ ਸੁਧਰੀ। ਰਿਆਇਤਾਂ ਨਾਲ ਕੁਝ ਵੀ ਸੁਧਰਨ ਵਾਲਾ ਨਹੀਂ ਹੈ।

ਅੱਜ ਦੇ ਦੌਰ ਵਿੱਚ ਪੂੰਜੀਵਾਦ ਅਤੇ ਸੱਤਾ ਇੱਕ ਸਿੱਕੇ ਦੇ ਦੋ ਪਹਿਲੂ ਬਣ ਗਏ ਹਨ। ਹੁਣ ਲੋੜ ਪੂੰਜੀਵਾਦ ਨੂੰ ਆਮ ਆਦਮੀ ਕੇਂਦਰਿਤ ਬਨਾਉਣ ਦੀ ਨਹੀਂ, ਬਲਕਿ ਗਰੀਬੀ ਨੂੰ ਮਿਟਾਉਣ ਤੇ ਸਮਾਨਤਾ ਬਨਾਉਣ ਦੀ ਹੈ।

# ਸਮਾਰਟ ਫੋਨ - ਸਰਮਾਏਦਾਰਾਨਾ ਲੁੱਟ ਦਾ ਸੰਦ



ਡਾ. ਬਲਜਿੰਦਰ
94170-79720



ਬੋਲਚਾਲ ਦੀ ਆਮ ਭਾਸਾ ’ਚ ਕਿਰਤ ਕਰਨਾ ਸਰੀਰਕ ਮਿਹਨਤ ਮੁਸੱਕਤ ਕਰਨ ਵਾਲੇ ਕੰਮ ਤੋਂ ਲਿਆ ਜਾਂਦਾ ਹੈ। ਕਿਰਤ ਦੇ ਹੋਰ ਰੂਪਾਂ ਵੱਲ ਆਮ ਲੋਕਾਂ ਦਾ ਬਹੁਤ ਹੀ ਘੱਟ ਧਿਆਨ ਜਾਂਦਾ ਹੈ। ਅਤੇ ਲੁੱਟ-ਖਸੁੱਟ, ਲੁੱਟ-ਚੋਂਘ ਤੋਂ ਮਤਲਬ ਮਜਦੂਰਾਂ ਤੋਂ ਵਧੇਰੇ ਕੰਮ ਕਰਵਾ ਕੇ ਉਹਨਾਂ ਨੂੰ ਘੱਟ ਮਜਦੂਰੀ ਅਦਾ ਕਰਨਾ ਅਤੇ ਇਓਂ ਆਪਣੇ ਮੁਨਾਫੇ ਕਮਾਉਣ ਤੋਂ ਲਿਆ ਜਾਂਦਾ ਹੈ। ਉਹਨਾਂ ਹਾਲਾਤਾਂ ’ਚ ਸਾਨੂੰ ਲੋਟੂ ਅਤੇ ਲੁੱਟਿਆਂ ਜਾਣ ਵਾਲਿਆਂ ਦੇ ਰੂਪ ’ਚ ਦੋ ਸਿਰੇ ਆਹਮੋ-ਸਾਹਮਣੇ ਖੜ੍ਹੇ ਨਜਰੀਂ ਪੈਂਦੇ ਹਨ। ਪਰ ਸਰਮਾਏਦਾਰਾਨਾ ਲੁੱਟ-ਚੋਂਘ ਦਾ ਢਾਂਚਾ ਐਨਾ ਗੁੰਝਲਦਾਰ ਅਤੇ ਵਿਸਾਲ ਹੈ ਕਿ ਬਹੁਤੇ ਵਾਰ ਸਾਨੂੰ ਇਹ ਦੋ ਆਪੋ ’ਚ ਖੜ੍ਹੇ ਵਿਰੋਧੀ ਧ੍ਰੁਵ ਨਜਰ ਨਹੀਂ ਪੈਂਦੇ। ਅਜਿਹੇ ਹੀ ਅਦਿੱਖ ਦਿਸਦੇ ਵਰਤਾਰੇ ਦੀ ਪੁਣਛਾਣ ਕਰਨ ਦੀ ਅਸਾਡੀ ਕੋਸ਼ਿਸ਼ ਹੈ।

**ਸਮਾਰਟ ਫੋਨ ਕਿ ਪਾਲੀਮੀਡੀਆ?**

ਇੰਟਰਨੈੱਟ ਅਤੇ ਮੋਬਾਈਲ ਫੋਨ ਦੇ ਅਜੋਕੇ ਜਮਾਨੇ ’ਚ ਸਮਾਰਟਫੋਨ ਇੱਕ ਆਮ ਪ੍ਰਚਲਤ ਨਾਓਂ ਹੈ। ਫੋਨ ਤਾਂ ਹੋਇਆ, ਪਰ ਇਹ ਸਮਾਰਟ ਫੋਨ ਕੀ ਬਲਾ ਹੋਈ? ਫਰਕ ਸਿਰਫ ਸਮਾਰਟ ਲਫਜ ਦਾ ਹੀ ਹੈ। ਸਮਾਰਟ ਲਫਜ ਤੋਂ ਭਾਵ ਚੁਸਤ, ਫੁਰਤੀਲੇ ਅਤੇ ਤੇਜੀ ਨਾਲ ਕੰਮ ਨਿਪਟਾਉਣ ਵਾਲੇ ਤੋਂ ਲਿਆ ਜਾਂਦਾ ਹੈ। ਸੋ ਸਮਾਰਟ ਦਾ ਅਰਥ ਉਸ ਫੋਨ ਤੋਂ ਹੈ ਜਿਸ ਤੋਂ ਅਸੀਂ ਆਮ ਫੋਨ ਦੀ ਗੱਲਬਾਤ ਕਰਨ ਦਾ ਕੰਮ ਲੈਂਦਿਆਂ-ਲੈਂਦਿਆਂ ਕਈ ਹੋਰ ਵੰਨਗੀਆਂ ਦੇ ਕਾਰਜ ਵੀ ਨਿਪਟਾਈਏ, ਮਸਲਨ- ਇੰਟਰਨੈੱਟ ਚਲਾਈਏ, ਕੰਪਿਊਟਰ ਵਰਗੀ ਯਾਦਸਕਤੀ ਵਾਲੀ ਸਮਰੱਥਾ ਪਾਈਏ, ਕੈਮਰਿਆਂ ਮਾਫਕ ਫੋਟੋਆਂ ਖਿੱਚੀਏ, ਤੀਖਣ ਤੇ ਸਪੱਸਟ ਚਿੱਤਰ ਦਿਖਾਉਣ ਵਾਲੀ ਉੱਚ ਦਰਜੇ ਵਾਲੀ ਟੱਚ ਸਕਰੀਨ ਨਾਲ ਲੈਸ ਹੋਵੇ, ਜਿਹੜਾ ਵੱਖ-ਵੱਖ ਕਾਰਜਾਂ( ਸੰਗੀਤ, ਪੜ੍ਹਾਈ-ਲਿਖਾਈ, ਵੀਡੀਓ, ਅਖਬਾਰਾਂ,ਬੈਂਕਿੰਗ ਪ੍ਰਣਾਲੀ, ਗੇਮਿੰਗ, ਡਿਕਸਨਰੀਆਂ, ਦੁਨੀਆਂ ਦੀਆਂ ਵੱਖੋ- ਵੱਖਰੀਆਂ ਭਾਸਾਵਾਂ ਨੂੰ ਸਿੱਖਣ ’ਚ ਮੱਦਦ ਕਰਨ ਵਾਲਾ ਹੋਵੇ ਭਾਵ ਜਿਹੜਾ ਕੰਪਿਊਟਰ ’ਤੇ ਕੀਤੇ ਜਾ ਸਕਣ ਵਾਲੇ ਹਰ ਸੰਭਵ ਕਾਰਜ ਨੂੰ ਸਰਲਤਾ ਨਾਲ ਕਰਨ ਵੱਲ ਸੇਧਤ ਗਣਿਤੀ ਫਾਰਮੂਲਿਆਂ ’ਤੇ ਆਧਾਰਤ ਐਪਸ ਯਾਨੀ ਕਿ ਇੱਕ ਹੀ ਜਗ੍ਹਾ ਇਕੱਤਰ ਤਰੰਗਾਂ ਛੇੜਣ ਵਾਲੀ ਪ੍ਰਣਾਲੀ) ਨੂੰ ਕਰਨ ਵਾਲੇ ਸੰਦਾਂ ਨਾਲ ਲੈਸ ਕੀਤਾ ਜਾ ਸਕਦਾ ਹੋਵੇ। ਕੰਪਿਊਟਰ ਸਾਫਟਵੇਅਰ ਅਤੇ ਹਾਰਡਵੇਅਰ ਦੀ ਸਹੀ ਦਿਸਾ ’ਚ ਕੀਤੀ ਗਈ ਇੱਕਸੁਰਤਾ ਭਾਵ ਜੁਗਲਬੰਦੀ ਹੀ ਅਜਿਹਾ ਯੰਤਰ ਤਿਆਰ ਕਰਦੀ ਹੈ ਜਿਹੜਾ ਇਹਨਾਂ ਸਾਰੇ ਕਾਰਜਾਂ ਨੂੰ ਬਾਖੂਬੀ ਅੰਜਾਮ ਦਿੰਦਾ ਹੈ। ਦੁਨੀਆਂ ਦੀ ਕਮਿਊਨੀਕੇਸਨਜ ਦੇ ਖੇਤਰ ’ਚ ਮਸਹੂਰ ਕੰਪਨੀ ਐਰਿਕਸਨ ਦੇ ਮੁੱਖ ਤਕਨੀਕੀ ਅਧਿਕਾਰੀ ਨਿਲਜ ਰਿੱਡਬੈੱਕ ਨੇ ਤਕਨੀਕ ਦੀ ਅਜਿਹੀ ਯੁਗਲਬੰਦੀ ਦੀ ਤੁਲਨਾ ਕਰਦਿਆਂ ਇਹਨਾਂ ਫੋਨਾਂ ਨੂੰ ਮੈਲਟਿੰਗ ਪੋਟ ਯਾਨੀ ਕਿ ਰੂਪ ਬਦਲੀ ਕਰ ਲੈਣ ਵਾਲੇ ਭਾਂਡਿਆਂ ਨਾਲ ਕੀਤੀ ਸੀ ਅਤੇ ਕਿਹਾ ਸੀ ਕਿ ਭਵਿੱਖ ਦੇ ਫੋਨ ਬਹੁਤ ਸਾਰੇ ਯੰਤਰਾਂ ਨਾਲ ਮਸਲਨ ਕੈਮਰਿਆਂ, ਕੰਪਿਊਟਰਾਂ ਅਤੇ ਮਿਊਜਿਕ ਪਲੈਅਰਜ ਨਾਲ ਲੈਸ ਕੀਤੇ ਮਿਲਣਗੇ।

ਤਕਨੀਕ ਦੇ ਵਿਕਸਤ ਹੋ ਜਾਣ ਨਾਲ ਅਤੇ ਵਿਸਵ ਵਪਾਰ ਅੰਦਰ ਮੁਕਾਬਲੇਬਾਜੀ ਵਧਣ ਦੇ ਨਤੀਜੇ ਵਜੋਂ ਅੱਜ ਸਮਾਰਟ ਫੋਨ ਦੁਨੀਆਂ ਦੀ ਵੱਡੀ ਆਬਾਦੀ ਦੀ ਪਹੁੰਚ ’ਚ ਆ ਗਿਆ ਹੈ ਅਤੇ ਕੋਵਿਡ ਮਹਾਮਾਰੀ ਦੇ ਦੌਰ ਨੇ ਆਨਲਾਈਨ ਕਲਾਸਾਂ ਦੇ ਹੋਂਦ ’ਚ ਆਏ ਇੱਕ ਨਵੇਂ ਰੁਝਾਨ ਨੇ ਕਰੀਬ-ਕਰੀਬ ਹਰ ਘਰ ਅੰਦਰ ਹੀ ਅਜਿਹੇ ਫੋਨ ਦੀ ਹਾਜਰੀ ਲਵਾਈ ਹੈ। ਇੱਥੇ ਹੀ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਆਨਲਾਈਨ ਕਲਾਸਾਂ ਨੇ ਵੈੱਬ ਸਰਵਿਸਜ, ਵੈੱਬ ਮੀਟਿੰਗਾਂ, ਜੂਮ ਮੀਟਿੰਗਾਂ ਆਦਿ ਦੀ ਵਰਤੋਂ ਨੂੰ ਵੀ ਤਕੜਾ ਹੁਲਾਰਾ ਦਿੱਤਾ ਹੈ, ਯਾਨੀ ਕਿ ਜਿੱਥੇ ਪਹਿਲਾਂ ਇਹਦੀ ਵਰਤੋਂ ਕਾਰਪੋਰੇਟ ਅਦਾਰੇ ਵੀ ਵਿਰਲੇ-ਟਾਵੇਂ ਹੀ ਕਰਦੇ ਸਨ ਹੁਣ ਇਹ ਘਰ-ਘਰ ਦੀ ਹੀ ਗੱਲ ਬਣ ਕੇ ਸਥਾਪਤ ਹੋ ਗਈ ਹੈ। ਸੋਸਲ ਮੀਡੀਆ, ਜੀਹਦੇ ’ਚ ਟਵਿੱਟਰ, ਫੇਸਬੁੱਕ ਅਤੇ ਵਟਜਅੱਪ ਮੁੱਖ ਹਨ, ਦੀ ਵਰਤੋਂ ਨੇ ਵੀ ਇਹਨਾਂ ਫੋਨਾਂ ਦੀ ਗਿਣਤੀ ’ਚ ਵਾਧਾ ਕੀਤਾ ਹੈ। ਸੋਸਲ ਮੀਡੀਆ ਤੋਂ ਇੱਥੇ ਭਾਵ ਇਸ ਤਰ੍ਹਾਂ ਦੇ ਮੀਡੀਆ ਰਾਹੀਂ ਵਿਅਕਤੀਆਂ ਦਾ ਆਪਸ ’ਚ ਰਾਬਤਾ, ਭਾਈਚਾਰਕ ਸਹਿਭਾਵ, ਗੱਲਬਾਤ ਸਾਂਝਿਆਂ ਕਰਨਾ ਆਦਿ ਹੈ। ਪਰ ਇੱਥੇ ਅਸੀਂ ਸਮਾਰਟ ਫੋਨਾਂ ਦੀ ਕੁਆਲਟੀ ਅਤੇ ਇਹਨਾਂ ਦੇ ਵੱਖ-ਵੱਖ ਫੀਚਰਾਂ ਦੀ ਬਾਤ ਨਹੀਂ ਪਾਉਣੀ। ਅਸੀਂ ਇਹਨਾਂ ਨਾਲ ਜੁੜੀ ਸਰਮਾਏਦਾਰਾਨਾ ਪ੍ਰਬੰਧ ਦੀ ਲੁੱਟ-ਖਸੁੱਟ ਨੂੰ ਫਰੋਲਣ ਦੀ ਕੋਸ਼ਿਸ਼ ਕਰਨੀ ਹੈ।

ਉਪਰਲੀ ਚਰਚਾ ਦੇ ਹਿਸਾਬ ਨਾਲ ਦੇਖਿਆਂ ਇਹ ਨਿਰਣਾ ਬਣਦਾ ਹੈ ਕਿ ਸਮਾਰਟ ਫੋਨ ਸਿਰਫ ਕੋਈ ਤਕਨੀਕੀ ਯੰਤਰ ਹੀ ਨਹੀਂ ਹਨ ਬਲਕਿ ਇਹ ਤਾਂ ਸਮਾਜਕ (ਸੋਸਲ) ਡੀਵਾਈਸਜ(ਯੰਤਰ) ਬਣ ਚੁੱਕੇ ਹਨ, ਜਿਹਨਾਂ ਦੀ ਸਾਡੀ ਰੋਜਾਨਾ ਜ਼ਿੰਦਗੀ ’ਚ ਬਹੁਤ ਹੀ ਅਹਿਮੀਅਤ ਹੈ। ਇਹਨਾਂ ਦੀ ਅਜਿਹੀ ਵਰਤੋਂ ਕੀਤੇ ਜਾਣ ਕਰਕੇ ਇਹਨਾਂ ਨੂੰ ਪਾਲੀਮੀਡੀਆ ਜਾਂ ਮੈਟਾਮੀਡੀਆ ਦੇ ਨਾਓਂ ਨਾਲ ਵੀ ਪੁਕਾਰਿਆ ਜਾਂਦਾ ਹੈ। ਇਹ ਸਾਡੀਆਂ ਜ਼ਿੰਦਗੀਆਂ ਦੇ ਨਾਲ-ਨਾਲ ਸਾਡੀਆਂ ਆਦਤਾਂ, ਸਾਡੇ ਸਮਾਜਕ ਰਿਸਤਿਆਂ ਨੂੰ ਵੀ ਦਿਖਾਉਂਦੇ ਹਨ। ਤੁਰਕੀ ਦੀ ਅੰਕਾਰਾ ਸਥਿਤ ਹੈਸੇਟੈਪੈ ਯੂਨੀਵਰਸਿਟੀ ’ਚ ਮਈ 2015 ਤੋਂ ਫਰਵਰੀ 2016 ਤੱਕ ਕੀਤੇ ਗਏ ਇੱਕ ਅਧਿਐਨ ’ਚ ਇਹਨਾਂ ਸਮਾਰਟ ਫੋਨਾਂ ਦੀ ਰੋਜਾਨਾ ਵਰਤੋਂ ਨੂੰ ਅਜੋਕੇ ਡਿਜੀਟਲ ਸਰਮਾਏਦਾਰਾਨਾ ਯੁੱਗ ਦੇ ਸੰਦਰਭ ’ਚ ਜਿਨਸੀਕਰਨ ਅਤੇ ਲੁੱਟ-ਖਸੁੱਟ ਦੇ ਸੰਦਰਭ ’ਚ ਦੇਖਿਆ ਗਿਆ।

ਸਭ ਤੋਂ ਪਹਿਲਾਂ ਤਾਂ ਸਰਮਾਏਦਾਰਾਨਾ ਲੁੱਟ ਦੇ ਸਿਧਾਂਤ ਦੀ ਜਾਣਕਾਰੀ ਦੇ ਪੱਧਰ ’ਤੇ ਜਾਂਦੇ ਹਾਂ। ਇਹਨੂੰ ਤਿੰਨ ਸੰਦਰਭਾਂ ’ਚ ਫਰੋਲਦੇ ਹਾਂ – (ਸੋਸਲ) ਮੀਡੀਆ, ਆਰਾਮ (ਲਈਯਰ) ਅਤੇ ਲੁੱਟ-ਖਸੁੱਟ। ਮਾਸ ਮੀਡੀਆ ਦਾ ਮੁੱਖ ਉਤਪਾਦ (ਆਊਟਪੁੱਟ) ਇਹਦੇ ਸ੍ਰੋਤਿਆਂ ਦਾ ਘੇਰਾ ਹੈ ਜਿਹੜਾ ਕਿ ਠੋਸ ਰੂਪ ਹੈ(ਇੱਥੇ ਇੱਕ ਗੱਲ ਸਮਝਣ ਵਾਲੀ ਹੈ ਕਿ ਜਿੱਥੇ ਇੱਕ ਪਾਸੇ ਤਾਂ ਫੋਨ ਉਤਪਾਦਨ ਕਰਨ ਵਾਲੀ ਕੰਪਨੀ ਨੇ ਆਪਣਾ ਉਤਪਾਦ ਯਾਨੀ ਕਿ ਫੋਨ ਵੇਚ ਕੇ ਪੈਸੈ ਕਮਾ ਲਏ ਅਤੇ ਇਸ ਢੰਗ ਨਾਲ ਲੁੱਟ ਕਰ ਲਈ)। ਪਰ ਬਾਤ ਐਦੂੰ ਅਗਾਂਹ ਦੀ ਹੈ ਕਿ ਕਿੱਥੇ ਅਤੇ ਕਿਵੇਂ ਲੁੱਟ ਕੀਤੀ ਜਾਂਦੀ ਹੈ, ਇਹਨੂੰ ਸਮਝਣਾ ਬਹੁਤ ਜਰੂਰੀ ਹੈ। ਇੱਥੇ ਮਾਸ ਮੀਡੀਆ ਦੇ ਚਲਣਢੰਗ ਨੂੰ ਪੜਤਾਲਣਾ ਬਣਦਾ ਹੈ। ਓਪਰੀ ਤੌਰ ’ਤੇ ਦੇਖਿਆਂ ਮਾਸ ਮੀਡੀਆ (ਖਬਰਾਂ, ਗੀਤ-ਸੰਗੀਤ, ਟੀਵੀ ਆਦਿ) ਸ੍ਰੋਤਿਆਂ ਲਈ ਮੁਫਤ ਯਾਨੀ ਕਿ ਫ੍ਰੀ ’ਚ ਦਰਿਆਫਤ ਕੀਤੇ ਦਿਸਦੇ ਹਨ ਪਰ ਇਹ ਸ੍ਰੋਤਿਆਂ ਨੂੰ ਇੱਕ ਪੈਦਾਵਾਰੀ ਸਰਗਰਮੀ ’ਚ ਪਾਉਂਦੇ ਹਨ, ਜਿਹੜੀ ਕਿ ਲੁੱਟ-ਖਸੁੱਟ ਅਤੇ ਇਹਨਾਂ ਸ੍ਰੋਤਿਆਂ ਦੇ ਜਿਨਸੀਕਰਨ ’ਤੇ ਆਧਾਰਤ ਹੈ। ਇਓਂ ਦੇਖਿਆਂ ਇਹ ਮੀਡੀਆ ਫ੍ਰੀ-ਫੰਡ ’ਚ ਨਹੀਂ ਮਿਲਦਾ, ਯਾਨੀ ਕਿ ਸਾਨੂੰ ਇਹਦੀ ਕੀਮਤ ਤਾਰਨੀ ਪੈਂਦੀ ਹੈ। ਸਰਮਾਏਦਾਰੀ ਆਪਣੀ ਪੈਦਾਵਾਰ ਨੂੰ ਬਰਕਰਾਰ ਰੱਖਣ ਲਈ ਮਾਸ ਐਡਵਰਟਾਈਜਮੈਂਟ ਦਾ ਸਹਾਰਾ ਲੈਂਦੀ ਹੈ। ਟੀਵੀ (ਜਿਸਨੂੰ ਬੁੱਧੂ ਬਕਸਾ ਵੀ ਕਿਹਾ ਗਿਆ ਹੈ) ਸਾਹਮਣੇ ਬੈਠੇ ਦਰਸਕ ਨੂੰ ਪ੍ਰੋਗਰਾਮਾਂ ਦੇ ਵਿੱਚ-ਵਿਚਾਲੇ ਇਸ਼ਤਿਹਾਰ ਪਰੋਸੇ ਜਾਂਦੇ ਹਨ ਜਿਹੜੇ ਕਿ ਜਿਨਸ ਹਨ। ਇੱਥੇ ਇਹ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਲੁੱਟ ਇਸ ਐਡਵਰਟਾਈਜਮੈਂਟ ਦੇ ਧੰਦੇ ਨੂੰ ਤਾਂ ਹਰ ਦੇਖਣ ਵਾਲਾ ਸਹਿਜੇ ਹੀ ਪਹਿਚਾਣ ਜਾਂਦਾ ਹੈ, ਪਰ ਦੇਖਣ ਨੂੰ ‘ਕੁਦਰਤੀ’ ਲੱਗਦੀ ਸੈਅ ਸਾਨੂੰ ਲੁੱਟ ਨਹੀਂ ਲੱਗਦੀ ਜਿਹੜੀ ਕਿ ਸਾਡੀ ਰੋਜਾਨਾ ਜ਼ਿੰਦਗੀ ਦੇ ਹੱਡੀਂ ਰਮ ਚੁੱਕੀ ਹੈ।

ਸੰਚਾਰ ਵਿਵਸਥਾ ਦੀ ਸਿਆਸੀ ਆਰਥਕਤਾ ਦੇ ਖੇਤਰ ’ਚ ਆਪਣਾ ਬਹੁਮੁੱਲਾ ਯੋਗਦਾਨ ਪਾਉਣ ਵਾਲੇ ਕਨੇਡਾ ਦੇ ਡਾਲਸ ਵਾਕਰ ਸਮਾਈਥ ਦੀ ਦਲੀਲ ਨੂੰ ਆਧਾਰ ਬਣਾ ਕੇ ਅਸੀਂ ਅਜੋਕੇ ਡਿਜੀਟਲ ਮੀਡੀਆ ਦੇ ਖਾਸੇ ਨੂੰ ਸਮਝ ਸਕਦੇ ਹਾਂ। ਉਸ ਦਾ ਕਹਿਣਾ ਸੀ ਕਿ ਸਰਮਾਏਦਾਰਾ ਪੈਦਾਵਾਰੀ ਢਾਂਚਾ ਸਮਾਜ ਦੀਆਂ ਰਗਾਂ ’ਚ ਜਿੰਨਾ ਵਧੇਰੇ ਭਾਰੂ ਹੁੰਦਾ ਜਾਂਦਾ ਹੈ ਓਨਾ ਹੀ ਉਹ ਮਨੁੱਖਾਂ ਦੇ ਵਿਹਲੇ (ਲਈਯਰ) ਸਮੇਂ ਨੂੰ ਕਾਰਜਕਾਰੀ(ਵਰਕਿੰਗ) ਸਮੇਂ ’ਚ ਤਬਦੀਲ ਕਰਦਾ ਤੁਰਿਆ ਜਾਂਦਾ ਹੈ। ਸਰਮਾਏਦਾਰੀ ਢਾਂਚਾ ਮੁੱਠੀ ਭਰ ਨੂੰ ਛੱਡਦਿਆਂ ਆਮ ਲੋਕਾਈ ਨੂੰ ਕਹਿੰਦਾ ਹੈ ਕਿ ਆਪਣੀ ਜ਼ਿੰਦਗੀ ਨੂੰ ਬਸਰ ਕਰਨ ਲਈ ਕੰਮ ਕਰੋ। ਇਸ ਵਿਹਲੇ ਸਮੇਂ ਦੌਰਾਨ ਹੀ ਵਰਕਰ ਆਪਣੀ ਕਿਰਤ ਸਕਤੀ ਨੂੰ ਮੁੜ-ਪੈਦਾ (ਰੀਪਰੋਡਿਊਸ) ਕਰਦਾ ਹੈ, ਇਸੇ ਸਮੇਂ ਦੌਰਾਨ ਹੀ ਉਹ ਆਪਣੀਆਂ ਹੋਰ ਜਰੂਰਤਾਂ ਪੂਰੀਆਂ ਕਰਦਾ ਹੈ ਅਤੇ ਨਾਲ ਹੀ ਉਹ ਹੋਰ ਜੁੰਮੇਵਾਰੀਆਂ ਵੀ ਨਿਭਾਉਂਦਾ ਹੈ। ਇਓਂ ਇਹ ਵਿਹਲਾ ਵਕਤ ਵੀ ਵੱਖ-ਵੱਖ ਸਕਲਾਂ ’ਚ ਲੇਬਰ ਕੰਮ ਹੀ ਬਣਕੇ ਰਹਿ ਜਾਂਦਾ ਹੈ। ਇਓਂ ਦੇਖਿਆਂ ਟੀਵੀ ਸਾਹਮਣੇ ਬੈਠਿਆਂ ਆਰਾਮ ਕਰਦੇ ਵਕਤ ਵੀ ਲੋਕ ਲੁੱਟ-ਖਸੁੱਟ ਦੀ ਸਰਮਾਏਦਾਰਾਨਾ ਚੱਕੀ ਤੋਂ ਆਜਾਦ ਨਹੀਂ ਰਹਿੰਦੇ।

**ਅਜੋਕਾ ਸਰਮਾਏਦਾਰਾਨਾ ਢਾਂਚਾ ਕੀ ਹੈ?** : ਪੈਦਾਵਾਰ ਦੇ ਪਿਛਲੇ ਸਾਰੇ ਆਰਥਕ ਢਾਂਚਿਆਂ ਨਾਲੋਂ ਸਰਮਾਏਦਾਰਾਨਾ ਢਾਂਚੇ ਦੀ ਇਹ ਅਤਿ ਅਹਿਮ ਖਾਸੀਅਤ ਹੈ ਕਿ ਇਸ ਢਾਂਚੇ ਅੰਦਰ ਲੇਬਰ ਫੋਰਸ(ਕਿਰਤ ਸਕਤੀ) ਦੀ ਨਵੀਂ ਪੌਦ (ਰੀਪ੍ਰੋਡਿਊਸ) ਤਿਆਰ ਕਰਨ ਦਾ ਸਿਲਸਿਲਾ ਜਿਨਸਾਂ ਦੀ ਖਪਤ ਕਰਨ ਨਾਲ ਬਹੁਤ ਹੀ ਨੇੜਿਓਂ ਜੁੜਿਆ ਹੋਇਆ ਹੈ। ਇਸ ਢਾਂਚੇ ਅੰਦਰ ਵਿਚਰਣ ਵਾਲਿਆਂ ਲਈ ਇਹ ਲਾਜਮੀ ਹੈ ਕਿ ਉਹ ਆਪਣੀਆਂ ਨਿੱਜੀ ਲੋੜਾਂ ਦੀ ਪੂਰਤੀ ਬਜਾਰ ’ਚੋਂ ਵਸਤਾਂ ਖਰੀਦ ਕੇ ਕਰਨ, ਨਾ ਕਿ ਇਓਂ ਕਿ ਉਹ ਆਪਣੀਆਂ ਨਿੱਜੀ ਜਰੂਰਤਾਂ ਦੀ ਪੂਰਤੀ ਉਹਨਾਂ ਹੀ ਵਸਤਾਂ ਨਾਲ ਕਰਨ ਜਿਹੜੀਆਂ ਕਿ ਉਹਨਾਂ ਨੇ ਖੁਦ ਪੈਦਾ ਕੀਤੀਆਂ ਹੁੰਦੀਆਂ ਹਨ। ਇਸ ਸਾਰੇ ਅਮਲ ਨੂੰ ਫਰਾਂਸੀਸੀ ਫ਼ਲਾਸਫ਼ਰ ਮਿਸੈਲ ਡੀ ਸਰਤੂਯ ਨੇ ਬੜੇ ਹੀ ਖੂਬਸੂਰਤ ਅੰਦਾਜ ’ਚ ਇਓਂ ਪੇਸ ਕੀਤਾ ਹੈ:

“ਖਪਤ(ਕੰਜਪਸਨ) ਬੜੀ ਟੇਢੀ ਖੀਰ ਹੈ, ਇਹ ਖਿੰਡੀ-ਪੁੰਡੀ ਹੋਈ ਹੁੰਦੀ ਹੈ, ਪਰ ਇਹ ਚੁੱਪ-ਚੁਪੀਤਿਆਂ ਹੀ ਅਤੇ ਅਦਿੱਖ ਰੂਪ ’ਚ ਆਪਣੇ ਆਪ ਨੂੰ ਹਰ ਜਗ੍ਹਾ ਹੀ ਪਈ ਹੁੰਦੀ ਹੈ ਕਿਓਂਕਿ ਇਹ ਆਪਣੇ ਆਪ ਨੂੰ ਆਪਣੀਆਂ ਖੁਦ ਦੀ ਪੈਦਾ ਕੀਤੀਆਂ ਵਸਤਾਂ ਦੀ ਖਪਤ ਕੀਤੇ ਜਾਣ ਦੇ ਰੂਪ ’ਚ ਜਾਹਰ ਨਹੀਂ ਕਰਦੀ ਬਲਕਿ ਭਾਰੂ ਆਰਥਕ ਢਾਂਚੇ ਵੱਲੋਂ ਥੋਪੇ ਗਏ ਵਸਤਾਂ ਦੀ ਖਪਤ ਕੀਤੇ ਜਾਣ ਦੇ ਢੰਗ-ਤਰੀਕਿਆਂ ਰਾਹੀਂ ਉਜਾਗਰ ਕਰਦੀ ਹੈ।”

ਅੱਜ ਦੇ ਯੁੱਗ ’ਚ ਖਪਤਕਾਰੀ ਵਸਤਾਂ ਕੀ ਹਨ, ਕੀ ਉਹਨਾਂ ਦਾ ਉਤਪਾਦਨ ਖੁਦ ਖਪਤਕਾਰ ਨੇ ਕੀਤਾ ਹੈ ਜਾਂ ਫਿਰ ਉਹ ਉਹਨਾਂ ਖਪਤਕਾਰਾਂ ’ਤੇ ਥੋਪੀਆਂ ਗਈਆਂ ਹਨ- ਅਹਿਮ ਗੱਲ ਇਹ ਹੈ ਕਿ ਵਰਤੋਂ ਦੇ ਢੰਗ-ਤਰੀਕਿਆਂ ’ਚੋਂ ਹੀ ਅਜਿਹਾ ਵਰਤਾਰਾ ਸਾਹਮਣੇ ਆਉਂਦਾ ਹੈ ਜਿਹੜਾ ਸਾਡੇ ਸਨਮੁੱਖ ਇਹ ਗੱਲ ਲਿਆਉਂਦਾ ਹੈ ਕਿ ਖਪਤਕਾਰ ਵਸਤਾਂ ਦੀ ਖਪਤ ਕਰਦਿਆਂ ਹੀ ਖਪਤਕਾਰ ਵਸਤਾਂ ਦਾ ਉਤਪਾਦਨ ਵੀ ਕਰ ਰਹੇ ਹਨ।

**ਭਲਾਂ ਇਹ ਕੀ ਗੱਲ ਬਣੀ?**

ਵਸਤਾਂ (ਜਿਨਸਾਂ) ਦਾ ਖਪਤਕਾਰ ਅਤੇ ਨਾਲ ਹੀ ਉਤਪਾਦਕ ਵੀ। ਜਿਵੇਂ ਕਿ ਅਸੀਂ ਪੈਟਰੋਲ ਪੰਪਾਂ ’ਤੇ, ਰੈਸਟੋਰੈਂਟਾਂ, ਏਟੀਐਮ, ਆਨਲਾਈਨ ਬੈਂਕਿੰਗ, ਅਤੇ ਹਰ ਕਿਸਮ ਦੀ ਸਰਵਿਸ ਇੰਡਸਟਰੀ ’ਚ ਦੇਖਦੇ ਹਾਂ ਕਿ ਕਿਵੇਂ ਇੱਕ ਖਪਤਕਾਰ ਉਸ ਮਸੀਨ/ਅਦਾਰੇ ਦੀਆਂ ਸੇਵਾਵਾਂ ਲੈਣ ਦੇ ਨਾਲ ਹੀ ਬਿਨ੍ਹਾਂ ਕਿਸੇ ਵਾਧੂ ਭੁਗਤਾਨ ਦੇ ਆਪਣੀਆਂ ਸਰਵਿਸਜ(ਸੇਵਾਂਵਾਂ) ਵੀ ਦੇ ਰਿਹਾ ਹੁੰਦਾ ਹੈ। ਇਓਂ ਦੇਖਿਆਂ ਕੰਮ(ਵਰਕ) ਅਤੇ ਫੁਰਸਤ(ਲਈਯਰ) ਵਿਚਾਲੇ ਪਾੜਾ ਨਹੀਂ ਰਹਿ ਜਾਂਦਾ ਹੈ। ਇਹ ਦੋਵੇਂ ਕਾਰਜ ਨਾਲੋਂ-ਨਾਲ ਹੀ ਚੱਲਦੇ ਹਨ।

**ਕਸਟੋਮੀਈਜੇਸਨ ਬਨਾਮ ਡਿਜੀਟਲ ਕਿਰਤ** : ਕਸਟੋਮਾਈਜੇਸਨ ਇੱਕ ਅਜਿਹਾ ਫੰਡਾ ਹੈ ਜਿਸ ਰਾਹੀਂ ਮਾਸ ਮੀਡੀਆ ਸ੍ਰੋਤਿਆਂ(ਯੂਜਰਜ) ਦੀ ਲੁੱਟ ਕਰਨ ਤੋਂ ਬਾਹਰ ਰਹਿ ਗਏ ਵਰਗ ਨੂੰ ਆਪਣੇ ਕਲਾਵੇ ’ਚ ਲਿਆਉਂਦਾ ਹੈ। ਕਸਟੋਮਾਈਜੇਸਨ ਨਕਸ ਨਸ਼ਿਆਂ ਦਾ ਨਾਓਂ ਹੈ ਜੀਹਦੇ ’ਚ ਖਪਤਕਾਰ (ਯੂਜਰਜ) ਦੀਆਂ ਜਰੂਰਤਾਂ ਮੂਜਬ ਅਤੇ ਉਹਨਾਂ ਦੀਆਂ ਰੁਚੀਆਂ, ਰੁਝਾਨਾਂ ਆਦਿ ਅਨੁਸਾਰੀ ਹੀ ਪ੍ਰੋਗਰਾਮ ਅਤੇ ਹੋਰ ਸਮੱਗਰੀ ਤਿਆਰ ਕਰ ਕੇ ਪਰੋਸੀ ਜਾਂਦੀ ਹੈ ਜਿਹੜੀ ਕਿ ਵਿਅਕਤੀਗਤ ਤਾਂ ਹੁੰਦੀ ਹੀ ਹੈ ਅਤੇ ਨਾਲ ਹੀ ਸਰਵਵਿਆਪਤ ਵੀ ਹੁੰਦੀ ਹੈ। ਵਿਅਕਤੀਕਰਨ (ਕਿਸੇ ਇੱਕ ਵਿਅਕਤੀ ਮੂਜਬ) ਦੇ ਇਸੇ ਵਰਤਾਰੇ ਰਾਹੀਂ ਕੀਤੀ ਜਾਣ ਵਾਲੀ ਅਜਿਹੀ ਕਿਰਤ ਨੂੰ ਡਿਜੀਟਲ ਕਿਰਤ ਦੇ ਨਾਓਂ ਨਾਲ ਪੁਕਾਰਿਆ ਜਾਂਦਾ ਹੈ। ਡਿਜੀਟਲ ਲੇਬਰ (ਕਿਰਤ) ਪਿਛਲੇ ਸਮੇਂ ’ਚ ਹੀ ਬਹੁਤ ਸਰਵ ਵਿਆਪੀ ਹੋਈ ਹੈ। ਇਸ ਕਿਰਤ ਨੂੰ ਹੀ ਫ੍ਰੀ ਲੇਬਰ ਵਜੋਂ ਹੀ ਦੇਖਿਆ ਜਾਂਦਾ ਹੈ। ਭਾਵੇਂ ਕਿ ਡਿਜੀਟਲ ਕਿਰਤ ਸੋਸਲ ਮੀਡੀਆ ਜਾਂ ਵੈੱਬ ਯੂਜਰਜ ਤੱਕ ਹੀ ਸੀਮਤ ਨਹੀਂ ਰਹੀ ਬਲਕਿ ਇਹ ਇਹਨਾਂ ਸਾਰਿਆਂ ਨੂੰ ਹੀ ਆਪਣੇ ਕਲਾਵੇ ’ਚ ਲੈਂਦੀ ਹੈ। ਡਿਜੀਟਲ ਲੇਬਰ ਅਜਿਹੀ ਸਾਰੀ ਪੇਡ(ਭੁਗਤਾਨ ਕੀਤੀ) ਅਤੇ ਅਣਪੇਡ ਕਿਰਤ ਭੁਗਤਾਨ ਕੀਤੀ) ਹੈ ਜਿਸ ਦੇ ਆਸਰੇ ਡਿਜੀਟਲ ਤਕਨੀਕ, ਸਮੱਗਰੀ ਅਤੇ ਡਾਟਾ ਸਿਰਜਿਆ ਜਾਂਦਾ ਹੈ ਜਿਸਨੂੰ ਕਿ ਜਿਨਸ ਦੇ ਰੂਪ ’ਚ ਮੰਡੀ ’ਚ ਵੇਚਿਆ ਜਾਂਦਾ ਹੈ। ਪੈਦਾਵਾਰ ਅਤੇ ਖਪਤ ਦੀ ਅਜਿਹੀ ਜੁਗਲਬੰਦੀ ਨੂੰ ਡੂ ਇੱਟ ਯੂਅਰਸੈਲਫ ਸੱਭਿਆਚਾਰ ਯਾਨੀ ਕਿ ਆਪਣੇ ਹੱਥੀਂ ਆਪਣਾ ਕਾਰਜ ਸੰਵਾਰਨਾ ਕਿਹਾ ਜਾਂਦਾ ਹੈ। ਅਜਿਹੇ ਸੱਭਿਆਚਾਰ ’ਚ ਮੁੱਖ ਕਰਿੰਦੇ ਗੈਰ-ਪੇਸਾਵਰ ਆਮ ਯੂਜਰਜ ਹੀ ਹੁੰਦੇ ਹਨ ਜਿਹੜੇ ਆਪਣੇ ਵਰਕਿੰਗ ਸਮੇਂ ’ਚ ਅਤੇ ਵਿਹਲੇ ਵਕਤ (ਆਰਾਮ ਸਮੇਂ) ’ਚ ਪੈਦਾਵਾਰ ’ਚ ਰੁੱਝੇ ਹੁੰਦੇ ਹਨ ਅਤੇ ਜਿਹੜੇ ਸਾਰੇ ਸਮਾਜ ’ਚ ਹੀ ਫੈਲਰੇ ਹੋਏ ਹਨ ਜਿਸ ਕਰਕੇ ਅੱਜ ਕੁੱਲ ਮਿਲਾ ਕੇ ਪੂਰਾ ਸਮਾਜ ਹੀ ਇੱਕ ਫੈਕਟਰੀ ਹੀ ਬਣ ਕੇ ਰਹਿ ਗਿਆ ਹੈ। ਅਜਿਹੇ ਖਪਤਕਾਰਾਂ ਨੂੰ ਸੰਬੋਧਨ ਹੋਣ ਲਈ ਇੱਕ ਲਕਬ ਪਰਜ਼?ਊਮਰਜ ਵਰਤੋਂ ’ਚ ਲਿਆਂਦੀ ਜਾਂਦੀ ਹੈ ਜਿਸਦਾ ਅਰਥ ਪਰੋਡਕਸਨ (ਪੈਦਾਵਾਰ) ਅਤੇ ਕੰਜਪਸਨ(ਖਪਤ) ਦਾ ਨਾਲੋਂ-ਨਾਲ ਹੁੰਦੇ ਜਾਣਾ ਅਤੇ ਕਰਨਾ ਹੈ।

**ਫੋਨ ਯੂਜਰਜ ਕੀ ਸਿਰਜਦੇ ਹਨ?** : ਸਮਾਰਟ ਫੋਨ ਦੀ ਵਰਤੋਂ ਕਰਦਿਆਂ ਅਤੇ ਆਪਣਾ ਡਾਟਾ ਸੇਅਰ ਕਰਦਿਆਂ ਅਜਿਹੇ ਪਰੋਜਿਊਮਰਜ ਬਹੁਤ ਹੀ ਸਰਗਰਮ ਭੂਮਿਕਾ ਨਿਭਾਉਂਦੇ ਹਨ। ਮਿਸਾਲ ਵਜੋਂ ਫੇਸਬੁੱਕ ਦੀ ਆਮਦਨੀ ਦਾ ਮੁੱਖ ਸਰੋਤ ਇਸ ਪਲੇਟਫਾਰਮ ਦੇ ਯੂਜਰਜ ਵੱਲੋਂ ਸੇਅਰ ਕੀਤੀ ਗਈ ਮੋਟੀ ਜਾਣਕਾਰੀ, ਜਿਸ ’ਚ ਉਹਨਾਂ ਵੱਲੋਂ ਲਾਈਕ (ਆਪਣੀ ਪਸੰਦਗੀ ਦਾ ਇਜਹਾਰ ਕੀਤਾ ਗਿਆ ਹੁੰਦਾ ਹੈ) ਅਤੇ ਆਪਣੀ ਮਿੱਤਰ-ਮੰਡਲੀ ਦੇ ਵੇਰਵੇ ਸਾਮਲ ਹੁੰਦੇ ਹਨ, ਉਹਨਾਂ ਵੱਲੋਂ ਛਾਣੀ ਗਈ ਵੈੱਬ ਸਾਈਟਾਂ ਦੀ ਖਾਕ, ਉਹਨਾਂ ਵੱਲੋਂ ਵਸਤਾਂ ਦੀ ਲਿਸਟ ਜਿਹੜੀਆਂ ਉਹਨਾਂ ਨੇ ਦੇਖੀਆਂ (ਪ੍ਰਤੱਖੀਆਂ) ਹੁੰਦੀਆਂ ਹਨ, ਜੋ ਵਸਤਾਂ ਖਰੀਦੀਆਂ ਹੁੰਦੀਆਂ ਹਨ, ਅਤੇ ਇਹ ਵੇਰਵੇ ਸਾਮਲ ਹੁੰਦੇ ਹਨ ਕਿ ਉਹ ਇਹਨਾਂ ਕਾਰਜਾਂ ’ਚ ਕਿੰਨਾ ਸਮਾਂ ਮਸਰੂਫ ਰਹੇ, ਉਹ ਨਾਲ ਦੀ ਨਾਲ ਹੀ ਉਹ ਇਨਫਾਰਮੇਸਨ ਦੀ ਪੈਦਾਵਾਰ ਵੀ ਕਰ ਰਹੇ ਹੁੰਦੇ ਹਨ। ਅਤੇ ਜਦ ਅਜਿਹੀ ਪਰੋਜਿਊਮਿੰਗ ਈਵੈਂਟ ਇੱਕ ਸਮਾਜਕ ਸਰਗਰਮੀ ਬਣ ਜਾਂਦੀ ਹੈ ਤਾਂ ਪੈਦਾਵਾਰੀ ਰਿਸਤਿਆਂ ਦਾ ਲੁੱਟ-ਖਸੁੱਟ ਵਾਲਾ ਖਾਸਾ ਹੋਰ ਵਧੇਰੇ ਅਦਿੱਖ ਰੂਪ ਅਖਤਿਆਰ ਕਰ ਜਾਂਦਾ ਹੈ। ਕਿਓਂਕਿ ਇਹ ਪੈਦਾਵਾਰੀ ਵਸਤਾਂ ਜਾਹਰਾ ਰੂਪ ’ਚ ਪਦਾਰਥਕ ਸਕਲ ’ਚ ਮੌਜੂਦ ਨਹੀਂ ਹਨ। ਇਸ ਲਈ ਇਹ ਵਰਤਾਰਾ ਕੁਦਰਤੀ ਹੀ ਲੱਗਣ ਲੱਗ ਜਾਂਦਾ ਹੈ, ਬਹੁਤਾ ਕਰਕੇ ਇਹ ਵਸਤਾਂ ਖਿੰਡੀਆਂ-ਪੁੰਡੀਆਂ ਹੋਈਆਂ ਹਨ ਅਤੇ ਥੁੜ-ਚਿਰੀਆਂ ਹੁੰਦੀਆਂ ਹਨ ਨਾ ਕਿ ਸਥਾਈ, ਇਹਨਾਂ ਸਾਰੀਆਂ ਖੂਬੀਆਂ ਕਾਰਨ ਇਹ ਵਸਤਾਂ ਦਿਸਦੀਆਂ ਨਹੀਂ ਹਨ ਜਦਕਿ ਜਿਨਸ ਦੇ ਰੂਪ ’ਚ ਇਹ ਕਦੇ ਵੀ ਅਲੋਪ ਨਹੀਂ ਹੁੰਦੀਆਂ। ਇਓਂ ਪਰੋਸੰਪਸਨ (ਪਰੋਡਿਊਸ ਅਤੇ ਕੰਜਪਸਨ ਯਾਨੀ ਕਿ ਪੈਦਾ ਕਰਨਾ ਅਤੇ ਖਪਤ ਕਰਨਾ) ਇਹਨਾਂ ਪੈਦਾਵਾਰੀ ਰਿਸਤਿਆਂ ਨੂੰ ਬਰਕਰਾਰ ਰੱਖਣ ਅਤੇ ਵਰਤਣ ਦੇ ਸਾਧਨ ਦੇ ਰੂਪ ’ਚ ਸਾਹਮਣੇ ਆਉਂਦਾ ਹੈ। ਇਹ ਹਰ ਘੜੀ ਹਰ ਦਿਨ ਨਵਾਂ ਉਤਪਾਦਨ ਕਰਦੀ ਰਹਿੰਦੀ ਹੈ। ਯਾਨੀ ਕਿ ਇਹ ਯੂਜਰਜ ਦੀ ਕਿਰਤ ਦੀ ਲੁੱਟ ਹੈ ਜਿਸਦਾ ਕਿ ਭੁਗਤਾਨ ਨਹੀਂ ਕੀਤਾ ਗਿਆ ਹੁੰਦਾ ਅਤੇ ਮੋੜਵੇਂ ਰੂਪ ’ਚ ਉਸ ਦੇ ਡਾਟਾ ਦਾ ਜਿਨਸੀਕਰਨ ਵੀ ਹੈ।

**ਨਿੱਤ ਦਿਹਾੜੀ ਦੀ ਜ਼ਿੰਦਗੀ ’ਚ ਸਮਾਰਟ ਫੋਨ ਨੇ ਲਿਆਂਦੀ ਤਬਦੀਲੀ** : ਆਮ ਕਰਕੇ ਸਮਾਰਟ ਫੋਨ ਦੀ ਵਰਤੋਂ ਕਰਨ ਵਾਲਿਆਂ ਦੀ ਸਵੇਰੇ ਅੱਖ ਖੁੱਲ੍ਹਦਿਆਂ ਹੀ ਉਹਨਾਂ ਦੀ ਦੁਨੀਆਂ ਸੁਰੂ ਹੋ ਜਾਂਦੀ ਹੈ, ਜਦੋਂ ਉਹ ਆਪਣੇ ਫੋਨ ਦਾ ਅਲਾਰਮ ਬੰਦ ਕਰਨ ਲਈ ਉੱਠਦੇ ਹਨ, ਉੱਠਣ ਸਾਰ ਹੀ ਪਹਿਲੀ ਗੱਲ ਉਹ ਇਹ ਕਰਦੇ ਹਨ ਕਿ ਸੋਸਲ ਸਾਈਟਸ ’ਤੇ ਵਿਜ਼?ਟ ਕਰਦੇ ਹਨ। ਫੇਰ ਚਲੋ ਚੱਲ ਉਹ ਦਿਨੇਂ ਸਕੂਲ ਕੀ ਘਰ ਕੀ, ਦਫਤਰ ਕੀ, ਗਲੀ-ਮੁਹੱਲੇ, ਬੱਸ-ਟਰਾਮ, ਮੈਟਰੋ-ਟ੍ਰੇਨ ਐਥੋਂ ਤੱਕ ਕਿ ਟਾਇਲਟ ’ਚ ਵੀ

ਯਾਨੀ ਕਿ ਹਰ ਜਗ੍ਹਾ ਹੀ ਸਮਾਰਟ ਫੋਨ ਉਹਨਾਂ ਦਾ ਅਨਿੱਖੜਵਾ ਅੰਗ ਬਣਿਆ ਰਹਿੰਦਾ ਹੈ। ਉੱਪਰ ਜ਼ਿਕਰ ਕੀਤੇ ਅਧਿਐਨ 'ਚ 35 ਸਾਲਾਂ ਦੇ ਕਿਸੇ ਫਾਰਮਾਂ ਕੰਪਨੀ 'ਚ ਕੰਮ ਕਰਨ ਵਾਲੇ ਸੋਨਰ ਦਾ ਕਹਿਣਾ ਹੈ ਕਿ "ਮੈਨੂੰ ਆਪਣੀ ਸੀਟ ਨਾ ਛੱਡਦਿਆਂ ਵੀ ਹਰ ਕਿਸਮ ਦੇ ਬਿੱਲ ਤਾਰਨ ਦੀ ਸਹੂਲਤ ਪ੍ਰਾਪਤ ਹੈ। ਅਜਿਹਾ ਬੈਂਕਿੰਗ ਐਪ ਦੀ ਬਦੌਲਤ ਹੈ। ਇਸਨੇ ਮੇਰੀ ਜ਼ਿੰਦਗੀ ਨੂੰ ਸੁਖਾਲਾ ਬਣਾ ਦਿੱਤਾ ਹੈ।" ਅੱਗੇ ਬੋਲਦਿਆਂ ਉਹ ਕਹਿੰਦਾ ਹੈ ਕਿ "ਹੁਣ ਅਸੀਂ ਵਧੇਰੇ ਸਮਾਜੀਕ੍ਰਿਤ ਹਾਂ। ਅਸੀਂ ਵਧੇਰੇ ਆਦਾਨ-ਪ੍ਰਦਾਨ ਕਰਦੇ ਹਾਂ। ਕੋਈ ਜਣਾ ਆਪਣਾ ਬਰੇਕਫਾਸਟ ਸੇਅਰ ਕਰਦਾ ਹੈ, ਕਿਸੇ ਨੇ ਅੱਜ ਟਰਕਿਸ ਓਮਲੇਟ ਪਕਾਇਆ ਹੈ।"

ਇਸੇ ਹੀ ਤਰ੍ਹਾਂ ਅੰਗਰੇਜੀ ਦੀ 27 ਸਾਲਾ ਅਧਿਆਪਕਾ ਸੀਯਡਾ ਕਹਿੰਦੀ ਹੈ ਕਿ ਸਵੇਰੇ ਉੱਠਣ ਸਾਰ ਹੀ ਉਹ ਆਪਣੀ ਮੇਲ ਚੈੱਕ ਕਰਦੀ ਹੈ ਕਿਉਂਕਿ ਉਹ ਦੇਂਹਦੀ ਹੈ ਕਿ ਕਿਤੇ ਜਾਬ ਆਫਰ ਤਾਂ ਨਹੀਂ ਪਈ। ਇਸ ਤੋਂ ਬਾਦ ਉਹ ਟਵਿੱਟਰ 'ਤੇ ਅਤੇ ਬਾਦ 'ਚ ਫੇਸਬੁੱਕ 'ਤੇ ਕਲਿੱਕ ਕਰਦੀ ਹੈ। ਅਗਰ ਮੈਂ ਕੁੱਝ ਵੀ ਨਾ ਕਰਦੀ ਹੋਵਾਂ ਤਾਂ ਵੀ ਮੈਂ ਫੇਸਬੁੱਕ ਤੇ ਟਵਿੱਟਰ ਤਾਂ ਦੇਖ ਹੀ ਲੈਂਦੀ ਹਾਂ।

30 ਸਾਲਾਂ ਦੀ ਸਰਕਾਰੀ ਮੁਲਾਜਮ ਬਾਨੂ ਦਾ ਕਹਿਣਾ ਹੈ ਕਿ ਉਹਨੇ ਕਦੇ ਵੀ ਆਪਣਾ ਡੈਸਕਟਾਪ ਕੰਪਿਊਟਰ ਨਹੀਂ ਵਰਤਿਆ। ਇਹ ਆਪਣੀ ਥਾਵੇਂ ਟਿਕਿਆ ਪਿਆ ਹੈ। ਮੈਨੂੰ ਸਮਾਰਟ ਫੋਨ ਵਰਤਣਾ ਸੌਖਾ ਲੱਗਦਾ ਹੈ। ਇਹਨੂੰ ਜਿੱਧਰ ਮਰਜੀ ਹੁੰਦੀ ਹੈ, ਲੈ ਜਾਂਦੀ ਹਾਂ- ਬਾਥਰੂਮ, ਟਾਇਲਟ ਆਦਿ ਤੱਕ ਵੀ, ਹੁਣ ਬਾਥਰੂਮ 'ਚ ਅਖਬਾਰ ਪੜ੍ਹਨ ਦੀ ਲੋੜ ਹੀ ਨਹੀਂ ਲੱਗਦੀ।

ਇਹ ਸਾਰੀਆਂ ਮਿਸਾਲਾਂ ਦਿਖਾਉਂਦੀਆਂ ਹਨ ਕਿ ਸਮਾਰਟ ਫੋਨ ਯੂਜਰਜ ਜਦੋਂ ਕੁੱਝ ਵੀ ਨਹੀਂ ਕਰ ਰਹੇ ਹੁੰਦੇ ਤਾਂ ਵੀ ਉਹ ਸੋਸਲ ਮੀਡੀਆ 'ਤੇ ਫਰੋਲਾ-ਫਰੋਲੀ ਕਰ ਰਹੇ ਹੁੰਦੇ ਹਨ। ਇਸ ਦੇ ਨਾਲ ਹੀ ਉਹ ਆਪਣੇ ਰੋਜਮੱਰ੍ਹਾ ਦੇ ਕੰਮ, ਮਸਲਨ ਬਿੱਲਾਂ ਦਾ ਭੁਗਤਾਨ ਕਰਨ, ਆਪਣੇ ਮਿੱਤਰਾਂ ਦੀ ਖਬਰ-ਸਾਰ ਲੈਣ ਅਤੇ ਰਸਾਲਿਆਂ ਦੇ ਪੰਨੇ ਆਪਣੇ ਮੋਬਾਈਲ 'ਤੇ ਪਰਤ ਰਹੇ ਹੁੰਦੇ ਹਨ। ਇਹਨਾਂ ਬਾਰੇ ਉਹਨਾਂ ਦੇ ਹਾਂ-ਪੱਖੀ ਜਾਂ ਨਾਂਹ-ਪੱਖੀ ਟਿੱਪਣੀਆਂ ਉਹਨਾਂ ਵੱਲੋਂ ਕੀਤੀ ਜਾਂਦੀ ਵਰਤੋਂ 'ਤੇ ਨਿਰਭਰ ਕਰਦੀ ਹੈ। ਚੱਤੋ-ਪਹਿਰ ਕੀਤੀ ਜਾਂਦੀ ਅਜਿਹੀ ਵਰਤੋਂ ਨੇ ਕੰਮ ਤੇ ਵਿਹਲ ਦਰਮਿਆਨ ਅਤੇ ਪੇਡ ਤੇ ਅਣਪੇਡ ਕੰਮ ਦਰਮਿਆਨ ਦੇ ਪਾੜਿਆਂ ਨੂੰ ਮੇਸ ਕੇ ਰੱਖ ਦਿੱਤਾ ਹੈ। ਇਹਨਾਂ ਸਾਰੇ ਹੱਦ-ਬੰਨਿਆਂ ਨੂੰ ਤੋੜ ਸੁੱਟਣ ਦਾ ਹੀ ਨਤੀਜਾ ਪਰੋਜ਼?ਿਊਮਿੰਗ ਹੈ। ਜਿਵੇਂ-ਜਿਵੇਂ ਇਹ ਸਾਰਾ ਆਮ ਕੰਮ-ਕਾਰ ਚੱਲਦਾ ਰਹਿੰਦਾ ਹੈ ਤਾਂ ਯੂਜਰਜ ਦੀ ਸਾਰੀ ਨਿੱਜੀ ਜਾਣਕਾਰੀ ਇੱਕ ਜਿਨਸ 'ਚ ਤਬਦੀਲ ਕਰ ਦਿੱਤੀ ਜਾਂਦੀ ਹੈ ਅਤੇ ਇਹਦਾ ਵਟਾਂਦਰਾ ਕਰ ਲਿਆ ਜਾਂਦਾ ਹੈ।

**ਜਿਨਸ ਦੀ ਟਕਸਾਲੀ ਪ੍ਰੀਭਾਸਾ**

ਜਿਨਸ ਬਾਰੇ ਗੱਲ ਕਰਦਿਆਂ ਮਾਰਕਸ ਨੇ ਕਿਹਾ ਸੀ ਕਿ "ਪਹਿਲੀ ਗੱਲ ਜਿਨਸ ਇੱਕ ਬਾਹਰੀ ਵਸਤ ਹੈ, ਵਸਤ ਜਿਹੜੀ ਕਿ ਆਪਣੀਆਂ ਖਾਸੀਅਤਾਂ ਰਾਹੀਂ ਮਨੁੱਖ ਦੀਆਂ ਹਰ ਕਿਸਮ ਦੀਆਂ ਜਰੂਰਤਾਂ ਦੀ ਤਸੱਲੀ ਕਰਵਾਉਂਦੀ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹਨਾਂ ਲੋੜਾਂ ਦਾ ਖਾਸਾ ਕੀ ਹੈ ਅਤੇ ਇਹ ਕਿੱਥੋਂ ਖੜ੍ਹੀਆਂ ਹੋਈਆਂ ਹਨ ਮਸਲਨ ਇਹ ਢਿੱਡ 'ਚੋਂ ਉੱਠੀ ਭੁੱਖ ਹੈ ਜਾਂ ਫਿਰ ਮਨ 'ਚੋਂ ਉੱਠਿਆ ਕੋਈ ਵਲਵਲਾ।" ਜਦੋਂ ਇਹਨਾਂ ਤਜੱਰਬਿਆਂ ਨੂੰ ਵਟਾਂਦਰਾ ਕਦਰ(ਭਾਵ ਮੁੱਲ) ਦੇ ਸੰਦਰਭ 'ਚ ਦੇਖਿਆ ਜਾਂਦਾ ਹੈ ਤਾਂ ਅਰਥ-ਸਾਸਤਰ ਦੀ ਭਾਸਾ 'ਚ ਇਹ ਹਰ ਉਸ ਵਸਤ ਦਾ ਵਰਤੋਂ-ਮੁੱਲ(ਯੂਜ ਵੈਲਿਯੂ) ਬਣਕੇ ਸਾਡੇ ਸਾਹਮਣੇ ਆਉਂਦਾ ਹੈ, ਆਪਣੀ ਰੋਜਮੱਰ੍ਹਾ ਦੀ ਜ਼?ਿੰਦਗੀ 'ਚ ਸਾਨੂੰ ਇਸ ਦਾ ਇਲਮ ਹੁੰਦਾ ਹੈ ਜਾਂ ਨਹੀਂ ਇਹ ਵੱਖਰੀ ਗੱਲ ਹੈ। ਇਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਲੋਕ ਸਮਾਰਟ ਫੋਨ ਦੀ ਵਰਤੋਂ ਕਿਸੇ ਖਾਸ ਵਰਤੋਂ (ਮੁੱਲ) ਲਈ ਕਰਦੇ ਹਨ, ਪਰ ਇਹਨਾਂ ਦੇ ਯੂਜਰ ਡਾਟਾ ਦਾ ਜਿਨਸੀਕਰਨ ਕੀਤੇ ਜਾਣਾ ਜਿਹੜਾ ਕਿ ਪੈਦਾਵਾਰ ਦੇ ਸਰਮਾਏਦਾਰਾਨਾ ਢਾਂਚੇ ਦਾ ਮੌਜੂਦਾ ਚੱਲਣ ਨਾਲ ਆਮ ਰੂਪ 'ਚ ਜੁੜਿਆ ਹੋਇਆ ਹੈ।

**ਮੁਕਤੀ ਯੰਤਰ ਦੇ ਰੂਪ 'ਚ ਸਮਾਰਟ ਫੋਨ :** ਜਿੱਥੇ ਇਸ ਫੋਨ ਦੇ ਉੱਪਰ ਲਿਖਤ ਖਾਸੇ ਦੀ ਗੱਲ ਚੱਲੀ ਹੈ ਪਰ ਵਿਗਿਆਨ ਦੀਆਂ ਸਾਰੀਆਂ ਖੋਜਾਂ-ਕਾਢਾਂ ਅਤੇ ਪੁਲਾਂਘਾਂ ਵਾਂਗ ਸਮਾਰਟ ਫੋਨ ਨੂੰ ਵੀ ਇੱਕ ਮੁਕਤੀ ਮਸੀਨ ਦੇ ਰੂਪ 'ਚ ਵਰਤਿਆ ਜਾ ਸਕਦਾ ਹੈ। ਜੂਨ 2013'ਚ ਤੁਰਕੀ 'ਚ ਅਤੇ 2018 ਦੇ ਹਾਂਗਕਾਂਗ ਮੁਜਾਹਰਿਆਂ ਦੌਰਾਨ ਇਹਨਾਂ ਦੀ ਵਰਤੋਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਅਜੋਕੇ ਕਿਸਾਨ ਅੰਦੋਲਨ ਦੌਰਾਨ ਵੀ ਫੌਰਨ ਤੌਰ 'ਤੇ ਸੁਨੇਹੇ ਪਹੁੰਚਾਉਣ ਅਤੇ ਹਕੀਕੀ ਜਾਣਕਾਰੀ ਪੁੱਜਦਾ ਕਰਨ ਲਈ ਇਹਨਾਂ ਫੋਨਾਂ ਦੀ ਕੀਤੀ ਗਈ ਵਰਤੋਂ ਦੀਆਂ ਮਿਸਾਲਾਂ ਸਾਡੇ ਸਨਮੁੱਖ ਹਨ। ਅਜਿਹੀਆਂ ਮਿਸਾਲਾਂ ਦਿਖਾਉਂਦੀਆਂ ਹਨ ਕਿ ਹਰ ਯੂਜਰ ਲਈ ਇਹਨਾਂ ਦੇ ਮਾਅਨੇ ਵੱਖੋ-ਵੱਖਰੇ ਹਨ। ਪਰ ਇਹਦਾ ਇਹ ਮਤਲਬ ਕਤੱਈ ਨਹੀਂ ਹੈ ਕਿ ਸਿਆਸੀ ਆਰਥਕਤਾ ਦੀ ਪ੍ਰੀਭਾਸਾ ਮੁਤਾਬਕ ਕੀਤਾ ਇਹਦਾ ਨਿਰਣਾ ਹੁਣ ਕੋਈ ਵੁੱਕਤ ਨਹੀਂ ਰੱਖਦਾ। ਉਹ ਨਿਰਣਾ ਓਨਾ ਹੀ ਵਾਜਬ ਹੈ ਅਤੇ ਢੁੱਕਵਾਂ ਹੈ।

**ਲੁੱਟ ਦੇ ਇੱਕ ਸੰਦ ਦੇ ਰੂਪ 'ਚ ਸਮਾਰਟ ਫੋਨ :** ਵੱਖ-ਵੱਖ ਕਿਸਮਾਂ ਦੀਆਂ ਜੁਗਤਾਂ (ਗੈਜੇਟਾਂ) ਨਾਲ ਲੈਸ ਸਮਾਰਟ ਫੋਨ ਅਤੇ ਸਮਾਰਟ ਫੋਨਾਂ ਰਾਹੀਂ ਹਾਸਲ ਕੀਤੀ ਅਨੇਕਾਂ ਪ੍ਰਕਾਰ ਦੀਆਂ ਐਪਸ ਦੀ ਉਪਲੱਭਦਤਾ ਸਰਮਾਏ ਦਾ ਇਕੱਤਰੀਕਰਨ (ਕੈਪੀਟਲ ਅਕੂਮੂਲੇਸਨ) ਕਰਦੇ ਹਨ। ਇਹਦੇ 'ਚ ਡਿਜੀਟਲ ਲੇਬਰ(ਕਿਰਤ)ਦੀ ਲੁੱਟ ਦਾ ਅੰਸ ਇਸ ਰੂਪ 'ਚ ਮੌਜੂਦ ਪਿਆ ਹੈ-

1) ਯੂਜਰਜ ਨੂੰ ਵਪਾਰਕ ਸੋਸਲ ਪਲੇਟਫਾਰਮ ਦੀ ਵਰਤੋਂ ਕਰਨੀ ਲਾਜਮੀ (ਧੱਕਾ) ਹੈ

2) ਇਹਨਾਂ ਪਲੇਟਫਾਰਮਾਂ 'ਤੇ ਕੀਤੀਆਂ ਗਈਆਂ ਸਰਗਰਮੀਆਂ ਰਾਹੀਂ ਹੋਣ ਵਾਲੇ ਮੁਨਾਫ਼?ਿਆਂ ਅਤੇ ਇਹਦੇ 'ਚੋਂ ਪੈਦਾ ਹੋਣ ਵਾਲੇ ਡਾਟਾ ਦੀ ਮਾਲਕੀ ਯੂਜਰਜ ਦੀ ਨਾ ਹੋ ਕੇ ਸੋਸਲ ਮੀਡੀਆ ਕੰਪਨੀਆਂ ਦੀ ਹੈ। ਯਾਨੀ ਕਿ ਮੁਨਾਫ਼?ਿਆਂ ਤੋਂ ਅਤੇ ਪੈਦਾ ਕੀਤੀ ਵਸਤ(ਜਿਨਸ) ਦੀ ਮਾਲਕੀ ਤੋਂ ਅਲਹਿਦਗੀ।

3) ਅਤੇ ਯੂਜਰਜ ਇਹਨਾਂ ਜੁਗਤਾਂ ਦੇ ਜਰੀਏ ਆਪਣੀ ਨਿੱਜੀ ਜਾਣਕਾਰੀ ਸੋਸਲ ਮੀਡੀਆ ਕੰਪਨੀਆਂ ਦੇ ਹਵਾਲੇ ਕਰ ਦਿੰਦੇ ਹਨ ਯਾਨੀ ਕਿ ਪੈਦਾ ਕੀਤੀ ਉਪਜ(ਜਿਨਸ, ਵਸਤ) ਨੂੰ ਕੰਪਨੀਆਂ ਵੱਲੋਂ ਹੜੱਪ ਲੈਣਾ।

ਇਓਂ ਦੇਖਿਆਂ ਯੂਜਰਜ ਆਵਦੇ-ਆਵਦੇ ਘਰੋਂ-ਘਰੀ ਬੈਠੇ ਹੀ ਸਮਾਰਟ ਫੋਨਾਂ ਨਾਲ "ਕੁੱਝ ਵੀ ਨਾ ਕਰਦਿਆਂ"( ਡੱਕਾ ਤੋੜ ਕੇ ਦੂਹਰਾ ਨਾ ਕਰਦਿਆਂ) ਵੀ ਸਰਮਾਏ ਦੇ ਇਕੱਤਰੀਕਰਨ 'ਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ। ਉਹਨਾਂ ਦੀ ਇਹ ਬੇਕਾਰ ਦੀ (ਬਿਨ੍ਹਾਂ ਸਿਰ ਪੈਰ ਦੀ) ਸਰਗਰਮੀ ਸਰਮਾਏ ਵੱਲੋਂ ਲੁੱਟ ਕੀਤੇ ਜਾਣ ਲਈ ਅਤਿ ਅਹਿਮੀਅਤ ਰੱਖਦੀ ਹੈ।

ਇੱਥੇ ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਕੁੱਝ ਲੋਕ ਪ੍ਰਚਾਰ ਕਰਦੇ ਹਨ ਕਿ ਮਾਰਕਸ ਦੀ ਅਤੇ ਮਾਰਕਸਵਾਦ ਦੀ ਹੁਣ ਕੋਈ ਰੈਲੈਵੈਂਸ ਨਹੀਂ ਰਹੀ ਕਿਉਂਕਿ ਹੁਣ ਟਕਸਾਲੀ ਰੂਪ ਵਾਲੀਆਂ ਫੈਕਟਰੀਆਂ 'ਚ ਟਕਸਾਲੀ ਮਜਦੂਰ ਜਮਾਤ ਨਹੀਂ ਰਹੀ। ਹੁਣ ਹਰ ਇੱਕ ਨੂੰ ਆਪਣੀ ਗੱਲ ਸੋਸਲ ਮੀਡੀਆ 'ਤੇ ਕਹਿਣ ਦੀ ਖੁੱਲ੍ਹ ਹੈ। ਪਰ ਇਹ ਵਰਤਾਰਾ ਇਹ ਦਿਖਾਉਂਦਾ ਹੈ ਕਿ ਹੁਣ ਇਸ ਸਰਮਾਏਦਾਰਾਨਾ ਲੁੱਟ-ਖਸੁੱਟ ਦਾ ਘੇਰਾ ਕਿਤੇ ਵਿਸਾਲ , ਵਿਆਪਕ ਅਤੇ ਸੂਖਮ ਰੂਪ 'ਚ ਘਰ ਕਰਨ ਵਾਲਾ ਬਣਿਆ ਹੋਇਆ ਹੈ ਜਿਸ ਬਾਰੇ ਡੂੰਘਾ ਗੌਰ ਕਰਨ ਦੀ ਅਣਸਰਦੀ ਲੋੜ ਹੈ।

# 'ਪੰਜ ਦਰਿਆਵਾਂ ਦੀ ਧਰਤੀ ਦਾ ਜਲ ਸੰਕਟ'

ਪਰਮਿੰਦਰ ਧਨੇਠਾ
94171-22939

ਵੈਸੇ ਤਾਂ ਜਦੋਂ ਤੋਂ ਮਨੁੱਖ ਹੋਂਦ ਵਿੱਚ ਆਇਆ ਹੈ ਉਸ ਸਮੇਂ ਤੋਂ ਹੀ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ । ਇਨ੍ਹਾਂ ਚੁਣੌਤੀਆਂ ਉਪਰ ਜਿੱਤ ਪ੍ਰਾਪਤ ਕਰ ਕੇ ਹੀ ਜ਼ਿੰਦਗੀ ਵਿੱਚ ਲਗਾਤਾਰ ਵਧਦਾ ਰਿਹਾ ਹੈ। ਪਰ ਅੱਜ ਅਸੀਂ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ ਉਨ੍ਹਾਂ ਵਿਚ ਕੁਦਰਤੀ ਚੁਣੌਤੀਆਂ ਘੱਟ ਅਤੇ ਮਨੁੱਖ ਦੁਆਰਾ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਹਵਸ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਜ਼ਿਆਦਾ ਹਨ । ਪੰਜਾਬ ਵਿੱਚ ਪਾਣੀ ਦਾ ਸੰਕਟ ਇਸੇ ਪ੍ਰਕਾਰ ਦੀ ਇੱਕ ਸਮੱਸਿਆ ਹੈ। ਧਰਤੀ ਦਾ ਭਾਵੇਂ 71% ਪ੍ਰਤੀਸ਼ਤ ਏਰੀਆ ਪਾਣੀ ਨਾਲ ਢਕਿਆ ਹੋਇਆ ਹੈ ਪਰ ਕੁੱਲ ਪਾਣੀ ਵਿੱਚੋਂ 96.5% ਪ੍ਰਤੀਸ਼ਤ ਸਮੁੰਦਰੀ ਪਾਣੀ (ਜੋ ਖਾਰਾ ਹੋਣ ਕਾਰਨ ਵਰਤਿਆ ਨਹੀਂ ਜਾ ਸਕਦਾ ) ਹੋਣ ਕਾਰਨ ਮਨੁੱਖੀ ਵਰਤੋਂ ਲਈ ਸਿਰਫ਼ 3.5% ਪ੍ਰਤੀਸ਼ਤ ਪਾਣੀ ਹੀ ਉਪਲੱਬਧ ਹੈ ਜੋ ਨਦੀਆਂ, ਨਾਲਿਆਂ, ਝੀਲਾਂ, ਗਲੇਸੀਅਰਾਂ, ਹਵਾ ਵਿਚਲੀ ਨਮੀ ਦੇ ਰੂਪ ਵਿਚ ਮੌਜੂਦ ਹੈ।

ਪਾਣੀ ਜੀਵਨ ਦਾ ਮੂਲ ਆਧਾਰ ਹੈ। ਪਾਣੀ ਤੋਂ ਬਿਨਾਂ ਨਾ ਤਾਂ ਜੀਵਨ ਦੀ ਕਲਪਨਾ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਪਾਣੀ ਨੂੰ ਬਨਾਵਟੀ ਤਰੀਕੇ ਨਾਲ ਬਣਾਇਆ ਜਾ ਸਕਦਾ ਹੈ। ਸਿਰਫ਼ ਕੁਦਰਤ ਵੱਲੋਂ ਬਖਸ਼ਿਆ ਪਾਣੀ ਸੰਭਾਲਿਆ ਜਾ ਸਕਦਾ ਹੈ। ਪਾਣੀ ਦਾ ਮੂਲ ਸਰੋਤ ਬਾਰਿਸ਼ ਨੂੰ ਮੰਨਿਆ ਜਾਂਦਾ ਹੈ ਸਾਡੇ ਦੇਸ਼ ਵਿੱਚ ਬਾਰਿਸ਼ ਤਾਂ ਬਹੁਤ ਹੁੰਦੀ ਹੈ (ਅੰਦਾਜ਼ਨ 4000 ਅਰਬ ਘਣ ਮੀਟਰ) ਪਰ ਅਸੀਂ ਸਿਰਫ਼ 8% ਪ੍ਰਤੀਸਤ (320 ਅਰਬ ਘਣ ਮੀਟਰ) ਹੀ ਸੰਭਾਲਦੇ ਹਾਂ। ਬਾਕੀ ਪਾਣੀ ਅਜਾਈਂ ਹੀ ਚਲਿਆ ਜਾਂਦਾ ਹੈ। ਪਾਣੀ ਦੇ ਸਾਡੇ ਕੋਲ ਦੋ ਮੁੱਖ ਸੋਮੇ ਹਨ ਧਰਤੀ ਉਪਰਲਾ (ਦਰਿਆਈ ਪਾਣੀ) ਦੂਸਰਾ ਧਰਤੀ ਹੇਠਲਾ ਪਾਣੀ। ਤੰਦਰੁਸਤ ਜ਼ਿੰਦਗੀ ਦੇ ਲਈ ਪਾਣੀ ਦੀ ਉਪਲੱਬਧਤਾ ਅਤੇ ਸ਼ੁੱਧਤਾ ਦੋਨੋਂ ਜਰੂਰੀ ਹਨ। ਪਰ ਪੰਜਾਬ ਇਸ ਸਮੇਂ ਆਪਣੇ ਦੋਨੋਂ ਪ੍ਰਕਾਰ ਦੇ ਸੋਮਿਆਂ ਦੇ ਨਾਲ ਦੋਨਾਂ ਪੱਖਾਂ ਤੋਂ ਬੁਰੀ ਤਰ੍ਹਾਂ ਸੰਕਟਗ੍ਰਸਤ ਹੋ ਚੁੱਕਾ ਹੈ। ਪੰਜ ਦਰਿਆਵਾਂ ਦੀ ਧਰਤੀ ਉੱਤੇ ਪਾਣੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਜੋ ਪਾਣੀ ਪਹੁੰਚ ਵਿਚ ਹੈ ਉਸ ਦੀ ਮਿਕਦਾਰ (ਕੁਆਲਿਟੀ) ਲਗਾਤਾਰ ਮਾੜੀ ਹੁੰਦੀ ਜਾ ਰਹੀ ਹੈ। ਪੰਜਾਬ ਸਰਕਾਰ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕਾਂ ਦਾ ਪਾਣੀ ਸੋਸ਼ਿਤ ਬਲਾਕ (ਸਮਰੱਥਾ ਤੋਂ ਜ਼ਿਆਦਾ ਵਰਤੇ), 2 ਬਲਾਕਾਂ ਦੀ ਹਾਲਤ ਬਹੁਤ ਗੰਭੀਰ , 5 ਬਲਾਕਾਂ ਦੀ ਹਾਲਤ ਬਹੁਤ ਗੰਭੀਰ ਹੋਣ ਵੱਲ ਵਧ ਰਹੀ ਹੈ। ਸਿਰਫ਼ 22 ਬਲਾਕ ਸੰਤੋਖਜਨਕ ਹਾਲਤ ਵਿੱਚ ਹਨ। ਕੁੱਲ 79% ਪ੍ਰਤੀਸ਼ਤ ਏਰੀਆ ਵਿੱਚੋਂ ਸਮਰੱਥਾ ਤੋਂ ਵੱਧ ਪਾਣੀ ਕੱਢਿਆ ਜਾ ਚੁੱਕਿਆ ਹੈ। ਇਕ ਅੰਦਾਜ਼ੇ ਅਨੁਸਾਰ 2039 ਤੱਕ ਪੰਜਾਬ ਇੱਕ ਭਿਆਨਕ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੋਵੇਗਾ। ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ 2030 ਦੋ ਹਜਾਰ ਤੀਹ ਤਕ ਪਾਣੀ ਦੀਆਂ ਜ਼ਰੂਰਤਾਂ ਚਾਲੀ ਪ੍ਰਤੀਸ਼ਤ ਵਧ ਜਾਣਗੀਆਂ। ਪੰਜਾਬ ਦਾ ਧਰਤੀ ਹੇਠਲਾ ਪਾਣੀ ਹਰ ਸਾਲ ਤਿੰਨ ਤੋਂ ਪੰਜ ਫੁੱਟ ਡੂੰਘਾ ਹੁੰਦਾ ਜਾ ਰਿਹਾ ਹੈ। ਭਾਰਤੀ ਜਲ ਸੰਸੋਧਨ ਮੰਤਰਾਲੇ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਸੋਲਾਂ ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ, ਸਿੱਕਾ, ਸੰਖਿਆ, ਕ੍ਰੋਮੀਅਮ, ਕੈਡਮੀਅਮ ਆਦਿ ਭਾਰੀ ਧਾਤਾਂ ਪਾਈਆਂ ਗਈਆਂ ਹਨ। ਜੋ ਮਨੁੱਖੀ ਸਰੀਰ ਲਈ ਬਹੁਤ ਘਾਤਕ ਹਨ। ਡਾਊਨ- ਟੂ-ਅਰਥ ਮੈਗਜੀਨ ਦੀ ਰਿਪੋਰਟ ਅਨੁਸਾਰ ਮਾਲਵੇ ਦਾ 80% (ਅੱਸੀ) ਪ੍ਰਤੀਸ਼ਤ ਪਾਣੀ ਪੀਣਯੋਗ ਨਹੀਂ ਹੈ। ਕੈਗ ਦੀ ਫਰਵਰੀ 2020(ਦੋ ਹਜਾਰ ਵੀਹ)ਦੀ ਰਿਪੋਰਟ ਅਨੁਸਾਰ ਸਮੁੱਚੇ ਪੰਜਾਬ ਦੇ 40% (ਚਾਲੀ) ਪ੍ਰਤੀਸ਼ਤ ਪਾਣੀ ਵਿੱਚ ਕੈਮੀਕਲ ਅਤੇ ਭਾਰੀਆਂ ਧਾਤਾਂ ਲੋੜ ਨਾਲੋਂ ਕਿਤੇ ਜ਼?ਿਆਦਾ ਮਾਤਰਾ ਵਿੱਚ ਪਾਈਆਂ ਗਈਆਂ ਹਨ। ਬਠਿੰਡਾ, ਮੁਕਤਸਰ, ਸੰਗਰੂਰ, ਫਰੀਦਕੋਟ ਚਾਰ ਜ਼ਿਲ੍ਹਿਆਂ ਦੇ ਲਗਪਗ 15% ਪ੍ਰਤੀਸ਼ਤ ਪਾਣੀ ਦੀਆਂ ਕਿਸੇ ਵੀ ਕੰਮ ਲਈ ਅਣਫਿੱਟ ਹੋਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਨਾ ਸਿਰਫ ਡੂੰਘਾ ਹੁੰਦਾ ਜਾ ਰਿਹਾ ਹੈ ਸਗੋਂ ਦੂਸ਼ਿਤ ਵੀ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਦਾ ਹਾਲ ਇਸ ਤੋਂ ਵੀ ਬੁਰਾ ਹੈ।ਪੰਜਾਬ ਦੇ ਦਰਿਆਵਾਂ ਸਤਲੁਜ, ਬਿਆਸ, ਨਦੀ ਕਾਲੀ ਵੇਈ, ਬੁੱਢਾ ਨਾਲਾ ਭਾਰਤ ਦੇ ਅਤਿ ਦੂਸ਼ਿਤ ਦਰਿਆਵਾਂ ਵਿਚ ਆਉਂਦੇ ਹਨ। ਲੁਧਿਆਣਾ ਨੇੜੇ ਜਦੋਂ ਬੁੱਢਾ ਨਾਲਾ ਸਤਲੁਜ ਦਰਿਆ ਵਿੱਚ ਮਿਲ ਜਾਂਦਾ ਹੈ ਤਾਂ ਸਤਲੁਜ ਦਾ ਪਾਣੀ ਈ ਗਰੇਡ ਹੋ ਜਾਂਦਾ ਹੈ ਜਿਸ ਦਾ ਮਤਲਬ ਹੈ ਕਿ ਇਹ ਪਾਣੀ ਕਿਸੇ ਕੰਮ ਲਈ ਵੀ ਨਹੀਂ ਵਰਤਿਆ ਜਾ ਸਕਦਾ। ਸਤਲੁਜ ਵਿੱਚੋਂ ਨਿਕਲੀ ਇੰਦਰਾ ਗਾਂਧੀ ਨਹਿਰ ਰਾਜਸਥਾਨ ਦੇ ਸੱਤ ਜ਼ਿਲ੍ਹਿਆਂ ਦੇ 7500(ਪਚੱਤਰ ਸੌ) ਪਿੰਡਾਂ ਦੇ ਕਰੋੜਾਂ ਲੋਕਾਂ ਤਕ ਇਸ ਦਾ ਪਾਣੀ ਪਹੁੰਚਾਉਂਦੀ ਹੈ। ਇਸ ਨਹਿਰ ਦੇ ਪਾਣੀ ਦੀ ਸ਼ੁੱਧਤਾ ਸੰਬੰਧੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਹਰ ਤਿੰਨ ਮਹੀਨਿਆਂ ਬਾਅਦ ਆਪਣੀ ਰਿਪੋਰਟ ਭਾਰਤੀ ਜਲ ਸਰੋਤ ਮੰਤਰਾਲੇ ਨੂੰ ਜਮ੍ਹਾਂ ਕਰਾਉਣ ਦੀ ਹਦਾਇਤ ਕੀਤੀ ਹੈ। ਦਰਿਆਈ ਪਾਣੀਆਂ ਦੇ ਦੂਸ਼ਿਤ ਹੋਣ ਦਾ ਮੁੱਖ ਕਾਰਨ ਕਾਰਖਾਨਿਆਂ ਦੁਆਰਾ ਅਣਸੋਧਿਆ ਪਾਣੀ ਅਤੇ ਸ਼ਹਿਰਾਂ ਦਾ ਅਣਸੋਧਿਆ ਸੀਵਰੇਜ ਦਾ ਪਾਣੀ ਇਨ੍ਹਾਂ ਵਿਚ ਡਿੱਗਣਾ ਹੈ। 2018 (ਦੋ ਹਜ਼ਾਰ ਅਠਾਰਾਂ) ਵਿਚ ਇਕ ਸ਼ੂਗਰ ਮਿੱਲ ਦੇ ਕੈਮੀਕਲ ਦੇ ਅਚਾਨਕ ਬਿਆਸ ਦਰਿਆ ਵਿੱਚ ਮਿਲ ਜਾਣ ਕਾਰਨ ਮਰੀਆਂ ਲੱਖਾਂ ਮੱਛੀਆਂ ਅਤੇ ਹੋਰ ਜਲ ਜੀਵਾਂ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸੇ ਤਰ੍ਹਾਂ ਮਈ ਜੂਨ 2021(ਦੋ ਹਜਾਰ ਇੱਕੀ) ਦੇ ਵਿੱਚ ਪਟਿਆਲਾ ਜ਼ਿਲ੍ਹੇ ਦੇ ਨਾਭਾ ਤਹਿਸੀਲ ਨੇੜਲੇ ਪਿੰਡ ਆਲੋਅਰਖ ਦੇ ਟਿਊਬਵੈੱਲਾਂ ਵਿੱਚੋਂ ਨਿਕਲੇ ਲਾਲ ਪਾਣੀ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ ਅੰਮ੍ਰਿਤਸਰ ਜ਼ਿਲ੍ਹੇ ਦੇ ਵਿੱਚ ਬਾਬਾ ਬਕਾਲਾ ਤੋਂ ਬਟਾਲਾ ਰੋਡ ਤੇ ਸਥਿਤ ਰਾਣਾ ਸ਼ੂਗਰ ਮਿੱਲ 'ਤੇ ਇਲਾਕੇ ਦੇ ਲੋਕਾਂ ਵੱਲੋਂ ਲਗਾਏ ਇਲਾਕੇ ਦੇ ਪਾਣੀ ਨੂੰ ਦੂਸ਼ਿਤ ਕਰਨ ਦੇ ਦੋਸ਼ਾਂ ਨੇ ਇੱਕ ਵਾਰ ਫਿਰ ਸਭ ਦਾ ਧਿਆਨ ਖਿੱਚਿਆ ਹੈ।

ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਆਪਣੀਆਂ ਕੁੱਲ ਜ਼ਰੂਰਤਾਂ ਖੇਤੀ, ਘਰੇਲੂ ਜਰੂਰਤਾਂ ਅਤੇ ਕਾਰਖਾਨਿਆਂ ਆਦਿ ਲਈ ਜ਼ਿਆਦਾਤਰ ਜਮੀਨ ਹੇਠਲੇ ਪਾਣੀ ਉੱਪਰ ਨਿਰਭਰ ਹੈ। 1971 (ਉਨੀ ਸੌ ਇਕਹੱਤਰ) ਵਿੱਚ ਜਿੱਥੇ ਨਹਿਰੀ ਪਾਣੀ ਦੀ 71% (ਇਕਹੱਤਰ) ਪ੍ਰਤੀਸ਼ਤ ਖੇਤਾਂ ਤੱਕ ਪਹੁੰਚ ਸੀ ਉੱਥੇ ਹੀ ਅੱਜ ਸਿਰਫ਼ 27% (ਸਤਾਈ) ਪ੍ਰਤੀਸ਼ਤ ਰਕਬੇ ਤੱਕ ਨਹਿਰੀ ਪਾਣੀ ਪਹੁੰਚ ਰਿਹਾ ਹੈ। ਪੰਜਾਬ ਦਾ 73% (ਤਹਿਤਰ) ਪ੍ਰਤੀਸ਼ਤ ਰਕਬਾ ਸਿੰਜਾਈ ਲਈ ਜ਼ਮੀਨ ਹੇਠਲੇ ਪਾਣੀ ਉੱਪਰ ਨਿਰਭਰ ਕਰਦਾ ਹੈ। ਮਾਹਿਰ 1990 (ਉਨੀ ਸੌ ਨੱਬੇ) ਦੇ ਦਹਾਕੇ ਤੋਂ ਸਰਕਾਰਾਂ ਨੂੰ ਪਾਣੀ ਦੇ ਸੰਕਟ ਪ੍ਰਤੀ ਚਿਤਾਵਨੀਆਂ ਦਿੰਦੇ ਆ ਰਹੇ ਹਨ। ਪਾਣੀ ਦੇ ਸੰਕਟ ਲਈ ਭਾਵੇਂ ਹਰੀ ਕ੍ਰਾਂਤੀ ਦੇ ਸਾਮਰਾਜੀ ਮਾਡਲ ਵਿੱਚੋਂ ਨਿਕਲੇ ਕਣਕ ਝੋਨੇ ਦੇ ਫਸਲੀ ਚੱਕਰ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ। ਪਰ ਸਾਮਰਾਜੀ ਖਪਤਵਾਦੀ ਸੱਭਿਆਚਾਰ ਤਹਿਤ ਵਿਕਸਤ ਹੋਈ ਮੌਜੂਦਾ ਜੀਵਨ ਜਾਂਚ ਅਤੇ ਸਿਆਸੀ, ਅਫ਼ਸਰਸ਼ਾਹੀ ਅਤੇ ਕਾਰਖਾਨੇਦਾਰਾਂ ਦੇ ਗੱਠਜੋੜ ਨੂੰ ਵੀ ਘੱਟ ਜ਼ਿੰਮੇਵਾਰ ਨਹੀਂ ਮੰਨਿਆ ਜਾ ਸਕਦਾ। ਇਕ ਪਾਸੇ ਜਿੱਥੇ ਹਰੀ ਕ੍ਰਾਂਤੀ ਦੇ ਸਾਮਰਾਜੀ ਮਾਡਲ ਕਾਰਨ ਪੰਜਾਬ ਵਿੱਚ ਲਗਪਗ 15 ਲੱਖ (ਪੰਦਰਾਂ ਲੱਖ) ਦੇ ਕਰੀਬ ਟਿਊਬਵੈੱਲ ਧਰਤੀ ਦੀ ਹਿੱਕ ਵਿੱਚੋਂ ਪਾਣੀ ਕੱਢ ਰਹੇ ਹਨ ਅਤੇ ਪੰਜਾਬ ਇੱਕ ਕਿਲੋ ਚਾਵਲ ਪੈਦਾ ਕਰਨ ਲਈ 5337 (ਤਰਵੰਜਾ ਸੌ ਸੈਂਤੀ) ਲਿਟਰ ਪਾਣੀ ਦੀ ਵਰਤੋਂ ਕਰਦਾ ਹੈ ਅਤੇ ਪੰਜਾਬ ਵਿੱਚ ਹਰ ਵਰਗ ਕਿਲੋਮੀਟਰ ਵਿੱਚ ਲਗਪਗ 34 (ਚੌਂਤੀ) ਟਿਊਬਵੈੱਲ ਪਾਏ ਜਾਂਦੇ ਹਨ। ਦੂਜੇ ਪਾਸੇ ਸਿਆਸੀ ਲੀਡਰਾਂ ਅਤੇ ਅਫ਼ਸਰਸ਼ਾਹੀ ਦੀ ਮਿਲੀਭੁਗਤ ਤੋਂ ਬਿਨਾਂ ਕਾਰਖਾਨਿਆਂ ਦਾ ਕੈਮੀਕਲਾਂ ਵਾਲਾ ਜ਼ਹਿਰੀਲਾ ਪਾਣੀ ਬਿਨਾਂ ਸੋਧਿਆਂ ਕੁਦਰਤੀ ਜਲ ਸਰੋਤਾਂ ਵਿੱਚ ਸੁੱਟਿਆ ਜਾਣਾ ਸੰਭਵ ਨਹੀਂ ਹੈ। ਮੌਜੂਦਾ ਜੀਵਨ ਜਾਚ ਵੀ ਜਲ ਸੰਕਟ ਨੂੰ ਡੂੰਘਾ ਕਰਨ ਵਿੱਚ ਯੋਗਦਾਨ ਪਾ ਰਹੀ ਹੈ ਪੰਜਾਬ ਵਿੱਚ ਸ਼ਰਾਬ ਦੀਆਂ ਸੋਲਾਂ ਡਿਸਟਿਲਰੀਆਂ ਹਨ ਪੰਜਾਬੀ ਇੱਕ ਸਾਲ ਵਿੱਚ ਲਗਪਗ32 ਤੋਂ 33 (ਬੱਤੀ ਤੋਂ ਤੇਤੀ) ਕਰੋੜ ਸ਼ਰਾਬ ਦੀਆਂ ਬੋਤਲਾਂ ਪੀ ਜਾਂਦੇ ਹਨ। ਇਹ ਉਹ ਸ਼ਰਾਬ ਹੈ ਜੋ ਸਰਕਾਰੀ ਰਿਕਾਰਡ ਅਨੁਸਾਰ ਹੈ। ਇੱਕ ਬੀਅਰ ਦਾ ਗਿਲਾਸ 168(ਇੱਕ ਸੌ ਅਠਾਹਠ) ਲੀਟਰ, ਇਕ ਵਾਈਨ ਦੀ ਬੋਤਲ ਬਣਾਉਣ ਉੱਤੇ (872)ਅੱਠ ਸੌ ਬਹੱਤਰ ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਇਕ ਟਨ ਸੀਮਿੰਟ ਬਣਾਉਣ ਉੱਤੇ ਲਗਪਗ 5100(ਇਕਵੰਜਾ ਸੌ) ਲੀਟਰ, ਇਕ ਟਨ ਸਟੀਲ ਪੈਦਾ ਕਰਨ ਉੱਤੇ 255000 (ਦੋ ਲੱਖ ਪਚਵੰਜਾ ਹਜ਼ਾਰ) ਲੀਟਰ, ਇਕ ਪੌਂਡ ਸਿੰਥੈਟਿਕ ਰਬੜ ਪੈਦਾ ਕਰਨ ਉੱਤੇ 206 (ਦੋ ਸੌ ਛੇ) ਲੀਟਰ, ਗੱਡੀ ਦਾ ਇਕ ਟਾਇਰ ਬਣਾਉਣ ਉੱਤੇ 1942(ਉਨੀ ਸੌ ਬਿਆਲੀ) ਲੀਟਰ, ਜੀਨਸ ਦੀ ਇਕ ਪੈਂਟ ਔਸਤਨ 7600 (ਛਿਅੱਤਰ ਸੌ) ਲੀਟਰ ਪਾਣੀ ਨਾਲ ਤਿਆਰ ਹੁੰਦੀ ਹੈ। ਇਕ ਛੋਟੀ ਕਾਰ ਤਿਆਰ ਕਰਨ ਲਈ 148000 (ਇੱਕ ਲੱਖ ਅਠਤਾਲੀ ਹਜਾਰ) ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਇਸ ਪ੍ਰਕਾਰ ਮੌਜੂਦਾ ਖ਼ਪਤਵਾਦੀ ਜੀਵਨ ਜਾਂਚ ਵੀ ਪਾਣੀ ਦੇ ਸੰਕਟ ਦਾ ਇੱਕ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪਾਣੀ ਦਾ ਡੂੰਘਾ ਹੋਣਾ ਅਤੇ ਦੂਸ਼ਿਤ ਹੋਣਾ ਪੰਜਾਬ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਦੂਸ਼ਿਤ ਪਾਣੀ ਕਾਰਨ ਪੰਜਾਬ ਵਿੱਚ ਵੱਡੇ ਪੱਧਰ ਉੱਤੇ ਕੈਂਸਰ, ਕਾਲਾ ਪੀਲੀਆ, ਹੈਜ਼ਾ, ਡਾਇਰੀਆ, ਟਾਈਫਾਈਡ ਲੀਵਰ, ਗੁਰਦਿਆਂ, ਦਿਲ, ਫੇਫੜਿਆਂ ਆਦਿ ਦੀਆਂ ਬੀਮਾਰੀਆਂ ਵਧ ਰਹੀਆਂ ਹਨ। ਛੋਟਿਆਂ ਬੱਚਿਆਂ ਉੱਤੇ ਇਸ ਦਾ ਸਭ ਤੋਂ ਵੱਧ ਮਾਰੂ ਅਸਰ ਹੋ ਰਿਹਾ ਹੈ। ਭਾਰਤ ਦੇ ਕੌਮੀ ਅੰਕੜੇ ਦੇ ਮੁਕਾਬਲੇ ਪੰਜਾਬ ਵਿੱਚ ਕੈਂਸਰ ਮਰੀਜ਼ਾਂ ਦੀ ਔਸਤ ਦਰ ਕਿਤੇ ਜ਼?ਿਆਦਾ ਵੱਧ ਹੈ। ਸਭ ਤੋਂ ਦੁੱਖ ਦੀ ਗੱਲ ਹੈ ਕਿ ਚੋਣਾਂ ਦਾ ਸਾਲ ਹੋਣ ਦੇ ਬਾਵਜੂਦ ਕਿਸੇ ਵੀ ਸਿਆਸੀ ਪਾਰਟੀ ਦੇ ਅਜੰਡੇ ਉੱਤੇ ਪਾਣੀ ਦਾ ਮਸਲਾ ਨਹੀਂ ਹੈ। ਆਮ ਲੋਕਾਂ ਨੂੰ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਮਸਲੇ ਉੱਤੇ ਗੰਭੀਰ ਵਿਚਾਰ ਚਰਚਾ ਕਰ ਕਿ ਜਿੱਥੇ ਸਾਮਰਾਜੀ ਖਪਤਵਾਦੀ ਸੱਭਿਆਚਾਰ ਦੇ ਮੁਕਾਬਲੇ ਲੋਕ ਪੱਖੀ ਸੱਭਿਆਚਾਰ ਉਸਾਰਨ , ਹਰੀ ਕ੍ਰਾਂਤੀ ਦਾ ਠੋਸ ਬਦਲ ਤਲਾਸ਼ਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉੱਥੇ ਹੀ ਪਾਣੀ ਨੂੰ ਦੂਸ਼ਿਤ ਕਰਨ ਲਈ ਜ਼ਿੰਮੇਵਾਰ ਕਾਰਖਾਨੇਦਾਰਾਂ ਅਤੇ ਕਰਵਾਉਣ ਵਾਲੇ ਅਧਿਕਾਰੀਆਂ ਖਿਲਾਫ਼ ਸਖ਼ਤ ਸਜ਼ਾਵਾਂ ਦੀ ਮੰਗ ਵੀ ਕਰਨੀ ਚਾਹੀਦੀ ਹੈ।

ਰਿਸਰਚ ਸਕਾਲਰ
ਪੰਜਾਬੀ ਯੂਨੀਵਰਸਿਟੀ ਪਟਿਆਲਾ
(ਵਿਭਾਗ ਰਾਜਨੀਤੀ ਸ਼ਾਸਤਰ )

# ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਲੁਕੀਆਂ ਸ਼ਕਤੀਆਂ ਨੂੰ ਸਮਝੋ-ਖੰਨਾ, ਦੱਤ

ਲੁਧਿਆਣਾ, (ਬਲਜਿੰਦਰ ਸਿੰਘ) : ਪਿਛਲੇ ਦਿਨੀਂ ਸ਼੍ਰੀ ਦਰਬਾਰ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਵਾਪਰੀ ਘਟਨਾ ਸਬੰਧੀ ਇਨਕਲਾਬੀ ਕੇਂਦਰ, ਪੰਜਾਬ ਦੀ ਸੂਬਾ ਕਮੇਟੀ ਵੱਲੋਂ ਪਰੈੱਸ ਬਿਆਨ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਬਰਗਾੜੀ ਕਾਂਡ ਤੋਂ ਬਾਅਦ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਰੁਕਣ 'ਚ ਨਹੀਂ ਆ ਰਹੀਆਂ। ਇਸ ਸਬੰਧੀ ਹੱਦ ਤਾਂ ਉਦੋਂ ਹੋ ਗਈ ਜਦੋਂ ਸਿੱਖਾਂ ਦੇ ਸਰਵਉੱਚ ਧਾਰਮਿਕ ਸਥਾਨ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬੇਅਦਬੀ ਦੀ ਘਟਨਾ ਨੂੰ ਅੰਜਾਮ ਦੇਣ ਦਾ ਯਤਨ ਕੀਤਾ ਗਿਆ। ਇਸ ਤੋਂ ਪਹਿਲਾਂ ਦਿੱਲੀ ਦੇ ਸਿੰਘੂ ਬਾਰਡਰ ਅਤੇ ਦਰਬਾਰ ਸਾਹਿਬ ਤੋਂ ਬਾਅਦ ਕਪੂਰਥਲਾ ਵਿਖੇ ਵੀ ਅਜਿਹੀਆਂ ਘਟਨਾਵਾਂ ਵਾਪਰੀਆਂ। ਇਨ੍ਹਾਂ ਸਾਰੀਆਂ ਘਟਨਾਵਾਂ ਦੇ ਵਾਪਰਨ ਦੇ ਐਨ ਮੌਕੇ 'ਤੇ ਸਿੱਧੇ ਤੌਰ ਤੇ ਸ਼ਾਮਲ ਦੱਸੇ ਜਾ ਰਹੇ ਵਿਅਕਤੀਆਂ ਨੂੰ ਇਕੱਠੀਆਂ ਹੋਈਆਂ ਭੀੜਾਂ ਵੱਲੋਂ ਪਕੜ ਕੇ ਅਤੇ ਕੁੱਟਮਾਰ ਕਰਕੇ ਜਾਂ ਵੱਢ ਟੁੱਕਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਬਰਗਾੜੀ ਕਾਂਡ ਵਿੱਚ ਕੋਈ ਇਨਸਾਫ ਨਾ ਹੋਇਆ ਹੋਣ ਕਰਕੇ ਸ਼੍ਰੀ ਦਰਬਾਰ ਸਾਹਿਬ ਅਤੇ ਹੋਰ ਥਾਵਾਂ 'ਤੇ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਜਗਤ ਅੰਦਰ ਵੱਡੀ ਪੱਧਰ ਤੇ ਰੋਸ ਪੈਦਾ ਕਰ ਦਿੱਤਾ ਹੈ। ਪੰਜਾਬ ਸਰਕਾਰ, ਸ਼੍ਰੋਮਣੀ ਗੁਰਦਵਾਰਾ ਪਬੰਧਕ ਕਮੇਟੀ, ਪੰਜਾਬ ਪੁਲਿਸ ਅਤੇ ਖੁਫੀਆ ਤੰਤਰ ਇਨ੍ਹਾਂ ਘਟਨਾਵਾਂ ਦਾ ਖੁਰਾ ਖੋਜ ਲੱਭਣ, ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਕੇ ਸਜਾਵਾਂ ਦੇਣ ਅਤੇ ਅਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਦੇ ਪੁਖਤਾ ਪਬੰਧ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਹੋਇਆ ਹੈ। ਜਿਸ ਕਰਕੇ ਲੋਕਾਂ ਦਾ ਭਰੋਸਾ ਇਨ੍ਹਾਂ ਸਾਰੀਆਂ ਸੰਸਥਾਵਾਂ ਤੋਂ ਬੁਰੀ ਤਰ੍ਹਾਂ ਟੁੱਟ ਚੁੱਕਿਆ ਹੈ। ਇਹੀ ਕਾਰਨ ਹੈ ਕਿ ਧਾਰਮਿਕ ਜਜਬਾਤਾਂ ਨਾਲ ਭੜਕੀਆਂ ਭੀੜਾਂ ਅਜਿਹੇ ਕਤਲਾਂ ਉੱਪਰ ਜੈਕਾਰੇ ਛੱਡ ਰਹੀਆਂ ਹਨ।

ਭਾਰਤ ਅੰਦਰ ਧਾਰਮਿਕ ਜਜਬਾਤਾਂ ਨੂੰ ਭੜਕਾਉਣ ਦਾ ਵਰਤਾਰਾ ਕੋਈ ਨਵਾਂ ਵਰਤਾਰਾ ਨਹੀਂ। ਪਹਿਲਾਂ ਅੰਗਰੇਜ ਅਤੇ 1947 ਤੋਂ ਬਾਅਦ ਭਾਰਤੀ ਹਾਕਮ ਲੋਕਾਂ ਵਿੱਚ ਧਾਰਮਿਕ ਵੰਡੀਆਂ ਪਾਕੇ ਅਤੇ ਫਿਰਕੂ ਦੰਗੇ ਭੜਕਾ ਕੇ ਆਪਣਾ ਉੱਲੂ ਸਿੱਧਾ ਕਰਦੇ ਰਹੇ ਹਨ। ਮੰਦਿਰਾਂ ਵਿੱਚ ਗਊ ਦੀਆਂ ਪੂਛਾਂ ਸੁੱਟਣਾ, ਮਸਜਿਦਾਂ ਵਿੱਚ ਸੂਰਾਂ ਦਾ ਮਾਸ ਸੁੱਟਣਾ ਜਾਂ ਗੁਰਦਵਾਰਿਆਂ ਦੀਆਂ ਹਦੂਦਾਂ ਅੰਦਰ ਬੀੜੀ ਸਿਗਰਟ ਦੇ ਬੰਡਲ ਸੁੱਟਣ ਦੀਆਂ ਕਾਰਵਾਈਆਂ ਕਰਕੇ ਹਿੰਦ ਮੁਸਲਮਾਨਾਂ ਅਤੇ ਹਿੰਦੂ ਸਿੱਖਾਂ 'ਚ ਪਾੜੇ ਪਾਉਣ ਦੇ ਯਤਨ ਸਾਡੇ ਦੇਸ ਦੇ ਇਤਿਹਾਸ ਅੰਦਰ ਕਾਲੇ ਧੱਬੇ ਹਨ। ਇਤਿਹਾਸ ਅੰਦਰ ਫਿਰਕੂ ਕਤਲੋਗਾਰਤ ਅਤੇ ਦੰਗੇ ਸਾਡੇ ਲੋਕਾਂ ਲਈ ਵੱਡਾ ਸਬਕ ਛੱਡ ਕੇ ਗਏ ਹਨ ਜੋ ਮੌਜੂਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸਮਝਣ ਵਿੱਚ ਸਹਾਈ ਹੋ ਸਕਦੇ ਹਨ।

ਭਾਰਤ ਦੀਆਂ ਹਾਕਮ ਜਮਾਤਾਂ ਬੁਰੀ ਤਰ੍ਹਾਂ ਆਰਥਿਕ ਸਿਆਸੀ ਸੰਕਟ ਦੀਆਂ ਬੌਂਦਲਾਈਆਂ ਹੋਈਆਂ ਹਨ। ਖਾਸ ਕਰਕੇ ਪੰਜਾਬ ਅੰਦਰ ਉਹ ਵੱਡੇ ਸਿਆਸੀ ਸੰਕਟ ਵਿੱਚੋਂ ਗੁਜਰ ਰਹੀਆਂ ਹਨ। ਲੱਗਭੱਗ ਸਾਰੀਆਂ ਹਾਕਮ ਜਮਾਤੀ ਸਿਆਸੀ ਪਾਰਟੀਆਂ ਲੋਕਾਂ ਦੇ ਨੱਕੋਂ ਬੁੱਲੋਂ ਲਹਿ ਚੁੱਕੀਆਂ ਹਨ। ਪੰਜਾਬ ਦੀ ਕਿਸਾਨੀ ਨੇ ਖੇਤੀ ਕਾਨੂੰਨਾਂ ਖਿਲਾਫ ਇੱਕ ਸਾਲ ਤੋਂ ਵੱਧ ਲੰਮਾ ਸੰਘਰਸ ਲੜਕੇ ਜਿੱਤ ਪ੍ਰਾਪਤ ਕੀਤੀ ਹੈ। ਜਿਸ ਕਰਕੇ ਉਨ੍ਹਾਂ ਦਾ ਵਿਸ਼ਵਾਸ ਆਪਣੇ ਏਕੇ ਅਤੇ ਸੰਘਰਸ ਵਿੱਚ ਬਣ ਚੁੱਕਿਆ ਹੈ। ਇਸ ਸੰਘਰਸ ਦੀ ਅਗਵਾਈ ਕਰਨ ਵਾਲੀਆਂ ਜਥੇਬੰਦੀਆਂ ਦੇ ਆਗੂ ਉਨ੍ਹਾਂ ਦੇ ਨਾਇਕ ਹਨ। ਇਨ੍ਹਾਂ ਉੱਤੇ ਉਨ੍ਹਾਂ ਨੂੰ ਵੱਡਾ ਭਰੋਸਾ ਹੈ। ਹੁਣ ਉਹ ਨਵੇਂ ਗੇੜ ਦੀ ਲੜ੍ਹਾਈ ਲੜਨ ਲਈ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਆਪਣੇ ਪਰ ਤੋਲ ਰਹੇ ਹਨ। ਇਹ ਹਾਲਤ ਹਾਕਮ ਜਮਾਤਾਂ ਲਈ ਵੱਡਾ ਚਿੰਤਾ ਦਾ ਕਾਰਨ ਹੈ। ਲੋਕਾਂ ਦੀ ਭਾਈਚਾਰਕ ਏਕਤਾ ਨੂੰ ਤੋੜਨ ਲਈ ਉਹ ਬੀਤੇ ਸਮੇਂ ਅੰਦਰ ਧਰਮ ਦਾ ਪੱਤਾ ਖੇਡਕੇ ਲੋਕਾਂ ਵਿੱਚ ਨਫਰਤ ਦੀਆਂ ਲਕੀਰਾਂ ਖਿੱਚਦੀਆਂ ਰਹੀਆਂ ਹਨ ਅਤੇ ਹੁਣ ਵੀ ਉਨ੍ਹਾਂ ਦੇ ਹਿੱਤ ਮੰਗ ਕਰਦੇ ਹਨ ਕਿ ਲੋਕ ਏਕਤਾ ਦੇ ਕਿਲੇ ਨੂੰ ਸੰਨ੍ਹ ਲਾਈ ਜਾਵੇ। ਹਾਕਮ ਜਮਾਤਾਂ ਦੇ ਨਾਲ ਨਾਲ ਫਿਰਕੂ ਧਾਰਮਿਕ ਜਨੂੰਨੀ, ਉਨ੍ਹਾਂ ਦਾ ਹੱਥ ਠੋਕਾ ਬਣਕੇ ਲੋਕਾਂ ਦੀ ਸਾਂਝ ਨੂੰ ਤੋੜਨ ਲਈ ਹਮੇਸਾ ਯਤਨਸੀਲ ਰਹੇ ਹਨ। ਕਿਸਾਨ ਅੰਦੋਲਨ ਭਾਰਤੀ ਹਾਕਮਾਂ ਅਤੇ ਖਾਲਿਸਤਾਨੀਆਂ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦਾ, ਇਸੇ ਕਰਕੇ ਉਹ 26 ਜਨਵਰੀ ਦੀਆਂ ਘਟਨਾਵਾਂ, ਸਿੰਘੂ ਬਾਰਡਰ ਤੇ ਧਾਰਮਿਕ ਗ੍ਰੰਥ ਦੀ ਬੇਅਦਬੀ ਅਤੇ ਕਤਲ ਦੀ ਘਟਨਾ ਵਰਗੇ ਮੌਕਿਆਂ 'ਤੇ ਇੱਕ ਕਤਾਰ ਚ ਖੜੇ ਦਿਖਾਈ ਦਿੱਤੇ। ਹੁਣ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਦਾ ਵੀ ਇਹੀ ਤਾਕਤਾਂ ਫਾਇਦਾ ਖੱਟਣ ਦੇ ਰੌਅ ਵਿੱਚ ਹਨ ਅਤੇ ਲੋਕ ਆਗੂਆਂ ਤੇ ਚਿੱਕੜ ਸੁੱਟਣ ਦਾ ਗਨੀਮਤ ਮੌਕਾ ਸਮਝ ਰਹੀਆਂ ਹਨ।

ਇਨਕਲਾਬੀ ਕੇਂਦਰ, ਪੰਜਾਬ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਇਸ ਮੌਕੇ ਆਪਣੀ ਏਕਤਾ ਅਤੇ ਸੰਜਮ ਬਣਾਈ ਰੱਖਣ, ਹਾਕਮ ਜਮਾਤਾਂ, ਇਨ੍ਹਾਂ ਦੀਆਂ ਏਜੰਸੀਆਂ ਅਤੇ ਲੋਕਾਂ ਦੇ ਜਜਬਾਤਾਂ ਨੂੰ ਭੜਕਾਉਣ ਵਾਲੇ ਧਾਰਮਿਕ ਜਨੂੰਨੀਆਂ ਦੀਆਂ ਚਾਲਾਂ ਨੂੰ ਸਮਝਣ। ਉਨ੍ਹਾਂ ਨੂੰ ਇਹ ਸਮਝਣ ਦੀ ਜਰੂਰਤ ਹੈ ਕਿ ਇਨ੍ਹਾਂ ਘਟਨਾਵਾਂ ਦੀ ਥਾਹ ਪਾਉਣ ਦਾ ਸਾਧਨ ਬਣ ਸਕਣ ਵਾਲੇ ਬੰਦਿਆਂ ਨੂੰ ਕਿਉਂ ਕਤਲ ਕੀਤਾ ਜਾ ਰਿਹਾ ਹੈ ? ਕੀ ਹੁਣ ਸਰਕਾਰ ਅਤੇ ਇਸ ਦੀਆਂ ਸੰਸਥਾਵਾਂ ਤੇ ਦਬਾਅ ਪਾਕੇ ਇਨਸਾਫ ਹਾਸਿਲ ਕਰਨ ਦੀ ਬਜਾਇ, ਇਹੋ ਜਿਹੇ ਲੋਕ ਹੀ ਭੀੜਤੰਤਰਾਂ ਰਾਹੀਂ ਇਨਸਾਫ ਕਰਿਆ ਕਰਨਗੇ ? ਜੇ ਅਜਿਹਾ ਹੋਵੇਗਾ ਤਾਂ ਆਰਐਸਐਸ ਦੇ ਕਾਤਲੀ ਗਰੋਹਾਂ ਅਤੇ ਇਨ੍ਹਾਂ ਵਿੱਚ ਕੀ ਫਰਕ ਰਹਿ ਜਾਵੇਗਾ ? ਕੀ ਆਰਐਸਐਸ ਦੇ ਫਾਸ਼ੀਵਾਦੀ ਅਤੇ ਫਿਰਕੂ ਟੋਲੇ ਭੀੜਾਂ ਇਕੱਠੀਆਂ ਕਰਕੇ ਘੱਟ ਗਿਣਤੀ ਮੁਸਲਮਾਨਾਂ ਦੇ ਖਿਲਾਫ ਕਾਤਲੀ ਕਾਰਵਾਈਆਂ ਨਹੀਂ ਕਰ ਰਹੇ ? ਕੀ ਦਿੱਲੀ ਅਤੇ ਗੁਜਰਾਤ ਵਿੱਚ ਹੋਏ ਸਿੱਖਾਂ ਅਤੇ ਮੁਸਲਮਾਨਾਂ ਦੇ ਕਤਲੇਆਮਾਂ ਨੂੰ ਧਰਮ ਦੇ ਜਨੂੰਨ ਚ ਅੰਨ੍ਹੀਆਂ ਹੋਈਆਂ ਫਿਰਕੂ ਭੀੜਾਂ ਨੇ ਅੰਜਾਮ ਨਹੀਂ ਸੀ ਦਿੱਤਾ ? ਜੇਕਰ ਇਹ ਕਤਲੇਆਮ ਮਨੁੱਖਤਾ ਦੇ ਨਾਂ 'ਤੇ ਕਲੰਕ ਹਨ ਤਾਂ ਕੀ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਾਉਣ ਵਾਲੀਆਂ ਸ਼ਕਤੀਆਂ ਦਾ ਮੋਹਰਾ ਬਨਣ ਵਾਲਿਆਂ ਨੂੰ ਭੜਕੀਆਂ ਭੀੜਾਂ ਵੱਲੋਂ ਕਤਲ ਕਰਨ ਦੀਆਂ ਕਾਰਵਾਈਆਂ ਸ਼ਰਮਸ਼ਾਰ ਕਰਨ ਵਾਲੀਆਂ ਨਹੀਂ ?

ਇਨਕਲਾਬ ਕੇਂਦਰ, ਪੰਜਾਬ ਇੱਕ ਵਾਰ ਫਿਰ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਲੋਕਾਂ ਦੇ ਧਾਰਮਿਕ ਜਜਬਾਤਾਂ ਨੂੰ ਭੜਕਾਉਣ ਵਾਲੀਆਂ ਲੋਕ ਦੁਸ਼ਮਣ ਤਾਕਤਾਂ ਦੇ ਚੰਦਰੇ ਮਨਸੂਬਿਆਂ ਨੂੰ ਸਮਝਣ ਅਤੇ ਅਜਿਹੀਆਂ ਤਾਕਤਾਂ ਨੂੰ ਲੋਕਾਂ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਅਤੇ ਸਜਾ ਦੇਣ ਲਈ ਲੋਕ ਸ਼ਕਤੀ ਦਾ ਦਬਾਅ ਲਾਮਬੰਦ ਕਰਨ ਅਤੇ ਅਜਿਹਾ ਕਰਦੇ ਹੋਏ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਲੀਹੋਂ ਲਾਹੁਣ ਵਾਲੀਆਂ ਸਾਜ਼ਿਸ਼ਾਂ ਨੂੰ ਚਕਨਾਚੂਰ ਕਰਨ।

# ਧਾਰਮਿਕ ਭਾਵਨਾਵਾਂ ਦੇ ਹਵਾਲੇ ਨਾਲ ਲਿੰਚਿੰਗ ਦੀ ਪ੍ਰਵਾਨਗੀ ਸਮਾਜ ਲਈ ਖ਼ੌਫਨਾਕ

ਸੁਦੀਪ ਸਿੰਘ



ਪਿਛਲੇ ਸਮੇਂ ਦੌਰਾਨ ਵਾਰ-ਵਾਰ ਵਿਉਂਤਬੱਧ ਤਰੀਕੇ ਨਾਲ ਸਿੱਖਾਂ ਦੀ ਸ਼ਰਧਾ ਦੇ ਸਰਵੋਤਮ ਪ੍ਰਤੀਕਾਂ ਨੂੰ ਬੇਹੁਰਮਤੀ ਦਾ ਨਿਸ਼ਾਨਾ ਬਣਾਉਣ ਦੀਆ ਘਟਨਾਵਾਂ ਵਾਪਰ ਰਹੀਆਂ ਹਨ। ਸਿੱਖਾਂ ਦੀ ਹਸਤੀ ਦੇ ਸ਼੍ਰੋਮਣੀ ਪ੍ਰਤੀਕ ਸ਼੍ਰੀ ਹਰਿਮੰਦਰ ਸਾਹਿਬ 'ਤੇ ਬੇਹੁਰਮਤੀ ਦੀ ਘਟਨਾ ਵਾਪਰਦੀ ਪ੍ਰਤੱਖ ਦੇਖੀ। ਇਹ ਬੇਹੁਰਮਤੀਆਂ ਸਿੱਖਾਂ ਦੀ ਸ਼ਰਧਾ ਦੇ ਸਭ ਤੋਂ ਸੰਵੇਦਨਸ਼ੀਲ ਅੰਗਾਂ ਨੂੰ ਉਚੇੜਨ ਦੀਆ ਕਾਰਵਾਈਆ ਹਨ ਜੋ ਸਮੁੱਚੇ ਭਾਈਚਾਰੇ ਨੂੰ ਅਪਮਾਨ, ਬੇਵਸੀ, ਜ਼ਲਾਲਤ, ਨਿਆਸਰੇਪਣ ਅਤੇ ਇਕਲਤਾ ਦੇ ਅਹਿਸਾਸ 'ਚ ਧੱਕਦੀਆ ਹਨ ਜਿਸ ਨੂੰ ਹੋਣੀ ਵਜੋਂ ਪ੍ਰਵਾਨ ਕਰਨ ਤੋਂ ਇਹ ਭਾਈਚਾਰਾ ਇਨਕਾਰੀ ਹੈ। ਸਿੱਖ ਭਾਈਚਾਰੇ ਦੀ ਸਮੂਹਕ ਪੀੜ ਦੇ ਇਸ ਅਹਿਸਾਸ ਨੂੰ ਮਹਿਸੂਸ ਕੀਤੇ ਤੋਂ ਬਿਨਾਂ, ਖੁਦ ਦੇ ਆਪੇ 'ਤੇ ਹੰਢਾਏ ਤੋਂ ਬਿਨਾਂ ਉਸ ਪ੍ਰਤੀਕਰਮ ਨੂੰ ਤਰਕ ਦੇ ਪੱਧਰ 'ਤੇ ਸਮਝਿਆ ਹੀ ਨਹੀਂ ਜਾ ਸਕਦਾ ਜਿਸ ਨੂੰ ਸਿੱਖ ਸਮਾਜ ਦਾ ਇੱਕ ਹਿੱਸਾ ਇੱਕੋ ਇੱਕ ਰਸਤਾ ਸਮਝ ਰਿਹਾ ਹੈ। ਵਲੂੰਧਰੇ ਅਹਿਸਾਸਾਂ ਦੇ ਧਰਾਤਲ ਤੋਂ ਸਿੱਖ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਆਪਣੀਆਂ ਕਹਿ ਰਿਹਾ ਹੈ ਜਿਸ ਬਾਰੇ ਉਸ ਨੂੰ ਕਿਤੇ ਸੁਣਵਾਈ ਨਹੀਂ ਦਾ ਅਹਿਸਾਸ ਭਾਰੂ ਹੈ।

ਇਤਿਹਾਸ ਦੇ ਕੁਰਖਤ ਵਹਿਣ 'ਚ ਬਹੁਤ ਸ਼ਾਨਦਾਰ ਭਾਈਚਾਰਿਆ ਨਾਲ ਬਹੁਤ ਕੁਝ ਵਾਪਰਿਆ ਹੈ। ਅੱਜ ਮੁਸਲਮਾਨ ਭਾਈਚਾਰਾ ਸੰਸਾਰ ਭਰ 'ਚ ਆਪਣੀ ਵਜੂਦ ਦੀ ਹਸਤੀ ਨੂੰ ਖਤਰੇ ਮੂੰਹ ਆਏ ਹੋਣ ਦੇ ਅਹਿਸਾਸ 'ਚੋਂ ਗੁਜਰ ਰਿਹਾ ਹੈ ਅਤੇ ਹਰ ਛੋਟੀ ਵੱਡੀ ਘਟਨਾ 'ਤੇ ਏਨਾ ਭੜਕਾਹਟ ਭਰਿਆ ਪ੍ਰਤੀਕਰਮ ਦਿੰਦਾ ਹੈ ਜੋ ਸਮੁੱਚੇ ਭਾਈਚਾਰੇ ਦੇ ਘਾਬਰੇ ਹੋਣ ਦਾ ਇਜਹਾਰ ਹੋ ਨਿਬੜਦਾ ਹੈ। ਸਿਆਲਕੋਟ 'ਚ ਵਾਪਰੀ ਲਿੰਚਿੰਗ ਦੀ ਘਟਨਾ ਇਸ ਸਮੂਹਕ ਹਿਸਟੀਰੀਕਲ ਪ੍ਰਤੀਕਰਮ ਦਾ ਇੱਕ ਇਜਹਾਰ ਸੀ ਜਿਸ ਨੂੰ ਸਿਰੇ ਚਾੜਨ ਵਕਤ ਇਸ ਗੱਲ ਦੀ ਕੋਈ ਪ੍ਰਵਾਹ ਧਿਆਨ ਨਹੀਂ ਰੱਖੀ ਗਈ ਕਿ ਸੰਸਾਰ ਅੰਦਰ ਇਸਦਾ ਕੀ ਅਕਸ ਜਾਵੇਗਾ। ਇਸ ਤਰ੍ਹਾਂ ਯਹੂਦੀ ਭਾਈਚਾਰਾ ਏਨੀਆਂ ਕੁਰਖਤੀਆ 'ਚੋਂ ਗੁਜਰਿਆ ਹੈ ਕਿ ਹੁਣ ਉਸਦੇ ਇੱਕ ਵੱਡੇ ਹਿੱਸੇ ਅੰਦਰ ਮਾਨਵੀ ਸਰੋਕਾਰਾ ਤੋਂ ਫਲਸਤੀਨੀਆ ਨਾਲ ਹੁੰਦੀਆਂ ਵਧੀਕੀਆ ਦੀ ਕੋਈ ਅਪੀਲ ਪੈਦਾ ਨਹੀਂ ਹੁੰਦੀ। ਇਜ਼ਰਾਇਲ ਦੀਆਂ ਨੰਗੀਆ-ਚਿੱਟੀਆਂ ਅਤੇ ਪੂਰੀ ਤਰ੍ਹਾਂ ਬੇਦਲੀਲ ਵਧੀਕੀਆਂ ਨੂੰ ਵੀ ਯਹੂਦੀ ਭਾਈਚਾਰੇ ਦੇ ਇਕ ਵੱਡੇ ਹਿੱਸੇ 'ਚੋਂ ਵਿਆਪਕ ਹਮਾਇਤ ਹਾਸਲ ਹੁੰਦੀ ਹੈ।

ਕੁਰਖੱਤ ਇਤਿਹਾਸਕ ਤਜਰਬਿਆਂ, ਵਲੂੰਧਰੀਆਂ ਭਾਵਨਾਵਾਂ, ਠੇਸ ਪਹੁੰਚੇ ਹਿਰਦਿਆਂ, ਬੇਨਕਸ਼ ਅਤੇ ਅਣਘੜ ਇਛਾਵਾਂ ਦਾ ਉਹ ਮਾਨਸਿਕ ਧਰਾਤਲ ਹੈ ਜਿਸ ਉਪਰ ਇਸ ਹਕੀਕੀ ਸੰਸਾਰ ਦੀਆ ਕਾਲੀਆਂ ਤਾਕਤਾਂ ਆਪਣੀਆਂ ਸੌੜੀਆਂ ਅਤੇ ਲੋਕ ਵਿਰੋਧੀ ਗਿਣਤੀਆਂ-ਮਿਣਤੀਆਂ ਦੇ ਮੋਹਰੇ ਚਿਣਦੀਆਂ ਹਨ ਅਤੇ ਬੇਰਹਿਮ ਚਾਲਾਂ ਚਲਦੀਆਂ ਹਨ।

ਉਲਟ ਸਿਰਿਆਂ ਤੋਂ ਤਾਲਮੇਲ ਨਾਲ ਖੇਡਦੀਆ ਇਹ ਕਾਲੀਆ ਤਾਕਤਾਂ ਇਹ ਯਕੀਨੀ ਕਰਦੀਆਂ ਹਨ ਕਿ ਸੰਵੇਦਨਸ਼ੀਲ ਭਾਵਨਾਵਾਂ ਦਾ ਇਹ ਧਰਾਤਲ ਕਦੇ ਸੁਖਾਵਾਂ ਨਾ ਹੋ ਸਕੇ। ਭਾਵਨਾਵਾਂ ਵਲੂੰਧਰੀਆ ਰਹਿਣ, ਜ਼ਖਮ ਉੱਚੜਦੇ ਰਹਿਣ ਅਤੇ ਤਵਾਜਨ ਵਿਗੜੇ ਰਹਿਣ। ਇਹਨਾਂ ਤਾਕਤਾਂ ਦਾ ਹਮੇਸ਼ਾ ਇਹ ਮਨਸੂਬਾ ਰਿਹਾ ਹੈ ਕਿ ਵੱਖ ਵੱਖ ਭਾਈਚਾਰਿਆਂ ਦੇ ਕਿਰਤੀ ਲੋਕਾਂ ਅੰਦਰ ਬੇਵਿਸ਼ਵਾਸੀ ਬਣੀ ਰਹੇ, ਬੇਲਾਗਤਾ ਬਣੀ ਰਹੇ, ਦੁਸ਼ਮਣੀ ਬਣੇ ਅਤੇ ਰੌਲੇ-ਰੱਟੇ ਬਣਨ। ਇਹਨਾਂ ਕਿਰਤੀਆਂ ਦੀ ਆਪਸੀ ਸਾਂਝ ਨਾ ਬਣੇ। ਕਿਰਤੀਆਂ ਦੇ ਸਾਂਝੇ ਮਸਲਿਆਂ 'ਤੇ ਏਕਤਾ ਨਾ ਬਣੇ। ਸਾਂਝੇ ਸੰਘਰਸ਼ ਨਾ ਬਣਨ।

ਪੰਜਾਬ ਦੇ ਸੰਤਾਪ ਦੌਰਾਨ, ਇਹਨਾਂ ਕਾਲੀਆਂ ਤਾਕਤਾਂ 'ਚੋਂ ਕਿਸੇ ਨੇ ਪੰਥ ਦੇ ਨਾਂ 'ਤੇ ਅਤੇ ਕਿਸੇ ਨੇ ਦੇਸ਼ ਦੀ ਅਖੰਡਤਾ ਦੇ ਨਾਂ 'ਤੇ ਦਹਾਕਿਆਂਵੱਧੀ ਰਾਜ-ਭਾਗ ਦਾ ਅਨੰਦ ਮਾਣਿਆ। ਕਿਸੇ ਨੇ ਦਬਦਬੇ ਦੇ ਨਾਂ 'ਤੇ ਅਤੇ ਕਿਸੇ ਨੇ ਸੁਰੱਖਿਆ ਨੂੰ ਖਤਰੇ ਦੇ ਨਾਂ ਤੇ ਅਣਕਿਆਸੀਆਂ ਤਾਕਤਾਂ ਮਾਣੀਆਂ। ਸਭ ਭਾਈਚਾਰਿਆ ਨੇ ਦਹਿਸ਼ਤ ਹੰਢਾਈ ਕਹਿਰ ਹੰਢਾਇਆ ਅਤੇ ਸੰਤਾਪ ਝੱਲਿਆ।

ਇਸੇ ਖੇਡ ਨੂੰ ਫਿਰ ਖੇਡਣ ਦੀ ਕੋਸ਼ਿਸ਼ ਹੈ। ਵਾਰ ਵਾਰ ਖੇਡਣ ਦੀ ਕੋਸ਼ਿਸ਼ ਹੈ।

ਜੋ ਅਸਲ ਖਤਰਾ ਹੈ ਉਸਨੂੰ ਪਹਿਚਾਣਿਆ ਜਾਣਾ ਚਾਹੀਦਾ ਹੈ। ਖਤਰੇ ਮੂੰਹ ਹੈ ਸਭਨਾਂ ਕਿਰਤੀਆਂ ਦੀ ਰੋਜ਼ੀ, ਰੁਜ਼ਗਾਰ, ਸੁਰੱਖਿਆ ਅਤੇ ਕਿਰਤੀਆਂ ਦੀ ਹੋਣੀ ਹਸਤੀ। ਖੁਦਕਸ਼ੀਆਂ ਕਰ ਰਹੇ ਹਨ ਕਿਸਾਨ, ਮਜ਼ਦੂਰ, ਛੋਟੇ ਕਾਰੋਬਾਰੀ, ਬੇਰੁਜ਼ਗਾਰ ਨੌਜਵਾਨ : ਖਤਰੇ ਮੂੰਹ ਹੈ ਭਾਈ ਲਾਲੋਆਂ ਦਾ ਸਾਰਾ ਸਮਾਜ! ਜਿਵੇਂ ਸਿੱਖ ਭਾਈਚਾਰੇ ਨੇ ਕਿਸਾਨ ਘੋਲ ਅੰਦਰ ਸ਼ਾਨਦਾਰ ਰੋਲ ਅਦਾ ਕੀਤਾ ਹੈ ਜਿਸਦੀ ਸਾਰੇ ਭਾਈਚਾਰਿਆਂ ਨੇ ਭਰਪੂਰ ਜੈਕਾਰ ਕੀਤੀ ਹੈ ਅਤੇ ਉਸਦੀ ਮਿਸਾਲ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ, ਇਹ ਭਾਈਚਾਰਕ ਅਤੇ ਕਿਰਤੀ ਏਕਤਾ ਦਾ ਰਸਤਾ ਹੀ ਹੈ ਭਾਵਨਾਵਾਂ, ਹਸਤੀਆਂ ਹੋਣੀਆਂ ਦੀ ਸੁਰੱਖਿਆ ਅਤੇ ਮਾਣ-ਸਤਿਕਾਰ ਦਾ ਰਸਤਾ। ਖਤਰੇ ਮੂੰਹ ਹੈ ਇਹ ਏਕਤਾ! ਭਾਈਚਾਰਿਆਂ ਦੀ ਇਹ ਗਲਵਕੜੀ! ਸੁਰੱਖਿਆ ਹਨ ਉਹ ਹੰਝੂ, ਜਿਹਨਾਂ ਦੇ ਹੜ੍ਹ 'ਚ 28 ਜਨਵਰੀ 2020 ਦੀ ਰਾਤ ਨੂੰ ਗਾਜੀਪੁਰ ਬਾਰਡਰ 'ਤੇ ਸਿੱਖ ਕਿਸਾਨਾਂ ਨੂੰ ਨਿਸ਼ਾਨਾ ਬਣਾਉਣ ਦੇ ਮਨਸੂਬੇ ਰੁੜ੍ਹ-ਵਹਿ ਗਏ। ਹਰਿਆਣਾ ਯੂਪੀ ਦਾ ਹਿੰਦੂ ਕਿਸਾਨ ਰਾਤੋ-ਰਾਤ ਆਪਣੇ ਭਰਾਵਾਂ ਨਾਲ ਆ ਜੁਟਿਆ, ਇਹ ਹੈ ਮਾਣ-ਸਤਿਕਾਰ ਦਾ ਕਿਲਾ!

ਇਸ ਲਈ ਬੇਅਦਬੀਆਂ ਦੇ ਮਸਲੇ ਨੂੰ ਭਾਈਚਾਰਾ ਠਰੰਮੇ ਨਾਲ ਵਿਚਾਰੇ। ਬੇਅਦਬੀਆ ਦੀਆਂ ਘਟਨਾਵਾਂ ਸਮੇਂ ਮੌਕੇ ਤੇ ਫੜੇ ਗਏ ਵਿਅਕਤੀਆ ਰਾਹੀਂ ਇਹਨਾਂ ਪਿਛਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਸੀ ਪਰ ਇਹ ਦਿਲਚਸਪੀ ਦਿਖਾਈ ਨਹੀਂ ਦਿੱਤੀ। ਮਾਮਲਾ ਕਾਫੀ ਗੁੰਝਲਦਾਰ ਹੈ। ਬਣੇ ਮਹੌਲ 'ਚ ਪਤਾ ਨਹੀਂ ਕੌਣ-ਕੌਣ ਆਪਣੇ ਨਾਪਾਕ ਉੱਲੂ ਸਿੱਧਾ ਕਰਨ ਦੇ ਮਨਸੂਬੇ ਪਾਲੀ ਬੈਠਾ ਹੈ। ਇਸ ਲਈ ਕਿਸੇ ਵੀ ਘਟਨਾ ਮੌਕੇ ਯਕਦਮ, ਅਫਵਾਹ 'ਤੇ ਅਤੇ ਸੁਣੀ-ਸੁਣਾਈ 'ਤੇ ਘਬਰਾਹਟ ਭਰੇ ਪ੍ਰਤੀਕਰਮ ਦੇਣ ਤੋਂ ਬਚਿਆ ਜਾਣਾ ਚਾਹੀਦਾ ਹੈ। ਇਹ ਪ੍ਰਤੀਕਰਮ, ਬਾਹਰਲੇ ਸੰਸਾਰ ਤੱਕ ਪਹੁੰਚ ਕੇ ਅਣਕਿਆਸਿਆ ਅਕਸ ਸਿਰਜਦੇ ਹਨ ਜੋ ਵਾਰ ਵਾਰ ਦੁਹਰਾ ਨਾਲ ਕਾਲੀਆ ਤਾਕਤਾਂ ਨੂੰ ਹੋਰ ਮੁੜ-ਪ੍ਰਤੀਕਰਮਾਂ ਨੂੰ ਵਾਜਬ ਠਹਿਰਾਉਣ ਦਾ ਅਧਾਰ ਤਿਆਰ ਕਰਦੇ ਹਨ।

ਭਾਰਤ ਭਰ ਵਿਚ ਧਾਰਮਕ ਭਾਵਨਾਵਾਂ ਵਲੂੰਧਰਣ ਦੇ ਨਾਂ ਥੱਲੇ ਸਾਜਿਸ਼ੀ ਗ੍ਰੋਹਾਂ ਅਤੇ ਭੜਕੀਆਂ ਭੀੜਾਂ ਵਲੋਂ ਸਿਲਸਿਲੇਵਾਰ ਤਰੀਕੇ ਨਾਲ ਲਿੰਚਿੰਗ ਦੀਆਂ ਅਨੇਕਾਂ ਘਟਨਾਵਾ ਵਾਪਰ ਚੁੱਕੀਆਂ ਹਨ। ਇਹ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ। ਉਕਸਾਹਟ ਦਾ ਕਾਰਣ ਕਿੰਨਾ ਵੀ ਵਾਜਬ ਕਿਉਂ ਨਾ ਜਾਪੇ, ਪਰ ਧਾਰਮਕ ਭਾਵਨਾਵਾਂ ਦੇ ਹਵਾਲੇ ਨਾਲ ਲਿੰਚਿੰਗ ਨੂੰ ਇਕ ਹੱਕ ਵਜੋਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਕਿਆਸ ਕੇ ਦੇਖੋ ਕਿ ਇਸਦੇ ਕਿੰਨੇ ਭਿਆਨਕ ਨਤੀਜੇ ਆਮ ਲੋਕਾਂ ਨੂੰ ਭੁਗਣੇ ਪੈਣਗੇ! ਇਸ ਲਈ ਧਾਰਮਕ ਭਾਵਨਾਵਾਂ ਦੇ ਨਾਂ 'ਤੇ ਲਿੰਚਿੰਗ ਦੀ ਹਰ ਘਟਨਾ ਨਿਖੇਧੀਜਨਕ ਹੈ। ਭੜਕੇ ਹਜੂਮਾਂ ਵਲੋਂ ਹੱਥ ਆਏ ਵਿਅਕਤੀ ਨੂੰ ਕੋਹ ਕੋਹ ਮਾਰ ਮਕਾਉਣ ਦੀਆਂ ਘਟਨਾਵਾਂ ਨੂੰ ਸਿੱਖ ਇਤਿਹਾਸ ਦੀਆਂ ਉਹਨਾਂ ਸ਼ਾਨਦਾਰ ਘਟਨਾਵਾਂ ਨਾਲ ਮੇਲਣਾ ਜਦੋਂ ਸਿੱਖ ਜੁਝਾਰੂਆਂ ਨੇ ਮੁਗਲ ਰਾਜਸੱਤਾ ਦੇ ਨੁਮਾਇੰਦਿਆਂ ਨੂੰ ਸਬਕ ਸਿਖਾਇਆ, ਇਤਿਹਾਸ ਨਾਲ ਬੇਮੇਲ ਹੈ ਅਤੇ ਉਹਨਾਂ ਸੂਰਬੀਰਾਂ ਦੇ ਅਕਸ ਨੂੰ ਧੁੰਦਲਾ ਕਰਨਾ ਹੈ।

ਬੇਅਦਵੀ ਦੀਆਂ ਘਟਨਾਵਾਂ ਪਿੱਛੇ ਮੌਜੂਦ ਕਾਲੀਆ ਤਾਕਤਾਂ ਬੇਨਕਾਬ ਕੀਤੀਆਂ ਜਾਣ। ਕਿਸੇ ਵੀ ਘਟਨਾ ਮੌਕੇ ਇਹਨਾਂ ਤਾਕਤਾਂ ਵੱਲ ਜਾਂਦੇ ਰਸਤੇ ਬੰਦ ਨਾ ਕੀਤੇ ਜਾਣ। ਧਾਰਮਕ ਭਾਵਨਾਵਾਂ ਦੇ ਹਵਾਲੇ ਨਾਲ ਲਿੰਚਿੰਗ ਦੀਆ ਘਟਨਾਵਾਂ ਮੁਲਕ ਭਰ ਵਿਚ ਬੰਦ ਹੋਣ। ਭਾਈਚਾਰਕ ਏਕਤਾ, ਸਦਭਾਵਨਾ ਦੀ ਰਾਖੀ ਲਈ ਨਿਤਰੀਏ। ਸਭਨਾਂ ਕਿਰਤੀਆ ਦੇ ਸਾਂਝੇ ਮਸਲਿਆਂ ਦੀ ਗੱਲ ਹੋਵੇ, ਏਕਤਾ ਬਣਾ ਕੇ ਸੰਘਰਸ਼ਾਂ ਦੇ ਅਖਾੜੇ ਮਘਦੇ ਰੱਖੀਏ ਅਤੇ ਕਾਲੀਆ ਤਾਕਤਾਂ ਦੇ ਮਨਸੂਬਿਆਂ ਨੂੰ ਫੇਲ੍ਹ ਕਰੀਏ।

ਮਹੱਤਵਪੂਰਣ ਜਰੂਰਤ ਹੈ ਕਿ ਸੁਹਿਰਦ, ਸੂਝਵਾਨ ਦਰਦੀ ਹਿੱਸੇ ਇਸ ਮਸਲੇ 'ਤੇ ਪੰਜਾਬ ਅੰਦਰ ਅਤੇ ਦੇਸ਼ ਅੰਦਰ ਸੰਵਾਦ ਕਰਨ ਤਾਂ ਜੋ ਬੇਵਿਸ਼ਵਾਸੀ ਸਿਰਜਣ ਵਾਲੇ ਹਰ ਤਰ੍ਹਾਂ ਦੇ ਸਾਜਿਸ਼ੀ ਬਿਰਤਾਂਤਾਂ ਨੂੰ ਠੱਲ੍ਹ ਪਾਈ ਜਾ ਸਕੇ।

# ਔਰਤਾਂ ਪ੍ਰਤੀ ਹਿੰਸਾ ਦੀ ਇੰਤਹਾ ਕਵਿਤਾ ‘ਚੁੜੇਲਾਂ’

ਜੋ ਜਾਲੀਆਂ ਗਈਆਂ
ਉਹ ਚੁੜੈਲਾਂ ਨਹੀਂ ਸਨ
ਉਹ ਔਰਤਾਂ ਸਨ।
ਉਹ ਔਰਤਾਂ
ਕਹਿਆ ਜਾਂਦਾ ਸੀ ਜਿਹਨਾਂ ਨੂੰ
ਬਹੁਤ ਖ਼ੂਬਸੂਰਤ
ਬਹੁਤ ਸਲੀਕੇਦਾਰ
ਤੇ ਬੇਬਾਕ
ਕਿਓਂਕਿ ਉਹ ਭਰਦੀਆਂ ਸਨ
ਖ਼ੂਹਾਂ ਤੋਂ ਪਾਣੀ (ਸੱਚੀਓਂ)
ਉਗਾਉਂਦੀਆਂ ਸਨ ਸੁੰਦਰ ਫੁੱਲ-ਬੂਟੇ
ਜਿਹਨਾਂ ਦੇ ਸਰੀਰਾਂ ’ਤੇ ਸੀ ਜਨਮ-ਚਿੰਨ੍ਹ
ਔਰਤਾਂ ਜਿਹੜੀਆਂ ਸਨ ਉਸਤਾਦ
ਹਰਿਆਵਲ ਨਾਲ ਸਫਾ ਕਰਨ ’ਚ
ਉੱਚੀਆਂ-ਲੰਮੀਆਂ
ਖਿੜ-ਖਿੜ ਜਾਂਦੀਆਂ
ਮਗਰ ਖਾਮੋਸ
ਪਰ ਨਾਲ ਹੀ ਗੁਸੈਲ,
ਡੂੰਘੀ ਸੀ ਦੋਸਤੀ
ਜੇਹਨਾਂ ਦੀ ਕਾਇਨਾਤ ਨਾਲ
ਜੋ ਸਨ ਨੱਚਦੀਆਂ
ਜੋ ਸਨ ਗਾਉਂਦੀਆਂ
ਤੇ ਸਨ ਕਰਦੀਆਂ ਹੋਰ ਵੀ ਸੱਭੋ-ਕੁੱਝ
ਤੱਪਦੇ ਭੱਠ ’ਚ ਕੀਹਦੀ ਮਜਾਲ
ਜੋ ਸਾਹ-ਵਗਦਿਆਂ ਨਿਕਲੇ
ਗਵਾਹੀ ਦਿੰਦੀਆਂ ਦੇਖਣ ਇੱਕ ਦੂਜੀ ਨੂੰ
ਸਨ ਜਿੰਨ੍ਹਾਂ ਦੇ ਨਿਆਣੇ ਠੰਢੀ ਯਖ ਭੋਏਂ ਸੁੱਟੇ
ਟੰਗ ਅੰਵਾਨਿਆਂ ਨੂੰ ਨੇਜਾ਼ਿਆਂ
ਮੂੰਹੋਂ ਉੱਚਰਵਾਇਆ ਡਾਇਣ।
ਸੁੱਟ ਡੂੰਘਿਆਂ ਪਾਣੀਆਂ ’ਚ ਪਰਖਿਆਂ
ਜੋ ਡੁੱਬ-ਮਰ ਗਈ
ਸੀ ਉਹ ਸਤੀ-ਸਾਵਿਤ੍ਰੀ
ਜੋ ਛੱਲਾਂ ਸੰਗ ਗੋਤੇ ਲੈਂਦੀ
ਤੈਰ ਆ ਕਿਨਾਰੇ ਬੈਠੀ
ਸੀ ਉਹ ਡਾਇਣ
ਧੌਣੋਂ ਫੜ ਉਹਨੂੰ
ਅੰਨ੍ਹੀ ਖੱਡ ’ਚ ਸੁੱਟ,
ਧਰਤੀ ਹੇਠ ਡੂੰਘਾ ਦੱਬ
ਪਰਖਿਆ ਉਹਨਾਂ।
ਸਨ ਉਹ ਭੋਖਿਆਂ ਦੇ ਸਮੇਂ
ਜੰਗ ਸੀ ਦੀਨਾਂ ਦੀ
ਡਰ-ਸਹਿਮ ਸੀ ਛਾਇਆ।
ਕਹੇ ਇਬਾਦਤ
ਭੌਂਦੇ ਫਿਰਦੇ ਇਹ ਸੈਤਾਨ
ਇਹ ਡੈਣਾਂ
ਇਹ ਖਾਤੂਨਾਂ
ਕਲੇਸ ਦੇ ਹੈਨ ਇਹ ਘਰ।
ਹੁੰਦਾ ਆ ਅਕਸਰ ਹੀ
ਟੰਗਿਆ ਜਾਂਦਾ ਆ ਸੂਲੀ ਅਣਜਾਨ
ਬਣਾ ਬਲੀ ਦਾ ਬੱਕਰਾ।
ਗੱਲ ਸੀ ਸਵੀਡਨ ਦੀ
ਅੰਜੀਲ ਸੀ ਵਿਧੀ-ਵਿਧਾਨ
ਕਿਸਦੀ ਸੀ ਮਜਾਲ
ਕਰੇ ਜੋ ਖੁਨਾਮੀਂ।
ਦੇਵੇ ਭੈਅ
ਕਾਮਦੇਵ ਵੀ
ਕਾਲੀ-ਕਲਮੂੰਹੀਂ ਦਾ ਠੱਪਾ
ਸੀ ਬਣਿਆ ਵਿਧਾਨ ਆਲਮੀ।
ਪਰ ਕਿਓਂ ਬੈਠੀਂ ਆਂ
ਲਿਖਣ ਮੈਂ ਇਹ ?
ਕਿ ਵਾਹਯਾਤੀਆਂ ਜੋ ਖਿਲਾਈਆਂ
ਨ੍ਹੇਰੇ ਦੇ ਵਣਜਾਰਿਆਂ
ਨੂੰ ਕਰੇਂ ’ਜਾਗਰ।
ਇਹ ਕਿ ਇਤਿਹਾਸ ਜਾਣਿਆਂ ਆਪਣਾ
ਹੁੰਦਾ ਹੈ ਉਸਾਰ ਨਵਾਂ ਜਹਾਨ।
ਤੇ ਜਦ ਬੰਨ੍ਹਦੇ ਹਾਂ ਆਪਣੇ ਹੀ ਜਖਮਾਂ ’ਤੇ ਪੱਟੀ
ਤਾਂ ਆ ਬਣਦੀ ਹੈ ਲੋੜ
ਕਿ ਦੇਈਏ ਉਹਨਾਂ ਮਾਸੂਮ ਜਾਈਆਂ ਨੂੰ ਜੁਬਾਨ
ਜਿਹਨਾਂ ਦਾ ਦਿੱਤਾ ਤੁਖਮ ਮਿਟਾ
ਲਾਈਏ ਉਹਨਾਂ ਦੇ ਫੱਟਾਂ ’ਤੇ ਮੱਲ੍ਹਮ
ਅਤੇ ਮਿਲੇ ਉਹਨਾਂ ਨੂੰ ਸਕੂਨ
ਕਿਓਂਕਿ ਉਹ ਜੋ
ਜਾਲੀਆਂ ਗਈਆਂ
ਉਹ ਚੁੜੈਲਾਂ ਨਹੀਂ ਸਨ
ਉਹ ਔਰਤਾਂ ਸਨ।

– **ਫੀਆ ਫਾਰਸਟਰੌਮ**
(**Fia Forsstrom**)

ਫੀਆ ਸਵੀਡਨ ਦਾ ਇੱਕ ਜਾਣਿਆ-ਪਹਿਚਾਣਿਆ ਨਾਓਂ ਹੈ। ਉਹ ਲੋਕ ਗਾਇਕ ਹੈ, ਉਹ ਗੀਤਕਾਰ ਹੈ, ਪਾਪ ਡਾਂਸਰ ਹੈ। 1994 ’ਚ ਸਵੀਡਨ ਦੇ ਸਹਿਰ ਕੀਅਸਟਾ(ਸਟਾਕਹੋਮ) ’ਚ ਜਨਮੀਂ ਫੀਆ ਆਪਣੇ ਲੋਕ ਸੰਗੀਤ ਦੀ ਬਦੌਲਤ ਸੰਗੀਤ ਦੀ ਆਲਮੀ ਦੁਨੀਆਂ ’ਚ ਇੱਕ ਮਸਹੂਰ ਨਾਮ ਹੈ। ਇਹ ਰਚਨਾ ਸਵੀਡਨ ਸਮਾਜ ’ਤੇ ਭਾਰੂ ਚਰਚ ਦੇ ਰਾਜ ਯਾਨੀ ਕਿ ਈਸਾਈ ਮੱਤ ਦੇ ਧਰਮਰਾਜ ਦੀ ਮਜ਼ਬੀ ਅਦਾਲਤ ਵੱਲੋਂ 1542 ’ਚ ਔਰਤਾਂ ਨੂੰ ਚੁੜੇਲ ਕਹਿਕੇ ਮੌਤ ਦੇ ਘਾਟ ਉਤਾਰ ਦੇਣ ਨੂੰ ਲੈ ਕੇ ਪ੍ਰਭਾਵਤ ਲਿਖੀ ਗਈ ਹੈ। ਉਸ ਸਮੇਂ ਲੱਗਪਗ 100,000 ਔਰਤਾਂ ਨੂੰ ਮਾਰ-ਮੁਕਾਇਆ ਗਿਆ ਸੀ। ਚੇਤੇ ਰੱਖਣ ਯੋਗ ਗੱਲ ਇਹ ਹੈ ਕਿ ਸਕਾਟਲੈਂਡ ਦੀ ਪਹਿਲੀ ਔਰਤ ਗਵੈਨ ਫਰਚ ਐਲੀਸ ਸੀ ਜਿਸਨੂੰ ਇੱਕ ਸਫਾ ਕਰਨ ਵਾਲੀ ਵਜੋਂ ਆਪਣੇ ਕਿੱਤੇ ’ਤੇ ਬੇਹੱਦ ਮਾਨ ਸੀ। ਅਤੇ ਜਿਸਨੂੰ ਚੁੜੈਲ ਗਰਦਾਨਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ ਇਹ ਉਹ ਸਮਾਂ ਸੀ ਜਦੋਂ ਜਗੀਰਦਾਰੀ ਫਹਿ-ਫੇਰੀ ਹੋ ਰਹੀ ਸੀ ਅਤੇ ਉਸ ਦੇ ਨਾਲ ਹੀ ਚਰਚ ਦੀ ਚੌਧਰ ਵੀ ਅਤੇ ਇਹਦਾ ਰੁਤਬਾ ਵੀ ਨਿਘਾਰ ਵੱਲ ਜਾ ਰਿਹਾ ਸੀ। ਚਰਚ ਨੇ ਆਪਣੇ ਰੁਤਬੇ ਨੂੰ ਬਰਕਰਾਰ ਰੱਖਣ ਅਤੇ ਆਪਣੇ ਕਬਜੇ ਹੇਠਲੀ ਜਾਇਦਾਦ ਨੂੰ ਬਚਾਉਣ ਲਈ ਆਪਣੇ ਆਪ ਨੂੰ ਚੁਣੌਤੀ ਬਣਨ ਵਾਲਿ਼ਆਂ ਨੂੰ ਪਾਸੇ ਕਰਨ ਦੇ ਯਤਨ ਕੀਤੇ ਸਨ। ਮੱਧ-ਯੁੱਗੀ ਯੂਰਪ ’ਚ ਮਜ਼ਬ ਦੇ ਇਸ ਕਾਇਦੇ ਨੂੰ ਕਿਸੇ ਨਾ ਕਿਸੇ ਰੂਪ ’ਚ ਚੁਣੌਤੀ ਬਣੀਆਂ ਔਰਤਾਂ ਨੂੰ ਖਤਮ ਕਰਨ ਦੇ ਇਰਾਦੇ ਨਾਲ ਅਜਿਹੀ “ਚੁੜੈਲ” ਗਰਦਾਨਣ ਵਾਲੀ ਮੁਹਿੰਮ ਆਰੰਭੀ ਗਈ।

ਪਰ ਇਹ ਚੁੜੈਲਾਂ- ਸਨ ਕੌਣ ਅਤੇ ਕਿੱਥੋਂ ਆਈਆਂ ਸਨ ਇਹ ? ਯੂਰਪ ਦਾ ਇਤਿਹਾਸ ਦੱਸਦਾ ਹੈ ਕਿ 15 ਵੀ ਸਦੀ ਦੇ ਅੰਤ ’ਚ ਇੱਕ ਉਲਟ ਇਨਕਲਾਬ ਉੱਥੋਂ ਦੇ ਸਮਾਜਕ ਅਤੇ ਸਿਆਸੀ ਖੇਤਰ ਦੇ ਹਰ ਮਰਹੱਲੇ ਅੰਦਰ ਪਹਿਲਾਂ ਤੋਂ ਹੀ ਚੱਲ ਰਿਹਾ ਸੀ। ਪਹਿਲੋਂ-ਪਹਿਲ ਸਿਆਸੀ ਇੰਤਜਾਮੀਆ ਨੇ ਕੋਸਿ਼ਸਾਂ ਭਰ-ਜੁਆਨ ਅਤੇ ਬਹੁਤ ਹੀ ਬਗਾਵਤੀ ਸੁਰਾਂ ਵਾਲੇ ਚੋਬਰਾਂ ਨੂੰ ਕਾਮ-ਵਾਸਨਾ ਨਾਲ ਭਰਪੂਰ ਸਿਆਸਤ ਰਾਹੀਂ ਇੱਕ ਅਜਿਹੇ ਗਧੀਗੇੜ ’ਚ ਭਰਮਾਉਣਾ ਸੀ ਜੀਹਦੇ ’ਚ ਉਹਨਾਂ ਦੀ ਮੁਫਤ ’ਚ ਕਾਮ-ਵਾਸਨਾ ਦੀ ਪੂਰਤੀ ਯਕੀਨੀ ਬਣਾਈ ਗਈ ਅਤੇ ਜਮਾਤੀ ਵਿਰੋਧਾਂ ਨੂੰ ਪ੍ਰੋਲੇਤਾਰੀ ਔਰਤਾਂ ਖਿਲਾਫ ਵਿਰੋਧ ’ਚ ਤਬਦੀਲ ਕਰ ਦਿੱਤਾ। 1988 ’ਚ ਮੱਧ-ਯੁੱਗੀ ਵੇਸਵਾਗਮਨੀ ਨਾਮੀ ਆਪਣੀ ਪੁਸਤਕ ’ਚ ਲਿਖਦਿਆਂ ਜੈਕੁਅਸ ਰੋਜੀਆਉਦ ਦੱਸਦਾ ਹੈ ਕਿ ਫਰਾਂਸ ’ਚ ਮਿਉਂਸਿਪੈਲਿਟੀ ਆਥਾਰਟੀਆਂ ਨੇ ਬਲਾਤਕਾਰ ਨੂੰ ਵਿਹਾਰਕ ਰੂਪ ’ਚ ਅਪਰਾਧ ਮੁਕਤ ਕਰਾਰ ਦੇ ਦਿੱਤਾ ਹੋਇਆ ਸੀ, ਬਸਰਤੇ ਬਲਾਤਕਾਰ ਦੀ ਪੀੜਤ ਔਰਤ ਨਿਮਨ ਵਰਗ ਦੀ ਹੋਵੇ। 14ਵੀ ਸਦੀ ’ਚ ਵੀਨਸ ਦੀਆਂ ਗਲੀਆਂ ’ਚ ਪ੍ਰੋਲੇਤਾਰੀ ਵਰਗ ਨਾਲ ਸਬੰਧਤ ਕੁੰਵਾਰੀ ਕੁੜੀ ਨਾਲ ਬਲਾਤਕਾਰ ਕਰਨ ਦੇ ਬਦਲੇ ਮੂੰਹ ’ਤੇ ਮਹਿਜ ਇੱਕ ਥੱਪੜ ਮਾਰਕੇ ਹੀ ਸਾਰ ਦਿੱਤਾ ਜਾਂਦਾ ਸੀ ਅਤੇ ਸਮੂਹਕ ਬਲਾਤਕਾਰ ਦੀਆਂ ਘਟਨਾਵਾਂ ਦੇ ਮਾਮਲੇ ’ਚ ਵੀ ਅਕਸਰ ਹੀ ਇੰਜ ਕੀਤਾ ਜਾਂਦਾ ਸੀ। ਫਰਾਂਸ ਦੇ ਸਹਿਰਾਂ-ਕਸਬਿਆਂ ’ਚ ਵੀ ਇਹੀ ਹਾਲਾਤ ਸਨ। ਇੱਥੇ ਪ੍ਰੋਲੇਤਾਰੀ ਔਰਤਾਂ ਦੇ ਬਲਾਤਕਾਰ ਆਮ ਅਮਲ ਹੀ ਬਣ ਗਿਆ ਸੀ ਜੀਹਨੂੰ ਦੋ ਤੋਂ ਲੈ ਕੇ ਪੰਦਰਾਂ-ਪੰਦਰਾਂ ਦੇ ਗੁੱਟਾਂ ਦੇ ਰੂਪ ’ਚ ਹਮਲਾਵਰ ਰਾਤ ਦੇ ਹਨੇਰੇ ’ਚ ਸਰ੍ਹੇਆਮ ਅਤੇ ਲਲਕਾਰੇ ਮਾਰਕੇ ਅੰਜਾਮ ਦਿੰਦੇ ਸਨ। ਉਹ ਪੀੜਤਾਂ ਦੇ ਘਰਾਂ ਦੇ ਦਰਵਾਜੇ ਭੰਨਕੇ ਅੰਦਰ ਵੜਦੇ ਸਨ ਜਾਂ ਫਿਰ ਆਪਣੇ ਸਿ਼ਕਾਰਾਂ ਨੂੰ ਗਲੀਆਂ-ਬਜਾਰਾਂ ’ਚ ਧੂੰਹਦੇ ਸਨ, ਅਜਿਹਾ ਕਰਦਿਆਂ ਉਹ ਆਪਣੀ ਸਨਾਖਤ ਨੂੰ ਭੋਰਾ-ਭਰ ਵੀ ਛੁਪਾਉਂਦੇ ਨਹੀਂ ਸਨ ਅਤੇ ਨਾ ਹੀ ਉਹਨਾਂ ਨੇ ਆਪਣੇ ਚਿਹਰਿਆਂ ’ਤੇ ਨਕਾਬ ਚੜ੍ਹਾਏ ਹੁੰਦੇ ਸਨ। ਅਜਿਹੀ “ਮੌਜ-ਮਸਤੀ” ’ਚ ਸ਼ਾਮਲ ਹੋਣ ਵਾਲੇ ਅਕਸਰ ਹੀ ਅੱਲੜ੍ਹ ਦਿਹਾੜੀਦਾਰ (ਜਰਨੀਮੈੱਨ) ਜਾਂ ਘਰੇਗੀ ਨੌਕਰ ਅਤੇ ਸਾਹੂਕਾਰਾਂ ਦੀ ਨੰਗ-ਲਗੌੜ ਹੁੰਦੀ ਸੀ, ਜਦਕਿ ਨਿਸਾਨੇ ’ਤੇ ਆਉਣ ਵਾਲੀਆਂ ਪੀੜਤ ਔਰਤਾਂ ਘਰਾਂ ’ਚ ਕੰਮ ਕਰਨ ਵਾਲੀਆਂ ਗਰੀਬ ਕੁੜੀਆਂ ਜਾਂ ਧੋਬਨਾਂ ਹੁੰਦੀਆਂ ਸਨ ਜਿਹਨਾਂ ਬਾਰੇ ਆਮ ਹੀ ਪ੍ਰਚਲਤ ਸੀ ਕਿ ਇਹਨਾਂ ਨੂੰ ਇਹਨਾਂ ਦੇ ਮਾਲਕਾਂ ਨੇ ਰਖੈਲਾਂ ਵਜੋਂ ਰੱਖਿਆ ਹੋਇਆ ਹੈ। ਔਸਤਨ ਸਹਿਰ ਦੇ ਅੱਧੇ ਤੋਂ ਵੱਧ ਨੌਜਵਾਨ ਮਰਦਾਂ ਨੇ ਕਦੇ ਨਾ ਕਦੇ ਇਹਨਾਂ ਬਲਾਤਕਾਰਾਂ ’ਚ ਆਪਣੀ ਸਮੂਲੀਅਤ ਕੀਤੀ ਸੀ, ਜੀਹਨੂੰ ਰੋਜੀਆਉਦ ਨੇ ਇੱਕ ਤਰ੍ਹਾਂ ਦਾ ਜਮਾਤੀ ਵਿਰੋਧ ਕਿਹਾ ਹੈ- ਉਹਨਾਂ ਪ੍ਰੋਲੇਤਾਰੀ ਮਰਦਾਂ ਦਾ ਵਿਰੋਧ ਦਾ ਇਜਹਾਰ ਕਰਨ ਦਾ ਤਰੀਕਾ ਜਿਹਨਾਂ ਨੂੰ ਜਬਰੀ ਰੂਪ ’ਚ ਉਹਨਾਂ ਦੀਆਂ ਬਦਤਰ ਆਰਥਕ ਹਾਲਤਾਂ ਕਰਕੇ ਵਿਆਹ ਨੂੰ ਅੱਗੇ ਪਾਉਣ ਲਈ ਮਜਬੂਰ ਕਰ ਦਿੱਤਾ ਗਿਆ ਸੀ ਜਿਸ ਕਰਕੇ ਉਹ ਆਪਣੀ ਆਈ ’ਤੇ ਆਕੇ ਇਸ ਮਸਲੇ ਨੂੰ ਆਪਣੇ ਹੀ ਢੰਗ ਨਾਲ ਨਜਿੱਠ ਰਹੇ ਸਨ ਅਤੇ ਅਮੀਰਾਂ ਤੋਂ ਬਦਲਾ ਲੈ ਰਹੇ ਸਨ। ਪਰ ਇਸ ਸਾਰੇ ਕੁੱਝ ਦੇ ਨਤੀਜੇ ਮਜਦੂਰਾਂ ਲਈ ਬਹੁਤ ਹੀ ਭਿਆਨਕ ਸਨ ਕਿਓਂਕਿ ਹਕੂਮਤੀ ਸਹਿ ’ਤੇ ਬਲਾਤਕਾਰ ਦੀ ਦਿੱਤੀ ਖੁੱਲ੍ਹੀ ਛੁੱਟੀ ਉਹਨਾਂ ਦੀ ਜਮਾਤੀ ਇੱਕਜੁੱਟਤਾ ਨੂੰ ਢਾਹ ਲਾਉਂਦੀ ਸੀ ਜਿਹੜੀ ਕਿ ਪਹਿਲਾਂ ਚੱਲੇ ਜਗੀਰਦਾਰੀ ਵਿਰੋਧੀ ਘੋਲਾਂ ਦੌਰਾਨ ਕਾਇਮ ਹੋਈ ਸੀ ਅਤੇ ਪ੍ਰਵਾਨ ਚੜ੍ਹੀ ਸੀ। ਅਤੇ ਇਹ ਕੋਈ ਅਚੰਭਾ ਨਹੀਂ ਹੈ ਕਿ ਦੂਜੇ ਪਾਸੇ ਹਕੂਮਤੀ ਮਸੀਨਰੀ ਦੀਆਂ ਇਹਨਾਂ ਨੀਤੀਆਂ(ਨਿੱਕੇ-ਮੋਟੇ ਲੜਾਈ-ਝਗੜਿਆਂ, ਆਪਣੇ ਸ਼ਿਕਾਰਾਂ ਦੀ ਭਾਲ’ਚ ਨਿਕਲੇ ਮਛੋਹਰਾਂ ਵੱਲੋਂ ਰਾਤਾਂ ਨੂੰ ਗਲੀਆਂ-ਬਜਾਰਾਂ ’ਚ ਖੁੜਦੰਗ ਮਚਾਉਣ ਦੇ ਰੂਪ ’ਚ) ਦੀ ਬਦੌਲਤ ਹੋਣ ਵਾਲੇ ਇਹਨਾਂ ਦੰਗੇ-ਫਸਾਦਾਂ ਦੀ ਕੀਮਤ ਨੂੰ ਉਹ ਹਕੂਮਤਾਂ ਸਮਾਜਕ ਤਨਾਵਾਂ ਨੂੰ ਘੱਟ ਕਰਨ ਲਈ ਕੰਮ ਕਰਨ ਵਾਲੇ ਸੇਫਟੀ ਵਾਲਵ ਵਾਂਗ ਲੈਂਦੇ ਸਨ, ਕਿਓਂਕਿ ਸਹਿਰੀ ਬਗਾਵਤਾਂ ਦਾ ਖਤਰਾ ਉਹਨਾਂ ਨੂੰ ਐਨਾ ਸਤਾ ਰਿਹਾ ਸੀ। ਉਹਨਾਂ ਦਾ ਮੰਨਣਾ ਸੀ ਕਿ ਅਗਰ ਗਰੀਬ-ਗੁਰਬੇ ਉੱਤੋਂ ਦੀ ਹੋ ਗਏ ਤਾਂ ਉਹ(ਗਰੀਬ) ਉਹਨਾਂ ਦੀਆਂ ਜਨਾਨੀਆਂ ਵੀ ਉਹਨਾਂ ਤੋਂ ਖੋਹ ਲੈਣਗੇ ਅਤੇ ਸਾਂਝੇ ਤੌਰ ’ਤੇ ਹੀ ਉਹਨਾਂ ਨਾਲ ਉਹੋ ਕੁੱਝ ਕਰਨਗੇ ਜੋ ਕੁੱਝ ਉਹਨਾਂ ਗਰੀਬ ਔਰਤਾਂ ਨਾਲ ਕੀਤਾ ਗਿਆ ਸੀ ਅਤੇ ਕੀਤਾ ਜਾ ਰਿਹਾ ਸੀ। ਅਜਿਹੇ ਵਾਤਾਵਰਣ ਨੇ ਜਨਤਾ ਦੇ ਮਨਾਂ ਨੂੰ ਔਰਤਾਂ ਖਿਲਾਫ ਹਿੰਸਾ ਦੀਆਂ ਵਾਰਦਾਤਾਂ ਦੇ ਮਾਮਲੇ ’ਚ ਢੀਠ ਬਣਾ ਕੇ ਰੱਖ ਦਿੱਤਾ ਸੀ ਅਤੇ ਇਸੇ ਨੇ ਹੀ ਇਸੇ ਅਰਸੇ ਦੌਰਾਨ ਚੁੜੈਲ ਪਿੱਛਾ ਕਰਨ ਲਈ ਜਮੀਨ ਤਿਆਰ ਕੀਤੀ। ਇਹ 14ਵੀ ਸਦੀ ਦੇ ਅੰਤ ਦਾ ਸਮਾਂ ਸੀ ਜਦੋਂ ਅਜਿਹੀਆਂ ਈਸ ਅਦਾਲਤਾਂ ਬਣਾਈਆਂ ਜਾਣ ਲੱਗੀਆਂ।


NEW SERVICE BY CARE INC

CARE AUDIOLOGY

Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਕਿਸਾਨ ਅੰਦੋਲਨ ਦੀ ਪ੍ਰਾਪਤੀ ਕੀ ਰਹੀ?



ਗੁਰਚਰਨ ਸਿੰਘ ਨੂਰਪੁਰ
98550-51099



ਨਵੰਬਰ-ਦਸੰਬਰ 2020 ਵਿਚ ਅੰਦੋਲਨ ਲਈ ਜਦੋਂ ਪੰਜਾਬ ਦੇ ਨਾਲ-ਨਾਲ ਦਿੱਲੀ ਦੀਆਂ ਸਰਹੱਦਾਂ 'ਤੇ ਵੀ ਕਿਸਾਨ ਆ ਬੈਠੇ ਸਨ ਤਾਂ ਵੱਡੇ-ਵੱਡੇ ਵਿਦਵਾਨ ਪੱਤਰਕਾਰ ਇਹ ਅੰਦਾਜ਼ਾ ਲਾਉਂਦੇ ਸਨ ਕਿ ਇਹ ਲੋਕ ਕੁਝ ਦਿਨ ਬੈਠ ਕੇ ਹਾਰ ਕੇ ਘਰਾਂ ਨੂੰ ਮੁੜ ਜਾਣਗੇ। ਪਰ ਜਦੋਂ 90-90 ਸਾਲ ਦੇ ਬਜ਼ੁਰਗ ਬਾਪੂ ਇਸ ਅੰਦੋਲਨ ਦੀ ਸ਼ਾਨ ਬਣਦੇ ਹਨ, ਜਦੋਂ 80 ਸਾਲ ਦੀ ਮਾਤਾ ਆਪਣੇ ਮਾਸੂਮ ਪੋਤਰੇ ਨਾਲ ਕਿਸਾਨੀ ਝੰਡਾ ਫੜ ਕੇ ਦਿੱਲੀ ਦੇ ਬਾਰਡਰ 'ਤੇ ਆਣ ਬੈਠਦੀ ਹੈ, ਜਦੋਂ ਪੰਜਾਬ ਵਿਚ ਡੋਲੀ ਵਿਚ ਵਿਦਾ ਹੋ ਰਹੀ ਧੀ ਨੂੰ ਦਿੱਲੀ ਦੇ ਬਾਰਡਰ ਤੋਂ ਪਿਤਾ ਫੋਨ 'ਤੇ ਲਾਈਵ ਹੋ ਕੇ ਅਸ਼ੀਰਵਾਦ ਦਿੰਦਾ ਹੈ ਤੇ ਆਖਦਾ ਹੈ ਮੁਆਫ਼ ਕਰੀਂ ਧੀਏ ਅਸੀਂ ਹੁਣ ਜਿੱਤ ਕੇ ਹੀ ਮੁੜਾਂਗੇ। 80 ਸਾਲ ਦੀ ਮਾਤਾ ਨੂੰ ਪੱਤਰਕਾਰ ਸਵਾਲ ਕਰਦਾ ਹੈ 'ਮੋਦੀ ਜੀ ਤੋ ਮਾਨਨੇ ਵਾਲੇ ਨਹੀਂ ਹੈਂ ਤੋ ਆਪ ਕਿਆ ਕਰੋਗੇ?' ਆਤਮ-ਵਿਸ਼ਵਾਸ ਨਾਲ ਭਰੀ ਮਾਤਾ ਜਵਾਬ ਦਿੰਦੀ ਹੈ 'ਪੁੱਤਰ ਉਹਨੂੰ ਮੰਨਣਾ ਪੈਣਾ।' ਇਕ ਬਜ਼ੁਰਗ ਨੂੰ ਪੱਤਰਕਾਰ ਪੁੱਛਦਾ ਹੈ, 'ਅਗਰ ਕਾਨੂੰਨ ਰੱਦ ਨਾ ਹੂਏ ਤੋਂ ਕਿਆ ਕਰੋਗੇ?' ਬਜ਼ੁਰਗ ਜਵਾਬ ਦਿੰਦਾ ਹੈ 'ਫਿਰ ਇੱਥੋਂ ਅਸੀਂ ਨਹੀਂ ਜਾਵਾਂਗੇ ਸਾਡੀਆਂ ਲਾਸ਼ਾਂ ਜਾਣਗੀਆਂ।' ਮੱਛਰਾਂ ਮੱਖੀਆਂ ਦੀ ਭਰਮਾਰ ਵਿਚ ਲੱਗੇ ਤੰਬੂ ਤੇ ਇਨ੍ਹਾਂ ਤੰਬੂਆਂ ਦੇ ਚਾਰ-ਚੁਫੇਰੇ ਦਿਨ-ਰਾਤ ਚਲਦੀਆਂ ਗੱਡੀਆਂ ਦੇ ਗਰਮ ਟਾਇਰਾਂ ਦਾ ਸੇਕ, ਦਿਨ-ਰਾਤ ਪਹਿਰੇ ਦੇ ਕੇ ਅੰਦੋਲਨ ਦੀ ਰੱਖਿਆ ਕਰਨੀ, ਲਗਾਤਾਰ ਟਿਕੇ ਰਹਿਣਾ ਕਿੰਨਾ ਮੁਸ਼ਕਿਲ ਸੀ ਇਹ ਉੱਥੇ ਮਹੀਨਿਆਂ ਬੱਧੀ ਡਟੇ ਰਹਿਣ ਵਾਲੇ ਯੋਧੇ ਹੀ ਦੱਸ ਸਕਦੇ ਹਨ। 700 ਤੋਂ ਵੱਧ ਕਿਸਾਨਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਲੋਕ ਸ਼ਕਤੀ ਨੇ ਸਰਕਾਰੀ ਜਬਰ ਅੱਗੇ ਗੋਡੇ ਨਹੀਂ ਟੇਕੇ। ਹੌਸਲੇ ਅਡਿੱਗ ਰਹੇ ਅਤੇ ਆਖ਼ਿਰ ਹੱਠ ਨੂੰ ਕਿਸਾਨਾਂ ਦੀ ਤਾਕਤ ਅੱਗੇ ਝੁਕਣਾ ਪਿਆ। ਲੋਕ ਸ਼ਕਤੀ ਨੇ ਉਨ੍ਹਾਂ ਸਭ ਦਾਨਸ਼ਵਰਾਂ ਦੇ ਅੰਦਾਜ਼ਿਆਂ ਨੂੰ ਗ਼ਲਤ ਸਾਬਤ ਕਰ ਦਿੱਤਾ। ਦੁਨੀਆ ਦੀ ਵੱਡੀ ਤੋਂ ਵੱਡੀ ਕਿਸੇ ਰਾਜਸੀ ਪਾਰਟੀ ਕੋਲ ਇਹ ਸਮਰੱਥਾ ਨਹੀਂ ਕਿ ਉਹ ਏਨਾ ਲੰਮਾ, ਵਿਸ਼ਾਲ ਤੇ ਸ਼ਾਂਤਮਈ ਸੰਘਰਸ਼ ਕਰ ਸਕੇ।

ਕੋਈ ਕਾਟ ਨਹੀਂ ਲੱਭੀ : ਦੇਸ਼ ਧਰੋਹੀ, ਖ਼ਾਲਿਸਤਾਨੀ, ਮਵਾਲੀ, ਮਾਓਵਾਦੀ, ਟੁਕੜੇ ਟੁਕੜੇ ਗੈਂਗ ਵਰਗੇ ਕਈ ਤਰ੍ਹਾਂ ਦੇ ਲੇਬਲ ਕਿਸਾਨ ਅੰਦੋਲਨ 'ਤੇ ਲਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਕਿਸਾਨ ਅੰਦੋਲਨ ਕੋਲ ਸੱਚ ਸੀ ਤੇ ਸੱਚ ਦੀ ਪਹੁੰਚ ਏਨੀ ਉੱਚੀ-ਸੁੱਚੀ ਸੀ ਕਿ ਕੋਈ ਵੀ ਲੇਬਲ ਉਸ ਤੱਕ ਨਾ ਪਹੁੰਚ ਸਕਿਆ। ਹਰ ਤਰ੍ਹਾਂ ਦੀ ਸਾਜਿਸ਼ ਕਿਸਾਨ ਅੰਦੋਲਨ ਨਾਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਿਸੇ-ਕਿਸੇ ਲੀਡਰ ਨੇ ਕਿਹਾ ਮੈਨੂੰ ਕੁਝ ਘੰਟੇ ਦਿਓ ਮੈਂ ਕੁਝ ਘੰਟਿਆਂ ਵਿਚ ਇਨ੍ਹਾਂ ਨੂੰ ਖਦੇੜ ਦੇਵਾਂਗਾ। ਕਦੇ ਹੈਲੀਕਾਪਟਰਾਂ ਦੀਆਂ ਸਰਚ ਲਾਈਟਾਂ ਰਾਹੀਂ ਕਾਰਵਾਈ ਕਰਨ ਦੀ ਦਹਿਸ਼ਤ ਪਾਈ ਗਈ। ਕਦੇ ਸੁਰੱਖਿਆ ਬਲਾਂ ਦੇ ਘੇਰੇ ਵਧਾ ਕੇ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਗਈ। ਕਦੇ ਸਥਾਨਕ ਵਰਕਰਾਂ ਨੂੰ ਲਿਆ ਕੇ ਇੱਟਾਂ ਰੋੜਿਆਂ ਦੀ ਬਰਸਾਤ ਕੀਤੀ ਗਈ ਪਰ ਕਿਸਾਨ ਆਪਣੇ ਆਗੂਆਂ ਦੇ ਰਾਹ ਚਲਦਿਆਂ ਸ਼ਾਂਤ ਰਹੇ। ਪੰਜਾਬ ਤੇ ਹਰਿਆਣਾ ਤੋਂ ਕਦੇ-ਕਦੇ ਸਹਿਮ ਭਰੀਆਂ ਖ਼ਬਰਾਂ ਵੀ ਆਈਆਂ ਕਿ ਕੋਈ ਵੱਡੀ ਕਾਰਵਾਈ ਹੋ ਸਕਦੀ ਹੈ ਪਰ ਸਰਕਾਰ ਦੇ ਸੂਹੀਆ ਤੰਤਰ ਨੇ ਸ਼ਾਇਦ ਇਹ ਖ਼ਬਰ ਸਰਕਾਰ ਦੇ ਕੰਨਾਂ ਤੱਕ ਪਹੁੰਚਾ ਦਿੱਤੀ ਸੀ ਕਿ ਕਿਸਾਨ ਅੰਦੋਲਨ ਨੂੰ ਹੱਥ ਲਾਉਣਾ ਸੁੱਤਾ ਨਾਗ ਛੇੜਨ ਵਾਲੀ ਗੱਲ ਹੈ ਦਿੱਲੀ ਦੇ ਬਾਰਡਰਾਂ 'ਤੇ ਕੁਝ ਅਜਿਹਾ ਹੋਇਆ ਤਾਂ ਪੰਜਾਬ, ਹਰਿਆਣਾ ਤੇ ਯੂ. ਪੀ. ਦੇ ਲੋਕਾਂ ਵਿਚ ਰੋਹ ਦਾ ਅਜਿਹਾ ਤੂਫ਼ਾਨ ਉੱਠੇਗਾ ਜਿਸ ਨੂੰ ਦੁਨੀਆ ਦੀ ਕੋਈ ਤਾਕਤ ਦਬਾਅ ਨਹੀਂ ਸਕੇਗੀ।

ਕਾਨੂੰਨ ਕਾਲੇ ਜਾਂ ਚਿੱਟੇ: ਸਰਕਾਰ ਕਹਿ ਰਹੀ ਹੈ ਕਿ ਕਾਨੂੰਨ ਠੀਕ ਸੀ। ਜੇ ਕਾਨੂੰਨ ਠੀਕ ਸਨ ਤਾਂ ਸਰਕਾਰ ਲੋਕਾਂ ਨੂੰ ਕਿਉਂ ਨਹੀਂ ਸਮਝਾ ਸਕੀ? ਇਹ ਕਿਵੇਂ ਹੋ ਸਕਦਾ ਹੈ ਜਿਹੜੇ ਲੋਕਾਂ ਦੀ ਤੁਸੀਂ ਭਲਾਈ ਕਰ ਰਹੇ ਹੋ ਉਨ੍ਹਾਂ ਨੂੰ ਇਸ ਦੀ ਸਮਝ ਹੀ ਨਾ ਲੱਗੇ? ਤਿੰਨੇ ਖੇਤੀ ਕਾਨੂੰਨ ਕਿਸਾਨਾਂ ਲਈ ਹੀ ਨਹੀਂ ਭਾਰਤ ਦੇ ਵੱਡੀ ਗਿਣਤੀ ਵਿਚ ਲੋਕਾਂ ਦੀ ਆਰਥਿਕ ਹੱਤਿਆ ਦਾ ਕਾਰਨ ਬਣਨੇ ਸਨ। ਖੇਤੀ ਨਾਲ ਜੁੜੀ ਸਭਿਅਤਾ ਦਾ ਅੰਤ ਅਤੇ ਕਿਸਾਨਾਂ ਦੀ ਹੋਂਦ ਨੂੰ ਖ਼ਤਮ ਕਰਨ ਵਾਲੇ ਸਨ। ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਵਾਰ-ਵਾਰ ਇਹ ਕਹਿਣਾ 'ਕਾਨੂੰਨ ਬਾਅਦ ਵਿਚ ਬਣੇ ਗੋਦਾਮ ਪਹਿਲਾਂ ਬਣ ਗਏ।' ਦੀ ਕਾਟ ਅਜੇ ਤੱਕ ਭਾਜਪਾ ਦਾ ਕੋਈ ਲੀਡਰ ਨਹੀਂ ਲੱਭ ਸਕਿਆ। ਸਰਕਾਰ ਨੇ ਇਹ ਮੰਨਿਆ ਕਿ ਇਹ ਕਾਨੂੰਨ ਕਿਸਾਨਾਂ ਲਈ ਨਹੀਂ ਵਪਾਰੀਆਂ ਲਈ ਬਣਾਏ ਗਏ ਸਨ। ਵੱਡੇ ਵਪਾਰੀਆਂ ਲਈ ਇਹ ਕਾਨੂੰਨ ਦਿਨ ਦੇ ਉਜਾਲੇ ਵਰਗੇ ਚਿੱਟੇ ਸਨ। ਹਜ਼ਾਰਾਂ ਲੋਕ ਇਕ ਸਾਲ ਸੜਕਾਂ 'ਤੇ ਬੈਠੇ ਰਹੇ, ਸੈਂਕੜੇ ਟਰੈਕਟਰ ਤੇ ਹੋਰ ਸਾਧਨ ਜ਼ਬਤ ਹੋਏ, ਹਜ਼ਾਰਾਂ ਲੋਕਾਂ 'ਤੇ ਪਰਚੇ ਦਰਜ ਹੋਏ, ਲਖੀਮਪੁਰ ਖੀਰੀ ਵਿਚ ਹੰਕਾਰੀ ਸੱਤਾਧਾਰੀ ਨੇਤਾ ਦੇ ਲੜਕੇ ਨੇ ਗੱਡੀ ਚੜ੍ਹਾ ਕੇ ਕਿਸਾਨਾਂ ਨੂੰ ਕੁਚਲ ਦਿੱਤਾ, ਇਸ ਦਾ ਹਿਸਾਬ ਕੌਣ ਦੇਵੇਗਾ? ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਕਾਨੂੰਨ ਅਜਿਹੇ ਸਨ ਜੋ ਛੇਤੀ ਸਮਝ ਵਿਚ ਆਉਣ ਵਾਲੇ ਨਹੀਂ ਸਨ ਤਾਂ ਕੀ ਇਹ ਕਾਨੂੰਨ ਪਾਸ ਕੀਤੇ ਜਾਣ ਤੋਂ ਪਹਿਲਾਂ ਕਿਸਾਨਾਂ ਨਾਲ ਸਾਂਝੇ ਨਹੀਂ ਕੀਤੇ ਜਾ ਸਕਦੇ ਸਨ? ਅਤੇ ਜੇਕਰ ਸਰਕਾਰ ਸਮਝ ਰਹੀ ਸੀ ਕਿ ਕਿਸਾਨ ਸਮਝ ਨਹੀਂ ਰਹੇ ਤਾਂ ਕਿਸਾਨਾਂ ਨੂੰ ਸਮਝਾਉਣ ਲਈ ਸਰਕਾਰ ਨੇ ਤੁਰੰਤ ਇਹ ਕਾਨੂੰਨ ਵਾਪਸ ਲੈ ਕੇ ਕਿਸਾਨਾਂ ਨਾਲ ਬੈਠ ਕੇ ਦੁਬਾਰਾ ਨਵੇਂ ਸਿਰੇ ਤੋਂ ਕਾਨੂੰਨ ਕਿਉਂ ਨਹੀਂ ਬਣਾਏ? ਦੇਸ਼ ਦੀ ਇੰਨੀ ਊਰਜਾ, ਇੰਨੇ ਸਾਧਨਾਂ ਦੀ ਵਰਤੋਂ, ਲੱਖਾਂ ਲੀਟਰ ਪੈਟਰੋਲ-ਡੀਜ਼ਲ ਦੀ ਖਪਤ ਤੇ ਇਕ ਸਾਲ ਲੱਖਾਂ ਲੋਕਾਂ ਦਾ ਵੱਖ-ਵੱਖ ਮੋਰਚਿਆਂ 'ਤੇ ਬੈਠੇ ਰਹਿਣਾ, ਇਸ ਸਭ ਕੁਝ ਦਾ ਹਿਸਾਬ ਕੌਣ ਦੇਵੇਗਾ?

ਕਿਸਾਨ ਅੰਦੋਲਨ ਦੀ ਪ੍ਰਾਪਤੀ: ਇਸ ਅੰਦੋਲਨ ਦੀਆਂ ਦੇਸ਼ ਵਿਚ ਵੱਡੀਆਂ ਪ੍ਰਾਪਤੀਆਂ ਹਨ। ਜਿੱਥੇ ਦੇਸ਼ ਵਿਚ ਹਰ ਦਿਨ ਗਊ ਹੱਤਿਆ ਦੇ ਨਾਂਅ 'ਤੇ ਲੋਕਾਂ ਨੂੰ ਘੇਰ ਕੇ ਭੀੜ ਵਲੋਂ ਮਾਰ ਦਿੱਤਾ ਜਾਂਦਾ ਸੀ, ਜ਼ਬਰਦਸਤੀ ਕੁੱਟ ਮਾਰ ਕਰਕੇ ਲੋਕਾਂ ਦੇ ਮੂੰਹੋਂ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਵਾਏ ਜਾਂਦੇ ਸਨ। ਉਹ ਘਟਨਾਵਾਂ ਇਸ ਅੰਦੋਲਨ ਨੇ ਰੋਕ ਦਿੱਤੀਆਂ ਹਨ। ਟੀ. ਵੀ. ਚੈਨਲਾਂ 'ਤੇ ਭਾਜਪਾ ਅਤੇ ਆਰ. ਐਸ. ਐਸ. ਦੇ ਜਿਹੜੇ ਨੇਤਾ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਧਮਕਾਉਣ ਅਤੇ ਪਾਕਿਸਤਾਨ ਚਲੇ ਜਾਣ ਦੀਆਂ ਧਮਕੀਆਂ ਦਿੰਦੇ ਸਨ, ਉਨ੍ਹਾਂ 'ਤੇ ਕੁਝ ਹੱਦ ਤੱਕ ਰੋਕ ਲੱਗ ਗਈ ਹੈ। ਮੁਜੱਫਰਨਗਰ ਜੋ ਕੁਝ ਅਰਸਾ ਪਹਿਲਾਂ ਅਸੀਂ ਫਿਰਕੂ ਦੰਗਿਆਂ ਵਿਚ ਬਲਦਾ ਵੇਖਿਆ, ਵਿਚ ਹੋਈ ਮਹਾਂ ਪੰਚਾਇਤ ਦੀ ਸਟੇਜ ਤੋਂ 'ਅੱਲਾ ਹੂ ਅਕਬਰ' ਤੇ 'ਹਰ ਹਰ ਮਹਾਂ ਦੇਵ' ਦੇ ਨਾਅਰਿਆਂ ਨੇ ਇਸ ਦੇਸ਼ ਦੀ ਤਹਿਜ਼ੀਬ ਨੂੰ ਮੁੜ ਜਿਊਂਦਾ ਕੀਤਾ ਹੈ। ਇਸ ਤੋਂ ਇਲਾਵਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਕੀਤੀਆਂ ਜਾਣ ਵਾਲੀਆਂ ਕਈ ਤਰ੍ਹਾਂ ਦੀਆਂ ਸਰਗਰਮੀਆਂ ਤੇ ਕਿਸਾਨ ਅੰਦੋਲਨ ਨੇ ਆਰਜ਼ੀ ਤੌਰ 'ਤੇ ਰੋਕ ਲਾ ਦਿੱਤੀ ਹੈ। ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਦੁਨੀਆ ਭਰ ਵਿਚ ਪੂੰਜੀਵਾਦੀ ਨੀਤੀਆਂ ਦੇ ਖਿਲਾਫ ਇਹ ਪਹਿਲੀ ਵੱਡੀ ਲੋਕਾਂ ਵਲੋਂ ਵਿੱਢੀ ਜੰਗ ਹੈ ਜਿਸ ਦੀ ਚਰਚਾ ਪੂਰੀ ਦੁਨੀਆ ਵਿਚ ਹੋ ਰਹੀ ਹੈ ਅਤੇ ਇਸ ਦਾ ਸਿਹਰਾ ਪੰਜਾਬੀਆਂ ਨੂੰ ਇਸ ਕਰਕੇ ਜਾਂਦਾ ਹੈ ਕਿ ਦੇਸ਼ ਵਿਚ ਸਭ ਤੋਂ ਪਹਿਲਾਂ ਪੰਜਾਬ ਦੇ ਸੂਝਵਾਨ ਬਲਬੀਰ ਸਿੰਘ ਰਾਜੇਵਾਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਵਰਗੇ ਨੇਤਾਵਾਂ ਨੇ ਇਸ ਸ਼ਾਜਿਸ਼ ਨੂੰ ਸਮਝਿਆ ਤੇ ਲੋਕਾਂ ਨੂੰ ਇਸ ਖਿਲਾਫ ਲਾਮਬੰਦ ਕੀਤਾ। ਰਾਕੇਸ਼ ਟਿਕੈਤ ਨੇ ਇਸ ਅੰਦੋਲਨ ਨੂੰ ਉਸ ਸਮੇਂ ਹੁਲਾਰਾ ਦਿੱਤਾ ਜਦੋਂ ਲੱਗਣ ਲੱਗਿਆ ਸੀ ਕਿ ਇਹ ਅੰਦੋਲਨ ਹੁਣ ਬਿਖਰ ਜਾਵੇਗਾ। ਪੰਜਾਬ ਤੋਂ ਸ਼ੁਰੂ ਹੋਈ ਇਸ ਲੋਕ ਆਵਾਜ਼ ਨੇ ਹਰਿਆਣਾ, ਯੂ. ਪੀ., ਉਤਰਾਖੰਡ, ਤੇਲੰਗਾਨਾ, ਮੱਧ ਪ੍ਰਦੇਸ਼, ਕਰਨਾਟਕਾ, ਤਾਮਿਲਨਾਡੂ, ਬਿਹਾਰ, ਮਹਾਰਾਸ਼ਟਰ, ਕੇਰਲਾ ਤੋਂ ਇਲਾਵਾ ਬੰਗਾਲ ਤੱਕ ਕਿਸਾਨਾਂ ਵਿਚ ਹੱਕਾਂ ਲਈ ਚੇਤਨਾ ਪੈਦਾ ਕੀਤੀ।

ਭਵਿੱਖ : ਗੁਪਤ ਰੂਪ ਵਿਚ ਇਸ ਗੱਲ ਦਾ ਮੰਥਨ ਜ਼ਰੂਰ ਹੋਵੇਗਾ ਕਿ ਖੇਤੀ ਕਾਨੂੰਨਾਂ ਸਮੇਤ ਜੋ ਨੀਤੀਆਂ ਦੇਸ਼ ਦੇ ਲੋਕਾਂ 'ਤੇ ਲਾਗੂ ਕੀਤੀਆਂ ਜਾਣੀਆਂ ਸਨ, ਉਨ੍ਹਾਂ ਨੂੰ ਰੋਕਣ ਲਈ ਕਿਹੜੀਆਂ ਧਿਰਾਂ ਸਭ ਤੋਂ ਵੱਡਾ ਰੋੜਾ ਸਾਬਤ ਹੋਈਆਂ। ਜਦੋਂ ਇਹ ਗੱਲ ਆਵੇਗੀ ਤਾਂ ਪੰਜਾਬ ਦਾ ਨਾਂਅ ਸਭ ਤੋਂ ਅੱਗੇ ਆਵੇਗਾ। ਇਸ ਲਈ ਪੰਜਾਬ ਨੂੰ ਭਵਿੱਖ ਵਿਚ ਬਹੁਤ ਚੌਕਸ ਹੋ ਕੇ ਚੱਲਣ ਦੀ ਲੋੜ ਹੈ। 32 ਕਿਸਾਨ ਜਥੇਬੰਦੀਆਂ ਅਤੇ ਇਨ੍ਹਾਂ ਦੀ ਰਹਿਨੁਮਾਈ ਹੇਠ ਸੰਘਰਸ਼ ਕਰਨ ਵਾਲੇ ਯੋਧਿਆਂ ਦਾ ਕੰਮ ਅਤੇ ਜ਼ਿੰਮੇਵਾਰੀ ਹੋਰ ਵਧ ਜਾਵੇਗੀ। ਚੰਗਾ ਹੋਵੇ ਜੇਕਰ ਲੋਕਾਂ ਨੂੰ ਵੱਧ ਤੋਂ ਵੱਧ ਚੌਕਸ ਰਹਿਣ ਲਈ ਹੋਰ ਲਾਮਬੰਦ ਕੀਤਾ ਜਾਵੇ ਅਤੇ ਦੇਸ਼ ਭਰ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਨਾਲ ਲੈ ਕੇ ਚੱਲਿਆ ਜਾਵੇ। ਕਿਸਾਨ ਅੰਦੋਲਨ ਅਤੇ ਇਸ ਲਈ ਸ਼ਹਾਦਤਾਂ ਦੇਣ ਵਾਲੇ ਲੋਕਾਂ ਦੀ ਢੁਕਵੀਂ ਯਾਦਗਾਰ ਬਣਾਉਣ, ਐਮ. ਐਸ. ਪੀ. ਦੇ ਕਾਨੂੰਨ ਬਣਾਉਣ, ਜੇਲ੍ਹਾਂ 'ਚੋਂ ਕਿਸਾਨ ਆਗੂਆਂ ਨੂੰ ਰਿਹਾਅ ਕਰਾਉਣ, ਕਿਸਾਨਾਂ 'ਤੇ ਦਰਜ ਪਰਚੇ ਰੱਦ ਕਰਾਉਣ ਸਮੇਤ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਸਮੇਤ ਕਿਸਾਨ ਜਥੇਬੰਦੀਆਂ ਦੀਆਂ ਕਈ ਮੰਗਾਂ ਹਨ ਜਿਨ੍ਹਾਂ 'ਤੇ ਅਜੇ ਪੇਚ ਫਸਣ ਦੀ ਸੰਭਾਵਨਾ ਹੈ। ਉਮੀਦ ਕਰਨੀ ਚਾਹੀਦੀ ਹੈ ਜਲਦੀ ਹੀ ਇਨ੍ਹਾਂ ਦੇ ਹੱਲ ਲੱਭ ਲਏ ਜਾਣਗੇ। ਪੰਜਾਬ ਅਤੇ ਦੇਸ਼ ਦੇ ਹੋਰ ਕਿਸਾਨ ਆਗੂ ਜੋ ਬੜੀ ਸੂਝਬੂਝ ਤੇ ਸਿਆਣਪ ਨਾਲ ਹਰ ਚਾਲ ਨੂੰ ਫੇਲ੍ਹ ਕਰਨ ਵਿਚ ਕਾਮਯਾਬ ਹੁੰਦੇ ਰਹੇ, ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਥੋੜ੍ਹੀ ਹੈ।












### ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

# ਨਿੱਕੀਆਂ ਜਿੰਦਾ ਵੱਡੇ ਸਾਕੇ

ਛੋਟੇ ਸਾਹਿਬਜਾਦਿਆਂ ਦੀ ਸਹਾਦਤ (ਸੱਤ ਅਤੇ ਨੌਂ ਸਾਲ) ਬਾਰੇ ਸਾਨੂੰ ਬੱਸ ਪੁਆਇੰਟ ਤੋਂ ਪੁਆਇੰਟ ਹੀ ਪਤਾ ਹੈ ਕਿ ਓਹਨਾ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ ਸੀ ਪਰ ਕੀ ਕਿਸੇ ਨੂੰ ਪਤਾ ਹੈ ਕੇ ਓਸ ਤੋਂ ਪਹਿਲਾਂ ਓਹਨਾ ਨਾਲ ਕੀ ਬੀਤੀ ? ਓਹਨਾਂ ਨੂੰ ਡਰਾਉਣ ਲਈ ਤੇ ਇਸਲਾਮ ਕਬੂਲ ਕਰਨ ਲਈ ਕਿੰਨੇ ਤਸੀਹੇ ਦਿੱਤੇ ਗਏ....ਓਹਨਾ ਨਾਲ ਸਹਾਦਤ ਤੋਂ ਪਹਿਲਾਂ ਕੀ-ਕੀ ਵਾਪਰਿਆ ....?

1) ਮਾਤਾ ਗੁਜਰੀ ਜੀ ਦੇ ਨਾਲ ਵਿੱਛੜੇ ਸਿੱਖ ਭਾਈ ਦੋਨਾ ਸਿੰਘ ਹੰਡੂਰੀਆ ਦੀ ਬ੍ਰਿਜ ਭਾਸਾ ਵਿਚ ਲਿਖੀ ਕਿਤਾਬ "ਕਥਾ ਗੂਰੁ ਸੁਤਨ ਜੀ ਕੀ" ਅਨੁਸਾਰ ਛੋਟੇ ਸਾਹਿਜਾਦਿਆਂ ਨੂੰ ਹੱਥ ਕੜੀਆਂ ਲਗਾ ਕੇ ਤੋਰ ਕੇ ਮੋਰਿੰਡੇ ਲਿਆਂਦਾ ਗਿਆ।

2) 9 ਪੋਹ ਦੀ ਰਾਤ ਨੂੰ ਮਾਤਾ ਜੀ ਅਤੇ ਛੋਟੇ ਸਹਿਬਜਾਦਿਆਂ ਨੂੰ ਮੋਰਿੰਡੇ ਵਿਖੇ ਕਾਲ ਕੋਠੜੀ ਚ ਭੁੱਖੇ ਰੱਖਿਆ ਗਿਆ ਅਤੇ ਕੋਈ ਵੀ ਕੱਪੜਾ ਨਹੀਂ ਦਿੱਤਾ ਗਿਆ ਠੰਡ ਵਿੱਚ ਸਾਰੀ ਰਾਤ ਠੰਡੀ ਜਮੀਨ ਉਪਰ ਓਸ ਕਾਲ ਕੋਠੜੀ ਵਿੱਚ ਕੱਟੀ

3) 10 ਪੋਹ ਨੂੰ ਸਰਹੰਦ ਲਿਆਂਦਾ ਗਿਆ ਜਿਥੇ ਵਜੀਰ ਖਾਨ ਗੁਰੂ ਜੀ ਨੂੰ ਏਨਾ ਲੰਬਾ ਸਮਾਂ ਘੇਰਾ ਪਾ ਕੇ ਵੀ ਨਾ ਫੜ ਸਕਣ ਕਾਰਨ ਮਾਯੂਸ ਪਰਤਿਆ ਸੀ ਤੇ ਜਦੋਂ ਓਸ ਨੂੰ ਮਾਤਾ ਜੀ ਅਤੇ ਛੋਟੇ ਸਾਹਿਜਾਦਿਆਂ ਦੀ ਗ੍ਰਿਫਤਾਰੀ ਬਾਰੇ ਪੱਤਾ ਲੱਗਾ, ਓਸ ਨੇ ਸੋਚਿਆ ਕਿ ਮਾਂ ਤੇ ਪੁੱਤਰਾਂ ਦਾ ਮੋਹ ਓਸ ਨੂੰ ਮੇਰੇ ਕੋਲ ਖਿੱਚ ਲਿਆਵੇਗਾ ਤੇ ਮੇਰੇ ਅੱਗੇ ਝੁਕਣ ਲਈ ਮਜਬੂਰ ਹੋ ਜਾਵੇਗਾ।

4) ਮਾਤਾ ਜੀ ਅਤੇ ਛੋਟੇ ਸਾਹਿਬਜਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ .. ਓਸ ਸਮੇਂ ਠੰਡੇ ਬੁਰਜ ਦੇ ਥੱਲਿਓਂ ਪਾਣੀ ਵਗਦਾ ਸੀ ਜਿਸ ਨਾਲ ਹਵਾ ਟਕਰਾਅ ਕੇ ਉੱਪਰ ਵੱਲ ਆਉਂਦੀ ਸੀ ਤਾਂ ਅੱਤ ਦੀ ਗਰਮੀ ਵਿਚ ਵੀ ਕੰਬਣੀ ਛੇੜ ਦਿੰਦੀ ਸੀ ਤੇ ਅੱਤ ਦੀ ਸਰਦੀ ਵਿੱਚ ਕੀ ਹਾਲ ਹੁੰਦਾ ਹੋਵੇਗਾ ਇਸ ਦਾ ਅੰਦਾਜਾ ਵੀ ਨਹੀਂ ਲਗਾਇਆ ਜਾ ਸਕਦਾ (ਜੋ ਪੰਥ ਦੋਖੀਆਂ ਵੱਲੋਂ ਉਹ ਬੁਰਜ ਢਾਹ ਕੇ ਹੁੱਣ ਨਵਾਂ ਬਣਾ ਦਿੱਤਾ ਗਿਆ ਹੈ)

5) ਮਾਤਾ ਜੀ ਤੇ ਬੱਚੇ ਠੰਡੇ ਫਰਸ ਉੱਪਰ ਬੈਠ ਗਏ ਤੇ ਮਾਤਾ ਜੀ ਕੋਲ ਸਿਰਫ ਬੱਚਿਆ ਦੇ ਥੋੜੇ ਜਿਹੇ ਕੱਪੜੇ ਸਨ। ਓਸ ਰਾਤ ਵੀ ਓਹਨਾ ਨੂੰ ਖਾਣ ਲਈ ਕੁੱਝ ਵੀ ਨਾ ਦਿੱਤਾ ਗਿਆ।

6) ਦੋ ਦਿਨਾਂ ਬਾਅਦ ਓਹਨਾ ਨੂੰ ਕਚਿਹਰੀ ਵਿਚ ਪੇਸ ਕੀਤਾ ਗਿਆ ।ਡਾਕਟਰ ਗੰਡਾ ਸਿੰਘ ਜੀ ਅਨੁਸਾਰ ਸਾਹਿਬਜਾਦਿਆਂ ਦੀਆਂ ਨੱਕ ਦੀਆਂ ਟੋਡਰੀਆਂ ਲਾਲ ਹੋ ਗਈਆਂ ਸਨ ਬੁੱਲ ਨੀਲੇ ਤੇ ਹੱਥ ਠੰਡ ਨਾਲ ਬੇਹਾਲ ਹੋਏ ਪਏ ਸਨ

7) ਸਾਹਿਬਜਾਦੇ ਜਦੋਂ ਨਾ ਮੰਨੇ ਤਾਂ ਉਹਨਾ ਨੂੰ ਤਸੀਹੇ ਦਿੱਤੇ ਗਏ

੧) ਇੱਕ ਖਮਚੀ ( ਤੂਤ ਦੀ ਪਤਲੀ ਛੱਟੀ) ਲੈ ਕੇ ਸਾਹਿਬਜਾਦਿਆਂ ਨੂੰ ਕੁੱਟਿਆ ਗਿਆ ਤਾਂ ਜੋ ਸੱਟ ਲੱਗਣ ਤੇ ਡਰ ਕੇ ਇਸਲਾਮ ਕਬੂਲ ਲੈਣਗੇ। ਇਸ ਨਾਲ ਓਹਨਾਂ ਦਾ ਮਾਸ ਉੱਭਰ ਗਿਆ ਤੇ ਕੋਮਲ ਸਰੀਰ ਉੱਪਰ ਨਿਸਾਨ ਪੈ ਗਏ । ਇਸ ਸਜਾ ਤੋਂ ਬਾਅਦ ਓਹਨਾ ਨੂੰ ਵਾਪਿਸ ਮਾਤਾ ਜੀ ਕੋਲ ਭੇਜ ਦਿੱਤਾ ਗਿਆ।

੨) ਅਗਲੇ ਦਿਨ ਦੋਨਾ ਸਾਹਿਬਜਾਦਿਆਂ ਨੂੰ ਪਿੱਪਲ ਨਾਲ ਬੰਨ ਕੇ ਗੁਲੇਲੇ ਮਾਰੇ ਗਏ (ਵਿਚੋਂ ਕਥਾ ਗੂਰੁ ਸੂਤਨ ਜੀ ਕੀ )

੩) ਸਾਹਿਬਜਾਦਿਆਂ ਦੀਆ ਉਂਗਲਾ ਵਿਚ ਪੁਲੀਤੇ ਰੱਖ ਕੇ ਅੱਗ ਲਗਾਈ ਗਈ ਕਿ ਚਮੜੀ ਸੜ੍ਹਨ ਨਾਲ ਸਾਹਿਬਜਾਦੇ ਡੋਲ ਜਾਣ (ਡਾਕਟਰ ਗੰਡਾ ਸਿੰਘ ਜੀ ਅਨੁਸਾਰ)

੪) ਅਖੀਰ ੧੨ ਪੋਹ ਨੂੰ ਜਦੋਂ ਆਖਰੀ ਕਚਿਹਰੀ ਲੱਗੀ ਅਤੇ ਕਾਜੀ ਨੂੰ ਫੱਤਵਾ ਦੇਣ ਲਈ ਕਿਹਾ ਤਾਂ ਸਾਹਿਬਜਾਿਆਂ ਦਾ ਕਸੂਰ ਕੋਈ ਨਾ ਮਿਲਿਆ, ਇਸ ਵਕਤ ਇੱਕ ਵਾਰ ਫੇਰ ਸੁੱਚਾ ਨੰਦ ਨੇ ਰੋਲ ਨਿਭਾਇਆ ਤੇ ਸਾਹਿਬਜਾਦਿਆਂ ਨੂੰ ਕਿਹਾ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਏ ਤਾਂ ਤੁਸੀਂ ਕੀ ਕਰੋਗੇ ਤਾਂ ਸਾਹਿਬਜਾਦਿਆਂ ਨੇ ਕਿਹਾ ਕਿ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਜਾਕੇ ਸਿੰਘ ਇਕੱਠੇ ਕਰਾਂਗੇ ਤੇ ਏਸ ਸੂਬਾ ਸਰਹਿੰਦ ਦਾ ਸਿਰ ਲਾਹਾਂਗੇ

ਸੁੱਚਾ ਨੰਦ ਨੇ ਕਿਹਾ ਹੈ ਜੇ ਫਿਰ ਫੜੇ ਗਏ ਤਾਂ ਫਿਰ ਕੀ ਕਰੋਗੇ ? ਓਹਨਾ ਫੇਰ ਕਿਹਾ ਏਸ ਸੂਬੇ ਦਾ ਸਿਰ ਲਾਹਾਂਗੇ ? ਸੁੱਚਾ ਨੰਦ ਨੇ ਕਿਹਾ ਜੇ ਫੇਰ ਫੜੇ ਗਏ ?

ਤਾਂ ਅਖੀਰ ਸਾਹਿਬਜਾਦਾ ਜੋਰਾਵਰ ਸਿੰਘ ਨੇ ਕਿਹਾ ਕਿ ਐ ਸੁੱਚਾ ਨੰਦ ਜਿਨਾ ਚਿਰ ਇਸ ਰਾਜ ਦੀ ਜੜ੍ਹ ਨਹੀਂ ਪੱਟੀ ਜਾਂਦੀ ਤੇ ਜਦੋਂ ਤੱਕ ਅਸੀਂ ਸ਼ਹੀਦ ਨਹੀਂ ਹੋ ਜਾਂਦੇ ਅਸੀਂ ਲੜਦੇ ਹੀ ਰਹਾਂਗੇ ਚਾਰੇ ਪਾਸਿਓਂ ਆਵਾਜ ਆਈ " ਬਾਗੀ ...ਬਾਗੀ.... ਹਕੂਮੱਤ ਦੇ ਬਾਗੀ".... ਕਾਜੀ ਨੇ ਕਿਹਾ ਕਿ ਇਹਨਾ ਹਕੂਮੱਤ ਦੇ ਬਾਗੀਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਜਾਏ.......

ਫੈਸਲਾ ਸੁਣਾ ਦਿੱਤਾ ਗਿਆ ਤੇ ਸਾਹਿਬਜ਼ਾਦਿਆਂ ਵਲੋਂ ਮਾਤਾ ਜੀ ਨੂੰ ਜਾ ਕੇ ਸਾਰੀ ਗੱਲ ਦੱਸੀ ਕੇ ਕੱਲ ਸਾਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਜਾਵੇਗਾ ਮਾਤਾ ਜੀ ਨੇ ਆਪਣੀ ਸਾਰੀ ਉਮਰ ਦੀ ਸੇਵਾ ਭਾਵਨਾ ਤੇ ਰੱਬੀ ਕਮਾਈ ਓਸ ਰਾਤ ਆਪਣੇ ਪੋਤਿਆਂ ਤੇ ਲਾ ਦਿੱਤੀ ....

ਇਤਿਹਾਸ ਦੱਸਦਾ ਹੈ ਕੇ ਸਹਾਦਤ ਤੇ ਜਾਣ ਤੋਂ ਪਹਿਲਾਂ ਮਾਤਾ ਜੀ ਨੇ ਗੱਠੜੀ ਵਿਚੋਂ ਨੀਲੇ ਚੋਲੇ ਛੋਟੇ ਸਾਹਬਜਾਦਿਆਂ ਦੇ ਪਾਏ, ਦਸਤਾਰਾਂ ਸਜਾਈਆਂ ਅਤੇ ਦੋਹਾਂ ਦਾ ਮੱਥਾ ਚੁੰਮ ਕੇ ਵਿਦਾ ਕੀਤਾ

ਸੋਹਣ ਸਿੰਘ ਸੀਤਲ ਅਨੁਸਾਰ ਛੋਟੇ ਸਾਹਿਬਜਾਦੇ ਬਾਬਾ ਫਤਿਹ ਸਿੰਘ ਥੋੜ੍ਹਾ ਅੱਗੇ ਜਾ ਕੇ ਪਿੱਛੇ ਮਾਤਾ ਜੀ ਵੱਲ ਵੇਖਦੇ ਹਨ ਤੇ ਕਹਿੰਦੇ ਹਨ ਕਿ ਦਾਦੀ ਜੀ ਮਾਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਤੁਸੀਂ ਸਾਨੂੰ ਕਦੇ ਇਕੱਲਿਆਂ ਨਹੀਂ ਛੱਡਿਆ ਹੁਣ ਵੀ ਸਾਡੇ ਪਿੱਛੇ-ਪਿੱਛੇ ਆ ਜਾਣਾ।

ਦੋਹਾਂ ਸਾਹਿਬਜਾਦਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਗਿਆ ਕੰਧ ਗਿਰ ਗਈ ਤੇ ਬੇਹੋਸ ਹੋਣ ਤੋਂ ਹੋਸ ਵਿੱਚ ਆਉਣ ਤੇ ਖੰਜਰ ਤਿੱਖੇ ਕਰ ਰਹੇ ਜਲਾਦਾਂ ਨੇ ਦੁਬਾਰਾ ਫੇਰ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰੋ ਅਜੇ ਵੀ ਮੌਕਾ ਹੈ ਓਸ ਵਕਤ ਆਵਾਜ ਆਈ ਕਿ

**" ਸੱਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ,**
**ਡਰਤਾ ਨਹੀਂ ਹੈ ਅਕਾਲ ਕਿਸੀ ਸਹਿਨਸਾਹ ਕੀ ਸਾਨ ਸੇ,**
**ਉਪਦੇਸ ਅਪਣਾ ਸੁਣ ਲਓ ਜਰਾ ਦਿਲ ਕੇ ਕਾਨ ਸੇ,**
**ਕਹਿ ਰਹੇ ਹੈ ਹਮ ਤੁਮ੍ਹੇ ਖੁਦਾ ਕੀ ਜੁਬਾਨ ਸੇ"**

ਦੋਹਾਂ ਸਾਹਿਬਜਾਦਿਆਂ ਨੂੰ ਸਾਸਨ ਬੇਗ ਤੇ ਵਾਸਨਾ ਬੇਗ ਜਲਾਦ ਨੇ ਆਪਣੇ ਗੋਡਿਆਂ ਦੇ ਥੱਲੇ ਲੈ ਲਿਆ। ਪੌਣੇ ਗਿਆਰਾਂ ਤੋ ਸਾਢੇ ਗਿਆਰਾਂ (10:45 ਤੋਂ 11:30) ਦੇ ਸਮੇਂ ਵਿੱਚ ਸਾਹ ਦੀ ਨਲੀ ਕੱਟ ਕੇ ਸ਼ਹੀਦ ਕੀਤਾ ਗਿਆ।

ਇਤਿਹਾਸਕ ਗ੍ਰੰਥ ਬੰਸਾਵਲੀ ਨਾਮੇ ਵਿੱਚ ਲਿਖਿਆ ਹੈ ਕੇ ਬਾਬਾ ਜੋਰਾਵਰ ਸਿੰਘ ਜੀ ਜੋ ਦੋ ਤੋਂ ਢਾਈ ਮਿੰਟ ਵਿੱਚ ਸ਼ਹੀਦ ਹੋ ਗਏ ਤੇ ਬਾਬਾ ਫਤਹਿ ਸਿੰਘ ਜੀ ਲੱਗਭੱਗ ਅੱਧੀ ਘੜੀ ( ਬਾਰਾਂ ਮਿੰਟ) ਚਰਨ ਮਾਰਦੇ ਰਹੇ ਤੇ ਖੂਨ ਨਿਕਲਦਾ ਰਿਹਾ ਤੇ ਹੌਲੀ-ਹੌਲੀ ਚਰਨ ਹਿਲਣੇ ਬੰਦ ਹੋ ਗਏ........

# ਬੱਸ ਏਕ ਹੀ ਤੀਰਥ ਹਿੰਦ ਮੇਂ




ਹਰ ਸਾਲ ਜਦੋਂ ਪੋਹ ਦਾ ਮਹੀਨਾ (ਦਸੰਬਰ) ਆਉਂਦਾ ਹੈ ਤਾਂ ਇਸ ਧਰਤੀ ਦੀ ਹਿੱਕ ਉਤੇ ਲਿਖੇ ਗਏ ਵਿਲੱਖਣ ਇਤਿਹਾਸ ਦਾ ਅਹਿਸਾਸ ਹਰ ਇਕ ਉਸ ਮਨੁੱਖ ਨੂੰ ਸਰਸ਼ਾਰ ਕਰ ਦਿੰਦਾ ਹੈ, ਜੋ ਜਿਉਂਦਾ ਹੈ, ਜਾਗਦਾ ਹੈ। ਤੀਜੀ ਅੱਖ ਖੋਲ੍ਹਦਾ ਹੈ। ਇਕ ਪਾਸੇ ਆਨੰਦਪੁਰ ਦੇ ਕਿਲ੍ਹੇ ਵਿਚ ਬੈਠਾ ਬੇਕਸ਼ਾ ਦਾ ਯਾਰ ਗੁਰ ਗੋਬਿੰਦ ਸਿੰਘ। ਉਹ ਕਿਹੜੀ ਤਾਕਤ ਨਹੀਂ ਸੀ, ਜੋ ਉਸਨੂੰ ਨਹੀਂ ਸੀ ਵੰਗਾਰ ਰਹੀ। ਖੰਡੇ ਦੀ ਧਾਰ 'ਚ ਪੈਦਾ ਕੀਤੇ ਉਹ ਕਿਰਤੀ ਕਾਮੇ ਕਿਸਾਨ ਮਜ਼ਦੂਰ ਜਿਨ੍ਹਾਂ ਨੂੰ ਉਹ ਆਪਣੀ ਭਾਸ਼ਾ ਵਿਚ 'ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈ ਨਹੀਂ ਹਮਸੇ ਗਰੀਬ ਕਰੋਰ ਪਰੇ ਹੈ-ਦੇ ਸਿਧਾਂਤ ਦਾ ਪੱਕਾ ਧਾਰਨੀ ਸੀ। ਦੂਜੇ ਪਾਸੇ ਖਤਰਨਾਕ ਬਾਈਧਾਰ (ਬਾਈ ਰਾਜੇ) ਦੇ ਰਾਜੇ ਜੋ ਆਪਣੇ ਆਪ ਨੂੰ ਰੱਬ ਹੀ ਸਮਝਦੇ ਸੀ। ਕਦੋਂ ਬਰਦਾਸ਼ਤ ਕਰ ਸਕਦੇ ਸਨ ਕਿ ਇਕ ਵੱਡੇ ਮੁਲਕ ਦੇ ਦੂਰ ਦੁਰਾਡੇ ਹਿੱਸਿਆਂ ਤੋਂ ਲਾਹੌਰ ਤੋਂ ਦਿਆ ਰਾਮ ਖੱਤਰੀ, ਹਸਤਨਾਪੁਰ ਤੋਂ ਧਰਮ ਸਿੰਘ, ਉੜੀਸਾ ਪੁਰੀ ਤੋਂ ਹਿੰਮਤ ਸਿੰਘ, ਗੁਜਰਾਤ ਬੇਟ ਤੋਂ ਮੋਹਕਮ ਸਿੰਘ ਤੇ ਬਿਦਰ ਕਰਨਾਟਕ ਤੋਂ ਸਾਹਿਬ ਨੂੰ ਆਪਣੇ ਬਰਾਬਰ ਰੱਖ ਕੇ ਹਰ ਤਰ੍ਹਾਂ ਦੀਆਂ ਜਾਤਾਂ ਗੋਤਾਂ ਊਚ ਨੀਚ ਅਖੌਤੀ ਧਾਰਮਿਕ ਮਰਿਆਦਾਵਾਂ ਦਾ ਸਿੱਧਾ ਹੀ ਸਤਿਆਨਾਸ਼ ਕਰ ਦੇਵੇ। ਮੁਗਲੀਆ ਹਕੂਮਤ ਜੋ ਉਸ ਸਮੇਂ ਪੂਰੇ ਭਾਰਤਵਰਸ਼ ਵਿਚ ਰਾਜ ਕਰ ਰਹੀ ਸੀ, ਨੂੰ ਹਰ ਉਹ ਸੂਰਮਾ ਜੋ ਧੜ ਤੇ ਸੀਸ ਅਤੇ ਸੀਸ ਤੇ ਦਿਮਾਗ ਰੱਖਦਾ ਹੋਵੇ ਦੀਆਂ ਅੱਖਾਂ ਕੱਢ ਦੇਣ ਦਾ ਫੈਸਲਾ ਕਰੀ ਬੈਠੀ ਸੀ। ਅਨੰਦਪੁਰ ਦੇ ਕਿਲ੍ਹੇ ਵਿਚ ਬੈਠਾ ਇਹ ਸੰਤ ਸਿਪਾਹੀ ਖਾਸ ਕਰ ਪਹਾੜੀ ਹਿੰਦੂ ਰਾਜਿਆਂ ਨੂੰ ਫੁੱਟੀ ਅੱਖ ਨਹੀਂ ਭਾਉਂਦਾ ਸੀ। ਉਸ ਕੋਲ ਦੁਨੀਆਂ ਦਾ ਸਭ ਤੋਂ ਖੂਬਸੂਰਤ ਹਾਥੀ ਹੋਵੇ, ਅਤਿ ਆਲਾ ਦਰਜੇ ਦੇ ਸ਼ਸਤਰ ਹੋਣ, ਸੰਗਤਾਂ ਵਲੋਂ ਭੇਟ ਕੀਤੀ ਧੰਨ ਦੌਲਤ ਦੀ ਵੀ ਕਮੀ ਨਾ ਹੋਵੇ।ਹਰ ਹੀਲੇ ਇਹ ਸਭ ਕੁਝ ਖਤਮ ਕਰ ਦੇਣਾ ਚਾਹੁੰਦੇ ਸੀ। ਖੋਹ ਲੈਣਾ ਚਾਹੁੰਦੇ ਸੀ। ਜਰਾ ਅੰਦਾਜ਼ਾ ਲਾਉ ਇਕ ਕਿਲ੍ਹੇ ਦੇ ਅੰਦਰ ਬੈਠਾ ਕੁਝ ਕੁ ਹਜ਼ਾਰ ਸੈਨਿਕਾਂ ਨਾਲ ਬੈਠਾ ਇਹ ਫਕੀਰ ਸ਼ਰੇਆਮ ਐਲਾਨ ਕਰ ਰਿਹਾ ਸੀ 'ਚਿੜੀਓ ਸੇ ਬਾਜ ਤੜਾਉਂ' ਮੁਗਲ ਹਕੂਮਤ ਅਤੇ ਪਹਾੜਾਂ 'ਤੇ ਬੈਠੇ ਰਾਜੇ ਜੋ ਆਪਣੇ ਆਪ ਨੂੰ ਗਿਰਝਾਂ ਸਮਝੀ ਬੈਠੇ ਸਨ ਅਤੇ ਹਰ ਤਰ੍ਹਾਂ ਦਾ ਜੁਲਮ ਕਰਨਾ ਆਪਣਾ ਪਰਮੋ ਧਰਮ ਸਮਝੀ ਬੈਠੇ ਸਨ। ਲੱਖਾਂ ਦੀ ਗਿਣਤੀ ਕੱਠੇ ਹੋ ਕੇ ਘੇਰਾ ਪਾ ਲੈਂਦੇ ਹਨ, ਸੱਤ ਮਹੀਨੇ ਲਹੂ ਵੀਹਵੀਂ ਲੜਾਈ ਹੁੰਦੀ ਹੈ। ਵਾਰ-ਵਾਰ ਹਰ ਹਰਬਾ ਵਰਤਿਆ ਜਾਂਦਾ ਹੈ। ਇਕ ਸ਼ਰਾਬੀ ਹਾਥੀ ਨੂੰ ਲੋਹੇ ਦੇ ਸੰਜੋਆ ਮੜ ਕੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਤੋਰ ਦਿੱਤਾ ਜਾਂਦਾ ਹੈ, ਅੱਗੋਂ ਇਕ ਮੱਧਰੇ ਕੱਦ ਦਾ ਨੌਜਵਾਨ ਬਚਿੱਤਰ ਸਿੰਘ ਇਕ ਬਰਛਾ ਜਿਸਨੂੰ ਨਾਗਣੀ ਵੀ ਕਿਹਾ ਜਾਂਦਾ ਹੈ ਮੂਹਰੇ ਆ ਕੇ ਖੜ ਜਾਂਦਾ ਹੈ ਅਜਿਹਾ ਵਾਰ ਕਰਦਾ ਹਾਥੀ ਪਿਛਲ ਖੁਰੀ ਚੰਗਿਆੜਾ ਮਾਰਦਾ ਭੱਜ ਜਾਂਦਾ ਹੈ। ਜਿਥੇ ਪਏ ਇਹ ਹਰਾਮੀ ਹਾਕਮ ਸ਼ਾਮ ਦਾਮ ਦੰਡ ਭੇਟ ਵਰਤਦੇ ਹੋਏ ਕੁਰਾਨ ਦੀਆਂ, ਗਊਆਂ ਦੀਆਂ ਕਸਮਾਂ ਖਾਂਦੇ ਹਨ ਕਿ ਹੁਣ ਨਹੀਂ ਲੜਦੇ। ਉਚ ਦਾ ਪੀਰ ਮਸ਼ਵਰੇ ਤੋਂ ਬਾਅਦ ਕਿਲ੍ਹਾ ਛੱਡ ਦਿੰਦਾ ਹੈ। ਜੋ ਬੇਈਮਾਨ ਹਾਕਮਾਂ ਦੀ ਖਸਾਲਤ ਹੁੰਦੀ ਹੈ। ਸਭ ਸੋਹਾਂ ਮੁਗੰਧਾ ਭੰਨ ਕੇ ਹਮਲਾ ਕਰ ਦਿੰਦੇ ਹਨ। ਬਰਸਾਤੀ ਨਦੀ ਸਰਸਾ 'ਚ ਹੜ ਆਉਣ ਕਰਕੇ ਪਰਿਵਾਰ ਤਿੰਨ ਹਿੱਸਿਆਂ 'ਚ ਵੰਡਿਆ ਗਿਆ। ਗੁਰੂ ਜੀ ਚਾਲੀ ਕੁ ਸਿੰਘਾਂ ਨਾਲ ਉਸ ਇਤਿਹਾਸਕ ਸਥਾਨ 'ਤੇ ਪਹੁੰਚ ਜਾਂਦੇ ਹਨ ਜਿਸ ਬਾਰੇ ਲੋਕ ਗੀਤ ਬਣਦੇ ਹਨ। 'ਏਸ ਕੱਚੀ ਗੜੀ ਚਮਕੌਰ ਅੱਗੇ ਕਿਲ੍ਹੇ ਦਿੱਲੀ ਦਾ ਅਸੀਂ ਝੁਕਾਅ ਦਿਆਂਗੇ।' ਸੱਚ ਸਾਬਤ ਕਰ ਦਿਖਾਇਆ। ਕਿਸਾਨੀ ਅੰਦੋਲਨ ਨੇ ਜਿਥੇ ਕਦੇ ਨਾਝੁਕਣ ਵਾਲੇ ਨਰਿੰਦਰ ਮੋਦੀ ਨੂੰ ਗੋਡਿਆਂ ਪਰਨੇ ਸਿੱਟ ਦਿੱਤਾ ਗਿਆ। ਇਸ ਚਮਕੌਰ ਦੀ ਜੰਗ ਵਿਚ ਗੁਰੂ ਜੀ ਦੇ ਫਰਜੰਦ ਅਜੀਤ ਸਿੰਘ ਅਤੇ ਜੁਝਾਰ ਸਿੰਘ ਜਿਨ੍ਹਾਂ ਦੀ ਉਮਰ 17 ਸਾਲ ਅਤੇ 14 ਸਾਲ ਸੀ ਜਿਸ ਢੰਗ ਨਾਲ ਲੜੇ ਵਿਰਲੇ ਲੜਦੇ ਹਨ। ਚਾਰ ਚਾਰ ਸਿੰਘ ਲੱਖਾਂ ਨਾਲ ਲੜੇ। ਇਥੇ ਇਹ ਸੱਚ ਕਰ ਦਿਖਾਇਆ ਸਵਾਲੱਖ ਨਾਲ ਇਕ ਲੜਾਇਆ। ਇਸ ਮਹਾਨ ਯੁੱਧ ਵਿਚ ਜੋ ਇਤਿਹਾਸ ਰਚਿਆ ਗਿਆ ਉਸ ਬਾਰੇ ਕਿਸੇ ਸਿੱਖ ਨੇ ਨਹੀਂ ਇਕ ਮੁਸਲਮਾਨ ਫਕੀਰ ਹਕੀਮ ਅੱਲਾ ਯਾਰ ਖਾਂ ਯੋਗੀ ਜੋ ਲਿਖ ਗਿਆ ਕੋਈ ਨਹੀਂ ਲਿਖ ਸਕਦਾ ਕਿ

**'ਬੱਸ ਏਕ ਤੀਰਥ ਹੈ ਹਿੰਦ ਮੇਂ ਯਾਤਰਾ ਕੇ ਲੀਏ।**
**ਯਹਾਂ ਬਾਪ ਨੇ ਕਟਾਏ ਬੇਟੇ ਖੁਦਾ ਕੇ ਲੀਏ॥**
**ਚਮਕ ਹੈ ਮਿਹਰ ਕੀ ਚਮਕੌਰ ਤੇਰੇ ਜਰੋਂ ਮੇਂ ਯਹੀਂ ਸੇ ਬਨ ਕੇ ਸਿਤਾਰੇ ਗਏ ਆਸਮਾਂ ਕੇ ਲੀਏ**



ਗੁਰਮੇਲ ਸਿੰਘ ਭਰੋਵਾਲ
94172-48211






# ਇਤਿਹਾਸ ਸਿਰਜ ਗਏ ਮਹਾਂ-ਅੰਦੋਲਨ ਦੀਆਂ ਪ੍ਰਾਪਤੀਆਂ ਦੀ ਇਕ ਝਲਕ



ਬੂਟਾ ਸਿੰਘ ਨਵਾਂਸ਼ਹਿਰ
94634-74342





9 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਅੰਦੋਲਨ ਨੂੰ ਮੁਅੱਤਲ ਕੀਤੇ ਜਾਣ ਦੇ ਐਲਾਨ ਤੋਂ ਬਾਦ ਦਿੱਲੀ ਦੀਆਂ ਸਰਹੱਦਾਂ ਉੱਪਰੋਂ ਸੰਘਰਸ਼ਸ਼ੀਲ ਕਾਫ਼ਲੇ ਆਪਣੇ ਪੱਕੇ ਮੋਰਚੇ ਸਮੇਟ ਕੇ ਜਿੱਤ ਦੇ ਜਸ਼ਨ ਮਨਾਉਂਦੇ ਘਰਾਂ ਨੂੰ ਪਰਤ ਆਏ। ਇਤਿਹਾਸ ਦੇ ਪੰਨਿਆਂ ਉੱਪਰ ਫਾਸ਼ੀਵਾਦੀ ਹਕੂਮਤ ਦੀ ਨਮੋਸ਼ੀ ਭਰੀ ਹਾਰ ਅਤੇ ਸੰਘਰਸ਼ਸ਼ੀਲ ਲੋਕਾਂ ਦੀ ਸ਼ਾਨਾਮੱਤੀ ਜਿੱਤ ਦਰਜ ਹੋ ਗਈ। ਇਹ ਜਿੱਤ ਦਹਿ ਲੱਖਾਂ ਲੋਕਾਂ ਦੇ ਬੇਥਾਹ ਯੋਗਦਾਨ ਦੇ ਨਾਲ-ਨਾਲ ਦੇਸ਼-ਬਦੇਸ਼ ਦੇ ਇਨਸਾਫ਼ਪਸੰਦਾਂ ਵੱਲੋਂ ਕੀਤੀ ਵਿਆਪਕ ਹਮਾਇਤ ਅਤੇ ਮੱਦਦ ਨਾਲ ਸੰਭਵ ਹੋਈ। ਆਖ਼ਿਰਕਾਰ ਇਕ ਸਾਲ ਤੋਂ ਵਧੇਰੇ ਪੱਕੇ ਮੋਰਚਿਆਂ ਤੋਂ ਬਾਦ ਸੰਘਰਸ਼ਸ਼ੀਲ ਕਾਫ਼ਲਿਆਂ ਦੇ ਸਿਦਕ, ਸਿਰੜ, ਤਹੱਮਲ ਅਤੇ ਇਕਜੁੱਟਤਾ ਨੂੰ ਬੂਰ ਪਿਆ ਅਤੇ ਆਰ.ਐੱਸ.ਐੱਸ.-ਬੀ.ਜੇ.ਪੀ. ਦੀਆਂ ਸੰਘਰਸ਼ ਨੂੰ ਹੰਭਾ-ਥਕਾ ਕੇ ਤੋੜ ਦੇਣ ਦੀਆਂ ਗਿਣਤੀਆਂ ਪੁੱਠੀਆਂ ਪੈ ਗਈਆਂ। ਇਹ ਪਹਿਲੀ ਵਾਰ ਹੋਇਆ ਹੈ ਕਿ ਮਨਮਾਨੀਆਂ ਲਈ ਬਦਨਾਮ ਮੋਦੀ ਨੂੰ ਆਪਣਾ ਕੋਈ ਫ਼ੈਸਲਾ ਵਾਪਸ ਲੈਣਾ ਪਿਆ ਹੈ ਜਿਸ ਬਾਰੇ ਮਸ਼ਹੂਰ ਹੈ ਕਿ ਉਹ ਮੂੰਹੋਂ ਕੱਢਿਆ ਸ਼ਬਦ ਕਦੇ ਵਾਪਸ ਨਹੀਂ ਲੈਂਦਾ। ਪਿਛਲੇ ਇਕ ਸਾਲ ਤੋਂ ਅੰਦੋਲਨ ਨੂੰ ਬੇਕਿਰਕੀ ਨਾਲ ਨਜ਼ਰਅੰਦਾਜ਼ ਕਰਨ ਵਾਲੇ ਹੈਂਕੜਬਾਜ਼ 'ਤਪੱਸਵੀ' ਲਈ ਇਸ ਤੋਂ ਵੱਡੀ ਨਮੋਸ਼ੀ ਕੀ ਹੋਵੇਗੀ ਕਿ ਉਸ ਨੂੰ ਆਪਣੇ ਹੀ ਮੂੰਹੋਂ ਤਿੰਨੋਂ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਅਤੇ ਉਨ੍ਹਾਂ ਅੰਦੋਲਨਕਾਰੀ ਕਿਸਾਨਾਂ ਅੱਗੇ ਅੱਗੇ ਝੁਕਣਾ ਪਿਆ ਜਿਨ੍ਹਾਂ ਨੂੰ ਉਹ "ਅੰਦੋਲਨਜੀਵੀ" ਕਹਿੰਦਾ ਸੀ।


ਮਹਾਂਅੰਦੋਲਨ ਤਿੰਨ ਖੇਤੀ ਕਾਨੂੰਨ ਰੱਦ ਕਰਾਉਣ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਇਆ ਸੀ ਅਤੇ ਇਸ ਮੁੱਖ ਮੰਗ ਨੂੰ ਮੰਨਵਾਉਣ 'ਚ ਅੰਦੋਲਨ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਭਗਵੀਂ ਹਕੂਮਤ ਵੱਲੋਂ ਹੁਣ ਵੀ ਇਹੀ ਕੁਫ਼ਰ ਤੋਲਿਆ ਜਾ ਰਿਹਾ ਹੈ ਕਿ 'ਕੁਛ ਕਿਸਾਨਾਂ' ਨੂੰ ਕਾਨੂੰਨਾਂ ਦਾ ਮਹੱਤਵ ਸਮਝਾਇਆ ਨਹੀਂ ਜਾ ਸਕਿਆ, ਕਾਨੂੰਨ ਇਸ ਕਰਕੇ ਵਾਪਸ ਲਏ ਗਏ ਹਨ। ਦੂਜੀ ਬਹੁਤ ਹੀ ਮਹੱਤਵਪੂਰਨ ਮੰਗ ਐੱਮ.ਐੱਸ.ਪੀ. (ਘੱਟੋਘੱਟ ਸਮਰਥਨ ਮੁੱਲ) ਦੀ ਕਾਨੂੰਨੀ ਗਾਰੰਟੀ ਲੈਣ ਦੀ ਸੀ ਜਿਸ ਲਈ ਕਿਸਾਨ ਜਥੇਬੰਦੀਆਂ 2017 ਤੋਂ ਸੰਘਰਸ਼ ਕਰ ਰਹੀਆਂ ਸਨ। ਇਹ ਮੰਗ ਸਪਸ਼ਟ ਰੂਪ 'ਚ ਅਜੇ ਨਹੀਂ ਮੰਨੀ ਗਈ। ਸਰਕਾਰ ਨੇ ਕਾਨੂੰਨ ਬਣਾਉਣ ਦਾ ਕੋਈ ਵਾਅਦਾ ਨਹੀਂ ਕੀਤਾ। ਅੰਦੋਲਨ ਦਾ ਹਾਸਲ ਇਹ ਹੈ ਕਿ ਸਰਕਾਰ ਐੱਮ.ਐੱਸ.ਪੀ. ਉੱਪਰ ਕਮੇਟੀ ਬਣਾਉਣ ਲਈ ਮਜਬੂਰ ਹੋਈ ਹੈ ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਨੁਮਾਇੰਦੇ ਵੀ ਲਏ ਜਾਣਗੇ। ਮੋਰਚੇ ਨੇ ਐੱਮ.ਐੱਸ.ਪੀ. ਦੀ ਗਾਰੰਟੀ ਲਈ ਹੋਰ ਰੂਪ 'ਚ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਬਿਜਲੀ ਬਿੱਲ ਨੂੰ ਵਾਪਸ ਕਰਾਉਣਾ ਇਕ ਹੋਰ ਵੱਡੀ ਮੰਗ ਸੀ ਜੋ ਮੰਨੀ ਤਾਂ ਨਹੀਂ ਗਈ। ਪਰ ਸਰਕਾਰ ਵੱਲੋਂ ਸਿਰਫ਼ ਇਹ ਵਾਅਦਾ ਕੀਤਾ ਗਿਆ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਚਰਚਾ ਕਰਨ ਤੋਂ ਬਾਦ ਹੀ ਇਹ ਬਿੱਲ ਸੰਸਦ ਵਿਚ ਪੇਸ਼ ਕੀਤਾ ਜਾਵੇਗਾ। ਜਿੱਥੋਂ ਤੱਕ ਪਰਾਲੀ ਸਾੜਨ ਦੇ ਕਾਨੂੰਨ ਦੀਆਂ ਕਿਸਾਨ ਵਿਰੋਧੀ ਮੱਦਾਂ ਦਾ ਸਵਾਲ ਹੈ ਉਨ੍ਹਾਂ ਨੂੰ ਵਾਪਸ ਲੈਣ ਉੱਪਰ ਕੇਂਦਰੀ ਮੰਤਰੀਆਂ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਸ਼ੁਰੂਆਤੀ ਮੀਟਿੰਗਾਂ 'ਚ ਹੀ ਸਹਿਮਤੀ ਬਣ ਗਈ ਸੀ।

ਜਿੱਥੋਂ ਤੱਕ ਸੰਘਰਸ਼ ਦੌਰਾਨ ਉੱਭਰੀਆਂ ਮੰਗਾਂ ਦਾ ਸਵਾਲ ਹੈ, ਉਨ੍ਹਾਂ ਵਿਚ ਅੰਦੋਲਨਕਾਰੀਆਂ ਉੱਪਰ ਦਿੱਲੀ ਅਤੇ ਹੋਰ ਸੂਬਿਆਂ 'ਚ ਦਰਜ ਦਹਿ-ਹਜ਼ਾਰਾਂ ਕੇਸ ਵਾਪਸ ਲੈਣ ਦੀ ਮੰਗ ਬਹੁਤ ਮਹੱਤਵਪੂਰਨ ਸੀ ਜੋ ਸਰਕਾਰ ਨੇ ਮੰਨ ਲਈ ਹੈ। ਹੁਣ ਦੇਖਣਾ ਇਹ ਹੈ ਕਿ ਇਸ ਨੂੰ ਅਮਲ 'ਚ ਲਾਗੂ ਕਰਾਉਣ 'ਚ ਕੀ ਸਮੱਸਿਆਵਾਂ ਆਉਂਦੀਆਂ ਹਨ। ਇਕ ਵੱਡੀ ਮੰਗ ਅੰਦੋਲਨ ਦੌਰਾਨ ਸ਼ਹੀਦ ਹੋਏ 700 ਤੋਂ ਉੱਪਰ ਕਿਸਾਨਾਂ ਦੇ ਪਰਿਵਾਰਾਂ ਲਈ ਸਾਰੇ ਰਾਜਾਂ ਵਿਚ ਪੰਜਾਬ ਦੇ ਪੈਟਰਨ 'ਤੇ ਪੰਜ ਲੱਖ ਰੁਪਏ ਸਰਕਾਰੀ ਸਹਾਇਤਾ ਅਤੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੀ ਮੰਗ ਸੀ। ਇਸ ਮੰਗ ਬਾਰੇ ਭਰੋਸਾ ਤਾਂ ਦਿਵਾਇਆ ਗਿਆ ਹੈ ਪਰ ਉਹ ਇਕ ਤਰ੍ਹਾਂ ਨਾਲ ਅਸਪੱਸ਼ਟ ਭਰੋਸਾ ਹੈ। ਇਕ ਹੋਰ ਵੱਡੀ ਮੰਗ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਮੰਤਰੀ-ਮੰਡਲ 'ਚੋਂ ਬਰਖ਼ਾਸਤਗੀ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਾਉਣ ਦੀ ਸੀ। ਇਸ ਮੰਗ ਬਾਰੇ ਕੁਛ ਵੀ ਤੈਅ ਨਹੀਂ ਹੋਇਆ। ਮੋਰਚੇ ਦੇ ਆਗੂਆਂ ਨੇ ਵੀ ਸ਼ਾਇਦ ਮੁੱਖ ਮੰਗਾਂ ਦੀ ਪ੍ਰਾਪਤੀ ਦੇ ਮੱਦੇਨਜ਼ਰ ਉਸ ਦੀ ਬਰਖ਼ਾਸਤਗੀ ਉੱਪਰ ਬਹੁਤਾ ਜ਼ੋਰ ਦੇਣਾ ਮੁਨਾਸਿਬ ਨਹੀਂ ਸਮਝਿਆ। ਇੰਞ ਇਹ ਮੰਗ ਕਿਸੇ ਤਣ-ਪੱਤਣ ਨਹੀਂ ਲੱਗੀ।

ਨਿਆਰਾ ਇਤਿਹਾਸ ਰਚਣ ਵਾਲੇ ਇਸ ਮਹਾਂਅੰਦੋਲਨ ਦਾ ਹਾਸਲ ਮਹਿਜ਼ ਉਪਰੋਕਤ ਮੰਗਾਂ ਮੰਨਵਾਉਣ ਤੱਕ ਸੀਮਤ ਨਹੀਂ ਹੈ। ਇਹ ਸਾਧਾਰਨ ਅੰਦੋਲਨ ਨਹੀਂ ਸੀ। ਇਤਿਹਾਸ 'ਚ ਕਦੇ ਕਦੇ ਹੀ ਐਸੇ ਅੰਦੋਲਨ ਹੁੰਦੇ ਹਨ ਜੋ ਲੋਕ ਮਨਾਂ ਉੱਪਰ ਡੂੰਘੀ ਛਾਪ ਛੱਡਦੇ ਹਨ। ਸਭ ਤੋਂ ਪਹਿਲਾਂ ਤਾਂ ਇਸ ਨੇ ਇਸ ਗ਼ਲਤ ਸੋਚ ਨੂੰ ਰੱਦ ਕੀਤਾ ਕਿ ਜੋ ਕਾਨੂੰਨ ਬਣ ਗਏ ਉਹ ਵਾਪਸ ਨਹੀਂ ਕਰਵਾਏ ਜਾ ਸਕਦੇ। ਇਸ ਤੋਂ ਅੱਗੇ ਇਸ ਨੇ ਦੂਜੀ ਆਲਮੀ ਜੰਗ ਤੋਂ ਬਾਦ ਇਕ ਵਾਰ ਫਿਰ ਇਹ ਸਥਾਪਤ ਕੀਤਾ ਕਿ ਫਾਸ਼ੀਵਾਦ ਅਜਿੱਤ ਨਹੀਂ ਹੈ। ਇਸ ਨੂੰ ਲੋਕ ਤਾਕਤ ਨਾਲ ਹਰਾਇਆ ਜਾ ਸਕਦਾ ਹੈ ਅਤੇ ਅਮੋੜ ਨਜ਼ਰ ਆ ਰਹੀਆਂ ਉਨ੍ਹਾਂ ਤਾਨਾਸ਼ਾਹ ਹਕੂਮਤਾਂ ਨੂੰ ਵੀ ਝੁਕਾਇਆ ਜਾ ਸਕਦਾ ਹੈ ਜੋ ਲੋਕਾਂ ਨੂੰ ਕੀੜੇ-ਮਕੌੜੇ ਸਮਝ ਕੇ ਕੁਚਲਣਾ ਆਪਣਾ ਸਦੀਵੀ ਅਧਿਕਾਰ ਸਮਝਦੀਆਂ ਹਨ। ਲੋਕ ਤਾਕਤ ਦੇ ਇਸੇ ਮਹੱਤਵ ਨੂੰ ਗ੍ਰਹਿਣ ਕਰਨ 'ਚ ਉਨ੍ਹਾਂ ਹਿੱਸਿਆਂ ਨੂੰ ਮੁਸ਼ਕਿਲ ਆਉਂਦੀ ਹੈ ਜੋ ਮਹਾਂਅੰਦੋਲਨ ਦੀ ਜਿੱਤ ਨੂੰ 'ਕਲਾ ਵਰਤ ਗਈ', 'ਕੌਤਕ ਹੋ ਗਿਆ' ਸਮਝਦੇ ਹਨ ਜਾਂ ਅਜਿਹਾ ਭਰਮ ਫੈਲਾਉਂਦੇ ਹਨ।

ਇਸ ਅੰਦੋਲਨ ਨੇ ਖੁੱਲ੍ਹੀ ਮੰਡੀ ਦੇ ਵਿਨਾਸ਼ਕਾਰੀ ਆਰਥਕ ਮਾਡਲ ਬਾਰੇ ਆਮ ਲੋਕਾਂ ਨੂੰ ਜਾਗਰੂਕ ਕੀਤਾ। ਆਮ ਲੋਕਾਂ 'ਚ ਭਾਰਤੀ ਹਾਕਮ ਜਮਾਤੀ ਸਿਆਸਤ, ਖ਼ਾਸ ਕਰਕੇ ਮੌਜੂਦਾ ਹਕੂਮਤ ਦੀ ਕਾਰਪੋਰੇਟ ਭਗਤੀ ਬਾਰੇ ਇਕ ਹੱਦ ਤੱਕ ਚੇਤਨਾ ਆਈ। ਖ਼ਾਸ ਕਰਕੇ ਪੰਜਾਬ, ਹਰਿਆਣਾ ਵਿਚ ਮੋਦੀ ਹਕੂਮਤ ਅਤੇ ਅਡਾਨੀ-ਅੰਬਾਨੀ ਦੀ ਨਾਪਾਕ ਜੋਟੀ ਹਰ ਥਾਂ ਚਰਚਾ ਦਾ ਵਿਸ਼ਾ ਬਣੀ ਰਹੀ। ਅੰਦੋਲਨ ਇਹ ਸਪਸ਼ਟ ਕਰਨ ਦਾ ਮੌਕਾ ਬਣਿਆ ਕਿ ਸਾਮਰਾਜਵਾਦੀ ਸੰਸਥਾਵਾਂ ਡਬਲਯੂ.ਟੀ.ਓ.-ਆਈ.ਐੱਮ.ਐੱਫ.-ਸੰਸਾਰ ਬੈਂਕ ਦੀ ਸਾਡੀ ਆਰਥਿਕਤਾ ਉੱਪਰ ਜਕੜ ਕਿਸ ਤਰ੍ਹਾਂ ਵਧ ਰਹੀ ਹੈ ਅਤੇ ਲੋਕ ਵਿਰੋਧੀ ਆਰਥਕ ਨੀਤੀਆਂ ਥੋਪਣ 'ਚ ਉਨ੍ਹਾਂ ਦੀ ਕੀ ਭੂਮਿਕਾ ਹੈ ਜਿਸ ਦਾ ਵਿਵਾਦਪੂਰਨ ਖੇਤੀ ਕਾਨੂੰਨ ਲਾਗੂ ਹੋਣ ਦੀ ਸੂਰਤ 'ਚ ਹੋਰ ਵੀ ਤਬਾਹਕੁੰਨ ਰੂਪ ਸਾਹਮਣੇ ਆਉਣਾ ਤੈਅ ਸੀ। ਅੰਦੋਲਨ ਨਾਲ ਪੰਜਾਬ-ਹਰਿਆਣਾ ਤੋਂ ਬਾਹਰ ਹੋਰ ਰਾਜਾਂ ਦੇ ਕਿਸਾਨਾਂ 'ਚ ਵੀ ਐੱਮ.ਐੱਸ.ਪੀ. ਅਤੇ ਸਰਕਾਰੀ ਮੰਡੀਕਰਨ ਵਿਵਸਥਾ ਬਾਰੇ ਚਰਚਾ ਹੋਣ ਲੱਗੀ ਹੈ ਅਤੇ ਹੁਣ ਉਨ੍ਹਾਂ ਨੂੰ ਵੀ ਅੰਦੋਲਨ ਲਈ ਪ੍ਰੇਰਿਆ ਅਤੇ ਲਾਮਬੰਦ ਕੀਤਾ ਜਾ ਸਕਦਾ ਹੈ।

ਆਰ.ਐੱਸ.ਐੱਸ.-ਬੀ.ਜੇ.ਪੀ. ਜ਼ਰੀਏ ਕਾਰਪੋਰੇਟ ਗ਼ਲਬੇ ਵਾਲੇ ਸਟੇਟ ਦਾ ਇਕ ਮੁੱਖ ਮਨੋਰਥ ਬੇਕਿਰਕ ਹਮਲਿਆਂ ਰਾਹੀਂ ਖ਼ੌਫ਼ ਅਤੇ ਸਹਿਮ ਦਾ ਵਿਆਪਕ ਮਾਹੌਲ ਪੈਦਾ ਕਰਨਾ ਹੈ। ਜਿਸ ਵਿਚ ਭਗਵੀਂ ਹਕੂਮਤ ਕਾਫ਼ੀ ਕਾਮਯਾਬ ਹੋ ਰਹੀ ਸੀ। ਮਹਾਂਅੰਦੋਲਨ ਨੇ ਉਸ ਖ਼ੌਫ਼ ਨੂੰ ਚਕਨਾਚੂਰ ਕਰਕੇ ਇਹ ਸਾਬਤ ਕਰ ਦਿੱਤਾ ਕਿ ਕਿਸਾਨਾਂ, ਮਜ਼ਦੂਰਾਂ 'ਚ ਫਾਸ਼ੀਵਾਦੀ ਸਟੇਟ ਅਤੇ ਸਾਮਰਾਜਵਾਦ ਦੀਆਂ ਦਲਾਲ ਹਾਕਮ ਜਮਾਤਾਂ ਦੇ ਹਮਲੇ ਵਿਰੁੱਧ ਸਿਦਕ, ਸਿਰੜ ਅਤੇ ਸਬਰ ਨਾਲ ਲੜਨ ਦੀ ਲੋਹੜੇ ਦੀ ਸਮਰੱਥਾ ਹੈ। ਜੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਲੜਨ ਦੀ












ਗੱਲ ਜਚ ਜਾਵੇ ਅਤੇ ਲਾਮਬੰਦੀ ਦਾ ਢੁੱਕਵਾਂ ਮੰਚ ਮੁਹੱਈਆ ਹੋ ਜਾਵੇ ਤਾਂ ਉਹ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਕਰਕੇ ਅੰਦੋਲਨ ਨੂੰ ਜਿੱਤ ਦੇ ਅੰਜਾਮ ਤੱਕ ਲਿਜਾਣ ਦਾ ਦਮ ਰੱਖਦੇ ਹਨ।

ਇਸ ਅੰਦੋਲਨ ਨੇ ਖ਼ਾਸ ਕਰਕੇ ਔਰਤਾਂ, ਜੋ ਸਮਾਜ ਦਾ ਅੱਧ ਹਨ, ਬਾਰੇ ਸਦੀਆਂ ਤੋਂ ਡੂੰਘੀਆਂ ਜੜ੍ਹਾਂ ਜਮਾ ਚੁੱਕੀਆਂ ਮਰਦ-ਹੰਕਾਰਵਾਦੀ ਧਾਰਨਾਵਾਂ ਨੂੰ ਸੱਟ ਮਾਰੀ ਅਤੇ ਔਰਤ ਵਰਗ ਦੇ ਅੰਦਰ ਛੁਪੀ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਦੀ ਬੇਥਾਹ ਯੋਗਤਾ-ਸਮਰੱਥਾ ਸਾਹਮਣੇ ਲਿਆਂਦੀ। ਮਰਦਾਵੀਂ ਸੱਤਾ ਦੇ ਦਾਬੇ ਹੇਠੋਂ ਕੱਢ ਕੇ ਉਨ੍ਹਾਂ ਨੂੰ ਸਮਾਜੀ ਅਮਲ 'ਚ ਸ਼ਾਮਲ ਹੋਣ ਦਾ ਬੇਰੋਕ-ਟੋਕ ਰਸਤਾ ਮੁਹੱਈਆ ਕਰਨ ਵੱਲ ਲੋਕ ਜਥੇਬੰਦੀਆਂ ਨੂੰ ਹੋਰ ਵੀ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਨੌਜਵਾਨਾਂ ਨੂੰ ਨਸ਼ੇੜੀ, ਕਿਰਤ ਨਾਲੋਂ ਟੁੱਟੇ, ਆਪਣੇ ਵਤਨ ਨੂੰ ਛੱਡ ਕੇ ਪ੍ਰਦੇਸਾਂ ਨੂੰ ਭੱਜ ਰਹੇ ਪਲਾਇਨਵਾਦੀ ਸਮਝਿਆ ਜਾਂਦਾ ਹੈ ਉਨ੍ਹਾਂ ਨੇ ਅੰਦੋਲਨ ਦਾ ਸਜਿੰਦ ਹਿੱਸਾ ਬਣ ਕੇ ਸਾਬਤ ਕਰ ਦਿੱਤਾ ਕਿ ਕਮੀ ਉਨ੍ਹਾਂ ਨੂੰ ਸੰਘਰਸ਼ ਲਈ ਪ੍ਰੇਰਨ ਅਤੇ ਲਾਮਬੰਦ ਕਰਨ ਵਾਲੀਆਂ ਤਾਕਤਾਂ 'ਚ ਹੈ।

ਅੰਦੋਲਨ ਨੇ ਬੌਧਿਕਤਾ, ਥੀਏਟਰ, ਗਾਇਕੀ, ਕਲਾ, ਸਾਹਿਤ ਵਗੈਰਾ ਦੇ ਖੇਤਰਾਂ ਦੇ ਪਸਰੀ ਖੜੋਤ ਨੂੰ ਤੋੜ ਕੇ ਜੋਸ਼ ਅਤੇ ਤਾਜ਼ਗੀ ਦਾ ਸੰਚਾਰ ਕੀਤਾ। ਵਿਸ਼ਵੀਕਰਨ ਤਹਿਤ ਵਪਾਰੀਕਰਨ, ਨਿੱਜਵਾਦ ਦੇ ਮਜ਼ਬੂਰ ਅਸਰ ਦੇ ਬਾਵਜੂਦ ਬੁੱਧੀਜੀਵੀ, ਲੇਖਕ, ਪੱਤਰਕਾਰ, ਸਾਹਿਤਕਾਰ, ਕਵੀ, ਥੀਏਟਰ-ਫਿਲਮ-ਕਲਾ ਜਗਤ ਦੇ ਲੋਕਾਂ ਨੇ ਸਮਾਜੀ ਸਰੋਕਾਰਾਂ-ਨਿਆਂ ਲਈ ਸੰਘਰਸ਼ਾਂ ਨਾਲ ਮਜ਼ਬੂਤ ਵਚਨਬੱਧਤਾ ਦਿਖਾ ਕੇ ਸਾਬਤ ਕਰ ਦਿੱਤਾ ਕਿ ਉਨ੍ਹਾਂ ਦੀ ਸਾਰਥਕ ਭੂਮਿਕਾ ਬੀਤੇ ਦੀਆਂ ਕਹਾਣੀਆਂ ਨਹੀਂ ਹਨ, ਉਨ੍ਹਾਂ ਵਿਚ ਹੁਣ ਵੀ ਇਤਿਹਾਸ ਰਚਣ ਵਾਲੇ ਸੰਘਰਸ਼ਾਂ 'ਚ ਅਵਾਮ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਦੀ ਵਚਨਬੱਧਤਾ ਅਤੇ ਸਮਰੱਥਾ ਹੈ।

ਦੁਕਾਨਦਾਰਾਂ, ਸਵੈਰੋਜ਼ਗਾਰ ਨਾਲ ਗੁਜ਼ਾਰਾ ਕਰਦੇ ਵੱਖ-ਵੱਖ ਮਿਹਨਤਕਸ਼ ਹਿੱਸਿਆਂ, ਛੋਟੇ ਕਾਰੋਬਾਰੀਆਂ ਆਦਿ ਨੂੰ ਅੰਦੋਲਨ ਵਿਚ ਉਮੀਦ ਦੀ ਇਕ ਕਿਰਨ ਨਜ਼ਰ ਆਈ ਜੋ ਖ਼ੁਦ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਦੇ ਹਮਲੇ ਨੇ ਬੁਰੀ ਤਰ੍ਹਾਂ ਝੰਭੇ ਹੋਏ ਹਨ ਅਤੇ ਉਨ੍ਹਾਂ 'ਚ ਇਨ੍ਹਾਂ ਨੀਤੀਆਂ ਵਿਰੁੱਧ ਬੇਚੈਨੀ ਅਤੇ ਮਾਯੂਸੀ ਹੈ। ਖ਼ਾਸ ਕਰਕੇ ਦਿੱਲੀ ਦੀਆਂ ਹੱਦਾਂ ਉੱਪਰ ਲੱਗੇ ਪੱਕੇ ਮੋਰਚਿਆਂ ਨਾਲ ਆ ਰਹੀਆਂ ਮੁਸ਼ਕਲਾਂ ਦੇ ਬਾਵਜੂਦ ਉੱਥੇ ਦੇ ਮਿਹਨਤਕਸ਼ ਅਤੇ ਛੋਟੇ ਕਾਰੋਬਾਰੀ ਮੋਰਚੇ ਦਾ ਸਾਥ ਦਿੰਦੇ ਰਹੇ ਅਤੇ ਵੱਖ-ਵੱਖ ਰੂਪਾਂ 'ਚ ਯੋਗਦਾਨ ਪਾਉਂਦੇ ਰਹੇ।

ਮਹਾਂਅੰਦੋਲਨ ਨੇ ਇਹ ਵੀ ਦਿਖਾ ਦਿੱਤਾ ਕਿ ਜਦੋਂ ਨਿੱਘਰ ਚੁੱਕੀ ਸੰਸਦੀ ਵਿਵਸਥਾ ਹੰਕਾਰੀ ਹੋਈ ਤਾਨਾਸ਼ਾਹ ਹਕੂਮਤ ਦੀਆਂ ਮਨਮਾਨੀਆਂ ਅੱਗੇ ਗੋਡੇ ਟੇਕ ਦਿੰਦੀ ਹੈ ਅਤੇ ਬੇਵੱਸ ਨਜ਼ਰ ਆਉਂਦੀ ਹੈ ਉਨ੍ਹਾਂ ਹਾਲਾਤ 'ਚ ਇੱਕੋਇਕ ਸਹੀ ਬਦਲ ਲੋਕਾਂ ਦਾ ਸੜਕਾਂ ਉੱਪਰ ਆ ਕੇ ਹਕੂਮਤ ਨੂੰ ਸਿੱਧੇ ਮੱਥੇ ਟੱਕਰਨਾ ਹੀ ਹੁੰਦਾ ਹੈ ਅਤੇ ਫਾਸ਼ੀਵਾਦ ਦਾ ਮੁਕਾਬਲਾ ਜਥੇਬੰਦ ਲੋਕ ਤਾਕਤ ਨਾਲ ਹੀ ਕੀਤਾ ਜਾ ਸਕਦਾ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਰਾਜ ਵਿਚ ਕਥਿਤ ਉਦਾਰਵਾਦੀ ਧਰਮਨਿਰਪੱਖ ਤਾਕਤਾਂ ਹਾਸ਼ੀਏ 'ਤੇ ਧੱਕ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਪਾਰਲੀਮੈਂਟਰੀ ਸਿਆਸਤ ਦਾ ਦੋਗਲਾ ਕਿਰਦਾਰ ਪੂਰੀ ਤਰ੍ਹਾਂ ਬੇਪਰਦ ਹੋਇਆ ਹੈ। ਪਾਰਲੀਮੈਂਟਰੀ ਖੱਬੇਪੱਖੀਆਂ ਸਮੇਤ ਚੋਣਵਾਦੀ ਰਾਜਨੀਤਕ ਪਾਰਟੀਆਂ ਕਾਲੇ ਖੇਤੀ ਕਾਨੂੰਨ ਬਣਾਏ ਜਾਣ ਸਮੇਂ ਤਮਾਸ਼ਬੀਨ ਬਣੀਆਂ ਰਹੀਆਂ। ਖੇਤੀ ਆਰਡੀਨੈਂਸ ਅਤੇ ਕਾਨੂੰਨ ਬਣਾ ਦਿੱਤੇ ਜਾਣ ਤੋਂ ਬਾਦ ਵੀ ਇਨ੍ਹਾਂ ਨੇ ਕੋਈ ਅੰਦੋਲਨ ਨਹੀਂ ਕੀਤਾ। ਇਨ੍ਹਾਂ ਵਿੱਚੋਂ ਅਕਾਲੀ ਦਲ ਵਰਗੀਆਂ ਪਾਰਟੀਆਂ ਨਾ ਸਿਰਫ਼ ਇਨ੍ਹਾਂ ਕਾਨੂੰਨਾਂ ਨੂੰ ਬਣਾਏ ਜਾਣ 'ਚ ਭਾਈਵਾਲ ਸਨ ਸਗੋਂ ਇਹ ਤਾਂ ਖ਼ੁਦ ਖੁੱਲ੍ਹੀ ਮੰਡੀ ਆਰਥਿਕਤਾ ਦੀਆਂ ਪੈਰੋਕਾਰ ਹਨ ਅਤੇ ਕਈਆਂ ਦੇ ਚੋਣ ਮਨੋਰਥਪੱਤਰਾਂ ਵਿਚ ਸਰਕਾਰੀ ਮੰਡੀ ਢਾਂਚੇ ਦੀਆਂ ਰੋਕਾਂ ਨੂੰ ਖ਼ਤਮ ਕਰਕੇ ਖੁੱਲ੍ਹੀ ਮੰਡੀ ਦਾ ਰਾਹ ਪੱਧਰਾ ਕਰਨ ਦਾ ਇਕਰਾਰ ਬਾਕਾਇਦਗੀ ਨਾਲ ਸ਼ਾਮਿਲ ਹੈ। ਬੀਜੇਪੀ ਦਾ ਇਹ ਇਲਜ਼ਾਮ ਪੂਰੀ ਤਰ੍ਹਾਂ ਸਹੀ ਹੈ ਕਿ ਕਾਂਗਰਸ ਵੀ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਲਿਆਉਣ ਦੀ ਗੱਲ ਕਰਦੀ ਰਹੀ ਹੈ। ਅਕਾਲੀ ਦਲ ਨੇ ਖੇਤੀ ਆਰਡੀਨੈਂਸ ਅਤੇ ਕਾਨੂੰਨ ਲਿਆਂਦੇ ਜਾਣ 'ਤੇ ਇਨ੍ਹਾਂ ਦੀ ਹਮਾਇਤ ਕੀਤੀ। ਬਿਹਾਰ ਵਿਚ ਸਰਕਾਰੀ ਮੰਡੀਆਂ ਦਾ ਖ਼ਾਤਮਾ ਨਿਤੀਸ਼ ਕੁਮਾਰ ਦੀ ਸਰਕਾਰ ਨੇ ਕੀਤਾ ਜੋ ਕਿਸਾਨਾਂ ਦੀ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ। ਇਹ ਗੱਲ ਵੱਖਰੀ ਹੈ ਕਿ ਵਿਸ਼ਾਲ ਅੰਦੋਲਨ ਦੇ ਦਬਾਓ ਹੇਠ ਅਤੇ ਕਿਸਾਨਾਂ ਦੀ ਹਮਦਰਦੀ ਬਟੋਰਨ ਲਈ ਕਾਂਗਰਸ, ਅਕਾਲੀ, ਆਮ ਆਦਮੀ ਪਾਰਟੀ, ਬੀ.ਐੱਸ.ਪੀ. ਆਦਿ ਨੂੰ ਕਾਲੇ ਖੇਤੀ ਕਾਨੂੰਨ ਵਾਪਸ ਲੈਣ ਲਈ ਸੰਘਰਸ਼ ਦੀ ਹਮਾਇਤ ਕਰਨ ਦਾ ਅੱਕ ਚੱਬਣਾ ਪਿਆ।

ਪਾਰਲੀਮੈਂਟਰੀ ਪਾਰਟੀਆਂ ਦਾ ਦੀਵਾਲੀਆਪਣ ਇਸ ਕਦਰ ਹੈ ਕਿ ਪਾਰਲੀਮੈਂਟਰੀ ਵਿਰੋਧੀ-ਧਿਰ ਤਾਂ ਸੰਸਦ ਵਿਚ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਹਮਲਿਆਂ ਤੋਂ ਆਪਣਾ ਰਸਮੀਂ ਬਹਿਸ ਦਾ ਹੱਕ ਬਚਾਉਣ ਦੀ ਹਾਲਤ 'ਚ ਵੀ ਨਹੀਂ ਹੈ। ਸੰਘ ਬਰਗੇਡ ਦੇ ਫਿਰਕੂ ਪਾਟਕ ਪਾਊ ਏਜੰਡੇ ਅਤੇ ਹਮਲਾਵਰ ਰਾਸ਼ਟਰਵਾਦੀ ਮੁਹਿੰਮ ਅੱਗੇ ਲੋਕਪੱਖੀ ਧਰਮਨਿਰਪੱਖ ਤਾਕਤਾਂ ਦਾ ਸੰਘਰਸ਼ ਨਿਤਾਣਾ ਮਹਿਸੂਸ ਕਰ ਰਿਹਾ ਸੀ। ਮੱਧ ਵਰਗ ਦਾ ਵੱਡਾ ਹਿੱਸਾ ਬਹੁਗਿਣਤੀਵਾਦੀ ਅਤੇ ਰਾਸ਼ਟਰਵਾਦੀ ਜਨੂੰਨ ਦੇ ਪ੍ਰਭਾਵ ਹੇਠ ਇਸ ਦੀ ਹਮਾਇਤ ਕਰ ਰਿਹਾ ਸੀ। ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਥੋਪੇ ਜਾਣ ਵਿਰੁੱਧ ਵੀ ਇਹ ਲੋਕਪੱਖੀ ਬੁੱਧੀਜੀਵੀ, ਧਾਰਮਿਕ ਘੱਟਗਿਣਤੀ ਦੀਆਂ ਸੰਸਥਾਵਾਂ ਅਤੇ ਲੋਕ, ਖ਼ਾਸ ਕਰਕੇ ਪੜ੍ਹੀਆਂ-ਲਿਖੀਆਂ ਮੁਸਲਿਮ ਲੜਕੀਆਂ ਅਤੇ ਘਰੇਲੂ ਔਰਤਾਂ ਹੀ ਸਨ ਜੋ ਸੜਕਾਂ ਉੱਪਰ ਆ ਕੇ ਫਿਰਕੂ ਕਾਨੂੰਨਾਂ ਦੇ ਵਿਰੋਧ 'ਚ ਡੱਟੀਆਂ ਸਨ। ਮਹਾਂਅੰਦੋਲਨ ਨੇ ਫਿਰਕੂ ਨਫ਼ਰਤ ਦੀ ਸਿਆਸਤ ਨੂੰ ਸਖ਼ਤ ਟੱਕਰ ਦਿੱਤੀ ਜਿਸ ਨੇ ਭਾਈਚਾਰਕ ਏਕਤਾ ਅਤੇ ਇਸ ਲਈ ਯਤਨਸ਼ੀਲ ਧਰਮਨਿਰਪੱਖ ਤਾਕਤਾਂ 'ਚ ਨਵੀਂ ਰੂਹ ਫੂਕ ਦਿੱਤੀ।

ਜੇਕਰ ਆਰ.ਐੱਸ.ਐੱਸ.-ਬੀ.ਜੇ.ਪੀ. ਇਹ ਕਾਨੂੰਨ ਲਾਗੂ ਕਰਨ ਦੇ ਆਪਣੇ ਮਨਸੂਬਿਆਂ 'ਚ ਕਾਮਯਾਬ ਹੋ ਜਾਂਦੀ, ਉਨ੍ਹਾਂ ਹਾਲਾਤ ਦੀ ਕਲਪਨਾ ਕਰਕੇ ਅੰਦੋਲਨ ਦੇ ਹਾਸਲ ਦੇ ਮਹੱਤਵ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਇਕ ਅਮਲ 'ਚੋਂ ਲੰਘ ਕੇ ਇਨ੍ਹਾਂ ਕਾਨੂੰਨਾਂ ਤਹਿਤ ਖੇਤੀ ਖੇਤਰ 'ਚ ਸਰਕਾਰੀ ਕੰਟਰੋਲ ਦਾ ਭੋਗ ਪੈਣਾ ਸ਼ੁਰੂ ਹੋ ਜਾਣਾ ਸੀ। ਕਿਸਾਨ ਪੂਰੀ ਤਰ੍ਹਾਂ ਪ੍ਰਾਈਵੇਟ ਪਲੇਅਰਾਂ ਉੱਪਰ ਨਿਰਭਰ ਹੋ ਜਾਣੇ ਸਨ। ਕਿਸਾਨਾਂ ਨੇ ਆਪਣੀ ਮਰਜ਼ੀ ਅਨੁਸਾਰ ਅਤੇ ਸਾਡੇ ਸਮਾਜ ਦੀ ਖ਼ਪਤ ਦੀ ਜ਼ਰੂਰਤ ਅਨੁਸਾਰ ਫ਼ਸਲਾਂ ਉਗਾਉਣ ਦੀ ਬਜਾਏ ਕਾਰਪੋਰੇਟ ਖੇਤਰ ਦੀਆਂ ਮੁਨਾਫ਼ਾਮੁਖੀ ਤਰਜ਼ੀਹਾਂ ਅਨੁਸਾਰ ਪੈਦਾਵਾਰ ਕਰਨ ਅਤੇ ਉਨ੍ਹਾਂ ਵੱਲੋਂ ਦਿੱਤੇ ਜਾਣ ਵਾਲੇ ਘਾਟੇਵੰਦੇ ਭਾਅ ਉੱਪਰ ਆਪਣੀ ਪੈਦਾਵਾਰ ਵੇਚਣ ਲਈ ਮਜਬੂਰ ਹੋ ਜਾਣਾ ਸੀ। ਆਖ਼ਿਰਕਾਰ ਉਨ੍ਹਾਂ ਨੇ ਹੋਰ ਵਧੇਰੇ ਕਰਜ਼ਾਈ ਹੋ ਕੇ ਖੇਤੀ ਖੇਤਰ ਤੋਂ ਬਾਹਰ ਧੱਕੇ ਜਾਣਾ ਸੀ। ਅਨਾਜ ਦਾ ਮੰਡੀਕਰਨ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਹੱਥਾਂ 'ਚ ਚਲਾ ਜਾਣਾ ਸੀ ਜਿਨ੍ਹਾਂ ਨੂੰ ਜਮ੍ਹਾਂਖ਼ੋਰੀ ਤਹਿਤ ਖਾਧ ਪਦਾਰਥਾਂ ਦੇ ਰੇਟ ਆਪਣੀ ਮਨ ਮਰਜ਼ੀ ਨਾਲ ਵਸੂਲਣ ਦੀ ਖੁੱਲ੍ਹ ਮਿਲ ਜਾਣੀ ਸੀ। ਮੁਲਕ ਦੀ ਅੰਨ੍ਹ ਦੀ ਸੁਰੱਖਿਆ ਨਹੀਂ ਰਹਿਣੀ ਸੀ। ਜਨਤਕ ਵੰਡ ਪ੍ਰਣਾਲੀ ਪੂਰੀ ਤਰ੍ਹਾਂ ਖ਼ਤਮ ਹੋ ਜਾਣੀ ਸੀ ਜਿਸ ਦੇ ਮੂਲ ਮਨੋਰਥ ਨੂੰ ਤਿਲਾਂਜਲੀ ਦੇ ਕੇ 1991 ਤੋਂ ਹੀ ਟਾਰਗੈਟਿਡ ਹਿੱਸਿਆਂ ਤੱਕ ਸੀਮਤ ਕੀਤਾ ਗਿਆ ਹੈ। ਸਮਾਜ ਦੇ ਵੱਡੇ ਹਿੱਸੇ ਨੂੰ ਹਾਸ਼ੀਏ 'ਤੇ ਧੱਕੇ ਜਾਣ ਦੀ ਰਫ਼ਤਾਰ ਹੋਰ ਵੀ ਬੇਤਹਾਸ਼ਾ ਹੋ ਜਾਣੀ ਸੀ।

ਅੰਦੋਲਨਾਂ 'ਚ ਸਾਰੀਆਂ ਮੰਗਾਂ ਨੂੰ ਮੰਨਵਾਉਣਾ ਸੰਭਵ ਨਹੀਂ ਹੁੰਦਾ। ਅੰਦੋਲਨ ਲੋਕਾਂ 'ਚ ਕਿਸ ਤਰ੍ਹਾਂ ਦੀ ਚੇਤਨਾ ਅਤੇ ਜਾਗਰੂਕਤਾ ਲਿਆਉਂਦਾ ਹੈ, ਮੰਗਾਂ ਦੀ ਪ੍ਰਾਪਤੀ ਦੇ ਨਾਲ-ਨਾਲ ਇਹ ਵੀ ਬਹੁਤ ਮਹੱਤਵ ਰੱਖਦਾ ਹੈ। ਮੰਗਾਂ ਦੇ ਉਪਰੋਕਤ ਹਾਸਲ ਦੇ ਨਾਲ-ਨਾਲ ਮਹਾਂਅੰਦੋਲਨ ਨੇ ਲੋਕਾਂ ਨੂੰ ਸਮਾਜਿਕ ਅਤੇ ਖੇਤਰੀ ਵੰਡੀਆਂ ਤੋਂ ਉੱਪਰ ਉੱਠ ਕੇ ਆਪਣੇ ਹੱਕਾਂ ਅਤੇ ਸਾਂਝੇ ਹਿਤਾਂ ਲਈ ਸੰਘਰਸ਼ਾਂ ਅਤੇ ਜਥੇਬੰਦੀ ਦੀ ਜ਼ਰੂਰਤ, ਜਥੇਬੰਦਕ ਤਾਕਤ ਅਤੇ ਭਾਈਚਾਰਕ ਸਾਂਝ ਦੀ ਸੋਝੀ ਦਿੱਤੀ ਹੈ। ਇਹ ਸਿਰਫ਼ ਭਾਰਤ 'ਚ ਨਹੀਂ ਸਗੋਂ ਕੁਲ ਦੁਨੀਆ ਦੇ ਮਿਹਨਤਕਸ਼ ਲੋਕਾਂ ਲਈ ਕਾਰਪੋਰੇਟ ਗ਼ਲਬੇ ਨਾਲ ਟੱਕਰ ਲੈਣ ਦੀ ਪ੍ਰੇਰਨਾ ਬਣਿਆ ਹੈ। ਇਨ੍ਹਾਂ ਤੋਂ ਇਲਾਵਾ, ਮਹਾਂਅੰਦੋਲਨ ਦੇ ਹੋਰ ਵੀ ਕਈ ਹਾਸਲ ਗਿਣਾਏ ਜਾ ਸਕਦੇ ਹਨ। ਉੱਘੇ ਬੁੱਧੀਜੀਵੀ ਨੋਮ ਚੌਮਸਕੀ ਨੇ ਇਸ ਅੰਦੋਲਨ ਨੂੰ "ਅੰਧਕਾਰ ਵਿਚ ਚਾਨਣ ਮੁਨਾਰਾ" ਐਵੇਂ ਨਹੀਂ ਕਿਹਾ ਸੀ। ਸੰਯੁਕਤ ਕਿਸਾਨ ਮੋਰਚਾ ਇਨ੍ਹਾਂ ਪ੍ਰਾਪਤੀਆਂ ਨੂੰ ਸਾਂਭਦੇ ਹੋਏ ਅਗਲੇ ਸੰਘਰਸ਼ਾਂ ਦੀ ਤਿਆਰੀ ਉੱਪਰ ਕੇਂਦਰਤ ਕਰਕੇ ਹੋਰ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਕਾਰਪੋਰੇਟ ਰਾਜ ਵਿਰੁੱਧ ਅਗਲੇ ਸੰਘਰਸ਼ਾਂ ਵਿਚ ਇਹ ਅਮੀਰ ਤਜ਼ਰਬਾ ਕੰਮ ਆਉਣਾ ਹੈ।

# ਸੰਘੀ ਫਿਰਕੂ ਪ੍ਰਯੋਗਾਂ ਦੀ ਭੂਮੀ ਹੁਣ ਕਰਨਾਟਕ ਬਣਿਆ

## ''ਇਸ ਖੁੱਲ੍ਹੇ ਝੂਠ ਕੋ ਜ਼ਿਹਨ ਕੀ ਲੂਟ ਕੋ, ਮੈਂ ਨਹੀਂ ਮਾਨਤਾ ਮੈਂ ਨਹੀਂ ਮਾਨਤਾ।"

**ਸੁਖਦੇਵ**

ਅਜੋਕੇ ਦੌਰ ਵਿੱਚ ਹਬੀਬ ਜਾਲਿਬ ਦੇ ਇਹ ਸ਼ਬਦ ਸੱਚ ਦੇ ਪਹਿਰੇਦਾਰਾਂ ਦਾ ਨਾਅਰਾ ਬਣ ਗਏ ਹਨ। ਹਾਕਮ ਧਿਰ ਦੀ ਸ਼ਹਿ 'ਤੇ ਅਖੌਤੀ ਕੌਮੀ ਮੀਡੀਆ ਅਤੇ ਭਾਜਪਾ ਦੇ ਆਈਟੀ ਸੈੱਲ ਦਾ ਪ੍ਰਚਾਰ ਤੰਤਰ ਝੂਠ ਨੂੰ ਸੱਚ ਬਣਾ ਕੇ ਪਰੋਸ ਰਿਹਾ ਹੈ। ਇਸ ਝੂਠ ਦੇ ਪ੍ਰਚਾਰ ਤੋਂ ਨਾਬਰੀ ਕਿਰਤੀ ਅਬਾਦੀ ਦੀ ਮੁਕਤੀ ਦੀ ਜਰੂਰਤ ਬਣ ਗਈ ਹੈ। ਜਦੋਂ-ਜਦੋਂ ਹੀ ਮਨੁੱਖਤਾ 'ਤੇ ਖਤਰਾ ਮੰਡਰਾਉਂਦਾ ਹੈ ਉਦੋਂ-ਉਦੋਂ ਹੀ ਖਤਰੇ ਦਾ ਮੁਕਾਬਲਾ ਕਰਨ ਵਾਲ਼ੀਆਂ ਸ਼ਕਤੀਆਂ ਹੱਥਾਂ 'ਚ ਮਸ਼ਾਲਾਂ ਫੜ ਕਾਲ਼ੀਆਂ ਹਨੇਰੀਆਂ ਤਾਕਤਾਂ ਦਾ ਰਾਹ ਰੋਕਣ ਲਈ ਮੈਦਾਨ ਵਿੱਚ ਉੱਤਰ ਆਉਂਦੀਆਂ ਹਨ। ਸੰਸਾਰ ਸਰਮਾਏ ਦੇ ਸਾਮਰਾਜੀ ਦੌਰ ਦੇ ਅਜੋਕੇ ਪੜਾਅ ਵਿੱਚ ਦੁਨੀਆਂ ਭਰ ਦੇ ਕਿਰਤੀ ਲੋਕਾਂ ਵਿੱਚ ਦੇਸੀ ਵਿਦੇਸ਼ੀ ਸਰਮਾਏ ਦੇ ਹੱਲੇ ਵਿਰੁੱਧ ਪੈਦਾ ਹੋਣ ਵਾਲ਼ਾ ਜੁਝਾਰੂ ਰੁਝਾਨ, ਇੱਕ ਸੁਲੱਖਣਾ ਵਰਤਾਰਾ ਹੈ। ਦੂਜੇ ਪਾਸੇ ਸਰਮਾਏ ਦੀਆਂ ਹਨੇਰੀਆਂ ਤਾਕਤਾਂ ਵੱਲੋਂ ਕਿਰਤੀ ਲੋਕਾਂ ਦੇ ਜਮਹੂਰੀ ਹੱਕਾਂ 'ਤੇ ਹਮਲੇ ਤੇਜ਼ ਹੋ ਗਏ ਹਨ ਅਤੇ ਹਕੂਮਤੀ ਤੰਤਰ ਵੱਧ ਤੋਂ ਵੱਧ ਲੋਕ ਦੋਖੀ ਅਤੇ ਜਾਬਰ ਹੋ ਰਿਹਾ ਹੈ।

ਭਾਰਤ ਸਮੇਤ ਦੁਨੀਆਂ ਭਰ ਵਿੱਚ ਸੱਜ ਪਿਛਾਖੜੀ ਤਾਕਤਾਂ ਦਾ ਉਭਾਰ ਹੈ। 2014 ਤੋਂ ਬਾਅਦ ਮੋਦੀ ਦੇ ਸੱਤ੍ਹਾ 'ਚ ਆਉਣ 'ਤੇ ਭਾਰਤ ਵਿੱਚ ਫਿਰਕੂ ਫਾਸੀਵਾਦੀ ਮੁਹਿੰਮ ਨੇ ਤੇਜ਼ੀ ਫੜ ਲਈ ਹੈ। ਬੇਸ਼ੱਕ ਭਾਰਤ ਵਿੱਚ ਹਿੰਦੂਤਵੀ ਫਾਸੀਵਾਦੀ ਫ਼ਿਰਕਾਪ੍ਰਸਤੀ ਦਾ ਲੰਬਾ ਇਤਿਹਾਸ ਹੈ। ਦੂਜੇ ਪਾਸੇ ਮੁਲਕ ਭਰ ਵਿੱਚ ਮਜ਼ਦੂਰਾਂ, ਗ਼ਰੀਬ ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜਮਾਂ ਅਤੇ ਮੱਧਵਰਗ ਦੇ ਜਾਗਰੂਕ ਹਿੱਸੇ ਵੱਧ ਤੋਂ ਵੱਧ ਗਿਣਤੀ ਵਿੱਚ ਘੋਲ਼ਾਂ ਦੇ ਪਿੜ ਵਿੱਚ ਸ਼ਾਮਲ ਹੋ ਰਹੇ ਹਨ। ਹੁਣੇ-ਹੁਣੇ ਮੋਦੀ ਵਰਗੇ ਹੰਕਾਰੀ ਹਾਕਮ ਨੂੰ ਤਿੰਨ ਖੇਤੀ ਕਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਹੈ। ਲਗਭਗ ਇੱਕ ਸਾਲ ਤੋਂ ਵੱਧ ਸਮੇਂ ਤੋਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਤਿੰਨ ਖੇਤੀ ਕਨੂੰਨਾਂ ਖਿਲਾਫ ਚੱਲਣ ਵਾਲ਼ੇ ਘੋਲ਼ ਨੇ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੇ ਘੋਲ਼ਾਂ ਦੀ ਤਾਕਤ ਦਾ ਲੋਹਾ ਮਨਵਾਇਆ ਹੈ। ਸਾਡੇ ਸਮੇਂ ਦੇ ਇਸ ਵੱਡੇ ਅਤੇ ਵਿਸ਼ਾਲ ਘੋਲ਼ ਨੇ ਕਿਰਤੀ ਲੋਕਾਂ ਦੇ ਹੌਸਲੇ ਬੁਲੰਦ ਕੀਤੇ ਹਨ। ਪਰ ਖਤਰਾ ਟਲਿਆ ਨਹੀਂ ਹੈ। ਹਾਰਬੋਧ ਦਾ ਸ਼ਿਕਾਰ ਹੋਈਆਂ ਫਾਸੀਵਾਦੀ ਤਾਕਤਾਂ ਨੇ ਆਪਣੀ ਸਰਗਰਮੀ ਹੋਰ ਤੇਜ਼ ਕਰ ਦਿੱਤੀ ਹੈ। ਲੰਘੇ ਦਿਨੀਂ ਭਾਰਤੀ ਟੀਮ ਦੇ ਕ੍ਰਿਕਟ ਵਿੱਚ ਹਾਰਨ ਦੇ ਬਹਾਨੇ ਕਸ਼ਮੀਰੀਆਂ 'ਤੇ ਹਮਲੇ, ਪੰਜਾਬ ਵਿੱਚ ਕਸ਼ਮੀਰੀ ਵਿਦਿਆਰਥੀਆਂ ਨਾਲ਼ ਵਿਤਕਰਾ, ਤ੍ਰਿਪੁਰਾ, ਉੱਤਰਾਖੰਡ (ਨੈਨੀਤਾਲ) ਅਤੇ ਮਹਾਰਾਸ਼ਟਰ ਦੀਆਂ ਘਟਨਾਵਾਂ ਦੱਸਦੀਆਂ ਹਨ ਕਿ ਸੰਘ ਪਰਿਵਾਰ ਫ਼ਿਰਕੂ ਫਾਸੀਵਾਦ ਦੀ ਅੰਨ੍ਹੀ ਕੌਮਵਾਦੀ ਮੁਹਿੰਮ ਨੂੰ ਦੇਸ਼ ਵਿਆਪੀ ਪੱਧਰ 'ਤੇ ਫੈਲਾਉਣ ਦੀ ਬੇਸਬਰੀ ਵਿੱਚ ਹੈ। ਜੇ ਸੂਬਿਆਂ ਦੀ ਗੱਲ ਕੀਤੀ ਜਾਏ ਤਾਂ 2002 ਵਿੱਚ ਗੁਜਰਾਤ, 2013 ਵਿੱਚ ਉੱਤਰ ਪ੍ਰਦੇਸ਼ ਅਤੇ ਹੁਣ ਤ੍ਰਿਪੁਰਾ, ਉੱਤਰਾਖੰਡ, ਮਹਾਰਾਸ਼ਟਰ ਅਤੇ ਕਰਨਾਟਕ ਨੂੰ ਵਿਸ਼ੇਸ਼ ਤੌਰ 'ਤੇ ਫ਼ਿਰਕੂ ਪ੍ਰਯੋਗਾਂ ਦੀ ਭੂਮੀ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਗੁਜਰਾਤ ਅਤੇ ਉੱਤਰ ਪ੍ਰਦੇਸ਼ ਪਹਿਲਾਂ ਹੀ ਇਨ੍ਹਾਂ ਦੀ ਜੱਦ ਵਿੱਚ ਹਨ। ਵੈਸੇ ਇਨ੍ਹਾਂ ਸੂਬਿਆਂ ਵਿੱਚ ਅਤੇ ਖ਼ਾਸ ਕਰਕੇ ਕਰਨਾਟਕ ਵਿੱਚ ਕਾਫੀ ਲੰਬੇ ਸਮੇਂ ਤੋਂ ਇਸ ਮੁਹਿੰਮ ਦੀ ਤਿਆਰੀ ਕੀਤੀ ਜਾ ਰਹੀ ਸੀ।

ਕਰਨਾਟਕ ਵਿੱਚ ਬੁੱਧੀਜੀਵੀਆਂ ਦੇ ਕਤਲ ਦੱਖਣੀ ਭਾਰਤ ਵਿੱਚ ਮੁੱਖ ਰੂਪ ਵਿੱਚ ਕਰਨਾਟਕ ਨੂੰ ਫਿਰਕੂ ਪ੍ਰਯੋਗਾਂ ਦੀ ਭੂਮੀ ਬਣਾਇਆ ਗਿਆ ਹੈ। 2009 ਵਿੱਚ ਮੈਂਗਲੂਰੂ ਪੱਬ ਹਮਲੇ ਦੌਰਾਨ ਹਿੰਦੂਤਵੀ ਸੰਗਠਨ ਸ਼੍ਰੀ ਰਾਮ ਸੈਨਾ ਅਤੇ ਉਸ ਦੇ ਇੱਕ ਆਗੂ ਪ੍ਰਮੋਦ ਮੁਤਾਲਿਕ ਦਾ ਨਾਂ ਸੁਰਖੀਆਂ ਵਿੱਚ ਆਇਆ। ਉਸ ਤੋਂ ਬਾਅਦ ਕਰਨਾਟਕ ਵਿੱਚ ਨਫ਼ਰਤੀ ਪ੍ਰਚਾਰ, ਘੱਟ ਗਿਣਤੀ ਮੁਸਲਿਮ ਅਬਾਦੀ 'ਤੇ ਹਮਲੇ ਅਤੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਦਬਾਉਣ ਲਈ ਕਾਤਲਾਂ ਦਾ ਲਗਾਤਾਰ ਇੱਕ ਸਿਲਸਿਲਾ ਚੱਲਦਾ ਆ ਰਿਹਾ ਹੈ। ਅਖੌਤੀ ਲਵ ਜਿਹਾਦ ਵਿਰੁੱਧ ਲੜਨ ਦੇ ਨਾਂ 'ਤੇ ਲੋਕਾਂ ਦੀ ਨਿੱਜੀ ਜ਼ਿੰਦਗੀ ਵਿੱਚ ਦਖਲ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਸਮਾਜਿਕ ਸੱਭਿਆਚਾਰਕ ਤੌਰ 'ਤੇ ਆਮ ਲੋਕਾਂ ਦੀ ਪਛੜੀ ਚੇਤਨਾ ਨੂੰ ਆਪਣੇ ਨਫਰਤੀ ਫਾਸੀਵਾਦੀ ਮਕਸਦ ਦੀ ਪੂਰਤੀ ਲਈ ਹਥਿਆਰ ਬਣਾਇਆ ਜਾ ਰਿਹਾ ਹੈ। 2013 ਵਿੱਚ ਪੂਨਾ ਵਿਖੇ ਪ੍ਰਸਿੱਧ ਤਰਕਸ਼ੀਲ ਕਾਰਕੁਨ ਅਤੇ ਬੁੱਧੀਜੀਵੀ ਨਰੇਂਦਰ ਦਾਭੋਲਕਰ ਦਾ ਕਤਲ ਹੋਇਆ, 2015 ਵਿੱਚ ਕਮਿਊਨਿਸਟ ਪਾਰਟੀ ਦੇ ਗੋਬਿੰਦ ਪਨਸਾਰੇ ਦਾ ਕਤਲ ਅਤੇ ਇਸੇ ਵਰ੍ਹੇ ਹੀ ਐੱਮ.ਐੱਮ. ਕੁਲਬਰਗੀ ਦਾ ਕਤਲ ਹੋਇਆ। 2017 ਵਿੱਚ ਪ੍ਰਸਿੱਧ ਪੱਤਰਕਾਰ ਅਤੇ ਸਮਾਜਿਕ ਕਾਰਕੁਨ ਗੌਰੀ ਲੰਕੇਸ਼ ਦਾ ਕਤਲ ਕਰ ਦਿੱਤਾ ਗਿਆ। ਇਨ੍ਹਾਂ ਸਾਰੇ ਕਤਲਾਂ ਦੇ ਤਾਰ ਸ਼੍ਰੀਰਾਮ ਸੈਨਾ ਅਤੇ ਸਨਾਤਨ ਸੰਸਥਾ ਨਾਮ ਦੀਆਂ ਹਿੰਦੂਤਵੀ ਜਥੇਬੰਦੀਆਂ ਨਾਲ਼ ਜੁੜਦੇ ਹਨ।



8 ਅਕਤੂਬਰ 2021 ਨੂੰ ਅਰਬਾਜ ਨਾਂ ਦੇ ਮੁਸਲਮਾਨ ਲੜਕੇ ਦੇ ਕਤਲ ਵਿੱਚ 8 ਬੰਦਿਆਂ ਦੀ ਗ੍ਰਿਫਤਾਰੀ ਦੀ ਖ਼ਬਰ ਛਪੀ ਹੈ। ਅਰਬਾਜ ਦੀ ਇੱਕ ਹਿੰਦੂ ਲੜਕੀ ਨਾਲ਼ ਤਿੰਨ ਸਾਲਾਂ ਤੋਂ ਦੋਸਤੀ ਚੱਲ ਰਹੀ ਸੀ। ਉਨ੍ਹਾਂ ਨੇ ਵਿਆਹ ਕਰਾਉਣ ਦਾ ਫੈਸਲਾ ਕਰ ਲਿਆ। ਕੁੱਝ ਸੱਭਿਆਚਾਰਕ ਪਛੜੇਵੇਂ ਕਾਰਨ ਅਤੇ ਖ਼ਾਸ ਤੌਰ 'ਤੇ ਆਲ਼ੇ ਦੁਆਲ਼ੇ ਦੇ ਫਿਰਕੂ ਮਹੌਲ ਤੋਂ ਡਰਦੇ ਹੋਏ ਦੋਹਾਂ ਦੇ ਮਾਪੇ ਇਸ ਵਿਆਹ ਦੇ ਖਿਲਾਫ ਸਨ। ਫ਼ਿਰਕੂ ਜਥੇਬੰਦੀਆਂ ਲਈ ਇਹ ਬੜਾ ਦੁਰਲੱਭ ਮਾਮਲਾ ਸੀ ਜਿਸ ਨੂੰ ਫ਼ਿਰਕੂ ਅੱਗ ਭੜਕਾਉਣ ਲਈ ਵਰਤਿਆ ਜਾ ਸਕਦਾ ਸੀ। 27 ਸਤੰਬਰ ਨੂੰ ਸ਼੍ਰੀ ਰਾਮ ਸੈਨਾ ਹਿੰਦੋਸਤਾਨ ਦੇ ਦੋ ਬੰਦੇ ਅਰਬਾਜ ਅਤੇ ਉਸਦੀ ਮਾਤਾ ਨੂੰ ਮਿਲ਼ਦੇ ਹਨ। ਮਾਮਲੇ ਨੂੰ ਸੁਲਝਾਉਣ ਲਈ ਜਬਰੀ ਵਿਚੋਲਗੀ ਕਰਦੇ ਹੋਏ ਉਨ੍ਹਾਂ ਤੋਂ ਪੈਸਿਆਂ ਦੀ ਮੰਗ ਕੀਤੀ ਅਤੇ ਕੁੱਝ ਪੇਸ਼ਗੀ ਲੈ ਲੈਂਦੇ ਹਨ, ਬਾਕੀ ਰੁਪਏ ਅਰਬਾਜ਼ ਦੇ ਕਤਲ ਤੋਂ ਦੋ ਦਿਨ ਬਾਅਦ ਵਸੂਲਦੇ ਹਨ। ਕਤਲ ਤੋਂ ਬਾਅਦ ਪੈਦਾ ਹੋਣ ਵਾਲ਼ੀ ਫ਼ਿਰਕੂ ਖਿੱਚੋਤਾਣ ਵਾਲ਼ੇ ਮਾਹੌਲ ਵਿੱਚ ਅਰਬਾਜ ਅਤੇ ਉਸਦੀ ਦੋਸਤ ਹਿੰਦੂ ਲੜਕੀ ਦੇ ਮਾਪਿਆਂ ਨੂੰ ਡਰਾ-ਧਮਕਾ ਕੇ ਪੈਸੇ ਵਸੂਲੇ। ਲੜਕੀ ਦੇ ਮਾਪਿਆਂ ਨੂੰ ਕਤਲ ਕੇਸ ਵਿੱਚ ਫਸਾਉਣ ਦਾ ਡਰਾਵਾ ਦੇ ਕੇ 5 ਲੱਖ ਰੁਪਏ ਵਸੂਲੇ ਗਏ, 50 ਹਜਾਰ ਪਹਿਲਾਂ ਹੀ ਲੈ ਲਏ ਸਨ। ਇਹ ਸਿਰਫ ਇੱਕ ਮਿਸਾਲ ਹੈ। ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਫ਼ਿਰਕੂ ਜਥੇਬੰਦੀਆਂ ਇੱਕ ਤੀਰ ਨਾਲ਼ ਕਈ ਸ਼ਿਕਾਰ ਕਰਦੀਆਂ ਹਨ। ਸਬੰਧਤ ਧਿਰਾਂ ਨੂੰ ਡਰਾ ਧਮਕਾ ਕੇ ਪੈਸੇ ਵਸੂਲ ਕਰਦੀਆਂ ਹਨ। ਮੁਸਲਮਾਨ ਘੱਟ ਗਿਣਤੀ 'ਤੇ ਹਮਲੇ ਕਰਨ ਲਈ ਮੁਕਾਮੀ ਅਬਾਦੀ ਨੂੰ ਉਕਸਾਉਂਦੇ ਹਨ। ਸਮਾਜ ਵਿੱਚ ਫਿਰਕੂ ਅਧਾਰ 'ਤੇ ਵੰਡੀਆਂ ਪਾ ਕੇ ਫਿਰਕੂ ਕਤਾਰਬੰਦੀ ਤੇਜ਼ ਕਰਦੇ ਹਨ। ਇਸ ਮੁਕੱਦਮੇ ਵਿੱਚ ਲੜਕੀ ਦੇ ਮਾਪੇ ਪੁਲੀਸ ਸਾਹਮਣੇ ਪੇਸ਼ ਹੋਣ ਲਈ ਤਿਆਰ ਹੋ ਗਏ ਸਨ। ਉਨ੍ਹਾਂ ਵਿਰੁੱਧ ਕੋਈ ਸਬੂਤ ਨਾ ਮਿਲ਼ਣ 'ਤੇ ਪੁਲੀਸ ਨੂੰ ਸ਼੍ਰੀ ਰਾਮ ਸੈਨਾ ਹਿੰਦੁਸਤਾਨ ਦੇ ਬੰਦਿਆਂ 'ਤੇ ਪਰਚਾ ਦਰਜ ਕਰਨਾ ਪਿਆ। ਇਹੋ ਜਿਹੇ ਮੁਕੱਦਮਿਆਂ ਵਿੱਚ ਆਮ ਤੌਰ 'ਤੇ ਹਕੂਮਤੀ ਧਿਰ ਦੀ ਮਦਦ ਨਾਲ਼ ਦੋਸ਼ੀ ਛੁੱਟ ਜਾਂਦੇ ਹਨ।

ਇਸੇ ਜਥੇਬੰਦੀ ਦੇ ਇੱਕ ਆਗੂ ਰਮਾਕਾਂਤ ਕੁੰਡੂਸਕਰ ਨੇ ਮੰਨਿਆ ਸੀ ਕਿ ਉਨ੍ਹਾਂ ਦੀ ਜਥੇਬੰਦੀ ਪੁਲੀਸ ਨਾਲ਼ ਮਿਲ਼ ਕੇ ਹਿੰਦੂ ਲੜਕੀਆਂ ਦੀ ਗੈਰ-ਹਿੰਦੂ ਬਰਾਦਰੀਆਂ ਵਿੱਚ ਵਿਆਹਾਂ ਨੂੰ ਰੋਕਣ ਲਈ ਕੰਮ ਕਰਦੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ਼ ਨਫਰਤੀ ਪ੍ਰਚਾਰ ਕਰਦੇ ਹੋਏ ਮੁਸਲਮਾਨਾਂ ਦੇ ਕਤਲ ਕਰਕੇ ਦਹਿਸ਼ਤ ਪੈਦਾ ਕੀਤੀ ਜਾਂਦੀ ਹੈ। ਸਿਆਸੀ ਅਤੇ ਵਿੱਤੀ ਲਾਭ ਲਈ ਤਿਕੜਮਾਂ ਲੜਾਈਆਂ ਜਾਂਦੀਆਂ ਹਨ। ਪੁਲੀਸ ਪ੍ਰਸ਼ਾਸਨ ਤੰਤਰ ਅਤੇ ਕੁੱਝ ਹੱਦ ਤੱਕ ਨਿਆਂ ਪਾਲਕਾ ਵੀ ਫਿਰਕੂ ਅਤੇ ਅੰਨ੍ਹੀ ਕੌਮਵਾਦੀ ਵਿਚਾਰਧਾਰਾ ਦੇ ਅਸਰ ਹੇਠ ਹੋਣ ਕਰਕੇ, ਦੋਸ਼ੀ ਬੇਖ਼ੌਫ਼ ਹੋ ਕੇ ਗੁਨਾਹ ਕਰਦੇ ਹਨ। ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਵਾਲ਼ਿਆਂ ਨੂੰ ਸਿਆਸੀ ਤੇ ਪ੍ਰਸ਼ਾਸਕੀ ਸੁਰੱਖਿਆ ਹੁਣ ਲੁਕਵੀਂ ਗੱਲ ਨਹੀਂ ਰਹਿ ਗਈ ਹੈ।

ਬੈਂਗਲੂਰੂ ਤੋਂ ਇੱਕ ਵੀਡੀਓ ਸਾਹਮਣੇ ਆਈ ਹੈ ਜਿਸ ਵਿੱਚ ਇੱਕ ਮੁਸਲਿਮ ਵਿਅਕਤੀ ਆਪਣੇ ਮੁਸਲਿਮ ਸਾਥੀ ਨਾਲ਼ ਯਾਤਰਾ ਕਰ ਰਹੇ ਇੱਕ ਹਿੰਦੂ ਵਿਅਕਤੀ ਨਾਲ਼

(ਬਾਕੀ ਸਫ਼ਾ 29 'ਤੇ)

# ਚੋਣਾਂ, ਸੰਯੁਕਤ ਕਿਸਾਨ ਮੋਰਚਾ ਅਤੇ ਬਦਲ ਦਾ ਸਵਾਲ

(ਸਫ਼ਾ 1 ਦੀ ਬਾਕੀ)

ਦੇ ਨਾਂ ਹੇਠ ਭਾਰਤ ਉੱਪਰ ਥੋਪੇ ਇਸ ਆਰਥਕ 'ਢਾਂਚਾ-ਢਲਾਈ ਪ੍ਰੋਗਰਾਮ' ਦੀ ਸ਼ੁਰੂਆਤ ਕਾਂਗਰਸ ਨੇ ਕੀਤੀ ਸੀ ਜਿਸ ਨੂੰ ਬਾਦ ਵਿਚ ਸੱਤਾ 'ਚ ਆਉਣ ਵਾਲੀਆਂ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਨੇ ਉੱਨੀ-ਇੱਕੀ ਦੇ ਫ਼ਰਕ ਨਾਲ ਅੱਗੇ ਵਧਾਇਆ। ਇਨ੍ਹਾਂ ਆਰਥਕ ਨੀਤੀਆਂ ਨੂੰ ਲਾਗੂ ਕਰਨ ਵਿਚ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਆਪਣੇ ਦਸ ਸਾਲ ਦੇ ਰਾਜ ਰਾਹੀਂ ਆਪਣੀ ਭੂਮਿਕਾ ਨਿਭਾ ਚੁੱਕਾ ਸੀ। ਆਰਥਕ 'ਸੁਧਾਰਾਂ' ਦੇ ਅਗਲੇ ਪੜਾਅ ਨੂੰ ਅਮਲ ਵਿਚ ਲਿਆਉਣ ਲਈ ਬਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਨੂੰ 'ਮਜ਼ਬੂਤ ਇਰਾਦੇ ਵਾਲੀ' ਯਾਨੀ ਹੋਰ ਵੀ ਵਧੇਰੇ ਬੇਕਿਰਕ ਸਰਕਾਰ ਦਰਕਾਰ ਸੀ। ਇਸੇ ਜ਼ਰੂਰਤ 'ਚੋਂ, ਖੁੱਲ੍ਹੀ ਮੰਡੀ ਦੇ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਵਾਸਤੇ ਰਹਿੰਦੇ ਅੜਿੱਕੇ ਦੂਰ ਕਰਨ ਲਈ ਬਦੇਸ਼ੀ-ਦੇਸੀ ਕਾਰਪੋਰੇਟ ਸਮੂਹਾਂ ਵੱਲੋਂ 2014 'ਚ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਸੱਤਾ ਵਿਚ ਲਿਆਂਦਾ ਗਿਆ। ਦੁਨੀਆ ਭਰ ਵਿਚ ਘੋਰ ਸੱਜੇਪੱਖੀ ਤਾਕਤਾਂ ਦੀ ਸੱਤਾ ਦੇ ਗਲਿਆਰਿਆਂ ਵਿਚ ਵਧ ਰਹੀ ਪੁੱਗਤ ਵੀ ਆਰਐੱਸਐੱਸ-ਬੀ.ਜੇ.ਪੀ. ਨੂੰ ਅੰਤਰਰਾਸ਼ਟਰੀ ਮਾਨਤਾ ਲੈ ਕੇ ਦੇਣ 'ਚ ਮੱਦਦਗਾਰ ਸਾਬਤ ਹੋਈ। ਇਸ ਹਕੂਮਤ ਨੇ ਕਾਰਪੋਰੇਟ ਸਰਮਾਏ ਦੇ ਇਸ ਨੰਗੇ-ਚਿੱਟੇ ਧਾੜਵੀ ਪ੍ਰੋਜੈਕਟ ਨੂੰ ਸਿਰੇ ਲਾਉਣ ਅਤੇ ਇਸ ਖ਼ਾਤਰ ਘੋਰ ਦਹਿਸ਼ਤੀ ਰਾਜ ਥੋਪਣ 'ਚ ਕਾਂਗਰਸ ਸਮੇਤ ਬਾਕੀ ਪਾਰਟੀਆਂ ਨੂੰ ਮਾਤ ਦੇ ਦਿੱਤੀ।

ਇਹ ਆਰਥਕ ਮਾਡਲ ਜ਼ਾਹਰਾ ਤੌਰ 'ਤੇ ਆਰਥਕ-ਸਮਾਜੀ ਨਾਬਰਾਬਰੀ ਨੂੰ ਜ਼ਰਬਾਂ ਦੇਣ ਵਾਲਾ ਅਤੇ ਪੂਰੀ ਤਰ੍ਹਾਂ ਮਨੁੱਖ ਵਿਰੋਧੀ ਅਤੇ ਕੁਦਰਤ ਵਿਰੋਧੀ ਹੈ। ਇਹ ਸਰਮਾਏਦਾਰੀ ਦਾ ਅਤਿਅੰਤ ਕੇਂਦਰੀਕ੍ਰਿਤ ਅਜਾਰੇਦਾਰ ਰੂਪ ਹੈ ਜਿਸ ਨੂੰ ਸਟੇਟ ਦਾ ਸੀਮਤ ਲੋਕ-ਭਲਾਈ ਪ੍ਰੋਗਰਾਮ ਵੀ ਮਨਜ਼ੂਰ ਨਹੀਂ ਹੈ। ਇਹ ਆਰਥਕ ਮਾਡਲ ਸਰਕਾਰੀ ਖੇਤਰ ਦੇ ਨਿੱਜੀਕਰਨ ਅਤੇ ਕੁਲ ਜ਼ਰੂਰੀ ਸੇਵਾਵਾਂ ਦੇ ਵਪਾਰੀਕਰਨ, ਲੋਕਾਂ ਦੇ ਬੇਕਿਰਕ ਉਜਾੜੇ ਅਤੇ ਕੁਦਰਤੀ ਸਰੋਤਾਂ ਦੀ ਬੇਲਗਾਮ ਲੁੱਟ ਉੱਪਰ ਆਧਾਰਤ ਹੈ। ਆਰਥਕ-ਸਮਾਜੀ ਪਾੜੇ ਨੂੰ ਹੋਰ ਡੂੰਘੇਰਾ ਕਰਨ ਵਾਲੇ ਇਸ ਮਾਡਲ ਵਿਚ ਸਟੇਟ ਦੀ ਭੂਮਿਕਾ ਆਮ ਲੋਕਾਂ ਦੇ ਹੱਕਾਂ ਅਤੇ ਅਸਹਿਮਤੀ ਨੂੰ ਕੁਚਲਣ ਲਈ ਆਮ ਨਾਲੋਂ ਅਤਿਅੰਤ ਵਹਿਸ਼ੀ, ਖ਼ੂੰਖ਼ਾਰ ਅਤੇ ਬੇਕਿਰਕ ਹੋ ਜਾਂਦੀ ਹੈ। ਇਹ ਵਤਨ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸੱਚੇ ਦੇਸ਼ਭਗਤਾਂ ਦੇ ਉਸ ਸੁਪਨੇ ਨੂੰ ਡੂੰਘਾ ਦਫ਼ਨਾ ਦੇਣਾ ਚਾਹੁੰਦਾ ਹੈ ਜਿਸ ਵਿਚ ਹਰ ਤਰ੍ਹਾਂ ਦੀ ਨਾਬਰਾਬਰੀ ਨੂੰ ਖ਼ਤਮ ਕਰਕੇ ਬਰਾਬਰੀ ਅਤੇ ਭਾਈਚਾਰੇ ਵਾਲਾ ਸਮਾਜ ਉਸਾਰਨ ਦਾ ਸੁਪਨਾ ਲਿਆ ਗਿਆ ਸੀ। ਇਸ ਮਾਡਲ ਦੀਆਂ ਪੈਰੋਕਾਰ ਤਮਾਮ ਹਾਕਮ ਜਮਾਤੀ ਪਾਰਟੀਆਂ ਜੀ.ਡੀ.ਪੀ. ਦੀ ਵਾਧਾ-ਦਰ ਦੇ ਅੰਕੜਿਆਂ ਰਾਹੀਂ ਤਰੱਕੀ ਦਾ ਭਰਮ ਸਿਰਜਣ ਉੱਪਰ ਪੂਰੀ ਤਰ੍ਹਾਂ ਇਕਮੱਤ ਹਨ, ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣੇ। ਇਸ ਮਾਡਲ ਨੇ ਸਮਾਜੀ ਅਤੇ ਆਰਥਕ ਨਾਬਰਾਬਰੀ ਨੂੰ ਬੇਹੱਦ ਵਧਾਇਆ ਹੈ। ਇਸ ਪਾੜੇ ਦਾ ਵਧਣਾ ਲਗਾਤਾਰ ਜਾਰੀ ਹੈ। ਮੁਲਕ ਦੀ ਦੌਲਤ ਅਤੇ ਵਸੀਲੇ ਬਹੁਤ ਤੇਜ਼ੀ ਨਾਲ ਥੋੜ੍ਹੇ ਜਹੇ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ 'ਚ ਜਾ ਰਹੇ ਹਨ। ਤਾਜ਼ਾ ਅੰਕੜਿਆਂ ਅਨੁਸਾਰ ਸਿਖ਼ਰਲੇ 10% ਹਿੱਸੇ ਕੋਲ 57%, ਉਨ੍ਹਾਂ ਵਿੱਚੋਂ ਵੀ ਸਭ ਤੋਂ ਸਿਖ਼ਰਲੇ 1% ਕੋਲ 22%, ਅਤੇ ਹੇਠਲੇ 50% ਕੋਲ ਕੌਮੀ ਆਮਦਨ ਦਾ ਸਿਰਫ਼ 13% ਹਿੱਸਾ ਹੈ। ਔਰਤ ਕਿਰਤੀਆਂ ਦਾ ਆਮਦਨੀ 'ਚ ਹਿੱਸਾ ਸਿਰਫ਼ 18% ਹੈ ਜੋ ਦੁਨੀਆ 'ਚ ਸਭ ਤੋਂ ਘੱਟ ਹੈ, ਇਹ ਮੱਧ ਪੂਰਬ ਤੋਂ ਰਤਾ ਕੁ ਵੱਧ ਹੈ।

ਸਰਕਾਰੀ ਖੇਤਰ ਦੇ ਅਦਾਰੇ, ਜੋ ਪੱਕੀਆਂ ਨੌਕਰੀਆਂ ਅਤੇ ਕਿਰਤ ਕਾਨੂੰਨਾਂ ਅਨੁਸਾਰ ਰੋਜ਼ਗਾਰ ਸੁਰੱਖਿਆ ਦੇਣ ਦਾ ਮੁੱਖ ਵਸੀਲਾ ਸਨ, ਸਿਲਸਿਲੇਵਾਰ ਤਰੀਕੇ ਨਾਲ ਤਹਿਸ-ਨਹਿਸ ਕਰ ਦਿੱਤੇ ਗਏ ਅਤੇ ਵੱਡੇ ਮੁਨਾਫ਼ੇ ਦੇਣ ਵਾਲੇ ਕਾਰੋਬਾਰ ਕਾਰਪੋਰੇਟਾਂ ਨੂੰ ਵੇਚ ਦਿੱਤੇ ਗਏ। ਬਾਕੀ ਬਚਦੇ ਅਦਾਰੇ ਵੀ ਆਰ.ਐੱਸ.ਐੱਸ.-ਬੀ.ਜੇ.ਪੀ. ਹਕੂਮਤ ਵੱਲੋਂ ਤੇਜ਼ੀ ਨਾਲ ਵੇਚੇ ਜਾ ਰਹੇ ਹਨ। ਬਦੇਸ਼ੀ ਪੂੰਜੀ-ਨਿਵੇਸ਼ ਉੱਪਰ ਰੋਕਾਂ ਖ਼ਤਮ ਕਰਕੇ ਵਣਜ ਅਤੇ ਵਪਾਰ ਦੇ ਸਾਰੇ ਖੇਤਰਾਂ ਉੱਪਰ ਸਾਮਰਾਜੀ ਸਰਮਾਏ ਦਾ ਕਬਜ਼ਾ ਕਰਾਉਣ ਲਈ ਦਰਵਾਜ਼ੇ ਚੌਪਟ ਖੋਲ੍ਹ ਦਿੱਤੇ ਗਏ। ਭਾਰਤ ਦੇ ਪ੍ਰਚੂਨ ਵਪਾਰ ਖੇਤਰ ਵਿਚ ਆਲਮੀ ਕਾਰਪੋਰੇਟ ਸਰਮਾਇਆ ਆਪਣੇ ਪੈਰ ਪਸਾਰ ਰਿਹਾ ਹੈ। ਆਲਮੀ ਫੂਡ ਚੇਨ ਖਾਧ ਪਦਾਰਥਾਂ ਦੀ ਭਾਰਤੀ ਮੰਡੀ ਉੱਪਰ ਮੁਕੰਮਲ ਕਬਜ਼ਾ ਕਰਨ ਲਈ ਤਰਲੋਮੱਛੀ ਹੋ ਰਹੀ ਹੈ।

1990ਵਿਆਂ ਵਿਚ ਆਰਥਕ ਢਾਂਚਾ-ਢਲਾਈ (ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ) ਪ੍ਰੋਗਰਾਮ ਅਪਣਾ ਕੇ ਸਮੁੱਚੀ ਭਾਰਤੀ ਹਾਕਮ ਜਮਾਤੀ ਸਿਆਸਤ ਇਸ ਕਦਰ ਖੁੱਲ੍ਹੀ ਮੰਡੀ ਦੇ ਮੱਤ ਦੀ ਪੈਰੋਕਾਰ ਬਣ ਚੁੱਕੀ ਹੈ ਕਿ ਉਹ ਹੁਣ ਸਮਾਜੀ ਨਿਆਂ ਦੇ ਸਵਾਲਾਂ ਦਾ ਰਸਮੀਂ ਜ਼ਿਕਰ ਕਰਨ ਦੀ ਵੀ ਜ਼ਰੂਰਤ ਨਹੀਂ ਸਮਝਦੀ। ਇਸ ਮਾਡਲ ਦੀ ਦ੍ਰਿਸ਼ਟੀ 'ਚ ਕਿਰਤ ਸ਼ਕਤੀ ਦੀ ਕੁਸ਼ਲਤਾਪੂਰਵਕ ਵਰਤੋਂ ਗ਼ੈਰਜ਼ਰੂਰੀ ਹੈ। ਇਸ ਦੀ ਬਜਾਏ ਕਿਰਤੀ ਲੋਕ ਮੁਲਕ ਉੱਪਰ ਐਸਾ ਬੋਝ ਮੰਨੇ ਜਾ ਰਹੇ ਹਨ ਜਿਸ ਤੋਂ ਨਿਜ਼ਾਤ ਪਾਉਣੀ ਜ਼ਰੂਰੀ ਹੈ। ਰਿਜ਼ਰਵ ਬੈਂਕ ਦੇ ਗਵਰਨਰ ਨੇ ਸਾਫ਼ ਕਿਹਾ ਹੈ ਕਿ ਸ਼ਹਿਰਾਂ ਵਿਚ ਸਸਤੇ ਕਿਰਤੀਆਂ ਦੀ ਬਹੁਤ ਵੱਡੀ ਜ਼ਰੂਰਤ ਹੈ। ਸੋ ਪਿੰਡਾਂ ਵਿੱਚੋਂ ਸਵੈ-ਰੋਜ਼ਗਾਰ ਰਾਹੀਂ ਗੁਜ਼ਾਰਾ ਕਰ ਰਹੇ ਲੋਕਾਂ ਨੂੰ ਕੰਗਾਲ ਕਰਕੇ ਅਤੇ ਪੇਂਡੂ ਖੇਤਰ 'ਚੋਂ ਉਜਾੜ ਕੇ ਉਨ੍ਹਾਂ ਨੂੰ ਸ਼ਹਿਰਾਂ ਦੀਆਂ ਗ਼ਰੀਬ ਬਸਤੀਆਂ 'ਚ ਧੱਕਣਾ ਜਾਇਜ਼ ਹੈ। ਕੇਂਦਰੀ ਮੰਤਰੀ ਗਡਕਰੀ ਦਾ ਕਹਿਣਾ ਹੈ ਕਿ ਲੌਕਡਾਊਨ ਦੌਰਾਨ ਸ਼ਹਿਰਾਂ ਤੋਂ ਜੋ ਨਿਆਸਰੇ ਕਿਰਤੀ ਆਸਰਾ ਲੈਣ ਲਈ ਪਿੰਡਾਂ 'ਚ ਵਾਪਸ ਗਏ ਸਨ ਉਨ੍ਹਾਂ ਵਿੱਚੋਂ ਸਿਰਫ਼ 15 ਫ਼ੀ ਸਦੀ ਹੀ ਕਾਰਪੋਰੇਟ ਲਈ ਲੋੜੀਂਦੇ ਹਨ ਯਾਨੀ ਬਾਕੀ 85ਫ਼ੀ ਸਦੀ ਦੀ ਕੋਈ ਜ਼ਰੂਰਤ ਨਹੀਂ ਹੈ। ਸਪਸ਼ਟ ਹੈ ਕਿ ਇਹ ਆਰਥਕ ਮਾਡਲ ਪੇਂਡੂ ਖੇਤਰ ਵਿੱਚੋਂ ਕਿਰਤੀਆਂ ਨੂੰ ਉਜਾੜ ਕੇ ਹੋਰ ਵੀ ਜ਼ਿਆਦਾ ਸਸਤੀ ਕਿਰਤ ਮੰਡੀ ਬਣਾਉਣ ਲਈ ਉਨ੍ਹਾਂ ਨੂੰ ਬੇਦਖ਼ਲ ਕਰ ਰਿਹਾ ਹੈ ਅਤੇ ਸ਼ਹਿਰਾਂ ਵਿਚ ਵੀ ਕਿਰਤੀਆਂ ਤੋਂ ਮਿਹਨਤ-ਮਜ਼ਦੂਰੀ ਦੇ ਮੌਕੇ ਵਧੇਰੇ ਤੋਂ ਵਧੇਰੇ ਖੋਹ ਕੇ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਗ਼ਰੀਬ ਅਤੇ ਬੇਵੱਸ ਕਿਰਤੀਆਂ 'ਚ ਬਦਲ ਰਿਹਾ ਹੈ। ਸ਼ਹਿਰ ਸਿਰਫ਼ ਕਾਰਪੋਰੇਟ ਅਤੇ ਕੁਲੀਨ ਵਰਗ ਲਈ ਹੀ ਸੁਰੱਖਿਅਤ ਅਤੇ ਲਾਹੇਵੰਦ ਹੈ। ਖੇਤੀ ਦੇ ਕਾਰਪੋਰੇਟੀਕਰਨ ਅਤੇ ਹੋਰ ਧਾੜਵੀ ਪ੍ਰੋਜੈਕਟਾਂ ਨਾਲ ਉੱਜੜਨ ਵਾਲੇ ਇਨ੍ਹਾਂ ਕਿਰਤੀਆਂ ਦੀ ਕਿਰਤ ਸ਼ਕਤੀ ਨੂੰ ਬੇਕਿਰਕੀ ਨਾਲ ਨਿਚੋੜਨ ਦਾ ਫੰਦਾ ਪਹਿਲਾਂ ਹੀ ਤਿਆਰ ਕਰ ਲਿਆ ਗਿਆ ਹੈ। 44 ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਕਿਰਤ ਕੋਡ ਇਸੇ ਲਈ ਬਣਾਏ ਗਏ ਹਨ।

ਦਲਾਲ ਹਕੂਮਤਾਂ ਦੀ ਮਿਲੀਭੁਗਤ ਨਾਲ ਵੱਡਮੁੱਲੇ ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਖ਼ਰੀਦ ਕੇ ਆਪਣੀ ਕਾਰਪੋਰੇਟ ਸਲਤਨਤ ਦਾ ਹਿੱਸਾ ਬਣਾ ਲੈਣ ਤੋਂ ਬਾਦ ਕਾਰਪੋਰੇਟ ਸਰਮਾਏਦਾਰੀ ਦੀ ਅੱਖ ਖੇਤੀ ਖੇਤਰ ਉੱਪਰ ਟਿਕੀ ਹੋਈ ਹੈ। ਖੇਤੀ ਦਾ ਕਾਰਪੋਰੇਟੀਕਰਨ ਕੁਲ ਦੁਨੀਆ ਦੀ ਸਰਮਾਏਦਾਰੀ ਦਾ ਏਜੰਡਾ ਹੈ ਅਤੇ ਭਾਰਤ ਦੇ ਦਲਾਲ ਹੁਕਮਰਾਨ ਆਪਣੀ ਖ਼ਸਲਤ ਅਨੁਸਾਰ ਇਸ ਨੂੰ ਜੋਸ਼-ਖ਼ਰੋਸ਼ ਨਾਲ ਲਾਗੂ ਕਰ ਰਹੇ ਹਨ। ਇਸੇ ਸਿਲਸਿਲੇ 'ਚ ਭਾਰਤ ਦੀ ਖੇਤੀਬਾੜੀ ਅਤੇ ਫੂਡ ਸਿਸਟਮ ਨੂੰ ਬਹੁਕੌਮੀ ਕੰਪਨੀਆਂ ਅਤੇ ਦੇਸੀ ਕਾਰਪੋਰੇਟ ਦੇ ਹਿਤ 'ਚ ਢਾਲਣ ਦੇ ਮਨੋਰਥ ਨਾਲ ਤਿੰਨ ਖੇਤੀ ਕਾਨੂੰਨ ਬਣਾਏ ਗਏ ਸਨ। ਇਹ ਸਿਰਫ਼ ਖੇਤੀ ਖੇਤਰ ਨੂੰ ਕਾਰਪੋਰੇਟ ਸਰਮਾਏ ਦੇ ਹਵਾਲੇ ਕਰਨ ਲਈ ਨਹੀਂ ਸਨ, ਇਹ ਖੇਤੀ ਉੱਪਰ ਕੇਂਦਰੀ ਰਾਜਕੀ ਕੰਟਰੋਲ ਵਧਾਉਣ ਲਈ ਵੀ ਸਨ। ਮਹਾਂਅੰਦੋਲਨ ਦੇ ਦਬਾਓ ਹੇਠ ਭਾਵੇਂ ਸੰਘ ਬ੍ਰਗੇਡ ਨੇ ਤਿੰਨ ਖੇਤੀ ਕਾਨੂੰਨ ਫ਼ਿਲਹਾਲ ਵਾਪਸ ਲੈ ਲਏ ਹਨ, ਪਰ ਨਵੇਂ ਰੂਪ 'ਚ ਕਾਰਪੋਰੇਟ ਪੱਖੀ ਨੀਤੀਆਂ ਦੇ ਹਮਲੇ ਦਾ ਖ਼ਤਰਾ ਖ਼ਤਮ ਨਹੀਂ ਹੋਇਆ ਹੈ। ਉੱਤਰ ਪ੍ਰਦੇਸ਼ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਇਕ ਵੱਡਾ ਰਾਜਨੀਤਕ ਦਬਾਓ ਸੀ ਜਿਸ ਕਾਰਨ ਮਨਮਾਨੀਆਂ ਲਈ ਮਸ਼ਹੂਰ ਆਰ.ਐੱਸ.ਐੱਸ.-ਬੀ.ਜੇ.ਪੀ. ਹਕੂਮਤ ਨੂੰ ਖੇਤੀ ਕਾਨੂੰਨ ਵਾਪਸ ਲੈਣੇ ਪਏ। ਇਵ, ਇਸ ਨੇ ਖੇਤੀ ਦੇ ਕਾਰਪੋਰੇਟੀਕਰਨ ਦਾ ਏਜੰਡਾ ਤਿਆਗਿਆ ਨਹੀਂ ਹੈ। ਕਾਨੂੰਨ ਵਾਪਸ ਲੈਣ ਦੇ ਫ਼ੈਸਲੇ ਦਾ ਐਲਾਨ ਕਰਦੇ ਵਕਤ ਨਰਿੰਦਰ ਮੋਦੀ ਨੇ ਸਾਫ਼ ਕਿਹਾ ਕਿ ਖੇਤੀ ਸੁਧਾਰ ਜਾਰੀ ਰਹਿਣਗੇ। ਖੇਤੀ ਮੰਤਰੀ ਤੋਮਰ ਨੇ ਵੀ ਬਿਆਨ ਦਿੱਤਾ ਹੈ ਕਿ ਖੇਤੀ ਕਾਨੂੰਨ ਦੁਬਾਰਾ ਲਿਆਂਦੇ ਜਾਣਗੇ। ਭਾਵੇਂ ਰਾਜਨੀਤਕ ਦਬਾਓ ਹੇਠ ਉਸ ਨੂੰ ਆਪਣੇ ਇਸ ਬਿਆਨ ਤੋਂ ਮੁੱਕਰਨਾ ਪੈ ਗਿਆ। ਭਾਵ ਚੋਣਾਂ ਤੋਂ ਬਾਦ ਇਹੀ ਏਜੰਡਾ ਕਿਸੇ ਨਵੇਂ ਰੂਪ 'ਚ ਥੋਪਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਆਰ.ਐੱਸ.ਐੱਸ. ਦੇ ਕਿਸਾਨ ਵਿੰਗ, ਭਾਰਤੀ ਕਿਸਾਨ ਸੰਘ, ਨੇ 22 ਦਸੰਬਰ ਨੂੰ ਦਿੱਲੀ ਵਿਚ ਪ੍ਰੈੱਸ ਕਾਨਫਰੰਸ ਕਰਕੇ ਐਲਾਨ ਕੀਤਾ ਹੈ ਕਿ ਤਿੰਨੋਂ ਖੇਤੀ ਕਾਨੂੰਨ 90% ਕਿਸਾਨਾਂ ਦੇ ਫ਼ਾਇਦੇ ਲਈ ਸਨ। ਇਨ੍ਹਾਂ ਨੂੰ ਵਾਪਸ ਕਰਵਾ ਕੇ ਸਿਰਫ਼ ਉਹ ਥੋੜ੍ਹੇ ਜਹੇ ਲੋਕ ਖ਼ੁਸ਼ ਹਨ ਜੋ 10% ਵਿੱਚੋਂ ਹਨ ਅਤੇ ਜੋ ਮੋਦੀ ਨੂੰ ਨੀਵਾਂ ਦਿਖਾਉਣਾ ਚਾਹੁੰਦੇ ਸਨ। ਹੁਣ ਭਾਰਤੀ ਕਿਸਾਨ ਸੰਘ ਵੱਲੋਂ ਇਨ੍ਹਾਂ ਕਾਨੂੰਨਾਂ ਨੂੰ ਦੁਬਾਰਾ ਲਿਆਉਣ ਦੀ ਮੰਗ ਕਰਦੇ ਹੋਏ ਪੂਰੇ ਮੁਲਕ ਵਿਚ ਜਨਤਕ ਇਕੱਠ ਅਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਦੇ ਹਿੱਸੇ ਵਜੋਂ 1 ਤੋਂ 10 ਜਨਵਰੀ ਤੱਕ ਹਰ ਪਿੰਡ ਵਿਚ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣਗੀਆਂ। ਇਹ ਫੋਕਾ ਦਬਕਾ ਨਹੀਂ ਹੈ, ਇਹ ਆਰ.ਐੱਸ.ਐੱਸ. ਦੇ ਤੰਤਰ ਵੱਲੋਂ ਲੋਕ ਰਾਇ ਤਿਆਰ ਕਰਨ ਲਈ ਗਈ ਗੰਭੀਰ ਯੋਜਨਾ ਹੈ।

ਦੂਜੇ ਪਾਸੇ, ਕਾਲੇ ਕਾਨੂੰਨਾਂ ਦੀ ਵਾਪਸੀ ਦਾ ਭਾਵ ਇਹ ਹੈ ਕਿ ਭਾਰਤੀ ਖੇਤੀ ਖੇਤਰ ਮੁੜ ਸੰਕਟ ਦੇ ਪਹਿਲਾਂ ਵਾਲੇ ਪੜਾਅ 'ਤੇ ਵਾਪਸ ਜਾ ਪਹੁੰਚਿਆ ਹੈ ਜਿੱਥੇ ਇਹ ਖੇਤੀ ਕਾਨੂੰਨ ਪਾਸ ਕੀਤੇ ਜਾਣ ਤੋਂ ਪਹਿਲਾਂ ਸੀ। ਤਿੰਨ ਕਾਨੂੰਨਾਂ ਦੁਆਰਾ ਨਵੀਂ ਤਬਾਹੀ ਦਾ ਖ਼ਤਰਾ ਫ਼ਿਲਹਾਲ ਟਲ ਗਿਆ ਹੈ ਪਰ ਇਸ ਤੋਂ ਪਹਿਲਾ ਮੂਲ ਖੇਤੀ ਸੰਕਟ ਉਸੇ ਤਰ੍ਹਾਂ ਬੇਹੱਲ ਪਿਆ ਹੈ। ਸਿਰਫ਼ ਘੱਟੋਘੱਟ ਸਮਰਥਨ ਮੁੱਲ ਦੀ ਗਾਰੰਟੀ ਕੀਤੇ ਜਾਣ ਨਾਲ ਵੀ ਇਹ ਸੰਕਟ ਹੱਲ ਹੋਣ ਵਾਲਾ ਨਹੀਂ ਹੈ। ਇਸ ਗਾਰੰਟੀ ਨਾਲ ਖੇਤੀ ਖੇਤਰ ਉੱਪਰ ਘਾਟੇ ਦਾ ਬੋਝ ਥੋੜ੍ਹਾ ਘੱਟ ਹੋ ਜਾਵੇਗਾ।

ਭਾਰਤ ਦੇ ਲੋਕਾਂ ਉੱਪਰ ਆਰ.ਐੱਸ.ਐੱਸ.-ਬੀ.ਜੇ.ਪੀ. ਦਾ ਹਮਲਾ ਸਿਰਫ਼ ਆਰਥਕ ਨਹੀਂ ਹੈ। ਇਸ ਦਾ ਟੀਚਾ ਕੇਂਦਰ ਦੇ ਹੱਥ ਵਿਚ ਤਾਕਤਾਂ ਦਾ ਅਤਿਅੰਤ ਕੇਂਦਰੀਕਰਨ ਕਰਨ ਦਾ ਸੀ ਜੋ ਇਸ ਨੇ ਕਾਫ਼ੀ ਹੱਦ ਤੱਕ ਨੇਪਰੇ ਚਾੜ੍ਹ ਲਿਆ ਹੈ। ਜੁਡੀਸ਼ਰੀ ਸਮੇਤ ਸਮੁੱਚੇ ਰਾਜ-ਢਾਂਚੇ, ਉੱਚ ਸਿੱਖਿਆ ਸੰਸਥਾਵਾਂ, ਮੀਡੀਆ, ਭਾਵ ਸਮਾਜੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਫਾਸ਼ੀਵਾਦੀ ਵਿਚਾਰਧਾਰਾ ਨੇ ਡੂੰਘੀ ਘੁਸਪੈਠ ਕਰ ਲਈ ਹੈ। ਸੁਪਰੀਮ ਕੋਰਟ ਵੀ ਰਾਜਨੀਤਕ ਫ਼ੈਸਲਿਆਂ ਉੱਪਰ ਅਦਾਲਤੀ ਮੋਹਰ ਲਾਉਣ ਵਾਲਾ ਸਰਕਾਰੀ ਵਿਸਤਾਰ ਕਾਊਂਟਰ ਬਣ ਚੁੱਕੀ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਨੇ ਮੋਦੀ-ਯੋਗੀ-ਅਮਿਤ ਸ਼ਾਹ-ਸਾਧਵੀ ਪ੍ਰੱਗਿਆ ਵਰਗੇ ਦਹਿਸ਼ਤਵਾਦੀ ਅਤੇ ਮੁਜਰਿਮ ਪਿਛੋਕੜ ਵਾਲੇ ਸਭ ਤੋਂ ਕਰੂਰ ਵਿਅਕਤੀਆਂ ਨੂੰ ਮਜ਼ਬੂਤ ਲੀਡਰਸ਼ਿਪ ਦੇ ਰਾਜਨੀਤਕ ਚਿਹਰਿਆਂ ਵਜੋਂ ਸਥਾਪਤ ਕਰ ਲਿਆ ਹੈ। ਖ਼ੁਦ ਹੁਕਮਰਾਨ ਧਿਰ ਦੇ ਅੰਦਰ 'ਸੁਪਰੀਮ ਆਗੂ' ਅਤੇ ਉਸ ਦੇ ਆਪਾਸ਼ਾਹ ਗੁੱਟ ਨੇ ਮਜ਼ਬੂਤ ਲੀਡਰਸ਼ਿਪ ਦੇ ਨਾਂ ਹੇਠ ਐਨੀਆਂ ਬੇਪਨਾਹ ਤਾਕਤਾਂ ਹਥਿਆ ਲਈਆਂ ਹਨ ਕਿ ਬਾਕੀ ਲੀਡਰਸ਼ਿਪ ਦੀ ਵਿਧਾਨਕ ਫ਼ੈਸਲੇ ਲੈਣ ਵਿਚ ਭੂਮਿਕਾ ਜ਼ੀਰੋ ਹੋ ਗਈ ਹੈ। ਲੰਮੇ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਜਮਹੂਰੀ ਸਪੇਸ ਨੂੰ ਇਸ ਕਦਰ ਖ਼ਤਮ ਕਰ ਦਿੱਤਾ ਗਿਆ ਹੈ ਕਿ ਸੰਸਦੀ ਪ੍ਰਣਾਲੀ ਵਿਚ ਹਾਕਮ ਜਮਾਤੀ ਵਿਰੋਧੀ-ਧਿਰ ਵੀ ਪੂਰੀ ਤਰ੍ਹਾਂ ਗ਼ੈਰਪ੍ਰਸੰਗਿਕ ਬਣਾ ਦਿੱਤੀ ਗਈ ਹੈ। ਨਾਗਰਿਕਾਂ ਦੇ ਭਵਿੱਖ ਨੂੰ ਤੈਅ ਕਰਨ ਵਾਲੇ ਮੁੱਦਿਆਂ ਉੱਪਰ ਫ਼ੈਸਲੇ 'ਵਾਇਸ ਵੋਟ' ਦੀ ਧੋਖਾਧੜੀ ਨਾਲ ਥੋਪੇ ਜਾ ਰਹੇ ਹਨ। ਜਿਸ ਜਮਹੂਰੀ ਵਿਰੋਧ ਅਤੇ ਅਸਹਿਮਤੀ ਦੇ ਹੱਕ ਨੂੰ ਪਾਰਲੀਮੈਂਟਰੀ ਲੋਕਤੰਤਰ ਦੀ ਧੜਕਣ ਕਿਹਾ ਜਾਂਦਾ ਹੈ ਉਸ ਨੂੰ 'ਦੇਸ਼ਧ੍ਰੋਹ' ਬਣਾ ਦਿੱਤਾ ਗਿਆ ਹੈ। ਵੱਖ-ਵੱਖ ਨਾਵਾਂ ਹੇਠ ਡੇਟਾ ਸੰਗ੍ਰਹਿ ਰਾਹੀਂ ਨਾਗਰਿਕਾਂ ਦੀ ਨਿੱਜਤਾ ਸੱਤਾਧਾਰੀਆਂ ਨੇ ਆਪਣੇ ਕੰਟਰੋਲ ਹੇਠ ਕਰ ਲਈ ਹੈ ਅਤੇ ਜਾਸੂਸੀ ਸਟੇਟ ਥੋਪ ਦਿੱਤਾ ਗਿਆ ਹੈ। ਪੈਗਾਸਸ ਰਾਹੀਂ ਜਾਸੂਸੀ ਇਸੇ ਦਾ ਹਿੱਸਾ ਹੈ। ਸੰਸਕ੍ਰਿਤੀਆਂ ਦੀ ਸਹਿਹੋਂਦ, ਵਿਚਾਰਾਂ ਦਾ ਆਦਾਨ-ਪ੍ਰਦਾਨ ਅਤੇ ਰਾਜਨੀਤਕ ਸੰਵਾਦ ਦੀ ਥਾਂ ਅਸਹਿਣਸ਼ੀਲਤਾ, ਬਹੁਗਿਣਤੀ ਦੀ ਧੌਂਸ ਅਤੇ ਰਾਜਕੀ ਸਰਪ੍ਰਸਤੀ ਵਾਲੀ ਦਹਿਸ਼ਤਵਾਦੀ ਹਿੰਸਾ ਨੇ ਲੈ ਲਈ ਹੈ। ਦਲਿਤਾਂ, ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਹਿੰਸਾ ਅਤੇ ਉਨ੍ਹਾਂ ਦੇ ਹਜੂਮੀ ਕਤਲ ਅਤੇ ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਅਤੇ ਫ਼ੌਜ ਵੱਲੋਂ ਕਤਲੇਆਮ ਆਮ ਵਰਤਾਰਾ ਬਣ ਚੁੱਕੇ ਹਨ। ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਦਾ ਰਸੂਖ਼ ਅਤੇ ਜਕੜ ਐਨੀ ਮਜ਼ਬੂਤ ਹੋ ਗਈ ਹੈ ਕਿ ਚੋਣ ਅਮਲ ਅਤੇ ਪਾਰਲੀਮੈਂਟ ਦੀਆਂ ਬਹਿਸਾਂ ਅੰਦਰ ਬਾਕੀ ਪਾਰਟੀਆਂ, ਕਿਸੇ ਇੱਕਾਦੁੱਕਾ ਅੱਪਵਾਦ ਨੂੰ ਛੱਡ ਕੇ, ਅਕਸਰ ਹੀ ਹਿੰਦੂ ਰਾਸ਼ਟਰਵਾਦੀ ਸੁਰ ਵਿਚ ਸੁਰ ਮਿਲਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ।

ਖੇਤੀ ਕਾਨੂੰਨ ਲਿਆਉਣਾ ਸਿਰਫ਼ ਆਰਥਕ ਏਜੰਡਾ ਹੀ ਨਹੀਂ ਸੀ, ਇਹ ਆਰ.ਐੱਸ.ਐੱਸ. ਦੀ ਵਿਚਾਰਧਾਰਕ ਦ੍ਰਿਸ਼ਟੀ ਅਨੁਸਾਰ ਸੱਤਾ ਦੇ ਅਤਿ-ਕੇਂਦਰੀਕਰਨ ਦੀ ਦਿਸ਼ਾ 'ਚ ਅੱਗੇ ਵਧਣ ਦਾ ਰਿੰਕ ਠੋਕਵਾਂ ਐਲਾਨ ਵੀ ਸੀ। ਭਾਰਤ ਨਸਲੀ-ਸੱਭਿਆਚਾਰਕ, ਕੌਮੀ, ਭਾਸ਼ਾਈ, ਧਾਰਮਿਕ, ਸੱਭਿਆਚਾਰਕ ਵੰਨ-ਸੁਵੰਨਤਾ ਵਾਲਾ ਮੁਲਕ ਹੈ। ਇਸ ਵਿਚ ਐਸਾ ਬੇਕਿਰਕ ਕੇਂਦਰੀਕਰਨ ਰਾਜਾਂ ਦੇ ਅਧਿਕਾਰ ਖੇਤਰ ਅਤੇ ਰਸਮੀਂ ਖ਼ੇਤਰੀ ਹੱਕਾਂ ਦੀ ਸੀਮਤ ਸਪੇਸ ਉੱਪਰ ਸਿੱਧਾ ਹਮਲਾ ਹੈ ਜੋ ਨੋਟਬੰਦੀ, ਜੀ.ਐੱਸ.ਟੀ., ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੇ ਖ਼ਾਤਮੇ, ਨਾਗਰਿਕਤਾ ਸੋਧ ਕਾਨੂੰਨ-ਕੌਮੀ ਨਾਗਰਿਕਤਾ ਰਜਿਸਟਰ ਦੇ ਰੂਪ 'ਚ ਵਿੱਤੀ ਅਤੇ ਫ਼ਿਰਕੂ ਰਾਜਨੀਤਕ ਫ਼ਰਮਾਨ ਥੋਪੇ ਜਾਣ ਦੇ ਰੂਪ 'ਚ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ।

ਭਾਰਤ ਨੂੰ ਕਾਰਪੋਰੇਟ ਸਰਮਾਏਦਾਰੀ ਕੋਲ ਵੇਚਣ ਅਤੇ ਹਿੰਦੂ ਰਾਸ਼ਟਰ ਬਣਾਉਣ ਦੇ ਜੌੜੇ ਏਜੰਡੇ ਨੂੰ ਅੰਜਾਮ ਦੇਣ ਲਈ ਬੇਕਿਰਕ ਫਾਸ਼ੀਵਾਦੀ ਜਬਰ ਜ਼ਰੂਰੀ ਹੈ। ਉਹ ਜਮਹੂਰੀ ਹੱਕ ਵੀ ਕਰੂਰ ਤਰੀਕਿਆਂ ਨਾਲ ਖੋਹੇ ਜਾ ਰਹੇ ਹਨ ਜੋ ਲੰਮੇ ਜਾਨ-ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਗਏ ਸਨ। ਇਹ ਕਥਿਤ ਆਰਥਕ ਸੁਧਾਰ ਜਿੱਥੇ ਕਾਰਪੋਰੇਟ ਦੇ ਹਿਤ ਵਿਚ ਹਨ ਉੱਥੇ ਇਹ ਆਮ ਲੋਕਾਂ ਦੀ ਜ਼ਿੰਦਗੀ ਨੂੰ ਵਧੇਰੇ ਤੋਂ ਵਧੇਰੇ ਅਸੁਰੱਖਿਅਤ ਬਣਾ ਰਹੇ ਹਨ। ਮਜ਼ਦੂਰ ਜਮਾਤ ਦੀ ਦਹਾਕਿਆਂ ਲੰਮੀ ਜਾਨ-ਹੂਲਵੀਂ ਲੜਾਈ ਦਾ ਹਾਸਲ ਟਰੇਡ ਯੂਨੀਅਨ ਹੱਕਾਂ ਅਤੇ ਕਿਰਤ ਕਾਨੂੰਨਾਂ ਨੂੰ ਸੁਧਾਰਾਂ ਦੇ ਨਾਂ 'ਤੇ ਪੁੱਠਾ ਗੇੜਾ ਦੇ ਕੇ ਮਜ਼ਦੂਰਾਂ ਨੂੰ ਸਦੀਆਂ ਪੁਰਾਣੀ ਗ਼ੁਲਾਮੀ ਵਿਚ ਧੱਕਿਆ ਜਾ ਰਿਹਾ ਹੈ। ਇਹ ਆਰਥਕ ਮਾਡਲ ਰਾਜ ਦੀ ਸੀਮਤ ਲੋਕ-ਭਲਾਈ ਭੂਮਿਕਾ ਦੇ ਖ਼ਿਲਾਫ਼ ਹੋਣ ਦੇ ਨਾਲ-ਨਾਲ ਬੌਧਿਕ ਸੰਵਾਦ, ਜਮਹੂਰੀ ਸਪੇਸ ਦਾ ਵੀ ਘੋਰ ਦੁਸ਼ਮਣ ਹੈ। ਜੰਗਲ, ਜ਼ਮੀਨ, ਜਲ ਦੀ ਰਾਖੀ ਲਈ ਸੰਘਰਸ਼ਾਂ ਨੂੰ ਕੁਚਲਣ ਲਈ ਅਪਰੇਸ਼ਨ ਗ੍ਰੀਨ ਹੰਟ ਦੀ ਤਰਜ਼ ਦੇ ਬੇਕਿਰਕ ਜਬਰ ਉੱਪਰ ਅਤੇ ਯੂਏਪੀਏ ਵਰਗੇ ਜਾਬਰ ਕਾਨੂੰਨਾਂ ਰਾਹੀਂ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕਰਨ ਅਤੇ ਲੋਕਾਂ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲਿਆਂ ਨੂੰ ਫੜ ਕੇ ਜੇਲ੍ਹਾਂ ਵਿਚ ਤੁੰਨਣ ਉੱਪਰ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀ ਸਹਿਮਤੀ ਹੈ। ਸਰਕਾਰ ਕੱਟੜ ਹਿੰਦੂਤਵ ਦੀ ਹੋਵੇ ਜਾਂ ਕੂਲੇ ਹਿੰਦੂ ਰਾਸ਼ਟਰਵਾਦ ਦੀ, ਆਮ ਲੋਕਾਂ ਦੇ ਕੰਗਾਲੀਕਰਨ ਅਤੇ ਆਰਥਿਕਤਾ ਦੇ ਕਾਰਪੋਰੇਟੀਕਰਨ ਦਾ ਪ੍ਰੋਗਰਾਮ ਸਾਰੀਆਂ ਚੋਣਵਾਦੀ ਪਾਰਟੀਆਂ ਦਾ ਸਾਂਝਾ ਹੈ। ਇਹ ਆਮ ਜਨਤਾ ਨੂੰ ਕੰਗਾਲੀ ਵਿਚ ਧੱਕ ਕੇ ਐਨਾ ਮੁਥਾਜ ਬਣਾ ਦੇਣਾ ਚਾਹੁੰਦੇ ਹਨ ਤਾਂ ਜੁ ਉਹ ਜਿਉਂਦੇ ਰਹਿਣ ਨੂੰ ਹੀ ਵਿਕਾਸ ਸਮਝ ਕੇ ਸਬਰ ਕਰ ਲੈਣ। ਇਹ ਹਾਕਮ ਜਮਾਤਾਂ ਕੋਲ ਬੇਵੱਸ ਗ਼ਰੀਬ ਅਵਾਮ ਨੂੰ ਖ਼ੈਰਾਤਾਂ ਅਤੇ ਚੋਣ ਜੁਮਲਿਆਂ ਨਾਲ ਵਰਚਾ ਕੇ ਸੱਤਾ ਉੱਪਰ ਕਬਜ਼ਾ ਬਣਾਈ ਰੱਖਣ ਦਾ ਸੌਖਾ ਤਰੀਕਾ ਹੈ।

ਇਨ੍ਹਾਂ ਹਾਲਾਤ 'ਚ ਸੱਚੇ ਸੰਘਰਸ਼ਾਂ ਰਾਹੀਂ ਹੱਕਾਂ ਦੀ ਰਾਜਨੀਤਕ ਚੇਤਨਾ ਵਿਕਸਤ ਕਰਨ ਦੀ ਬਜਾਏ ਚੋਣਾਂ ਰਾਹੀਂ ਬਦਲਾਓ ਨਿਰਾ ਭਰਮ ਹੈ। ਐਸੀ ਚੇਤਨਾ ਵਾਲਾ ਸੰਘਰਸ਼ ਹੀ ਹਕੂਮਤ ਦੇ ਕਰੂਰ ਹਮਲਿਆਂ ਨੂੰ ਰੋਕ ਸਕਦਾ ਹੈ ਅਤੇ ਆਰਥਕ, ਰਾਜਨੀਤਕ, ਰਾਜਕੀ ਕੇਂਦਰੀਕਰਨ ਨੂੰ ਉਲਟਾ ਸਕਦਾ ਹੈ ਜੋ ਹਿੰਦੂ ਰਾਸ਼ਟਰਵਾਦ ਦਾ ਧੁਰਾ ਹੈ। ਪਰ 'ਸੰਯੁਕਤ ਸਮਾਜ ਮੋਰਚਾ' ਬਣਾਉਣ ਵਾਲਿਆਂ ਦਾ ਫ਼ੈਸਲਾ ਇਨ੍ਹਾਂ ਹਾਲਾਤ 'ਚ ਬਣੇ ਰਾਜਨੀਤਕ ਖ਼ਲਾਅ ਨੂੰ ਭਰਨ ਵਾਲਾ ਬਦਲ ਨਹੀਂ ਹੈ। ਉਨ੍ਹਾਂ ਨੇ ਤਾਂ ਇਹ ਵੀ ਸਪਸ਼ਟ ਨਹੀਂ ਕੀਤਾ ਕਿ ਉਨ੍ਹਾਂ ਕੋਲ ਬੁਨਿਆਦੀ ਮਸਲਿਆਂ ਦੇ ਹੱਲ ਲਈ ਠੋਸ ਪ੍ਰੋਗਰਾਮ ਕੀ ਹੈ, ਉਨ੍ਹਾਂ ਕੋਲ ਵਿਕਾਸ ਅਤੇ ਤਰੱਕੀ ਦਾ ਰੋਡਮੈਪ ਕੀ ਹੈ ਜਿਸ ਦੇ ਆਧਾਰ 'ਤੇ ਉਹ ਆਮ ਲੋਕਾਂ ਦੀ ਜ਼ਿੰਦਗੀ ਦੀ ਕਾਇਆਕਲਪ ਕਰ ਦੇਣਗੇ। ਠੋਸ ਰਾਜਨੀਤਕ ਪ੍ਰੋਗਰਾਮ ਅਤੇ ਇਸ ਲਈ ਸੰਘਰਸ਼ ਤੋਂ ਬਗ਼ੈਰ ਬਦਲਾਓ ਕਿਵੇਂ ਸੰਭਵ ਹੈ? ਚੋਣਾਂ ਰਾਹੀਂ ਸੂਬੇ ਦੀ ਸਰਕਾਰ ਬਦਲਣਾ ਬਦਲਾਓ ਨਹੀਂ ਹੈ ਜਿਸ ਕੋਲ ਆਰਥਕ ਨੀਤੀਆਂ ਨੂੰ ਤੈਅ ਕਰਨ ਅਤੇ ਇਸ ਖ਼ਾਤਰ ਕਾਨੂੰਨ ਬਣਾਉਣ ਦੀ ਵੀ ਤਾਕਤ ਨਹੀਂ ਹੈ।

ਸੰਯੁਕਤ ਸਮਾਜ ਮੋਰਚੇ ਵਾਲਿਆਂ ਨੇ ਇਹ ਹਕੀਕਤ ਮਨੋਂ ਵਿਸਾਰ ਦਿੱਤੀ ਹੈ ਕਿ ਅੰਦੋਲਨ ਦੀ ਆਜ਼ਾਦ ਹਸਤੀ ਦਾ ਲੋਕ ਦੁਸ਼ਮਣ ਹਾਕਮ ਜਮਾਤੀ ਸਿਆਸਤ ਉੱਪਰ ਜੋ ਅਸਰਦਾਰ ਦਬਾਓ ਸੀ, ਉਹ ਚੋਣਾਂ 'ਚ ਹਿੱਸਾ ਲੈਣ ਨਾਲ ਨਹੀਂ ਰਹੇਗਾ। ਸੱਚੇ ਬਦਲਾਓ ਦੀ ਰਾਜਨੀਤਕ ਚੇਤਨਾ ਲਿਆਉਣ ਲਈ ਸਾਂਝੇ ਸੰਘਰਸ਼ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਵਿਸ਼ਾਲ ਬਣਾਉਣ ਅਤੇ ਇਸ ਦਬਾਓ ਨੂੰ ਹੋਰ ਮਜ਼ਬੂਤ ਬਣਾਉਣ ਦੀ ਜ਼ਰੂਰਤ ਸੀ। ਅੰਦੋਲਨ ਦੇ ਆਗੂਆਂ ਤੋਂ ਲੋਕ ਡੂੰਘੇ ਆਰਥਕ ਸੰਕਟ ਦੇ ਹੱਲ ਲਈ ਰਾਜਨੀਤਕ ਖ਼ਲਾਅ ਨੂੰ ਭਰਨ, ਹੋਰ ਵਿਆਪਕ ਲੜਾਈ ਵਿੱਢਣ ਅਤੇ ਅਗਵਾਈ ਦੇਣ ਦੀ ਉਮੀਦ ਕਰ ਰਹੇ ਸਨ। ਉਨ੍ਹਾਂ ਨੇ ਮਹੱਤਵਪੂਰਨ ਭੂਮਿਕਾ ਸਾਂਭਣ ਦੀ ਬਜਾਏ ਖ਼ੁਦ ਨੂੰ ਕੁਰਸੀ ਦੀ ਸੌੜੀ ਸਿਆਸਤ ਤੱਕ ਸੀਮਤ ਕਰਕੇ ਇਸ ਉਮੀਦ ਦਾ ਗਰਭਪਾਤ ਕਰ ਦਿੱਤਾ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਹਿੰਦੂਤਵੀ ਦ੍ਰਿਸ਼ਟੀ 'ਚ ਆਰਥਿਕਤਾ ਦਾ ਵੱਧ ਤੋਂ ਵੱਧ ਕਾਰਪੋਰੇਟੀਕਰਨ ਅਤੇ ਸੱਤਾ ਦਾ ਹਿੰਦੂ ਰਾਸ਼ਟਰਵਾਦੀ ਕੇਂਦਰੀਕਰਨ ਹੀ ਮੁਲਕ ਦੀ ਤਰੱਕੀ ਅਤੇ ਵਿਕਾਸ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਹਮਲਾਵਰ ਹਿੰਦੂ ਰਾਸ਼ਟਰਵਾਦ ਅਤੇ ਫ਼ਿਰਕੂ ਪਾਲਾਬੰਦੀ ਨੇ ਬਾਕੀ ਪਾਰਲੀਮੈਂਟਰੀ ਵਿਰੋਧੀ-ਧਿਰ ਨੂੰ ਪੂਰੀ ਤਰ੍ਹਾਂ ਗ਼ੈਰਪ੍ਰਸੰਗਿਕ ਬਣਾ ਦਿੱਤਾ ਹੈ ਜਿਨ੍ਹਾਂ ਦੀ ਆਰਥਕ ਵਿਕਾਸ ਦੀ ਦ੍ਰਿਸ਼ਟੀ ਤਾਂ ਭਗਵੀਂ ਹਕੂਮਤ ਵਾਲੀ ਹੀ ਹੈ ਪਰ ਉਨ੍ਹਾਂ ਦੀ ਰਾਸ਼ਟਰ ਦੀ ਦ੍ਰਿਸ਼ਟੀ ਧਰਮਤੰਤਰੀ ਹਿੰਦੂ ਰਾਸ਼ਟਰ ਦੀ ਬਜਾਏ ਮੁਕਾਬਲਤਨ ਉਦਾਰਵਾਦੀ ਰਾਸ਼ਟਰ ਦੀ ਹੈ। ਆਰਥਕ-ਸਮਾਜੀ ਨਾਬਰਾਬਰੀ ਨੂੰ ਦੂਰ ਕਰਨ ਦਾ ਸਪਸ਼ਟ ਠੋਸ ਪ੍ਰੋਗਰਾਮ ਤੈਅ ਕੀਤੇ ਬਗ਼ੈਰ ਚੋਣਾਂ ਲੜਨ ਵਾਲੇ ਕਿਸਾਨ ਆਗੂ ਉਸ ਮਿਆਦੀ ਆਰਥਕ-ਸਮਾਜੀ ਸੰਕਟ ਨੂੰ ਕਿਵੇਂ ਦੂਰ ਕਰ ਦੇਣਗੇ ਜੋ ਹਾਕਮ ਜਮਾਤੀ ਸਿਆਸਤ ਦੀਆਂ ਉਪਰੋਕਤ ਦੋਵਾਂ ਮੁੱਖ ਧਾਰਾਵਾਂ ਦਾ ਪੈਦਾ ਕੀਤਾ ਹੋਇਆ ਹੈ। ਬਹੁਗਿਣਤੀਵਾਦੀ ਹਿੰਦੂ ਰਾਸ਼ਟਰਵਾਦ ਵਿਰੁੱਧ ਵਿਸ਼ਾਲ ਲੋਕਾਂ ਦੀ ਸ਼ਮੂਲੀਅਤ ਵਾਲਾ ਰਾਜਨੀਤਕ ਅੰਦੋਲਨ ਖੜ੍ਹਾ ਕੀਤੇ ਬਗ਼ੈਰ ਇਸ ਦੀ ਮਜ਼ਬੂਤ ਜਕੜ ਨੂੰ ਤੋੜਨਾ ਸੰਭਵ ਨਹੀਂ ਹੈ ਜੋ ਇਸ ਨੇ ਲੰਮੇ ਰਾਜਸੀ ਅਤੇ ਰਾਜਕੀ ਕੰਟਰੋਲ ਜ਼ਰੀਏ ਅਤੇ ਫ਼ਿਰਕੂ ਪਾਲਾਬੰਦੀ ਜ਼ਰੀਏ ਆਰਥਕ, ਸਮਾਜੀ, ਸੱਭਿਆਚਾਰਕ, ਰਾਜਨੀਤਕ, ਰਾਜਕੀ, ਸੰਵਿਧਾਨਕ ਅਤੇ ਜੁਡੀਸ਼ੀਅਲ ਤੌਰ 'ਤੇ ਬਣਾ ਲਈ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਸੱਤਾ ਵਿਚ ਰਹੇ ਜਾਂ ਸੱਤਾ ਤੋਂ ਲਹਿ ਕੇ 'ਵਿਰੋਧੀ ਧਿਰ' ਬਣ ਜਾਵੇ, ਸੱਤਾ ਦੇ ਹੋ ਚੁੱਕੇ ਫਾਸ਼ੀਵਾਦੀ ਕੇਂਦਰੀਕਰਨ ਨੂੰ ਤੋੜਨ ਲਈ ਲੋਕਾਂ ਨੂੰ ਕਿਸਾਨ ਅੰਦੋਲਨ ਵਾਂਗ ਸੜਕਾਂ ਉੱਪਰ ਲੜਨਾ ਹੀ ਪਵੇਗਾ।

ਸੰਖੇਪ 'ਚ ਕਹਿਣਾ ਹੋਵੇ ਤਾਂ ਡੂੰਘੀ ਆਰਥਕ-ਸਮਾਜੀ ਨਾਬਰਾਬਰੀ 'ਚ ਗ੍ਰਸੇ ਮੁਲਕ ਨੂੰ ਨਾਬਰਾਬਰੀ 'ਚੋਂ ਕੱਢਣ ਵਾਲੇ ਸੱਚੇ ਬਦਲਾਓ ਵਾਲਾ ਸੰਘਰਸ਼ੀ ਬਦਲ ਤੁਰੰਤ ਲੋੜੀਂਦਾ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਹਰਾਉਣ ਲਈ ਸੰਘਰਸ਼ ਇਸ ਬਦਲ ਦਾ ਲਾਜ਼ਮੀ ਹਿੱਸਾ ਹੋਵੇਗਾ। ਮੌਜੂਦਾ ਧਾੜਵੀ ਕਾਰਪੋਰੇਟੀਕਰਨ ਨੂੰ ਖ਼ਤਮ ਕਰਕੇ ਖੇਤੀ ਨੂੰ ਕੁਦਰਤ ਮੁਖੀ ਅਤੇ ਰੋਜ਼ਗਾਰ ਮੁਖੀ ਬਣਾਉਣ ਲਈ ਵਿਸ਼ਾਲ ਅੰਦੋਲਨ ਦੀ ਜ਼ਰੂਰਤ ਹੈ। ਕਾਰਪੋਰੇਟਾਂ ਨੂੰ ਵੇਚੇ ਸਰਕਾਰੀ ਅਦਾਰੇ ਮੁੜ ਕਬਜ਼ੇ 'ਚ ਲੈ ਕੇ ਇਨ੍ਹਾਂ ਨੂੰ ਮਾਣ-ਸਨਮਾਨ ਵਾਲੇ ਪੱਕੇ ਰੋਜ਼ਗਾਰ ਅਤੇ ਸਸਤੀਆਂ ਸਿਹਤ, ਸਿੱਖਿਆ ਅਤੇ ਹੋਰ ਸੇਵਾਵਾਂ ਦੇਣ ਵਾਲੇ ਸਰਕਾਰੀ ਖੇਤਰ ਵਜੋਂ ਮੁੜ-ਬਹਾਲ ਕਰਨਾ, ਪ੍ਰਫੁੱਲਤ ਅਤੇ ਮਜ਼ਬੂਤ ਕਰਨਾ ਅੰਦੋਲਨ ਦਾ ਫ਼ੌਰੀ ਏਜੰਡਾ ਹੋਣਾ ਚਾਹੀਦਾ ਹੈ।

ਪੰਜਾਬ ਦੇ ਪ੍ਰਸੰਗ 'ਚ ਅਸੁਰੱਖਿਅਤ ਭਵਿੱਖ ਦੇ ਮੱਦੇਨਜ਼ਰ ਪਲਾਇਨ ਕਰ ਰਹੀ ਨੌਜਵਾਨੀ ਨੂੰ ਰੋਕਣ ਲਈ ਸੁਰੱਖਿਅਤ ਭਵਿੱਖ ਦੇਣ ਵਾਲਾ ਪਾਏਦਾਰ ਆਰਥਕ ਮਾਡਲ ਤੁਰੰਤ ਲੋੜੀਂਦਾ ਹੈ। ਵੋਟ ਬਟੋਰੂ ਪਾਰਟੀਆਂ ਦੀ ਖ਼ੈਰਾਤਾਂ ਵੰਡਣ ਵਾਲੀ ਸਿਆਸਤ 'ਚ ਇਨ੍ਹਾਂ ਬੁਨਿਆਦੀ ਸਵਾਲਾਂ ਉੱਪਰ ਗੰਭੀਰ ਚਰਚਾ ਲਈ ਕੋਈ ਜਗ੍ਹਾ ਨਹੀਂ ਹੈ। ਅਸਲ ਹੱਲ ਇਸ ਲੋਟੂ ਰਾਜ ਪ੍ਰਬੰਧ ਨੂੰ ਬੁਨਿਆਦੀ ਬਦਲਾਓ ਰਾਹੀਂ ਚਕਨਾਚੂਰ ਕਰਨ ਅਤੇ ਧਾੜਵੀ ਸਰਮਾਏਦਾਰੀ ਪ੍ਰਬੰਧ ਤੋਂ ਮੁਕਤ ਹੋਣ 'ਚ ਹੈ। ਜਿਸ ਲਈ ਮਜ਼ਬੂਤ ਇਨਕਲਾਬੀ ਸੰਘਰਸ਼ ਦਰਕਾਰ ਹੈ। ਇਸ ਵਕਤ ਫ਼ੌਰੀ ਤੌਰ 'ਤੇ ਉਸ ਨਵਉਦਾਰਵਾਦੀ ਆਰਥਕ ਮਾਡਲ ਨੂੰ ਸਾਲਮ ਰੂਪ 'ਚ ਖ਼ਤਮ ਕਰਾਉਣ ਲਈ ਲੜਾਈ ਲੜਨੀ ਜ਼ਰੂਰੀ ਹੈ ਜੋ ਆਲਮੀ ਸਾਮਰਾਜਵਾਦ ਦਾ ਇਕ ਮੁੱਖ ਏਜੰਡਾ ਹੈ। ਨਵਉਦਾਰਵਾਦੀ ਮਾਡਲ ਦਾ ਆਗਾਜ਼ 1974 'ਚ ਚਿੱਲੀ ਵਿਚ ਚੁਣੀ ਹੋਈ ਸਮਾਜਵਾਦੀ ਸਰਕਾਰ ਵਿਰੁੱਧ ਫ਼ੌਜੀ ਰਾਜ ਪਲਟਾ ਕਰਵਾ ਕੇ ਅਤੇ ਰਾਸ਼ਟਰਪਤੀ ਸਲਵਾਡੋਰ ਅਲੈਂਡੇ ਨੂੰ ਕਤਲ ਕਰਵਾ ਕੇ ਕੀਤਾ ਗਿਆ ਸੀ। ਇਸ ਮਾਡਲ ਨੂੰ ਉੱਥੇ ਦੇ ਲੋਕਾਂ ਨੇ ਪੂਰੀ ਤਰ੍ਹਾਂ ਦੁਰਕਾਰ ਦਿੱਤਾ ਹੈ ਅਤੇ ਉੱਥੇ ਇਸ ਨੂੰ ਵਾਪਸ ਲੈਣਾ ਪੈ ਰਿਹਾ ਹੈ। ਹੁਣ ਕੁਲ ਦੁਨੀਆ 'ਚ ਇਸ ਨੂੰ ਪਛਾੜਨ ਲਈ ਸੰਘਰਸ਼ ਵਿੱਢਣ ਦਾ ਵਕਤ ਆ ਗਿਆ ਹੈ। ਇਸ ਜ਼ਰੂਰਤ ਤੋਂ ਪਾਸਾ ਵੱਟਕੇ ਕਿਸਾਨ ਆਗੂਆਂ ਦਾ ਚੋਣਾਂ 'ਚ ਕੁੱਦਣ ਦਾ ਫ਼ੈਸਲਾ ਚੋਣਾਂ ਰਾਹੀਂ ਬਦਲਾਓ ਦਾ ਭਰਮ ਸਿਰਜ ਕੇ ਧਾੜਵੀ ਕਾਰਪੋਰੇਟ ਰਾਜ ਨੂੰ ਮਜ਼ਬੂਤ ਕਰਨ ਦਾ ਸੰਦ ਹੀ ਬਣੇਗਾ।

# ਖੇਤੀ ਕਾਨੂੰਨ ਵਾਪਸੀ ਅਤੇ ਪੰਜਾਬ ਦੀ ਖੁਸ਼ਹਾਲੀ ਦਾ ਸੁਪਨਾ



**ਅਮਰਜੀਤ ਸਿੰਘ ਗਰੇਵਾਲ**

ਕਿਸਾਨਾਂ ਨੇ ਖੇਤੀ ਕਾਨੂੰਨਾਂ ਖਿਲਾਫ ਲਾਇਆ ਮੋਰਚਾ ਜਿੱਤ ਲਿਆ ਹੈ ਪਰ ਖੇਤੀ ਸੰਕਟ ਦਾ ਮਸਲਾ ਅਜੇ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਇਹ ਗੱਲ ਸਹੀ ਹੈ ਕਿ ਨਵੇਂ ਖੇਤੀ ਕਾਨੂੰਨ ਰੱਦ ਹੋਣ ਅਤੇ ਐਮ.ਐਸ.ਪੀ. ਦੀ ਗਰੰਟੀ ਨਾਲ ਵੀ ਖੇਤੀ ਨਾਲ ਜੁੜੀਆਂ ਦੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ। ਇਸ ਬਾਰੇ ਵੱਖ-ਵੱਖ ਵਿਦਵਾਨ ਆਪੋ-ਆਪਣੇ ਵਿਚਾਰ ਰੱਖ ਰਹੇ ਹਨ। ਉਘੇ ਵਿਦਵਾਨ ਅਮਰਜੀਤ ਸਿੰਘ ਗਰੇਵਾਲ ਜੋ ਆਪਣੀ ਹਰ ਰਚਨਾ ਵਿਚ ਹਰ ਗੱਲ ਤਕਨੀਕ ਨਾਲ ਜੋੜ ਕੇ ਕਰਦੇ ਹਨ, ਨੇ ਇਸ ਲੇਖ ਵਿਚ ਮੌਜੂਦਾ ਸੰਕਟ ਦੇ ਹੱਲ ਲਈ ਕੁਝ ਹੱਲ ਸੁਝਾਏ ਹਨ। -

ਕਿਸਾਨ ਸੰਘਰਸ਼ ਵਿਚ ਕੇਵਲ ਕਿਸਾਨਾਂ ਦਾ ਹੀ ਨਹੀਂ, ਹਰ ਵਰਗ ਦੇ ਲੋਕਾਂ ਦਾ ਬਰਾਬਰ ਯੋਗਦਾਨ ਰਿਹਾ ਹੈ। ਉਹ ਸਾਂਝਾ ਸੂਤਰ ਕੀ ਸੀ ਜਿਸ ਕਾਰਨ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਮੁੱਦੇ ਤੋਂ ਸ਼ੁਰੂ ਹੋਣ ਵਾਲਾ ਇਹ ਸੰਘਰਸ਼, ਸਰਬੱਤ ਦੇ ਭਲੇ ਲਈ, ਸਭ ਦਾ ਸਾਂਝਾ ਸੰਘਰਸ਼ ਬਣ ਗਿਆ। ਸਰਕਾਰ ਕਹਿ ਰਹੀ ਸੀ ਕਿ ਉਸ ਨੇ ਇਹ ਕਾਨੂੰਨ ਕਿਸਾਨਾਂ ਦੀ ਭਲਾਈ ਵਾਸਤੇ ਲਿਆਂਦੇ ਹਨ ਪਰ ਕਿਸਾਨਾਂ ਦਾ ਆਖਣਾ ਸੀ ਕਿ ਉਨ੍ਹਾਂ ਨੂੰ ਇਸ ਭਲਾਈ ਦੀ ਜ਼ਰੂਰਤ ਨਹੀਂ। ਕਿਸਾਨਾਂ ਦੀ ਭਲਾਈ ਕਿਸ ਗੱਲ ਵਿਚ ਹੈ, ਕੀ ਇਸ ਗੱਲ ਦਾ ਫੈਸਲਾ ਕਰਨ ਲਈ ਕਿਸਾਨਾਂ ਦੀ ਸਲਾਹ ਲੈਣੀ ਜ਼ਰੂਰੀ ਨਹੀਂ ਸੀ? ਕੀ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਕਿਸਾਨਾਂ ਨਾਲੋਂ ਅਫਸਰਸ਼ਾਹੀ ਨੂੰ ਵਧੇਰੇ ਪਤਾ ਹੈ? ਸਰਕਾਰ ਠੀਕ ਆਖ ਰਹੀ ਸੀ ਜਾਂ ਗਲਤ, ਮੁੱਦਾ ਇਹ ਨਹੀਂ ਸੀ, ਮੁੱਦਾ ਇਹ ਸੀ ਕਿ ਲੋਕਾਂ ਨੂੰ, ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ, ਭੀਖ ਵਾਂਗ ਦਿੱਤੇ ਗਏ ਕਾਨੂੰਨ ਪ੍ਰਵਾਨ ਨਹੀਂ ਸਨ।

ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਉਸ ਫੈਸਲੇ ਰਾਹੀਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸਲਾਹ ਲੈਣੀ ਹੀ ਜਮਹੂਰੀਅਤ ਦਾ ਪੈਮਾਨਾ ਹੈ। ਸਰਕਾਰ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਹੁੰਦੀ ਹੈ, ਨਾ ਕਿ ਅਫਸਰਸ਼ਾਹੀ ਵਿਵਸਥਾ ਦੀ। ਕਿਸਾਨੀ ਸੰਘਰਸ਼ ਨੂੰ ਕਿਸਾਨੀ ਹਿਤਾਂ ਲਈ ਲੜੇ ਜਾ ਰਹੇ ਸੰਘਰਸ਼ ਨਾਲੋਂ ਵੱਧ ਜਮਹੂਰੀ ਪ੍ਰੰਪਰਾਵਾਂ ਦੀ ਮਜ਼ਬੂਤੀ ਲਈ ਲੜੇ ਜਾ ਰਹੇ ਸੰਘਰਸ਼ ਦੇ ਰੂਪ ਵਿਚ ਦੇਖਣ ਦੀ ਲੋੜ ਸੀ।

ਇਹ ਨਹੀਂ ਕਿ ਮੁਲਕ ਨੂੰ ਖੇਤੀ ਸੁਧਾਰਾਂ ਦੀ ਲੋੜ ਨਹੀਂ ਸੀ; ਕਿਸਾਨਾਂ ਦੀਆਂ ਆਤਮ-ਹਤਿਆਵਾਂ ਤੋਂ ਇਸ ਲੋੜ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਕਿਸਾਨ ਸੰਘਰਸ਼ ਦੇ ਸ਼ੁਰੂ ਵਿਚ ਹੀ 25 ਸਤੰਬਰ 2020 ਨੂੰ ਆਪਣੇ ਲੇਖ ਰਾਹੀਂ ਮੈਂ ਇਹੋ ਸਵਾਲ ਕੀਤਾ ਸੀ ਕਿ "ਕੀ ਅਸੀਂ ਉਸ ਪ੍ਰਬੰਧ ਦੀ ਲੰਮੀ ਉਮਰ ਵਾਸਤੇ ਲੜ ਰਹੇ ਹਾਂ ਜਿਸ ਨੇ ਸਾਨੂੰ ਖੁਸਕੁਸ਼ੀਆਂ ਲਈ ਮਜਬੂਰ ਕੀਤਾ ਹੋਇਆ ਹੈ; ਜਿਸ ਨੇ ਪੰਜਾਬ, ਪੰਜਾਬ ਦੀ ਧਰਤੀ, ਪੰਜਾਬ ਦੇ ਪੌਣ ਪਾਣੀਆਂ, ਪੰਜਾਬ ਦੇ ਬੇਰੁਜ਼ਗਾਰ ਬੱਚੇ ਬੱਚੀਆਂ ਅਤੇ ਇਸ ਦੀਆਂ ਭਾਈਚਾਰਕ ਕਦਰਾਂ ਕੀਮਤਾਂ ਨੂੰ ਮਰਨੇ ਪਾਇਆ ਹੋਇਆ ਹੈ? ਸਾਡਾ ਵਰਤਮਾਨ ਸੰਘਰਸ਼ ਉਸ ਵਿਵਸਥਾ ਨੂੰ ਬਚਾਉਣ ਤੇ ਲੱਗਾ ਹੋਇਆ ਹੈ ਜੋ ਕੇਵਲ ਪੰਜਾਬ ਦੇ ਪੌਣ ਪਾਣੀਆਂ ਨੂੰ ਹੀ ਨਹੀਂ, ਇਸ ਦੇ ਭਾਈਚਾਰੇ, ਅਰਥਚਾਰੇ ਅਤੇ ਭਵਿਖਮਈ ਸੰਭਾਵਨਾਵਾਂ ਨੂੰ ਵੀ ਬਰਬਾਦ ਕਰ ਰਹੀ ਹੈ।"

ਅੱਜ ਇਸ ਸੰਘਰਸ਼ ਦੀ ਸਫਲਤਾ ਬਾਅਦ, ਕਿਸਾਨਾਂ ਨੂੰ ਵਧਾਈ ਦੇਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਨ ਉਪਰੰਤ ਮੇਰਾ ਉਹੋ ਸਵਾਲ ਹੈ: ਕੀ ਹੁਣ ਖੇਤੀ ਕਾਨੂੰਨ ਵਾਪਸ ਹੋਣ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋ ਗਈਆਂ ਹਨ? ਇਸ ਤੋਂ ਵੀ ਵੱਧ, ਕੀ ਐਮ.ਐਸ.ਪੀ. ਦੀ ਗਰੰਟੀ ਮਿਲ ਜਾਣ ਬਾਅਦ ਵੱਡੇ ਕਿਸਾਨਾਂ ਦੇ ਨਾਲ-ਨਾਲ ਛੋਟੇ ਕਿਸਾਨਾਂ ਦੀ ਆਮਦਨ ਵਿਚ ਵੀ ਤਸੱਲੀਬਖਸ਼ ਵਾਧਾ ਹੋ ਜਾਵੇਗਾ? ਕੀ ਫਸਲਾਂ ਦੀ ਖਰੀਦ ਯਕੀਨੀ ਹੋਣ ਨਾਲ ਡੇਢ-ਦੋ ਏਕੜ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਆਮਦਨ ਵਿਚ ਵੀ ਤਸੱਲੀਬਖਸ਼ ਵਾਧਾ ਹੋ ਜਾਵੇਗਾ ਕਿ ਉਹ ਆਪਣੇ ਬੱਚਿਆਂ ਨੂੰ ਵਧੀਆ ਸਿਖਿਆ ਅਤੇ ਸਿਹਤ ਸਹੂਲਤਾਂ ਦੇ ਸਕਣ। ਵਾਤਾਵਰਨ ਸਾਫ ਸੁਥਰਾ ਰਹਿਣ ਲੱਗ ਪਵੇ ਅਤੇ ਆਰਥਕ ਪਾੜਾ ਘਟ ਜਾਵੇ।

ਇਕ ਗੱਲ ਪੰਜਾਬ ਨੂੰ ਪੰਜਾਬ ਦੇ ਕਿਸਾਨ ਪਰਿਵਾਰਾਂ ਨੂੰ, ਪੰਜਾਬ ਦੇ ਪੇਂਡੂ ਭਾਈਚਾਰੇ ਨੂੰ, ਪੰਜਾਬ ਦੇ ਅਰਥ ਸ਼ਾਸਤਰੀਆਂ ਨੂੰ ਅਤੇ ਸਾਨੂੰ ਸਭ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਐਮ.ਐਸ.ਪੀ. ਦੀ ਗਰੰਟੀ ਨਾਲ ਪੰਜਾਬ ਦੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ। ਹਰੇ ਇਨਕਲਾਬ ਵਾਲੇ ਪੁਰਾਣੇ ਮਾਡਲ ਦੇ ਅੰਤਰਗਤ ਉਸ ਨੂੰ ਮਜ਼ਬੂਤ ਕਰਨ ਨਾਲ ਪੰਜਾਬ ਦੀਆਂ ਸਮੱਸਿਆਵਾਂ ਹੱਲ ਨਹੀਂ, ਹੋਰ ਵੀ ਗੰਭੀਰ ਹੋਣ ਵਾਲੀਆਂ ਹਨ। ਪੰਜਾਬ ਵਿਚ ਹਰੇ ਇਨਕਲਾਬ ਦੀਆਂ ਨੀਤੀਆਂ ਨੂੰ ਜਾਰੀ ਰੱਖਣਾ ਕੇਵਲ ਭੁਲ ਹੀ ਨਹੀਂ, ਤਬਾਹਕੁਨ ਹੋਵੇਗਾ।

ਪੰਜਾਬ ਨੂੰ ਹੁਣ ਨਵੇਂ ਖੇਤੀ ਇਨਕਲਾਬ ਦੀ ਜ਼ਰੂਰਤ ਹੈ ਜੋ ਸਮਾਜਕ, ਆਰਥਕ ਅਤੇ ਵਾਤਾਵਰਨਕ ਤੌਰ ਤੇ ਟਿਕਾਊ ਹੋਣ ਦੇ ਨਾਲ-ਨਾਲ ਪੰਜਾਬੀ ਯੂਥ ਦੇ ਸੁਪਨਿਆਂ ਨੂੰ ਵੀ ਸਾਕਾਰ ਕਰ ਸਕੇ। ਹਰ ਕਿਸੇ ਲਈ ਸਨਮਾਨਯੋਗ ਰੁਜ਼ਗਾਰ, ਸਾਫ ਸੁਥਰੇ ਵਾਤਾਵਰਨ, ਭਾਈਚਾਰਕ ਮਿਲਵਰਤਣ ਅਤੇ ਮੱਧਵਰਗੀ ਖੁਸ਼ਹਾਲ ਜੀਵਨ ਦੀ ਵਿਵਸਥਾ ਪੈਦਾ ਕਰ ਸਕੇ। ਪੰਜਾਬ ਨੂੰ ਅਜਿਹੇ ਮਾਡਲ ਦੀ ਜ਼ਰੂਰਤ ਹੈ ਜਿਸ ਰਾਹੀਂ ਪੰਜਾਬੀ ਯੂਥ ਆਪਣੇ ਕੈਨੇਡੀਅਨ ਸੁਪਨਿਆਂ ਨੂੰ ਪੰਜਾਬ ਵਿਚ ਰਹਿ ਕੇ ਓਨੀ ਹੀ ਸ਼ਿਦਤ ਨਾਲ ਪੂਰੇ ਕਰ ਸਕੇ। ਇਸ ਖੇਤੀ ਮਾਡਲ ਨੂੰ ਆਪਾਂ 'ਹਰੀ ਕ੍ਰਾਂਤੀ 2.0' ਦਾ ਨਾਮ ਦੇ ਸਕਦੇ ਹਾਂ।

ਕਿਸਾਨ ਸੰਘਰਸ਼ ਦੀ ਜਿੱਤ ਨੂੰ ਹਰੇ ਇਨਕਲਾਬ ਦੀ ਮਜ਼ਬੂਤੀ ਦੀ ਜਿੱਤ ਦੇ ਤੌਰ ਤੇ ਨਹੀਂ, ਜਮਹੂਰੀਅਤ ਦੀ ਜਿੱਤ ਦੇ ਰੂਪ ਵਿਚ ਸਮਝਣ ਦੀ ਲੋੜ ਹੈ। ਇਸ ਸੰਘਰਸ਼ ਨੇ ਸਰਕਾਰਾਂ ਅਤੇ ਸਾਨੂੰ ਸਭ ਨੂੰ ਇਹੋ ਸਬਕ ਸਿਖਾਇਆ ਹੈ ਕਿ ਕਿਸੇ ਵੀ ਖੇਤਰ ਦੀਆਂ ਨੀਤੀਆਂ ਦੇ ਨਿਰਮਾਣ ਲਈ ਉਸ ਖੇਤਰ ਦੇ ਸਭੇ ਭਾਗੀਦਾਰਾਂ (ਸਟੇਕਹੋਲਡਰਜ਼) ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਾ ਜ਼ਰੂਰੀ ਹੈ।

ਇਹ ਜਾਣ ਲੈਣ ਉਪਰੰਤ ਕਿ ਹਰੇ ਇਨਕਲਾਬ ਦੀਆਂ ਨੀਤੀਆਂ ਅਤੇ ਵਿਵਸਥਾਵਾਂ ਰਾਹੀਂ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ ਅਤੇ ਇਸ ਤੋਂ ਵੀ ਵੱਧ ਕਿ ਇਨ੍ਹਾਂ ਦਾ ਜਾਰੀ ਰਹਿਣਾ ਮੁਲਕ, ਵਾਤਾਵਰਨ ਅਤੇ ਕਿਸਾਨਾਂ ਲਈ ਬਹੁਤ ਨੁਕਸਾਨਦੇਹ ਹੋਵੇਗਾ, ਹਰੀ ਕ੍ਰਾਂਤੀ 2.0 ਨੀਤੀ ਨਿਰਮਾਣ ਵੱਲ ਵਧਣਾ ਜ਼ਰੂਰੀ ਹੋ ਗਿਆ ਹੈ। ਬਹੁਤ ਖੁਸ਼ੀ ਵਾਲੀ ਗੱਲ ਹੈ ਕਿ ਇਸ ਨੀਤੀ ਨਿਰਮਾਣ ਲਈ ਵਿਚਾਰ-ਵਟਾਂਦਰੇ ਵਿਚ ਪ੍ਰਧਾਨ ਮੰਤਰੀ ਨੇ ਰਾਜ ਸਰਕਾਰਾਂ, ਅਰਥ ਸ਼ਾਸਤਰੀਆਂ, ਖੇਤੀ ਮਾਹਿਰਾਂ ਆਦਿ ਸਭੇ ਸਟੇਕਹੋਲਡਰਾਂ ਨੂੰ ਸ਼ਾਮਲ ਕਰਨ ਦਾ ਭਰੋਸਾ ਦਿਵਾਇਆ ਹੈ। ਖੇਤੀ ਕਾਨੂੰਨਾਂ ਦੀ ਵਾਪਸੀ ਦਾ ਇਸ ਲਈ ਵੀ ਸੁਆਗਤ ਕਰਨਾ ਬਣਦਾ ਹੈ ਕਿ ਇਸ ਨੇ ਖੇਤੀ/ਕਿਸਾਨੀ ਸਮਸਿਆਵਾਂ ਨੂੰ ਨਵੇਂ ਸਿਰੇ ਤੋਂ ਨਵੀਂ ਤਰ੍ਹਾਂ ਨਾਲ ਵਿਚਾਰਨ ਅਤੇ ਉਨ੍ਹਾਂ ਦੇ ਨਵੇਂ ਹੱਲ ਢੂੰਡਣ ਦਾ ਮੌਕਾ ਦਿੱਤਾ ਹੈ।

ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਦੇ ਸਕੱਤਰ ਕਰਨਲ ਜਸਮੇਰ ਸਿੰਘ ਬਾਲਾ ਜਦੋਂ ਇਹ ਸਵਾਲ ਕੀਤਾ ਕਿ ਕਿਸਾਨਾਂ ਦਾ ਹੁਣ ਕੀ ਬਣੇਗਾ, ਤਾਂ ਮੇਰਾ ਤੁਰੰਤ ਜਵਾਬ ਸੀ ਕਿ ਕਿਸਾਨ ਦਾ ਉਹੋ ਬਣੂ ਜੋ ਪਿੰਡ ਦਾ ਬਣੇਗਾ। ਹਰੀ ਕ੍ਰਾਂਤੀ 2.0 ਦੇ ਨਿਰਮਾਣ ਨੂੰ ਇਸ ਪਰਿਪੇਖ ਵਿਚ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਕਿਸਾਨ ਨੂੰ ਪਿੰਡ ਤੋਂ ਅਲਹਿਦਾ ਕਰਕੇ ਨਹੀਂ ਦੇਖਿਆ ਜਾ ਸਕਦਾ। ਖੇਤੀਬਾੜੀ, ਪਸ਼ੂ ਪਾਲਣ ਅਤੇ ਸਹਾਇਕ ਧੰਦਿਆਂ ਰਾਹੀਂ ਕਿਸਾਨ ਜੋ ਕੁਝ ਵੀ ਪੈਦਾ ਕਰਦਾ, ਪਿੰਡ ਪਰਿਵਾਰ ਉਸ ਦੀ ਸਾਂਭ ਸੰਭਾਲ ਅਤੇ ਮੁਲ ਵਿਚ ਵਾਧੇ ਰਾਹੀਂ ਖਪਤ ਯੋਗ ਬਣਾ ਦਿੰਦਾ ਸੀ ਪਰ ਹਰੀ ਕ੍ਰਾਂਤੀ ਤੋਂ ਬਾਅਦ ਇਹ ਕੁਨੈਕਸ਼ਨ ਟੁਟ ਗਿਆ ਅਤੇ ਪੈਦਾਵਾਰ ਕੱਚੇ ਮਾਲ ਦੇ ਰੂਪ ਵਿਚ ਸਿੱਧੀ ਮੰਡੀ ਵਿਚ ਜਾਣ ਲੱਗ ਪਈ। ਪਿੰਡ ਦੀ ਥਾਂ ਇੰਡਸਟਰੀ ਅਤੇ ਕਈ ਕਿਸਮ ਦੇ ਵਿਚੋਲਿਆਂ ਨੇ ਲੈ ਲਈ। ਹਰੀ ਕ੍ਰਾਂਤੀ ਰਾਹੀਂ ਅਸੀਂ ਕਿਸਾਨ ਨੂੰ ਤਾਂ ਫਸਲ ਉਤਪਾਦਨ ਦੀ ਨਵੀਂ ਤਕਨਾਲੋਜੀ ਵਿਚ ਨਿਪੁੰਨ ਕਰ ਦਿੱਤਾ ਪਰ ਪਿੰਡ ਨੂੰ ਪੈਦਾਵਾਰ ਦੀ ਸਾਂਭ ਸੰਭਾਲ, ਵੈਲਯੂ ਅਡੀਸ਼ਨ, ਬਰੈਂਡ ਡਿਵੇਲਪਮੈਂਟ ਅਤੇ ਮੰਡੀਕਰਨ ਦੀਆਂ ਆਧੁਨਿਕ ਤਕਨੀਕਾਂ ਦੀ ਜਾਣਕਾਰੀ ਅਤੇ ਟਰੇਨਿੰਗ ਦੇਣਾ ਪਤਾ ਨਹੀ ਕਿਉਂ ਭੁਲ ਗਏ।

ਇਹ ਭੁੱਲ ਸੀ ਜਾਂ ਸਾਜ਼ਿਸ਼, ਇਹ ਜੋ ਵੀ ਸੀ, ਬੱਸ ਇਹ ਕਮੀ ਹੀ ਕਿਸਾਨ, ਪਿੰਡ ਅਤੇ ਪੰਜਾਬ ਦੇ ਸੰਕਟ ਦਾ ਕਾਰਨ ਬਣੀ। ਇਸ ਕਮੀ ਨੂੰ ਦੂਰ ਕਰ ਦਿਓ, ਸੰਕਟ ਆਪਣੇ ਆਪ ਹੱਲ ਹੋ ਜਾਵੇਗਾ।

ਪੈਦਾਵਾਰ ਵਿਚ ਵਾਧੇ ਲਈ ਹਰੀ ਕ੍ਰਾਂਤੀ ਦੇ ਰੂਪ ਵਿਚ ਕਿਸਾਨ ਨੂੰ ਦੋ ਚੀਜ਼ਾਂ ਮੁਹੱਈਆ ਕਰਵਾਈਆਂ ਗਈਆਂ: ਤਕਨਾਲੋਜੀ ਅਤੇ ਆਧਾਰ-ਢਾਂਚਾ। ਜੇਕਰ ਪੈਦਾਵਾਰ ਦੀ ਸਾਂਭ-ਸੰਭਾਲ ਅਤੇ ਉਸ ਦੇ ਮੁੱਲ ਵਿਚ ਵਾਧੇ ਲਈ ਇਹੋ ਦੋ ਚੀਜ਼ਾਂ ਪਿੰਡ ਨੂੰ ਵੀ ਮੁਹੱਈਆ ਕਰਵਾ ਦਿਤੀਆਂ ਜਾਂਦੀਆਂ ਤਾਂ ਸੰਕਟ ਨੇ ਪੈਦਾ ਹੀ ਨਹੀਂ ਸੀ ਹੋਣਾ। ਪਿੰਡ ਨੂੰ ਇਹ ਦੋ ਚੀਜ਼ਾਂ ਅੱਜ ਮੁਹੱਈਆ ਕਰਵਾ ਦਿਓ, ਸੰਕਟ ਅੱਜ ਹੀ ਹੱਲ ਹੋ ਜਾਵੇਗਾ। ਸੱਚ ਜਾਣਿਓ, ਇਹ ਗੱਲ ਏਨੀ ਹੀ ਸਾਧਾਰਨ ਹੈ।

ਇਹ ਸੰਕਟ ਹੈ ਕੀ? ਪਿੰਡ ਨੂੰ ਲੋੜੀਂਦਾ ਆਧਾਰ-ਢਾਂਚਾ ਅਤੇ ਤਕਨਾਲੋਜੀ ਮੁਹੱਈਆ ਕਰਵਾਉਣ ਨਾਲ ਇਹ ਕਿਵੇਂ ਹੱਲ ਹੋ ਜਾਵੇਗਾ? ਕਿਸਾਨ ਨੂੰ ਉਸ ਦੇ ਪਿੰਡ ਪਰਿਵਾਰ ਤੋਂ ਅਲਹਿਦਾ ਕਰਕੇ ਨਹੀਂ ਦੇਖਿਆ ਜਾ ਸਕਦਾ, ਇਸ ਲਈ ਇਹ ਸੰਕਟ ਵੀ ਕਿਸਾਨ ਅਤੇ ਉਸ ਦੇ ਪਿੰਡ ਪਰਿਵਾਰ ਦਾ ਸਾਂਝਾ ਹੀ ਹੈ। ਕਿਸਾਨਾਂ ਦੀ ਘਟ ਰਹੀ ਆਮਦਨ, ਵਧ ਰਹੇ ਕਰਜ਼ੇ, ਉਜੜ ਰਿਹਾ ਪਿੰਡ ਪਰਿਵਾਰ, ਖੁਰ ਰਹੀਆਂ ਸਮਾਜਕ ਕਦਰਾਂ ਕੀਮਤਾਂ, ਵਧ ਰਹੀ ਆਰਥਕ ਨਾ-ਬਰਾਬਰੀ, ਕੁਦਰਤੀ ਤੇ ਰਾਜਨੀਤਕ ਵਾਤਾਵਰਨ ਦਾ ਨਿਘਾਰ, ਯੂਥ ਵਿਚ ਲਗਾਤਾਰ ਵਧ ਰਹੀ ਬੇਰੁਜ਼ਗਾਰੀ, ਬੇਕਾਰੀ, ਨਸ਼ੇਖੋਰੀ, ਜੁਰਮ ਤੇ ਨਿਰਾਸ਼ਤਾ ਆਦਿ ਇਸ ਸੰਕਟ ਦੀਆਂ ਕੁਝ ਕੁ ਅਲਾਮਤਾਂ ਹਨ। ਇਸ ਕਿਸਾਨੀ ਸੰਕਟ ਦੇ ਪਿੰਡ ਵਿਚ ਪਏ ਹੱਲ ਨੂੰ ਢੂੰਡਣ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੋ ਜਾਂਦਾ ਹੈ ਕਿ ਕਿਸਾਨ ਕੌਣ ਹੈ? ਉਸ ਦਾ ਪਿੰਡ ਪਰਿਵਾਰ ਕੀ ਹੈ?

ਕਿਸਾਨ ਅਤੇ ਉਸ ਦਾ ਪਿੰਡ ਪਰਿਵਾਰ ਉਹ ਹਨ ਜੋ ਸਰਪਲੱਸ ਫੂਡ, ਫਾਈਬਰ, ਲੱਕੜ, ਪਾਣੀ ਤੇ ਊਰਜਾ ਪੈਦਾ ਕਰਕੇ ਸ਼ਹਿਰੀ ਕੰਮ-ਧੰਦਿਆਂ, ਉਦਯੋਗ, ਵਪਾਰ ਤੇ ਰਾਜਨੀਤੀ ਦੇ ਵਧਣ ਫੁਲਣ ਦੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ। ਕਰੋਨਾ ਸੰਕਟ ਨੇ ਦੱਸ ਦਿਤਾ ਕਿ ਜੇ ਕਿਸੇ ਕਾਰਨ ਉਦਯੋਗ ਤੇ ਵਪਾਰ ਦਾ ਪਹੀਆ ਘੁੰਮਣਾ ਬੰਦ ਹੋ ਜਾਵੇ, ਜ਼ਿੰਦਗੀ ਦਾ ਪਹੀਆ ਤਾਂ ਤਦ ਵੀ ਘੁੰਮਦਾ ਰਹਿੰਦਾ ਹੈ। ਬੱਸ ਇਕ ਕਿਸਾਨ ਅਤੇ ਉਸ ਦੇ ਪਿੰਡ ਪਰਿਵਾਰ ਦਾ ਪਹੀਆ ਘੁੰਮਦਾ ਰਹਿਣਾ ਚਾਹੀਦਾ ਹੈ।

ਕਿਸਾਨ ਅਨਾਜ, ਫਲ, ਸਬਜ਼ੀਆਂ, ਕਮਾਦ, ਤੇਲ-ਬੀਜ, ਦੁਧ ਜੋ ਵੀ ਪੈਦਾ ਕਰਦਾ, ਪਿੰਡ ਇਸ ਨੂੰ ਆਟੇ, ਬੇਸਣ, ਦਾਲਾਂ, ਸੇਵੀਆਂ, ਬੜੀਆਂ, ਪਾਪੜ, ਅਚਾਰ ਮੁਰੱਬੇ, ਗੁੜ, ਸ਼ੱਕਰ, ਤੇਲ, ਦਹੀਂ, ਪਨੀਰ, ਘਿਉ ਆਦਿ ਭੋਜਨ-ਪਦਾਰਥਾਂ ਵਿਚ ਤਬਦੀਲ ਕਰ ਦਿੰਦਾ ਸੀ। ਪਿੰਡ ਦੀਆਂ ਔਰਤਾਂ, ਜੁਲਾਹੇ, ਦਰਜੀ ਤੇ ਮੋਚੀ ਰਲ ਕੇ, ਕਿਸਾਨਾਂ ਤੇ ਪਸ਼ੂ ਪਾਲਕਾਂ ਦੁਆਰਾ ਪੈਦਾ ਕੀਤੇ ਕਪਾਹ, ਉੰਨ ਅਤੇ ਚਮੜੇ ਤੋਂ ਵਸਤਰ, ਖੇਸ, ਦਰੀਆਂ, ਫੁਲਕਾਰੀਆਂ, ਪਰਸ, ਜੁੱਤੀਆਂ ਆਦਿ ਤਿਆਰ ਕਰ ਦਿੰਦੇ ਸਨ। ਗੱਲ ਕੀ, ਕਿਸਾਨ ਜੋ ਵੀ ਪੈਦਾ ਕਰਦਾ ਸੀ, ਪਿੰਡ ਉਸ ਨੂੰ ਖਪਤ ਦੀਆਂ ਵਸਤੂਆਂ ਵਿਚ ਤਬਦੀਲ ਕਰ ਕੇ ਪਿੰਡ ਦੇ ਹਟਬਾਣੀਆਂ ਕੋਲ ਵੇਚ ਦਿੰਦਾ। ਜਿਵੇਂ ਨਵੀਂ ਤਕਨਾਲੋਜੀ, ਮੈਨੇਜਮੈਂਟ, ਮਸ਼ੀਨਰੀ ਆਦਿ ਦੀ ਸਹਾਇਤਾ ਨਾਲ ਖੇਤੀ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ, ਉਸੇ ਤਰ੍ਹਾਂ ਪ੍ਰੋਸੈਸਿੰਗ, ਵੈਲਯੂ ਅਡੀਸ਼ਨ ਅਤੇ ਮਾਰਕੀਟਿੰਗ ਵਿਚ ਆਈ ਨਵੀਂ ਤਕਨਾਲੋਜੀ ਦੀ ਸਹਾਇਤਾ ਨਾਲ ਪਿੰਡ ਵੀ ਆਪਣੇ ਰੋਲ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆ ਸਕਦਾ ਸੀ। ਪੰਜਾਬ ਦੇ ਆਰਥਕ, ਰਾਜਨੀਤਕ ਅਤੇ ਈਕਾਲੋਜੀਕਲੀ ਸਸਟੇਨੇਬਲ ਅਤੇ ਸਮਿਲਤ (ਇਨਕਲੂਸਿਵ) ਵਿਕਾਸ ਲਈ ਅਜਿਹਾ ਨਾ ਕਰ ਸਕਣ ਦੀ ਮਜਬੂਰੀ ਅਤੇ ਸਾਜ਼ਿਸ਼ ਹੀ ਪੰਜਾਬ ਸੰਕਟ ਦਾ ਦੂਸਰਾ ਨਾਮ ਹੈ।

ਮਿਲਕਫੈਡ ਦਾ ਨਿਰਮਾਣ ਸ਼ਾਇਦ ਇਸੇ ਉਦੇਸ਼ ਦੀ ਪੂਰਤੀ ਲਈ ਕੀਤਾ ਗਿਆ ਸੀ ਪਰ ਹੋ ਸਕਦਾ ਹੈ ਕਿ ਮਿਲਕ ਪ੍ਰੋਸੈਸਿੰਗ ਦੀ ਸਮਾਲ ਸਕੇਲ ਤਕਨਾਲੋਜੀ ਦੇ ਉਪਲਬਧ ਨਾ ਹੋਣ ਕਾਰਨ ਇਸ ਦਾ ਕੇਂਦਰੀਕਰਨ ਕਰਨਾ ਪਿਆ ਹੋਵੇ। ਇਸ ਨੇ ਪੇਂਡੂ ਭਾਈਚਾਰੇ ਨੂੰ ਮਿਲਕ ਪ੍ਰੋਸੈਸਿੰਗ ਦੇ ਕੰਮ ਨਾਲ ਜੋੜਨ ਦਾ ਨਹੀਂ, ਤੋੜਨ ਦਾ ਕੰਮ ਕੀਤਾ ਹੈ। ਦੁਧ ਦੀ ਸਾਂਭ-ਸੰਭਾਲ ਅਤੇ ਇਸ ਦੇ ਮੁੱਲ ਵਿਚ ਵਾਧੇ ਦਾ ਕੰਮ ਪਿੰਡਾਂ ਵਿਚੋਂ ਕੱਢ ਕੇ ਸ਼ਹਿਰਾਂ ਵਿਚ ਸਥਿਤ ਵੱਡੇ-ਵੱਡੇ ਮਿਲਕ ਪਲਾਂਟਾਂ ਦੇ ਹਵਾਲੇ ਕਰ ਦਿਤਾ। ਕਿਸਾਨਾਂ ਦੁਆਰਾ ਕੀਤੀ ਜਾ ਰਹੀ ਪੈਦਾਵਾਰ ਉਪਰ ਸਰਕਾਰ, ਅਫਸਰਸ਼ਾਹੀ ਅਤੇ ਭ੍ਰਿਸ਼ਟਾਚਾਰ ਹਾਵੀ ਹੋ ਗਏ। ਨਤੀਜੇ ਵਜੋਂ ਇਹ ਕਿਸਾਨੀਂ ਦੇ ਸ਼ਕਤੀਕਰਨ ਦੀ ਥਾਂ ਉਸ ਦੀ ਗੁਲਾਮੀ ਦਾ ਮਾਧਿਅਮ ਬਣ ਗਈ। ਪੰਜਾਬ ਦੀ ਸਮੁਚੀ ਕੋਆਪਰੇਟਿਵ ਲਹਿਰ ਇਸੇ ਸਥਿਤੀ ਵਿਚੋਂ ਗੁਜ਼ਰ ਰਹੀ ਹੈ। ਜਿਵੇਂ ਪ੍ਰਾਈਵੇਟ ਅਦਾਰੇ ਆਪਣੇ ਮੁਨਾਫੇ ਲਈ ਕਿਸਾਨਾਂ ਦਾ ਸ਼ੋਸ਼ਣ ਕਰਦੇ ਹਨ, ਉਸੇ ਤਰ੍ਹਾਂ ਨੌਕਰਸ਼ਾਹੀ ਅਦਾਰੇ ਆਪਣੀ ਨਾਲਾਇਕੀ ਅਤੇ ਭ੍ਰਿਸ਼ਟਾਚਾਰ ਰਾਹੀਂ ਕਿਸਾਨਾਂ ਦਾ ਲਹੂ ਚੂਸਦੇ ਹਨ ਪਰ ਉਸ ਦੇ ਪਿੰਡ ਪਰਿਵਾਰ ਕੋਲੋਂ ਉਸ ਦੀ ਪੈਦਾਵਾਰ ਦੀ ਸਾਂਭ-ਸੰਭਾਲ ਅਤੇ ਪ੍ਰੋਸੈਸਿੰਗ ਦਾ ਅਧਿਕਾਰ ਖੋਹ ਕੇ ਕਿਸਾਨੀਂ ਨੂੰ ਗੁਲਾਮ ਬਣਾਉਣ ਦਾ ਕੰਮ ਇਹ ਤਿੰਨੋ ਕਿਸਮ ਦੀਆਂ ਪ੍ਰਾਈਵੇਟ, ਸਰਕਾਰੀ ਅਤੇ ਸਹਿਕਾਰੀ ਸੰਸਥਾਵਾਂ ਇਕੋ ਜਿੰਨੀ ਕੁਸ਼ਲਤਾ ਨਾਲ ਕਰਦੀਆਂ ਹਨ। ਕਿਸਾਨ ਦੀ ਪੈਦਾਵਾਰ ਨੂੰ ਉਸ ਦੇ ਪਿੰਡ ਪਰਿਵਾਰ ਨਾਲੋਂ ਅਲਹਿਦਾ ਕਰਕੇ ਇਹ ਆਪਣੇ ਮੁਨਾਫੇ ਦੀ ਹਵਸ ਹੀ ਪੂਰੀ ਨਹੀਂ ਕਰਦੀਆਂ, ਪਿੰਡ ਪਰਿਵਾਰ ਦੀ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਈਕਾਲੋਜੀ ਨੂੰ ਵੀ ਤਬਾਹ ਕਰ ਰਹੀਆਂ ਹਨ।

ਹਰੇ ਇਨਕਲਾਬ ਦੌਰਾਨ ਕਿਸਾਨੀ ਅਤੇ ਖਪਤਕਾਰਾਂ ਦੇ ਦੋਹਰੇ ਸ਼ੋਸ਼ਣ ਲਈ ਕੌਮੀ/ਬਹੁਕੌਮੀ ਸਰਮਾਏ ਨੇ ਪਿੰਡ ਪਰਿਵਾਰ ਨੂੰ ਬਾਹਰ ਕੱਢ ਕੇ ਕਿਸਾਨੀ ਤੇ ਖਪਤਕਾਰਾਂ ਵਿਚਕਾਰ, ਸਨਅਤੀ ਤੇ ਵਪਾਰਕ ਵਿਚੋਲਿਆਂ ਦੀ ਲੰਮੀ ਕਤਾਰ ਖੜ੍ਹੀ ਕਰ ਦਿਤੀ ਸੀ। ਕਿਸਾਨੀ ਅਤੇ ਖਪਤਕਾਰਾਂ ਦੇ ਇਸ ਸ਼ੋਸ਼ਣ ਨੂੰ ਰੋਕਣ ਵਾਸਤੇ ਹੁਣ ਲੋੜ ਹੈ ਕਿ ਸਮਾਲ ਸਕੇਲ ਪ੍ਰੋਸੈਸਿੰਗ ਮਸ਼ੀਨਰੀ, ਪਲੈਟਫਾਰਮ ਤਕਨਾਲੋਜੀ ਅਤੇ ਡਿਜੀਟਲ ਬੁਨਿਆਦੀ ਢਾਂਚੇ ਦੀ ਸਹਾਇਤਾ ਨਾਲ ਪਿੰਡ ਪਰਿਵਾਰ ਦੇ ਸ਼ਕਤੀਕਰਨ ਰਾਹੀਂ, ਸਨਅਤੀ ਅਤੇ ਵਪਾਰਕ ਵਿਚੋਲਿਆਂ ਦੇ ਢਾਂਚੇ ਨੂੰ ਖਦੇੜ ਕੇ ਉਸ ਦੀ ਥਾਂ ਪਿੰਡ ਪਰਿਵਾਰ ਦੇ ਵੇਗਵਾਨ ਰੋਲ ਨੂੰ ਨਵੇਂ ਰੂਪ ਵਿਚ ਸਥਾਪਿਤ ਕੀਤਾ ਜਾਵੇ।

2

ਕਿਰਸਾਣੀ ਦੇ ਕਈ ਹੋਰ ਮੁਦਿਆਂ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੈ ਜੋ ਪਿੰਡ ਪਰਿਵਾਰ ਦੇ ਰੋਲ ਨੂੰ ਪੁਨਰ-ਪਰਿਭਾਸ਼ਿਤ ਕਰ ਸਕਦੇ ਹਨ। ਦੇਖ ਰਹੇ ਹਾਂ ਕਿ ਅਨਾਜ ਦੇ ਮੁਕਾਬਲੇ ਫਲਾਂ, ਸਬਜ਼ੀਆਂ, ਡੇਅਰੀ ਉਤਪਾਦਾਂ, ਮੀਟ, ਅੰਡਿਆਂ, ਮੱਛੀ ਆਦਿ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ ਪਰ ਸਰਕਾਰੀ ਨੀਤੀ ਦੇ ਅਨਾਜ-ਕੇਂਦ੍ਰਿਤ ਹੋਣ ਕਾਰਨ ਅਸੀਂ ਹਾਲੇ ਅਨਾਜ ਉਤਪਾਦਨ 'ਤੇ ਹੀ ਟਿਕੇ ਹੋਏ ਹਾਂ। ਅਨਾਜ ਦੀ ਮੰਗ ਵਿਚ ਭਾਵੇਂ ਓਨਾ ਕੁ ਹੀ ਵਾਧਾ ਹੋ ਰਿਹਾ ਹੈ ਜਿੰਨਾ ਜਨਸੰਖਿਆ ਵਿਚ; ਇਸ ਲਈ ਅਨਾਜ ਉਤਪਾਦਨ ਵਿਚ 1.7 ਪ੍ਰਤੀਸ਼ਤ ਵਾਧੇ (1.3 ਪ੍ਰਤੀਸ਼ਤ ਜਨਸੰਖਿਆ ਦੇ ਅਤੇ 0.3 ਪ੍ਰਤੀਸ਼ਤ ਪਸ਼ੂ ਖੁਰਾਕ ਦੇ) ਤੋਂ ਇਲਾਵਾ ਜਿੰਨਾ ਹੋਰ ਵਾਧੂ ਅਨਾਜ ਪੈਦਾ ਕਰਾਂਗੇ, ਉਸ ਦੀ ਜੇਕਰ ਨਿਰਯਾਤ ਨਾ ਹੋ ਸਕੀ ਤਾਂ ਉਸ ਦਾ ਗੁਦਾਮਾਂ ਵਿਚ ਸੜਨਾ ਤੈਅ ਹੈ ਪਰ ਇਸ ਦੇ ਮੁਕਾਬਲੇ ਪੌਸ਼ਟਿਕ ਭੋਜਨ (ਫਲ ਸਬਜ਼ੀਆਂ, ਦੁਧ ਦਹੀਂ, ਮੀਟ ਮੱਛੀ ਆਦਿ) ਦੀ ਤੇਜ਼ੀ ਨਾਲ ਵਧ ਰਹੀ ਮੰਗ ਪੂਰੀ ਵੀ ਨਹੀਂ ਹੋ ਰਹੀ। ਜੇ ਅਸੀਂ ਖੇਤੀ ਵਿਕਾਸ ਵਿਚ 4.0 ਪ੍ਰਤੀਸਤ ਵਾਧੇ ਦੇ ਨਾਲ-ਨਾਲ ਖੇਤੀ ਆਮਦਨਾਂ ਵਿਚ ਵਾਧਾ ਕਰਨ ਦੇ ਇਛੁਕ ਹਾਂ ਤਾਂ ਸਾਨੂੰ ਆਪਣੀਆਂ ਖੇਤੀ ਨੀਤੀਆਂ ਵਿਚ ਪਹਿਲ ਦੇ ਆਧਾਰ 'ਤੇ ਹੇਠ ਦਿਤੀਆਂ ਤਬਦੀਲੀਆਂ ਕਰਨੀਆਂ ਹੋਣਗੀਆਂ:

ਨੰਬਰ ਇਕ, ਸਾਨੂੰ ਆਪਣਾ ਫੋਕਸ ਅਨਾਜ ਦੀ ਥਾਂ ਪੌਸ਼ਟਿਕ ਭੋਜਨ ਵੱਲ ਕਰਨਾ ਹੋਵੇਗਾ। ਪੰਜਾਬ ਖੇਤੀਬਾੜੀ ਯੂਨੀਵਰਸਟੀ, ਲੁਧਿਆਣਾ ਦੇ ਮਾਹਿਰਾਂ ਦੁਆਰਾ ਕੀਤੀ ਵਿਆਪਿਕ ਮੈਪਿੰਗ ਨੇ ਖੁਲਾਸਾ ਕਰ ਦਿਤਾ ਹੈ ਕਿ ਪੰਜਾਬ ਨੂੰ ਸਹਿਜੇ ਹੀ ਦੋ ਦਰਜਨ ਤੋਂ ਵੀ ਵਧੇਰੇ ਵਿਸ਼ੇਸ਼ (ਨਿਚ) ਖੇਤਰਾਂ ਵਿਚ ਵੰਡ ਕੇ ਨਵੀਆਂ ਮੰਡੀਆਂ ਵਿਕਸਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਸ਼ੇਸ਼ ਖੇਤਰਾਂ ਦੀ ਚੋਣ ਉਥੇ ਸੌਖਿਆਂ ਹੀ ਵਧੀਆ ਢੰਗ ਨਾਲ ਉਗਾਈਆਂ ਜਾ ਸਕਣ ਵਾਲੀਆਂ ਫਸਲਾਂ/ਉਤਪਾਦਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਨ੍ਹਾਂ ਫਸਲਾਂ/ਉਤਪਾਦਾਂ ਵਿਚ ਮੁਖ ਤੌਰ ਤੇ ਜੈਵਿਕ ਖੇਤੀ, ਕਿੰਨੂ, ਅਮਰੂਦ, ਅੰਗੂਰ, ਬਾਸਮਤੀ, ਮੱਕੀ, ਦਾਲਾਂ, ਸਬਜ਼ੀਆਂ, ਫੁੱਲਾਂ ਦੀ ਖੇਤੀ, ਜੜ੍ਹੀ ਬੂਟੀਆਂ, ਚਿਕਿਤਸਕ ਪੌਦੇ, ਬੀਜ ਉਤਪਾਦਨ, ਗੁੜ, ਖੁੰਬਾਂ, ਮਧੂ ਮੱਖੀ ਪਾਲਣ, ਫਿਸ਼ਰੀ, ਪੋਲਟਰੀ, ਗੋਟਰੀ, ਡੇਅਰੀ ਕਣਕ ਅਤੇ ਹੋਰ ਸੀਰੀਅਲ ਸ਼ਾਮਲ ਹਨ।

ਨੰਬਰ ਦੋ, ਜੇਕਰ ਇਹ ਫੈਸਲਾ ਕੀਤਾ ਜਾਵੇ ਕਿ ਪਿੰਡ ਵਿਚ ਪੈਦਾ ਹੋਣ ਵਾਲੀ ਖੇਤੀ ਜਿਣਸ, ਭਾਵੇਂ ਉਹ ਹਾਈਡਰੋਪੌਨਿਕ/ਐਰੋਪੌਨਿਕ ਤਕਨੀਕ ਰਾਹੀਂ ਘਰਾਂ ਵਿਚ ਪੈਦਾ ਹੋ ਰਹੀਆਂ ਵਾਧੂ ਸਬਜ਼ੀਆਂ ਤੇ ਸਲਾਦ ਹੋਣ, ਭਾਵੇਂ ਪਿੰਡ ਦੀਆਂ ਸਾਂਝੀਆਂ ਥਾਵਾਂ ਉਪਰ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੇ ਭਾਵੇਂ ਖੇਤਾਂ ਵਿਚੋਂ ਆਉਣ ਵਾਲੀ ਜਿਣਸ, ਉਹ ਬਿਨਾ ਪਰਾਸੈਸ ਕੀਤਿਆਂ ਪਿੰਡ ਤੋਂ ਬਾਹਰ ਨਹੀਂ ਜਾਵੇਗੀ, ਤਾਂ ਨਾ ਕੇਵਲ ਪਿੰਡ ਵਿਚ ਵਧੀਆ ਰੁਜ਼ਗਾਰ ਦੀਆਂ ਸਹੂਲਤਾਂ ਪੈਦਾ ਹੋਣ ਦੇ ਨਾਲ-ਨਾਲ ਖੁਸ਼ਹਾਲੀ ਵਿਚ ਵੀ ਵਾਧਾ ਹੋਵੇਗਾ ਸਗੋਂ ਪਿੰਡਾਂ ਤੋਂ ਸ਼ਹਿਰਾਂ ਵੱਲ ਹੋਣ ਵਾਲੀ ਮਾਈਗਰੇਸ਼ਨ ਘਟੇਗੀ। ਇਹ ਸਭ ਕੁਝ ਪਹਿਲਾਂ ਸੰਭਵ ਨਹੀਂ ਸੀ। ਨਵੀਂ ਤਕਨਾਲੋਜੀ ਆਉਣ ਨਾਲ ਹੋਰ ਵੀ ਬਹੁਤ ਕੁਝ ਸੰਭਵ ਹੋ ਗਿਆ ਹੈ; ਮਸਲਨ, ਟੈਲੀ-ਮਾਈਗਰੇਸ਼ਨ ਰਾਹੀ ਪਿੰਡ ਵਿਚ ਘਰ ਬੈਠਿਆ ਹੀ ਰੀਮੋਟ ਜੌਬ ਉਪਲਬਧ ਹੋ ਸਕਦੀ ਹੈ।

ਸਭ ਕੁਝ ਹੋ ਸਕਦਾ ਹੈ। ਇਕੋ ਸਮੱਸਿਆ ਹੈ। ਉਹ ਹੈ ਅਫਸਰਸ਼ਾਹੀ ਦਾ 'ਜੈਸੇ ਥੇ' ਦਾ ਕੰਮ ਲਟਕਾਊ ਅਤੇ ਭ੍ਰਿਸ਼ਟ ਰਵੱਈਆ ਜਿਸ ਨੂੰ ਲੋਕ ਸ਼ਕਤੀ ਦੇ ਦਬਾਅ ਹੇਠ ਕੇਵਲ ਸਿਆਸੀ ਇੱਛਾ ਸ਼ਕਤੀ ਹੀ ਲੀਹ 'ਤੇ ਲਿਆ ਸਕਦੀ ਹੈ।

ਨੰਬਰ ਤਿੰਨ, ਕਿਸਾਨਾਂ ਦੀ ਆਮਦਨ ਵਿਚ ਵਾਧੇ ਅਤੇ ਖਪਤਕਾਰਾਂ 'ਤੇ ਪੈ ਰਹੇ ਬੋਝ ਨੂੰ ਹਲਕਾ ਕਰਨ ਲਈ ਵੈਲਯੂ/ਸਪਲਾਈ ਚੇਨ ਨੂੰ ਤਰਤੀਬ ਦੇਣ (ਕੰਪਰੈਸ ਕਰਨ) ਦੀ ਲੋੜ ਹੈ। ਖੇਤੀ ਉਤਪਾਦਾਂ ਦੀ ਸਾਫ ਸਫਾਈ, ਧੁਲਾਈ, ਸੁਕਾਈ, ਪ੍ਰੋਸੈਸਿੰਗ, ਦਰਜਾਬੰਦੀ, ਬਾਰ ਕੋਡਿੰਗ, ਸਟੋਰੇਜ, ਠੰਢੇ ਟਰੱਕਾਂ ਰਾਹੀਂ ਢੋਆ ਢੁਆਈ ਆਦਿ ਸਾਰੇ ਕੰਮ ਪਿੰਡ ਪਰਿਵਾਰ ਨੂੰ ਆਪਣੀ ਪੱਧਰ 'ਤੇ ਕਰ ਕੇ ਵਿਚੋਲਿਆਂ ਦਾ ਰੋਲ ਖਤਮ ਕਰਨਾ ਹੋਵੇਗਾ। ਜੇ ਸਰਕਾਰ ਮਦਦ ਕਰੇ ਤਾਂ ਪੰਜਾਬ ਦੇ ਉਦਮੀ ਕਿਸਾਨਾਂ ਲਈ ਇਹ ਕੰਮ ਓਨਾ ਮੁਸ਼ਕਿਲ ਨਹੀਂ ਹੋਵੇਗਾ ਜਿੰਨਾ ਦਿਖਾਈ ਦੇ ਰਿਹਾ ਹੈ। ਅਸ਼ੋਕ ਗੁਲਾਟੀ ਵਰਗੇ ਨਵ-ਉਦਾਰਵਾਦ ਨੂੰ ਪ੍ਰਨਾਏ ਅਰਥ ਸ਼ਾਸਤਰੀ ਇਸ ਕੰਮ ਵਾਸਤੇ ਵੱਡੇ ਪੱਧਰ 'ਤੇ ਪ੍ਰਾਈਵੇਟ ਨਿਵੇਸ਼ ਦੀ ਲੋੜ ਉਪਰ ਇਸ ਲਈ ਜ਼ੋਰ ਦੇ ਰਹੇ ਹਨ, ਕਿਉਂਕਿ ਉਹ ਨਹੀਂ ਜਾਣਦੇ ਕਿ ਅਜਿਹੀ ਤਕਨਾਲੋਜੀ ਵਿਕਸਤ ਹੋ ਚੁਕੀ ਹੈ ਜਿਸ ਦੀ ਸਹਾਇਤਾ ਨਾਲ ਹਰ ਪਰਿਵਾਰ ਇਹ ਕੰਮ ਹੁਣ ਆਪਣੀ ਪੱਧਰ 'ਤੇ ਹੀ ਕਰ ਸਕਦਾ ਹੈ। ਮਲਟੀ ਸਾਈਡਿਡ ਪਲੈਟਫਾਰਮ ਤਕਨਾਲੋਜੀ ਨੇ ਘਰ-ਘਰ ਹੋਣ ਵਾਲੀ ਫੂਡ ਪ੍ਰੋਸੈਸਿੰਗ ਨੂੰ ਖਪਤਕਾਰਾਂ ਨਾਲ ਸਿਧਾ ਜੋੜ ਕੇ ਮੰਡੀਕਰਨ ਦੀ ਸਮੱਸਿਆ ਵੀ ਹੱਲ ਕਰ ਦਿੱਤੀ ਹੈ।

ਇਸ ਗੱਲ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਖੇਤੀ ਉਤਪਾਦਾਂ ਦੀ ਸਾਰੀ ਪਰਾਸੈਸਿੰਗ/ਵੈਲਯੂ ਅਡੀਸ਼ਨ ਪਿੰਡ ਵਿਚ ਹੀ ਹੋਵੇ। ਹੁਣ ਤੱਕ ਖੇਤੀ ਜਿਣਸਾਂ ਦੀ ਪ੍ਰਾਸੈਸਿੰਗ ਲਈ ਰਾਜ ਜਾਂ ਜ਼ਿਲ੍ਹਾ ਪੱਧਰ 'ਤੇ ਭਾਰੀ ਨਿਵੇਸ਼ ਵਾਲੇ ਵੱਡੇ ਪ੍ਰਾਜੈਕਟ ਹੀ ਲੱਗਦੇ ਸਨ। ਇਸ ਲਈ, ਇਨ੍ਹਾਂ ਨੂੰ ਲਗਾਉਣਾ ਜਾਂ ਨਾ ਲਗਾਉਣਾ ਪੂਰੀ ਤਰ੍ਹਾਂ ਨਾਲ ਸਰਕਾਰ ਜਾਂ ਕਾਰਪੋਰੇਟ ਉਪਰ ਨਿਰਭਰ ਕਰਦਾ ਸੀ ਪਰ ਹੁਣ ਇਹ ਨਿਰਭਰਤਾ ਖਤਮ ਹੋ ਚੁਕੀ ਹੈ। ਖੇਤੀਬਾੜੀ ਯੂਨੀਵਰਸਟੀ ਦੇ ਪ੍ਰੋਸੈਸਿੰਗ ਵਿਭਾਗ ਦੇ ਮਾਹਿਰਾਂ ਨੇ ਦੱਸਿਆ ਕਿ ਹੁਣ ਤਾਂ ਹਰ ਕਿਸਾਨ ਪਰਿਵਾਰ ਛੋਟੀ ਜਿਹੀ ਲਾਗਤ ਨਾਲ ਆਪਣੇ ਘਰੇ ਹੀ ਛੋਟੇ ਯੂਨਿਟ ਲਾ ਸਕਦਾ ਹੈ ਜੋ ਵੱਡੇ ਪ੍ਰਾਜੈਕਟਾਂ ਜਿੰਨੇ ਹੀ ਸਮਰੱਥ ਅਤੇ ਲਾਗਤ ਦੇ ਹਿਸਾਬ ਨਾਲ ਵੱਧ ਲਾਭ ਦੇਣ ਵਾਲੇ ਹੁੰਦੇ ਹਨ। ਜੇ ਛੋਟੇ ਦੁਕਾਨਦਾਰ ਇਹ ਕੰਮ ਆਪਣੀਆਂ ਦੁਕਾਨਾਂ ਵਿਚ ਕਰ ਰਹੇ ਹਨ ਤਾਂ ਕਿਸਾਨ ਕਿਉਂ ਨਹੀਂ ਕਰ ਸਕਦੇ? ਬਹੁਤ ਹੀ ਛੋਟੇ ਕਿਸਾਨ ਪਰਿਵਾਰ ਆਪਣੀ ਜਿਣਸ ਦੀ ਪ੍ਰਾਸੈਸਿੰਗ ਲਈ ਮੁਹੱਲੇ ਅਤੇ ਪਿੰਡ ਪੱਧਰ ਦੇ ਯੂਨਿਟਾਂ ਦੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

ਨੰਬਰ ਚਾਰ, ਖੇਤੀ ਉਤਪਾਦਾਂ ਦੀ ਘਰੇਲੂ, ਗੁਆਂਢ ਅਤੇ ਪਿੰਡ ਪੱਧਰ ਤੇ ਸਾਂਭ-ਸੰਭਾਲ ਅਤੇ ਵੈਲਯੂ ਅਡੀਸ਼ਨ ਲਈ ਕਿਸਾਨ ਪਰਿਵਾਰਾਂ ਨੂੰ ਪ੍ਰੋਸੈਸਿੰਗ ਮਸ਼ੀਨਰੀ/ਤਕਨਾਲਜੀ ਨੂੰ ਉਪਲਬਧ ਕਰਵਾਉਣ ਲਈ ਸਰਕਾਰ/ਵਿਤੀ ਅਦਾਰਿਆਂ ਨੂੰ ਅੱਗੇ ਆਉਣਾ ਪਵੇਗਾ। ਪੰਜਾਬ ਦੀਆਂ ਨਿਵੇਸ਼, ਤਕਨਾਲੋਜੀ ਅਤੇ ਆਧਾਰ ਢਾਂਚੇ ਸੰਬੰਧੀ ਲੋੜਾਂ ਬਿਲਕੁਲ ਬਦਲ ਚੁਕੀਆਂ ਹਨ। ਪੰਜਾਬ ਵਿਚ ਪੁਰਾਣੀ ਵਿਵਸਥਾ ਦਾ ਜਾਰੀ ਰਹਿਣਾ ਹੁਣ ਬੇਕਾਰ ਹੀ ਨਹੀਂ, ਨੁਕਸਾਨਦਾਇਕ ਹੋਵੇਗਾ।

ਨੰਬਰ ਪੰਜ, ਜਿਸ ਐਗਰੀ ਮਾਰਕੀਟਿੰਗ ਇੰਟੈਲੀਜੈਂਸ ਪਲੈਟਫਾਰਮ, ਪਰੋਟੋਕੋਲ ਅਤੇ ਈਕੋ-ਸਿਸਟਮ ਦੀ ਆਪਾਂ ਗੱਲ ਕਰ ਰਹੇ ਹਾਂ, ਉਸ ਦੇ ਰਾਜ ਪੱਧਰ ਤੇ ਨਿਰਮਾਣ ਲਈ ਤੁਰੰਤ ਕਦਮ ਉਠਾਉਣ ਦੀ ਲੋੜ ਹੈ। ਇਸ ਪਲੈਟਫਾਰਮ ਦੀ ਮਦਦ ਨਾਲ ਪਰਿਵਾਰ, ਮੁਹੱਲੇ ਅਤੇ ਪਿੰਡ ਪੱਧਰ ਦੇ ਯੂਨਿਟਾਂ ਨੂੰ ਸਥਾਨਕ, ਰਾਜ, ਕੌਮੀ ਤੇ ਸੰਸਾਰ ਪੱਧਰ ਦੀਆਂ ਮੰਡੀਆਂ ਨਾਲ ਜੋੜਿਆ ਜਾ ਸਕਦਾ ਹੈ। ਸਰਕਾਰ ਨੂੰ ਇਸ ਦਿਸ਼ਾ ਵਿਚ ਸੋਚਣਾ ਚਾਹੀਦਾ ਹੈ। ਕੇਂਦਰ ਸਰਕਾਰ ਦੀ ਵੀ ਲੋੜ ਨਹੀਂ, ਪੰਜਾਬ ਸਰਕਾਰ ਖੁਦ ਹੀ ਆਪਣੇ ਸੀਮਤ ਜਿਹੇ ਵਸੀਲਿਆਂ ਨਾਲ ਇਹ ਬਹੁਤ ਵੱਡਾ ਦਿਖਾਈ ਦੇਣ ਵਾਲਾ ਪ੍ਰੋਗਰਾਮ ਸੌਖਿਆਂ ਹੀ ਕਰ ਸਕਦੀ ਹੈ। ਇੰਟਰਨੈੱਟ ਵੀ ਇਕ ਪਲੈਟਫਾਰਮ ਹੈ ਜਿਸ ਉਪਰ ਹਜ਼ਾਰਾਂ ਨਹੀਂ, ਲੱਖਾਂ ਬਿਜ਼ਨਸ ਚੱਲ ਰਹੇ ਹਨ। ਗੱਲ ਨੂੰ ਸੌਖਿਆਂ ਸਮਝਣ ਲਈ ਉਬਰ ਅਤੇ ਏਅਰ ਬੀ.ਐਨ.ਬੀ. ਦੀ ਉਦਾਹਰਨ ਲੈ ਸਕਦੇ ਹਾਂ ਜਿਨ੍ਹਾਂ ਦੇ ਸਿਰ 'ਤੇ ਕ੍ਰਮਵਾਰ ਟੈਕਸੀ ਚਾਲਕਾਂ ਅਤੇ ਸੈਲਾਨੀਆਂ ਲਈ ਕਮਰੇ ਕਿਰਾਏ ਤੇ ਦੇਣ ਵਾਲੇ ਅਣਗਿਣਤ ਲੋਕਾਂ ਦੀ ਰੋਜ਼ੀ ਰੋਟੀ ਚੱਲ ਰਹੀ ਹੈ। ਅਸੀਂ ਵੀ ਪੰਜਾਬ ਲਈ ਇਕ ਅਜਿਹੇ ਪਲੇਟਫਾਰਮ ਦੇ ਨਿਰਮਾਣ ਦੀ ਲੋੜ ਉਪਰ ਜ਼ੋਰ ਦੇ ਰਹੇ ਹਾਂ ਜੋ ਹਰ ਕਿਸੇ ਲਈ ਖੁਸ਼ਹਾਲੀ ਦਾ ਪੈਗਾਮ ਲੈ ਕੇ ਆਵੇ। ਜਿਨ੍ਹਾਂ ਲੋਕਾਂ ਨੂੰ ਸਰਕਾਰ ਖੈਰਾਤ ਵੰਡਣ ਦੀਆਂ ਸਕੀਮਾਂ ਬਣਾ ਰਹੀ ਹੈ, ਉਹ ਆਪਣੀ ਕਿਰਤ ਕਮਾਈ ਰਾਹੀਂ ਸਭ ਦੀ ਝੋਲੀ ਭਰਨ।

ਇਸ ਸਕੀਮ ਦੇ ਲਾਗੂ ਹੋ ਜਾਣ ਨਾਲ ਪੰਜਾਬ ਦੇ ਕਿਸੇ ਵੀ ਪਿੰਡ ਦਾ ਕੋਈ ਵੀ ਮੁੰਡਾ ਕੁੜੀ ਜਾਂ ਕੰਮ ਕਰਨ ਦੇ ਯੋਗ ਵਿਅਕਤੀ ਵਿਹਲਾ ਨਹੀਂ ਰਹੇਗਾ। ਕੋਈ ਬੇਕਾਰ ਨਹੀਂ ਹੋਵੇਗਾ। ਇਹ ਸਕੀਮ ਹਰ ਪੰਜਾਬੀ ਨੂੰ ਉਦਮੀ ਇੰਟਰਪ੍ਰੀਨਿਓਰ) ਬਣਾਉਣ ਦੀ ਸਮਰੱਥਾ ਰੱਖਦੀ ਹੈ। ਸਭੇ ਉਤਸ਼ਾਹੀ ਵਰਕਰ ਹੋਣਗੇ। ਆਪਣੇ ਹੁਨਰ 'ਤੇ ਮਾਣ ਅਤੇ ਦੂਜਿਆਂ ਦੇ ਹੁਨਰ ਦੀ ਕਦਰ ਜਾਣਨ ਵਾਲੇ ਵਰਕਰ। ਇਹ ਗੱਲ ਪੱਕੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਰਥਕ ਤਰੱਕੀ ਅਤੇ ਖੁਸ਼ਹਾਲੀ ਇਕੋ ਚੀਜ਼ ਨਹੀਂ ਹੁੰਦੀਆਂ। ਖੁਸ਼ਹਾਲੀ ਵਿਚ ਆਰਥਕ ਤਰੱਕੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਮਾਜ-ਸਭਿਆਚਾਰਕ ਪੱਖ ਸ਼ਾਮਲ ਹੁੰਦੇ ਹਨ।

ਇਸ ਪਲੈਟਫਾਰਮ ਦੀਆਂ ਸੇਵਾਵਾਂ ਨੂੰ ਹਰ ਪਿੰਡ ਅਤੇ ਪਰਿਵਾਰ ਤੱਕ ਪਹੁੰਚਾਉਣ ਲਈ ਸ਼ਕਤੀਸ਼ਾਲੀ ਐਕਸਟੈਂਸ਼ਨ ਨੈਟਵਰਕ ਦੀ ਵੀ ਲੋੜ ਰਹੇਗੀ। ਇਨ੍ਹਾਂ ਸਾਰੇ ਕੰਮਾਂ ਨੂੰ ਮਿਥੇ ਸਮੇਂ ਵਿਚ ਨੇਪਰੇ ਚਾੜ੍ਹਨ ਲਈ ਪਾਲਿਸੀ ਫਰੇਮਵਰਕ ਦੇ ਨਾਲ-ਨਾਲ ਰੋਡਮੈਪ ਵੀ ਤਿਆਰ ਕਰਨ ਦੀ ਜ਼ਰੂਰਤ ਹੈ। ਜੇਕਰ ਇਕ ਸਾਲ ਦੇ ਅੰਦਰ-ਅੰਦਰ ਪਾਲਿਸੀ ਫਰੇਮਵਰਕ ਅਤੇ ਰੋਡਮੈਪ ਤਿਆਰ ਕਰਕੇ ਪਲੈਟਫਾਰਮ ਦੇ ਨਿਰਮਾਣ ਦਾ ਕੰਮ ਸ਼ੁਰੂ ਨਾ ਕੀਤਾ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ। ਭਾਰਤ ਦੇ ਬਾਕੀ ਰਾਜ ਤਾਂ ਸਾਲ ਦੋ ਸਾਲ ਲਈ ਇੰਤਜ਼ਾਰ ਵੀ ਕਰ ਸਕਦੇ ਹਨ ਪਰ ਪੰਜਾਬ ਨਹੀਂ। ਪੰਜਾਬ ਤਾਂ ਕਦੋਂ ਦਾ ਹਰੇ ਇਨਕਲਾਬ ਦੀਆਂ ਤਮਾਮ ਸੰਭਾਵਨਾਵਾਂ ਮੁਕਾ ਕੇ ਆਪਣੇ ਆਪ ਦੀ ਅਤੇ ਆਪਣੇ ਵਾਤਾਵਰਨ ਦੀ ਬਰਬਾਦੀ ਵੱਲ ਵਧ ਚੁਕਾ ਹੈ।

ਨੰਬਰ ਛੇ, ਉਪਰੋਕਤ ਧਾਰਨਾ ਮੂਲ ਰੂਪ ਵਿਚ ਇਸ ਆਧਾਰ 'ਤੇ ਟਿਕੀ ਹੋਈ ਕਿ ਹਰ ਕਿਸਾਨ ਨੂੰ ਇਕ ਉਦਮੀ ਵਜੋਂ, ਹਰ ਪੇਂਡੂ ਪਰਿਵਾਰ ਨੂੰ ਇਕ ਕਾਰੋਬਾਰੀ ਘਰ ਵਜੋਂ ਅਤੇ ਹਰ ਪਿੰਡ ਨੂੰ ਇਕ ਬ੍ਰੈਂਡ ਵਜੋਂ ਵਿਕਸਤ ਕੀਤਾ ਜਾਵੇ। ਦੁਖਾਂਤ ਇਹ ਹੈ ਕਿ ਇਸ ਨਵੇਂ ਵਿਕਾਸ ਤੋਂ ਅਣਜਾਣ ਅਫਸਰਸ਼ਾਹੀ ਅਤੇ ਅਰਥ ਸ਼ਾਸਤਰੀਆਂ ਨੇ ਖੇਤੀ ਉਪਜ ਦੀ ਪ੍ਰਾਸੈਸਿੰਗ ਨੂੰ ਉਤਸ਼ਾਹਿਤ ਕਰਨ ਅਤੇ ਉਸ ਦੇ ਸੰਸਾਰ ਪੱਧਰ 'ਤੇ ਮੰਡੀਕਰਨ ਲਈ ਸਰਕਾਰ ਨੂੰ ਇਹ ਕੰਮ ਕਾਰਪੋਰੇਟ ਦੇ ਹਵਾਲੇ ਕਰਨ ਦੀ ਸਲਾਹ ਦੇ ਦਿੱਤੀ ਜਦਕਿ ਸਰਕਾਰ ਦੀ ਥੋੜ੍ਹੀ ਜਿਹੀ ਸਹਾਇਤਾ ਨਾਲ ਇਹ ਕੰਮ ਕਿਸਾਨ ਖੁਦ ਹੀ ਕਰ ਸਕਦੇ ਸਨ। ਨਵੀਂ ਤਕਨਾਲੋਜੀ ਦੀ ਆਮਦ ਨਾਲ ਖੇਤੀ ਉਤਪਾਦਨ ਦੇ ਨਾਲ-ਨਾਲ ਖੇਤੀ ਉਤਪਾਦਾਂ ਦੀ ਪ੍ਰਾਸੈਸਿੰਗ ਦਾ ਕੰਮ-ਕਾਰ ਵੀ ਕਿਸਾਨਾਂ ਦੀ ਪਹੁੰਚ ਵਿਚ ਆ ਗਿਆ ਹੈ। ਇਹ ਕੰਮ ਜੋ ਕਾਰਪੋਰੇਟ ਕਰਦਾ ਸੀ, ਹੁਣ ਕਿਸਾਨ ਪਰਿਵਾਰ ਖੁਦ ਕਰਿਆ ਕਰਨਗੇ। ਫੂਡ ਚੇਨ ਵਿਚ ਕਿਸਾਨ ਦੀ ਹਿੱਸੇਦਾਰੀ ਵਧੇਗੀ। ਜਿਵੇਂ ਗਿਆਨ ਦੇ ਖੇਤਰ ਵਿਚ ਐਨਸਾਈਕਲੋਪੀਡੀਆ ਬ੍ਰਿਟੈਨਿਕਾ, (ਕਾਰਪੋਰੇਟ) ਵਿਕੀਪੀਡੀਆ ਸਾਹਮਣੇ ਟਿਕ ਨਹੀਂ ਸਕਿਆ, ਬਿਲਕੁਲ ਉਸੇ ਤਰ੍ਹਾਂ ਖੇਤੀਬਾੜੀ ਦਾ ਬਿਜ਼ਨਸ ਵੀ ਹੁਣ ਕਾਰਪੋਰੇਟ ਨਹੀਂ, ਕਿਸਾਨਾਂ ਖੁਦ ਹੀ ਸੰਭਾਲਣਗੇ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸੰਘਰਸ਼ ਦੇ ਨਾਲ-ਨਾਲ ਹਕੀਕਤ ਬਣ ਰਹੀਆਂ ਇਨ੍ਹਾਂ ਸੰਭਾਵਨਾਵਾਂ ਵੱਲ ਵੀ ਧਿਆਨ ਦੇਣ।

ਨੰਬਰ ਸੱਤ, ਖੇਤੀ ਉਤਪਾਦਾਂ ਦੀ ਪ੍ਰਾਸੈਸਿੰਗ ਨਾਲ ਤਿਆਰ ਹੋਣ ਵਾਲੀਆਂ ਖੇਤੀ ਵਸਤਾਂ ਦੀ ਟਰਾਂਸਪੋਰਟ ਦਾ ਮਸਲਾ ਵੀ ਇਸੇ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਪੰਜਾਬ ਦੀ ਬਹੁਤ ਸਾਰੀ ਟਰਾਂਸਪੋਰਟ ਕਿਸਾਨ/ਪੇਂਡੂ ਪਰਿਵਾਰਾਂ ਕੋਲ ਹੈ ਪਰ ਇਹ ਡਰ ਰਹੇ ਹਨ ਕਿ ਜੇ ਕਿਤੇ ਟਰਾਂਸਪੋਰਟ ਦਾ ਕਾਰੋਬਾਰ ਵੀ ਕਾਰਪੋਰੇਟ ਕੋਲ ਹੀ ਚਲਿਆ ਗਿਆ ਤਾਂ ਉਹ ਕੀ ਕਰਨਗੇ। ਇਕੋ ਜਵਾਬ ਹੈ: ਕੀ ਉਬਰ ਦੇ ਆਉਣ ਨਾਲ ਟੈਕਸੀ ਡਰਾਈਵਰਾਂ/ਮਾਲਕਾਂ ਦਾ ਕੰਮ ਖਤਮ ਹੋ ਗਿਆ ਹੈ। ਟਰਾਂਸਪੋਰਟ ਦਾ ਕੇਂਦਰੀਕਰਨ ਨਹੀਂ, ਵਿਕੇਂਦਰੀਕਰਨ ਅਤੇ ਵਿਸਤਾਰ ਹੋਵੇਗਾ।

ਢੋਆ ਢੁਆਈ ਦਾ ਇਹ ਕੰਮ ਆਪ ਸਾਂਭਣ ਦੀ ਥਾਂ, ਛੋਟੀਆਂ-ਛੋਟੀਆਂ ਟਰਾਂਸਪੋਰਟ ਕੰਪਨੀਆਂ ਨੂੰ ਆਉਟਸੋਰਸ ਕਰਨਾ ਕਾਰਪੋਰੇਟ ਦੀ ਮਜਬੂਰੀ ਹੋਵੇਗੀ। ਗੂਗਲ ਐਂਡਰਾਇਡ ਨੈਟਵਰਕ ਚਲਾਉਂਦਾ ਹੈ ਪਰ ਉਸ ਨੈਟਵਰਕ 'ਤੇ ਚੱਲਣ ਵਾਲੀਆਂ ਐਪਸ ਖੁਦ ਨਹੀਂ ਬਣਾਉਂਦਾ, ਆਊਟਸੋਰਸ ਕਰਦਾ ਹੈ। ਕਰਾਉਡ ਸੋਰਸਿੰਗ ਆਖ ਲਵੋ, ਬਿਹਤਰ ਹੋਵੇਗਾ। ਨੈਟਵਰਕਾਂ ਦੇ ਉਭਰ ਰਹੇ ਨਵੇਂ ਬਿਜ਼ਨਸ ਮਾਡਲ ਨੂੰ ਸਮਝਣ ਦੀ ਜ਼ਰੂਰਤ ਹੈ। ਖੇਤੀ ਧੰਦੇ ਵਿਚ ਕਿਸਾਨਾਂ/ਪੇਂਡੂ ਭਾਈਚਾਰੇ ਦਾ ਰੋਲ ਚਾਰ ਗੁਣਾ ਨਹੀਂ, ਘੱਟੋ-ਘੱਟ ਦਸ ਗੁਣਾ ਵਧਣ ਵਾਲਾ ਹੈ। ਨੌਕਰੀਆਂ (ਜੌਬਜ਼) ਘਟਣਗੀਆਂ ਪਰ ਆਧੁਨਿਕ ਕੰਮ ਧੰਦੇ (ਛੋਟੇ-ਛੋਟੇ ਬਿਜ਼ਨਸ) ਭਾਰੀ ਗਿਣਤੀ ਵਿਚ ਆਉਣਗੇ। ਯੂਨੀਵਰਸਟੀਆਂ ਦੀ ਜ਼ਿੰਮੇਵਾਰੀ ਹੁਣ ਵਰਕਰ/ਮੈਨੇਜਰ ਪੈਦਾ ਕਰਨ ਦੀ ਨਹੀਂ, ਉਦਮੀ ਪੈਦਾ ਕਰਨ ਦੀ ਹੋਵੇਗੀ।

ਨੰਬਰ ਅੱਠ, ਜਿਥੋਂ ਤੱਕ ਭੋਜਨ ਜਾਂ ਕਲਾ ਅਤੇ ਸ਼ਿਲਪ ਦਾ ਸਵਾਲ ਹੈ, ਇਨ੍ਹਾਂ ਖੇਤਰਾਂ ਵਿਚ ਪੰਜਾਬ ਤੋਂ ਵਧੀਆ ਬਰੈਂਡ ਕੋਈ ਹੋਰ ਹੋ ਹੀ ਨਹੀਂ ਸਕਦਾ। ਬਰੈਂਡ ਵਿਕਾਸ ਦੀ ਜ਼ਰੂਰਤ ਰਹੇਗੀ। ਬਰੈਂਡ ਵਿਕਾਸ ਵਿਚ ਹੀ ਕਿੰਨੇ ਨਵੇਂ ਬਿਜ਼ਨਸ ਸ਼ੁਰੂ ਹੋ ਸਕਦੇ ਹਨ। ਹਰ ਨਵੀਂ ਸਮੱਸਿਆ ਨਾਲ ਇਕ ਨਵਾਂ ਕੰਮ-ਧੰਦਾ, ਭਾਵ ਨਵੀਂ ਮਾਰਕਿਟ ਖੜ੍ਹੀ ਹੋ ਜਾਂਦੀ ਹੈ। ਬਿਜ਼ਨਸ ਬਾਰੇ ਸੋਚ ਬਦਲਣੀ ਪਵੇਗੀ। ਪੰਜਾਬ ਹਮੇਸ਼ਾ ਤੋਂ ਹੀ ਬਿਜ਼ਨਸ ਨੂੰ ਸੋਸ਼ਲ ਬਿਜ਼ਨਸ ਦੇ ਰੂਪ ਵਿਚ ਦੇਖਦਾ ਆਇਆ ਹੈ। ਸਮਾਜ ਦੀਆਂ ਸਮੱਸਿਆਵਾਂ ਨੂੰ, ਸਮਾਜ ਦੀ ਭਲਾਈ ਵਾਸਤੇ ਬਿਜ਼ਨਸ ਦੇ ਤਰੀਕਿਆ ਰਾਹੀਂ ਹੱਲ ਕਰਨ ਦਾ ਨਾਮ ਹੀ ਸੋਸ਼ਲ ਬਿਜ਼ਨਸ ਹੈ। ਸਰਬੱਤ ਦੇ ਭਲੇ ਦੀ ਸੋਚ ਨੂੰ ਮਨ ਵਿਚ ਵਸਾ ਕੇ ਇਸ ਦਿਸ਼ਾ ਵਿਚ ਚੱਲਾਂਗੇ, ਤਾਂ ਕਿਰਤ ਕਮਾਈ ਦੀ ਵੀ ਕੋਈ ਘਾਟ ਨਹੀਂ ਰਹੇਗੀ। ਖੁਸ਼ਹਾਲੀ ਦਾ ਹਰ ਰਸਤਾ ਪੰਜਾਬ ਵੱਲ ਆਵੇਗਾ।

ਨੰਬਰ ਨੌਂ, ਇਸੇ ਡਿਜੀਟਲ ਪਲੈਟਫਾਰਮ ਦੀ ਸਹਾਇਤਾ ਨਾਲ, ਪੇਂਡੂ ਸ਼ਿਲਪਕਾਰਾਂ, ਕਲਾਕਾਰਾਂ, ਕਾਰੀਗਰਾਂ ਤੇ ਖਾਸ ਕਰਕੇ ਘਰੇਲੂ ਸ਼ਿਲਪਕਾਰੀ ਵਿਚ ਨਿਪੁੰਨ ਪੇਂਡੂ ਔਰਤਾਂ ਲਈ ਸ਼ਿਲਪਕਾਰੀ ਦੇ ਧੰਦਿਆਂ ਨੂੰ ਸਹਿਜੇ ਹੀ ਵਿਕਸਤ ਕੀਤਾ ਜਾ ਸਕਦਾ ਹੈ। ਗੈਰ ਕਾਸ਼ਤਕਾਰ ਅਤੇ ਬੇਜ਼ਮੀਨੇ ਕਿਸਾਨ ਪਰਿਵਾਰਾਂ ਲਈ ਇਹ ਸਕੀਮ ਵੱਡੀ ਖਿੱਚ ਦਾ ਕਾਰਨ ਬਣੇਗੀ। ਹਰ ਪਿੰਡ ਵਿਚ ਉਤਸ਼ਾਹੀ ਅਤੇ ਸਿਰਜਣਾਤਮਿਕ ਸਭਿਆਚਾਰਕ ਸਨਅਤ ਵੀ ਵਿਕਸਤ ਕੀਤੀ ਜਾ ਸਕਦੀ ਹੈ। ਸਿਰਜਣਾਤਮਿਕ ਸਨਅਤ ਦਾ ਆਧਾਰ ਮਨੁੱਖਾਂ ਦੀ ਵਿਅਕਤੀਗਤ ਅਤੇ ਸਹਿਕਾਰੀ ਹੁਨਰ (ਕੋਆਪਰੇਟਿਵ ਸਕਿਲ) ਹੈ ਜਿਸ ਰਾਹੀਂ ਉਨ੍ਹਾਂ ਦੀ ਸਿਰਜਣਾ ਸ਼ਕਤੀ ਨੂੰ ਡਿਜੀਟਲ ਤਕਨੀਕਾਂ ਅਤੇ ਪ੍ਰਬੰਧਕੀ ਹੁਨਰ (ਮੈਨੇਜਰੀਅਲ ਸਕਿਲ) ਦੀ ਸਹਾਇਤਾ ਨਾਲ ਦੌਲਤ ਵਿਚ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ।

ਸਿਰਜਣਾਤਮਿਕ ਸਨਅਤ ਕਿਉਂਕਿ ਉਥੇ ਹੀ ਜਾਵੇਗੀ ਜਿਥੇ ਸਿਰਜਣਾਤਮਿਕ ਵਰਕਰ ਹੋਣਗੇ, ਤੇ ਸਿਰਜਣਾਤਮਿਕ ਵਰਕਰ ਉਥੇ ਜਾਣਗੇ ਜਿਥੇ ਸਿਰਜਣਾਤਮਿਕ ਸਨਅਤ (ਕਰੀਏਟਿਵ ਇੰਡਸਟਰੀ) ਹੋਵੇਗੀ। ਇਸ ਲਈ ਕਰੀਏਟਿਵ ਇੰਡਸਟਰੀ ਦੀ ਸਥਾਪਨਾ ਦੇ ਨਾਲ ਨਾਲ ਕਰੀਏਟਿਵ ਵਰਕਰਜ਼ ਦੀ ਟਰੇਨਿੰਗ ਲਈ ਵਿਦਿਅਕ ਸੰਸਥਾਵਾਂ ਲਈ ਸਕਿਲ, ਡਿਜ਼ਾਈਨ ਅਤੇ ਇੰਟਰਪ੍ਰੀਨਿਓਰਸ਼ਿਪ ਸੈਂਟਰ ਖੋਲ੍ਹਣ ਦੀਆਂ ਸੰਭਾਵਨਾਵਾਂ ਬਣਨਗੀਆਂ। ਸੰਗੀਤ, ਨਾਟਕ, ਲਲਿਤ ਕਲਾਵਾਂ, ਸਾਹਿਤ ਸਿਰਜਣਾ, ਸਿਨੇਮਾ ਅਤੇ ਡਿਜੀਟਲ ਮੀਡੀਆ ਵਿਚ ਸਿਖਿਆ ਤੇ ਖੋਜ ਕਾਰਜਾਂ ਲਈ ਉਚ ਸਿਖਿਆ ਸੰਸਥਾਵਾਂ ਦੀ ਸਥਾਪਨਾ ਵੀ ਏਜੰਡੇ 'ਤੇ ਰਹੇਗੀ। ਇਹ ਕਰੀਏਟਿਵ ਇੰਡਸਟਰੀ, ਕਰੀਏਟਿਵ ਵਰਕਰ, ਕਰੀਏਟਿਵ ਵਰਕਸ਼ਾਪਾਂ, ਕਰੀਏਟਿਵ ਉਤਸਵ, ਕਰੀਏਟਿਵ ਲੈਂਡ ਯੂਜ਼ ਪਲੈਨਿੰਗ, ਕਰੀਏਟਿਵ ਲੈਂਡਸਕੇਪਿੰਗ ਅਤੇ ਸਮੁੱਚਾ ਕਰੀਏਟਿਵ ਮਾਹੌਲ ਰਲ ਕੇ ਹੀ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲੀ ਦੇ ਨਾਲ-ਨਾਲ ਸਿਰਜਣਾ ਦਾ ਆਨੰਦ ਵੀ ਦੇਵੇਗਾ।

ਸ਼ੁਰੂਆਤ ਸੰਗੀਤ, ਸੌਫਟਵੇਅਰ, ਸਿਨੇਮਾ (ਵੀਡੀਓ), ਆਰਟ, ਕਰਾਫਟ, ਡਿਜ਼ਾਈਨ, ਡਿਜੀਟਲ ਗੇਮਜ਼, ਆਰਕੀਟੈਕਚਰ ਆਦਿ ਨਾਲ ਸਬੰਧਤ ਕਰੀਏਟਿਵ ਇੰਡਸਟਰੀ ਅਤੇ ਟਰੇਨਿੰਗ, ਸਿਖਿਆ, ਇੰਟਰਪ੍ਰੀਨਿਓਰਸ਼ਿਪ ਸੈਂਟਰਾਂ ਦੀ ਸਥਾਪਨਾ ਨਾਲ ਹੋ ਸਕਦੀ ਹੈ। ਕਰੀਏਟਿਵ ਇੰਡਸਟਰੀ ਮੂਲ ਰੂਪ ਵਿਚ ਸਿੰਬੋਲਿਕ ਵੈਲਯੂ ਦੇ ਉਤਪਾਦਨ, ਸਰਕੂਲੇਸ਼ਨ ਅਤੇ ਖਪਤ ਨਾਲ ਜੁੜੀ ਹੋਣ ਕਾਰਨ ਸੁਸਾਇਟੀ ਦੀ ਸਮਾਜ-ਸਭਿਆਚਾਰਕ, ਆਰਥਕ-ਰਾਜਨੀਤਕ, ਅਰਬਨ ਲੈਂਡਯੂਜ਼ ਟਰਾਂਸਫਰਮੇਸ਼ਨ ਅਤੇ ਐਥੀਕੋ-ਪੁਲਿਟੀਕਲ ਫੈਸਲੇ ਕਰਨ ਦੇ ਅਮਲ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਕਰੀਏਟਿਵ ਇੰਡਟਰੀਜ਼ ਦਾ ਜਿੰਨਾ ਸੰਬੰਧ ਨਵੀਂ ਤਕਨਾਲੋਜੀ ਅਤੇ ਨਵੀਂ ਸਿਰਜਣਾ ਨਾਲ ਹੈ, ਓਨਾ ਹੀ ਆਰਟ ਐਂਡ ਕਰਾਫਟ ਦੀਆਂ ਲੋਕਧਾਰਾਈ ਪਰੰਪਰਾਵਾਂ ਨਾਲ ਵੀ ਹੈ। ਪੰਜਾਬ ਦੇ ਸੁਆਦੀ ਖਾਣਿਆਂ, ਤੰਤੀ ਸਾਜ਼ਾਂ, ਗਹਿਣਿਆਂ, ਫਰਨੀਚਰ, ਲੱਕੜੀ ਦੇ ਹੋਰ ਸਾਜ਼ੋ-ਸਮਾਨ, ਪੌਟਰੀ, ਫੁਲਕਾਰੀ, ਦਰੀ, ਕਰੋਸ਼ੀਏ ਆਦਿ ਦੇ ਕਾਰੋਬਾਰਾਂ ਨੂੰ ਇਹ ਡਿਜੀਟਲ ਪਲੈਟਫਾਰਮ/ਨੈਟਵਰਕ ਸਹਿਜੇ ਹੀ ਮੁਨਾਫੇ ਵਾਲੇ ਧੰਦਿਆ ਵਿਚ ਤਬਦੀਲ ਕਰ ਦੇਵੇਗਾ। ਇਹ ਲੋਕਧਾਰਾ ਔਰਤਾਂ ਦੇ ਸ਼ਕਤੀਕਰਨ ਦੇ ਨਾਲ ਨਾਲ ਇਕ ਵੱਡੀ ਕਲਚਰਲ ਇੰਡਸਟਰੀ ਦਾ ਰੂਪ ਧਾਰ ਸਕਦੀ ਹੈ।

ਇਸ ਸਵਾਲ, ਕਿ ਪੰਜਾਬ ਇਸ ਕ੍ਰਾਂਤੀਕਾਰੀ ਸੰਭਾਵਨਾ ਦਾ ਲਾਭ ਉਠਾਉਣ ਲਈ ਲੋੜੀਂਦਾ ਡਿਜੀਟਲ ਬੁਨਿਆਦੀ ਢਾਂਚਾ ਖੜ੍ਹਾ ਕਰਨ ਦੇ ਸਮਰੱਥ ਵੀ ਹੈ ਜਾਂ ਨਹੀਂ?, ਅਸੀਂ ਜਾਣਦੇ ਹਾਂ ਕਿ ਇਹ ਆਧਾਰ ਢਾਂਚਾ ਪੰਜਾਬ ਪੱਧਰ 'ਤੇ ਨਹੀਂ, ਕੌਮੀ ਅਤੇ ਸੰਸਾਰ ਪੱਧਰ 'ਤੇ ਬੜੀ ਤੇਜ਼ੀ ਨਾਲ ਉਸਰ ਰਿਹਾ ਹੈ। ਪੰਜਾਬ ਦੀ ਜ਼ਿੰਮੇਵਾਰੀ ਤਾਂ ਕੇਵਲ ਇਸ ਆਧਾਰ ਢਾਂਚੇ ਨੂੰ ਪੰਜਾਬ ਦੇ ਪੁਨਰ-ਨਿਰਮਾਣ ਲਈ ਵਰਤੋਂ ਵਿਚ ਲਿਆਉਣ ਵਾਸਤੇ ਰੋਡਮੈਪ ਤਿਆਰ ਕਰਨ ਦੀ ਹੈ। ਬਾਕੀ ਸਭ ਕੁਝ ਤਾਂ ਪੰਜਾਬ ਦੇ ਉਦਮੀ ਲੋਕਾਂ ਨੇ ਗੁਰੂ ਦੀ ਕਿਰਪਾ ਨਾਲ ਆਪ ਹੀ ਕਰ ਲੈਣਾ ਹੈ।

ਸਰਕਾਰ ਨੇ ਤਾਂ ਇਸ ਨੂੰ ਆਪਣੀਆਂ ਲੋੜਾਂ ਅਨੁਸਾਰ ਵਰਤੋਂ ਵਿਚ ਲਿਆਉਣ ਵਾਸਤੇ ਲੋੜੀਂਦੇ ਪ੍ਰਬੰਧ ਅਤੇ ਲਿੰਕ ਹੀ ਸਥਾਪਤ ਕਰਨੇ ਹੋਣਗੇ ਪਰ ਸਮੱਸਿਆ ਤਾਂ ਇਹ ਹੈ ਕਿ ਅਸੀਂ ਅਜੇ ਅਰਥਚਾਰੇ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਸੋਚ ਰਹੇ ਹਾਂ, ਉਹ ਵੀ ਪ੍ਰੰਪਰਾਗਤ ਤਕਨਾਲੋਜੀ ਨਾਲ, ਪ੍ਰੰਪਰਾਗਤ ਤਰੀਕਿਆਂ ਰਾਹੀਂ। ਇਹ ਪਹੁੰਚ ਸੰਕਟ ਦੇ ਹੱਲ ਵੱਲ ਨਹੀਂ, ਇਸ ਨੂੰ ਹੋਰ ਡੂੰਘਾ ਕਰਨ ਵੱਲ ਲਿਜਾ ਰਹੀ ਹੈ। ਅਫਸਰਸ਼ਾਹੀ ਨੂੰ ਵਿਧੀਆਂ ਦੀ ਥਾਂ ਉਤਸ਼ਾਹੀ ਅਤੇ ਸਿਰਜਣਾਤਮਿਕ ਪਹੁੰਚ ਦੀ ਜ਼ਰੂਰਤ ਹੈ। ਵਿਕਾਸ ਦੇ ਕੰਮ ਸਕੱਤਰੇਤ ਦੀ ਥਾਂ ਇੰਨੋਵੇਸ਼ਨ ਅਤੇ ਖੋਜ ਨਾਲ ਪ੍ਰਤੀਬੱਧ ਸੰਸਥਾਵਾਂ ਤੋਂ ਹੀ ਤੁਰਨੇ ਚਾਹੀਦੇ ਹਨ। ਪਹਿਲੇ ਹਰੇ ਇਨਕਲਾਬ ਦੀ ਰੂਪ ਰੇਖਾ ਅਤੇ ਲਾਗੂ ਕਰਨ ਦੀ ਯੋਜਨਾ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਨਿਰਦੇਸ਼ਨ ਅਧੀਨ ਸਰਕਾਰੀ ਮਹਿਕਮਿਆਂ, ਕਾਰਪੋਰੇਸ਼ਨਾਂ, ਪ੍ਰਾਈਵੇਟ ਅਦਾਰਿਆਂ, ਕੌਮਾਂਤਰੀ ਖੋਜ ਸੰਸਥਾਵਾਂ, ਭਾਰਤ ਸਰਕਾਰ ਅਤੇ ਮੀਡੀਆ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹੀ ਸੀ ਪਰ ਹੁਣ ਦੂਜੇ ਹਰੇ ਇਨਕਲਾਬ ਦਾ ਸੰਬੰਧ ਕੇਵਲ ਖੇਤੀਬਾੜੀ ਨਾਲ ਹੀ ਨਹੀਂ, ਉਸ ਤੋਂ ਵੀ ਵੱਧ ਨਵੀਂ ਤਕਨਾਲੋਜੀ ਜਿਵੇਂ ਮਸ਼ੀਨ ਲਰਨਿੰਗ, ਬਿਗ ਡੇਟਾ ਐਨਾਲਿਟਕਸ, ਨਿਊਰਲ ਨੈਟਵਰਕਸ, ਇੰਟਰਨੈਟ ਆਫ ਥਿੰਗਜ਼, ਰੋਬੋਟਿਕਸ, ਬਲੌਕ ਚੇਨ, 3-ਡੀ ਪ੍ਰਿੰਟਿੰਗ, ਬਾਇਓ-ਟੈਕਨਾਲੋਜੀ ਦੀਆਂ ਉਭਰ ਰਹੀਆਂ ਨਵੀਆਂ ਤਕਨੀਕਾਂ, ਨੈਤਿਕਤਾ, ਸਿਰਜਣਾ ਆਦਿ ਹੋਰ ਵੀ ਬਹੁਤ ਸਾਰੇ ਖੇਤਰਾਂ ਜਿਨ੍ਹਾਂ ਦਾ ਮੈਂ ਨਾਮ ਨਹੀਂ ਲੈ ਸਕਿਆ ਜਾਂ ਜੋ ਹਾਲੇ ਬੀਜ ਰੂਪ ਵਿਚ ਹੀ ਹਨ, ਨਾਲ ਗਹਿਰੀ ਤਰ੍ਹਾਂ ਜੁੜਿਆ ਹੋਇਆ ਹੈ।

## ਸ਼ੋਕ ਸੰਦੇਸ਼

ਕਾਮਰੇਡ ਪ੍ਰਕਾਸ਼ ਸਿੰਘ ਰਾਏਸਰੀ ਜਿਨ੍ਹਾਂ ਨੂੰ ਸਨੇਹ ਨਾਲ ਪ੍ਰਕਾਸ਼ ਜੀ ਕਹਿੰਦੇ ਸਾਂ, ਦੇ ਅਚਾਨਕ ਤੁਰ ਜਾਣ ਨਾਲ ਗਹਿਰਾ ਦੁੱਖ ਹੋਇਆ। ਪ੍ਰਕਾਸ਼ ਜੀ ਨੇ ਕਮਿਊਨਿਸਟ ਲਹਿਰ ਨੂੰ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਅਰਪਨ ਕੀਤਾ ਅਤੇ ਅੰਤਲੇ ਸਾਲਾਂ ਤੱਕ ਲਾਲ ਝੰਡੇ ਨਾਲ ਵਫਾਦਾਰੀ ਪਾਲੀ। ਜੁਆਨੀ ਦੇ ਦਿਨਾਂ ਤੋਂ ਲੈ ਕੇ ਅੰਤਲੇ ਸਮਿਆਂ ਤੱਕ ਉਨ੍ਹਾਂ ਅਵਾਮ ਦੇ ਜਮਹੂਰੀ ਅਧਿਕਾਰਾਂ ਦੀ ਨਾ ਸਿਰਫ ਪਹਿਰੇਦਾਰੀ ਕੀਤੀ ਸਗੋਂ ਇਸ ਲਈ ਸੰਘਰਸ਼ਾਂ ਦਾ ਹਿੱਸਾ ਵੀ ਬਣੇ ਰਹੇ। ਇਕ ਗਰੀਬ ਬੇਜ਼ਮੀਨੇ ਪਰਿਵਾਰ 'ਚੋਂ ਆਉਣ ਵਾਲੇ ਪ੍ਰਕਾਸ਼ ਰਾਏਸਰੀ ਦੀ ਵਿਚਾਰਧਾਰਾ ਤੋਂ ਉਨ੍ਹਾਂ ਦੇ ਭਰਾਵਾਂ ਸਵ. ਗੁਰਦਾਸ ਘਾਰੂ ਜੀ ਤੇ ਸਵ. ਲੋਕ ਕਵੀ ਸੰਤ ਰਾਮ ਉਦਾਸੀ ਨੇ ਵੀ ਪ੍ਰਭਾਵ ਕਬੂਲਿਆ ਅਤੇ ਕਮਿਊਨਿਸਟ ਅਤੇ ਇਨਕਲਾਬੀ ਲਹਿਰਾਂ ਦੇ ਸਰਗਰਮ ਹਿੱਸੇਦਾਰ ਬਣੇ। ਪ੍ਰਕਾਸ਼ ਜੀ ਨੇ ਜੀਵਨਨਗਰ ਇਲਾਕੇ ਵਿਚ ਕਮਿਊਨਿਸਟ ਲਹਿਰ ਦੀ ਬਗੀਚੀ ਤਿਆਰ ਕਰਨ ਵਿਚ ਜੋ ਭੂਮਿਕਾ ਨਿਭਾਈ, ਮਿਹਨਤ ਕੀਤੀ ਅਤੇ ਪ੍ਰਫੁੱਲਤ ਹੋਏ ਵੇਖਿਆ। ਇਹ ਹਮੇਸ਼ਾ ਯਾਦਗਾਰ ਇਤਿਹਾਸ ਰਹੇਗਾ। ਉਨ੍ਹਾਂ ਤੇਜਾ ਸਿੰਘ ਸੁਤੰਤ੍ਰ ਅਤੇ ਟੀਕਾ ਰਾਮ ਸੁਖਨ ਹੋਰਾਂ ਦਾ ਮੋਹ ਵੀ ਹਾਸਲ ਕੀਤਾ ਅਤੇ ਕਾਮਰੇਡ ਬਲਦੇਵ ਬਖਸ਼ੀ ਜੀ ਦੀ ਰਹਿਨੁਮਾਈ ਹੇਠ ਸਿਰਸਾ ਜ਼ਿਲ੍ਹੇ ਵਿਚ ਲਾਲ ਝੰਡੇ ਦੀ ਮਿਸਾਲੀ ਸ਼ਾਨ ਸਥਾਪਤ ਕਰਨ ਵਿਚ ਆਪਣੀ ਜ਼ਿੰਦਗੀ ਦੇ ਸੁਨਹਿਰੀ ਵਰ੍ਹੇ ਅਰਪਤ ਕੀਤੇ। ਪ੍ਰਕਾਸ਼ ਜੀ ਅੰਦਰ ਇਕ ਕੋਮਲ ਕਵੀ ਮਨ ਵੀ ਵਸਦਾ ਸੀ ਅਤੇ ਉਨ੍ਹਾਂ ਦੀਆਂ ਰੁਬਾਈਆਂ ਕਵੀ ਦਰਬਾਰਾਂ ਅਤੇ ਲੋਕਾਂ ਵਿਚ ਇਕ ਵਿਸ਼ੇਸ਼ ਖਿੱਚ ਰੱਖਦੀਆਂ ਸਨ। ਉਨ੍ਹਾਂ ਨੇ, ਉਨ੍ਹਾਂ ਕਠਿਨ ਹਾਲਤਾਂ ਵਿਚ ਕਮਿਊਨਿਸਟ ਲਹਿਰ ਨੂੰ ਮੋਢਾ ਦਿੱਤਾ ਜਦੋਂ ਵਿਅਕਤੀ ਦੀ ਅਜ਼ਾਦੀ ਉਤੇ ਸਖ਼ਤ ਬੰਦਸ਼ਾਂ ਆਇਦ ਹੁੰਦੀਆਂ ਸਨ। ਉਹ ਕਮਿਊਨਿਸਟ ਲਹਿਰ ਦੇ ਪਸਾਰੇ ਲਈ ਇਸ ਖੇਤਰ ਦੇ ਪਿੰਡਾਂ ਵਿਚ ਕਾਨਫਰੰਸਾਂ ਅਤੇ ਜਾਗਰੂਕ ਚੇਤਨਾ ਮੁਹਿੰਮਾਂ ਦਾ ਬੇਨਾਗਾ ਹਿੱਸੇਦਾਰ ਰਹੇ ਅਤੇ ਅਹਿਮ ਭੂਮਿਕਾ ਨਿਭਾਉਂਦੇ ਰਹੇ।

ਪ੍ਰਕਾਸ਼ ਰਾਏਸਰੀ ਜੀ ਦਾ ਤੁਰ ਜਾਣਾ ਜਿਥੇ ਬੇਹੱਦ ਦੁਖਦਾਈ ਹੈ, ਉਥੇ ਉਨ੍ਹਾਂ ਦੀ ਜ਼ਿੰਦਗੀ ਦਾ ਅਮੀਰ ਵਿਰਸਾ ਸਾਡੇ ਲਈ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਦਾਇਕ ਵੀ ਹੈ ਅਤੇ ਰਹੇਗਾ। ਅਫ਼ਜ ਜੋ ਕਮਿਊਨਿਸਟ ਲਹਿਰ ਦੀ ਬਗੀਚੀ ਸਾਡੇ ਸਾਹਮਣੇ ਹੈ। ਇਸ ਨੂੰ ਤਿਆਰ ਕਰਨ ਵਿਚ ਪਾਲਣ ਪਲੋਸਣ ਵਿਚ ਰਾਏਸਰੀ ਦੀ ਮਿਹਨਤ ਬੇਮਿਸਾਲੀ ਹੈ। ਇਕ ਅਣਥਕ ਤੇ ਮਿਹਨਤੀ ਕਾਮੇ, ਲਗਨ ਤੇ ਵਚਨਬੱਧਤਾ ਦੀ ਮਿਸਾਲੀ ਰੂਹ, ਪ੍ਰਤੀਬੱਧਤਾ ਤੇ ਸਿਦਕ ਵਾਲੀ ਅਮੂਰਤ ਸ਼ਖ਼ਸੀਅਤ ਪ੍ਰਕਾਸ਼ ਰਾਏਸਰੀ ਇਕ ਜਿੰਦਾ ਦਿਲ ਇਨਸਾਨ ਸਨ ਜਿਨ੍ਹਾਂ ਨੇ ਔਖੀਆਂ ਹਾਲਤਾਂ ਵਿਚ ਵੀ ਜ਼ਿੰਦਗੀ ਨੂੰ ਮੜਕ ਨਾਲ ਜਿਉਣ ਦੀ ਮਿਸਾਲੀ ਰਵਾਇਤ ਅਪਣਾਈ ਅਤੇ ਗਮਾਂ ਤੇ ਗਰੀਬੀ ਨੂੰ ਟਿਚ ਕਰਕੇ ਜਾਣਿਆ। ਅਜਿਹੇ ਦ੍ਰਿੜ ਵਿਸ਼ਵਾਸੀ ਕਮਿਊਨਿਸਟ ਦੀ ਜਿੰਦਗੀ ਨੂੰ ਸੌ-ਸੌ ਸਲਾਮ।

ਜਮਹੂਰੀ ਅਧਿਕਾਰ ਸਭਾ ਪੰਜਾਬ ਪ੍ਰਕਾਸ਼ ਰਾਏਸਰੀ ਦੇ ਵਿਛੋੜੇ ਉਤੇ ਜਿਥੇ ਪਰਿਵਾਰ ਅਤੇ ਲਹਿਰ ਦੇ ਗ਼ਮ 'ਚ ਸ਼ਰੀਕ ਹੁੰਦੀ ਹੈ, ਉਥੇ ਅਹਿਦ ਕਰਦੀ ਹੈ ਕਿ ਅਧਿਕਾਰਾਂ ਦੀ ਰਾਖੀ ਲਈ ਜਿਵੇਂ ਪ੍ਰਕਾਸ਼ ਜੀ ਨੇ ਭੂਮਿਕਾ ਨਿਭਾਈ ਸਾਡੇ ਲਈ ਸਦਾ ਪ੍ਰੇਰਨਾ ਦਾ ਸੋਮਾ ਰਹੇਗੀ।

# ਕੀ ਹਨ ਕਿਸਾਨ ਘੋਲ ਦੀ ਜਿੱਤ ਦੇ ਅਰਥ ਅਤੇ ਚੁਣੌਤੀਆਂ ?








ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਆਖਿਰਕਾਰ ਸੰਯੁਕਤ ਕਿਸਾਨ ਮੋਰਚੇ ਦੇ ਰੂਪ ਵਿੱਚ ਇੱਕਜੁੱਟ ਹੋਏ ਕਿਸਾਨਾਂ ਨੇ ਤਾਨਾਸ਼ਾਹ ਮੋਦੀ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਹੀ ਦਿੱਤਾ। ਇਹ ਵੱਖਰੀ ਗੱਲ ਹੈ ਕਿ ਗੋਡੇ ਟੇਕਦੇ ਹੋਏ ਵੀ ਮੋਦੀ ਨੇ ਖੁਦ ਨੂੰ ਹੀ ਸਲਾਹਿਆ ਅਤੇ ਉਸ ਨੇ ਸਿਰਫ ਇਸ ਲਈ ਮੁਆਫ਼ੀ ਮੰਗੀ ਕਿ ਉਹ ਆਪਣੀ ਗੱਲ "ਕੁਝ" ਕਿਸਾਨਾਂ ਨੂੰ ਸਮਝਾਉਣ ਵਿੱਚ ਨਾਕਾਮ ਰਹੇ, ਇਹ "ਕੁਝ" ਕਿਸਾਨਾਂ ਨੇ ਹੀ ਮੋਦੀ ਦੀ ਇਹ ਹਾਲਤ ਕਰ ਦਿੱਤੀ। ਜੇ ਭਲਾਂ "ਸਾਰੇ" ਕਿਸਾਨ ਅਜੇਹਾ ਕਰਦੇ ਤਾਂ ਮੋਦੀ ਦਾ ਕੀ ਹਾਲ ਹੁੰਦਾ ? ਤਾਨਾਸ਼ਾਹ ਮੋਦੀ ਦਾ ਇਸ ਤਰ੍ਹਾਂ ਗੋਡੇ ਟੇਕਣਾ ਫੌਰੀ ਤੌਰ ਤੇ ਮਜ਼ਦੂਰ ਮਿਹਨਤਕਸ਼ ਜਨਤਾ ਦੀ ਭਾਰੀ ਜਿੱਤ ਹੈ। 2019 ਦੀਆਂ ਚੋਣਾਂ ਜਿੱਤਣ ਪਿੱਛੋਂ ਜਿਸ ਤਰ੍ਹਾਂ ਮੋਦੀ ਸਰਕਾਰ ਬੇਲਗਾਮ ਹੋ ਕੇ ਮਜ਼ਦੂਰ-ਮਿਹਨਤਕਸ਼ ਲੋਕਾਂ ਤੇ ਹਮਲੇ ਕਰ ਰਹੀ ਸੀ, ਉਸ ਨੂੰ ਕੁੱਝ ਹੱਦ ਤੱਕ ਨੱਥ ਪਵੇਗੀ। ਮਜਦੂਰ ਮਿਹਨਤਕਸ਼ ਲੋਕ ਜਿਸ ਤਰ੍ਹਾਂ ਇਹਨਾਂ ਹਮਲਿਆਂ ਦਾ ਵਿਰੋਧ ਕਰ ਰਹੇ ਸਨ, ਉਸ ਵਿਚ ਹੋਰ ਮਜ਼ਬੂਤੀ ਆਵੇਗੀ। ਉਸ ਵਿੱਚ ਹੋਰ ਜੋਸ਼ ਪੈਦਾ ਹੋਵੇਗਾ ਮਜਦੂਰ ਮਿਹਨਤਕਸ਼ ਲੋਕਾਂ ਦੇ ਹੌਸਲੇ ਹੋਰ ਬੁਲੰਦ ਹੋਣਗੇ। ਕਿਸਾਨ ਅੰਦੋਲਨ ਦੀ ਇਸ ਇਤਿਹਾਸਕ ਜਿੱਤ ਨੇ ਜਥੇਬੰਦਕ ਤੇ ਜੁਝਾਰੂ ਘੋਲ ਦੀ ਤਾਕਤ ਨੂੰ ਇੱਕ ਵਾਰ ਫੇਰ ਰੇਖਾਂਕਿਤ ਕੀਤਾ ਹੈ। ਇਸ ਨੇ ਰੇਖਾਂਕਿਤ ਕੀਤਾ ਕਿ ਅੱਜ ਦੀ ਨੌਕਰਸ਼ਾਹ ਸਰਮਾਏਦਾਰੀ ਖਾਸ ਕਰ ਕੇ ਫਾਸ਼ੀਵਾਦੀ ਸਰਕਾਰਾਂ ਦਾ ਮੁਕਾਬਲਾ ਕੇਵਲ ਸੰਗਠਿਤ ਹੋ ਕੇ ਕੀਤਾ ਜਾ ਸਕਦਾ ਹੈ। ਇਸ ਨੇ ਇਸ ਗੱਲ ਨੂੰ ਵੀ ਰੇਖਾਂਕਿਤ ਕੀਤਾ ਕਿ ਕਿਵੇਂ ਇਨਕਲਾਬੀਆਂ ਦੀ ਛੋਟੀ ਪਰ ਦ੍ਰਿੜ ਅਤੇ ਸੰਗਠਿਤ ਤਾਕਤ ਇੱਕ ਵੱਡੇ ਅੰਦੋਲਨ ਦਾ ਧੁਰਾ ਬਣ ਸਕਦੀ ਹੈ ਅਤੇ ਆਪਣੀ ਵਿਅਕਤੀਗਤ ਤਾਕਤ ਤੋਂ ਕਿਤੇ ਜ਼ਿਆਦਾ ਹਾਸਿਲ ਕਰ ਸਕਦੀ ਹੈ।

ਇਸ ਜਮਾਨੇ ਵਿੱਚ ਜਦ ਪੂੰਜੀਪਤੀ ਜਮਾਤ ਸੰਗਠਿਤ ਸੰਘਰਸਾਂ ਬਾਰੇ ਵਿਚ ਤਰ੍ਹਾਂ ਤਰ੍ਹਾਂ ਦੇ ਭਰਮ ਫੈਲਾ ਰਹੀ ਹੈ ਅਤੇ ਲੀਡਰਸ਼ਿੱਪ ਵਿਹੂਣੇ ਤੇ ਸੰਗਠਨਾਂ ਤੋਂ ਵਾਂਝੇ ਲੋਕ ਘੋਲਾਂ ਦਾ ਗੁਣਗਾਣ ਕਰ ਰਹੀ ਹੋਵੇ ਤਾਂ ਇਹ ਪੱਖ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ। ਹਿੰਦੂ ਫਾਸ਼ੀਵਾਦੀਆਂ 'ਤੇ ਕਿਸਾਨ ਘੋਲ ਦੀ ਇਹ ਮੌਜੂਦਾ ਜਿੱਤ ਜਸ਼ਨ ਮਨਾਉਣ ਦੀ ਗੱਲ ਹੈ ਅਤੇ ਜਸ਼ਨ ਮਨਾਇਆ ਜਾ ਰਿਹਾ ਹੈ ਪਰ ਇਸਦੇ ਬਾਵਜੂਦ ਇਹ ਸੁਆਲ ਆਪਣੀ ਜਗ੍ਹਾ ਬਣਿਆ ਰਹਿੰਦਾ ਹੈ ਕਿ ਕਿਸਾਨਾਂ ਦੀਆਂ ਮੂਲ ਸਮੱਸਿਆਵਾਂ ਦਾ ਅੱਗੇ ਕੀ ਬਣੇਗਾ ? ਕਿਸਾਨ ਮੋਰਚੇ ਨੇ ਘੱਟੋ ਘੱਟ ਸਹਾਇਕ ਮੁੱਲ (ਐੱਮਐੱਸਪੀ) ਨੂੰ ਕਾਨੂੰਨੀ ਗਰੰਟੀ ਦਵਾਉਣ ਤਕ ਘੋਲ ਜਾਰੀ ਰੱਖਣ ਦਾ ਐਲਾਨ ਕੀਤਾ। ਨਵੇਂ ਖੇਤੀ ਕਾਨੂੰਨਾਂ ਨੂੰ ਖਤਮ ਕਰਨ ਦੀ ਸਾਕਾਰਤਮਿਕ ਮੰਗ ਦੇ ਨਾਲ ਇਹ ਵੀ ਇਕ ਸਕਾਰਾਤਮਕ ਮੰਗ ਸੀ, ਜਿਸ ਨੂੰ ਖੇਤੀ ਸੰਕਟ ਦੇ ਹੱਲ ਦੇ ਤੌਰ ਤੇ ਦੇਖਿਆ ਜਾਂਦਾ ਰਿਹਾ ਹੈ, ਇਨ੍ਹਾਂ ਸਾਰਿਆਂ ਬਾਰੇ ਥੋੜ੍ਹਾ ਰੁਕ ਕੇ ਵਿਚਾਰ ਕਰਨ ਦੀ ਲੋੜ ਹੈ। ਪਹਿਲਾਂ ਤਾਂ ਖੁਦ ਨਵੇਂ ਖੇਤੀ ਕਨੂੰਨਾਂ ਦੀ ਗੱਲ ਕਰੀਏ। ਕਿੰਨੇ ਤਿੰਨ ਨਵੇਂ ਖੇਤੀ ਕਨੂੰਨਾਂ ਦੇ ਮਾਮਲੇ ਚ ਮੋਦੀ ਸਰਕਾਰ ਗੋਡੇ ਟੇਕ ਕੇ ਪਿੱਛੇ ਹਟੀ ਹੈ ਪਰ ਕੀ ਸਰਕਾਰ ਖੇਤੀ ਦੇ ਕਾਰਪੋਰੇਟੀਕਰਨ ਦੇ ਆਪਣੇ ਮੁੱਦੇ ਨੂੰ ਛੱਡ ਦੇਵੇਗੀ ? ਕੀ ਉਹ ਇਹੀ ਸਾਰੇ ਉਦੇਸ਼ ਹੋਰ ਤਰੀਕਿਆਂ ਨਾਲ ਹਾਸਿਲ ਕਰਨ ਦੀ ਕੋਸ਼ਿਸ਼ ਨਹੀਂ ਕਰੇਗੀ ?ਇਹਨਾਂ ਸੁਆਲਾਂ ਬਾਰੇ ਸਹੀ ਨਤੀਜਿਆਂ ਤੇ ਪਹੁੰਚਣ ਲਈ ਇਹ ਯਾਦ ਰੱਖਣਾ ਹੋਵੇਗਾ ਤੇ ਖੇਤੀ ਦਾ ਕਾਰਪੋਰੇਟੀਕਰਨ ਹਿੰਦੂਤਵ ਫਾਸ਼ੀਵਾਦੀਆ ਦਾ ਕੋਈ ਵਿਅਕਤੀਗਤ ਏਜੰਡਾ ਨਹੀਂ ਹੈ। ਇਹ ਤਾਂ ਸਾਮਰਾਜੀ ਤੇ ਉਸ ਦੀ ਭਾਈਵਾਲ ਭਾਰਤੀ ਸਰਮਾਏਦਾਰ ਜਮਾਤ ਦਾ ਏਜੰਡਾ ਹੈ। ਪੂਰੀ ਦੂਨੀਆ ਦੀ ਖੇਤੀ ਨੂੰ ਖਾਸ ਤਰੀਕੇ ਨਾਲ ਢਾਲਣ ਲਈ ਦੇਸੀ ਵਿਦੇਸ਼ੀ ਅਜ਼ਾਰੇਦਾਰ ਸਰਮਾਏਦਾਰ ਜਮਾਤ ਲੰਮੇ ਸਮੇਂ ਤੋਂ ਯਤਨਸ਼ੀਲ ਹੈ। ਭਾਰਤ ਦੀ ਸਰਮਾਏਦਾਰੀ ਜਮਾਤ ਵੀ ਆਪਣੇ ਦੇਸ਼ ਦੇ ਖੇਤੀ ਸੰਕਟ ਦਾ ਹੱਲ ਇਸੇ ਵਿੱਚ ਦੇਖਦੀ ਹੈ। ਇਸ ਲਈ ਇਹ ਪਿੱਛਲੇ ਤਿੰਨ ਦਹਾਕਿਆਂ ਤੋਂ ਕ੍ਰਮਵਾਰ ਇਸ ਦਿਸ਼ਾ ਚ ਅੱਗੇ ਵਧਦੀ ਜਾ ਰਹੀ ਹੈ। ਇਸ ਦੀ ਰਫ਼ਤਾਰ ਮੂਹਰੇ ਕੇਵਲ ਕਿਸਾਨਾਂ ਦਾ ਪ੍ਰਤੀਰੋਧ ਹੀ ਰੋਕ ਬਣਦਾ ਰਿਹਾ ਹੈ। ਹਿੰਦੂ ਫਾਸ਼ੀਵਾਦੀਆਂ ਦਾ ਇਹ ਦੋਸ਼ ਵੀ ਸਹੀ ਹੈ ਕਿ ਕਾਂਗਰਸੀ ਵੀ ਇਨ੍ਹਾਂ ਕਨੂੰਨਾਂ ਨੂੰ ਲਾਗੂ ਕਰਵਾਉਣ ਦੀ ਗੱਲ ਕਰਦੇ ਰਹੇ ਹਨ। ਖੇਤੀ ਤੋਂ ਆਪਣੇ ਮੁਨਾਫ਼ੇ ਚ ਵਾਧਾ ਅਤੇ ਭਾਰਤ ਦੇ ਖੇਤੀ ਸੰਕਟ ਦਾ ਹੱਲ ਭਾਰਤ ਦੇ ਅਜ਼ਾਰੇਦਾਰ ਸਰਮਾਏਦਾਰੀ ਜਾਣੀ ਅਡਾਨੀ-ਅੰਬਾਨੀ, ਟਾਟਾ-ਬਿਰਲਾ ਇਕ ਹੀ ਚੀਜ਼ ਵਿਚ ਦੇਖ ਰਹੇ ਹਨ: ਖੇਤੀ ਨੂੰ ਪੂੰਜੀਪਤੀ ਜਮਾਤ ਦੇ ਹਵਾਲੇ ਕਰਨਾ ਅਤੇ ਇਸ ਦਾ ਕਾਰਪੋਰੇਟੀਕਰਨ ਕਰਨਾ। ਕੇਂਦਰ ਅਤੇ ਸੂਬਿਆਂ ਦੀਆਂ ਸਾਰੀਆਂ ਸਰਕਾਰਾਂ ਪਿਛਲੇ ਸਾਲਾਂ ਵਿੱਚ ਇਸ ਦਿਸ਼ਾ ਵਿੱਚ ਅੱਗੇ ਵਧਦੀਆਂ ਰਹੀਆਂ ਹਨ। ਉਹ ਸਰਕਾਰਾਂ ਵੀ ਜਿਨ੍ਹਾਂ ਨੂੰ ਚਲਾਉਣ ਵਾਲੀਆਂ ਪਾਰਟੀਆਂ ਕਿਸਾਨਾਂ ਦੀਆਂ ਪਾਰਟੀਆਂ ਮੰਨੀਆਂ ਜਾਂਦੀਆਂ ਹਨ। ਬਿਹਾਰ ਵਿਚ ਸਰਕਾਰੀ ਮੰਡੀ ਦਾ ਖਾਤਮਾ ਨਿਤੀਸ਼ ਕੁਮਾਰ ਦੀ ਸਰਕਾਰ ਨੇ ਹੀ ਕੀਤਾ ਸੀ। ਮੋਦੀ ਅਤੇ ਉਸ ਦੀ ਸਰਕਾਰ ਨੇ ਜੋ ਵਾਧੂ ਕੀਤਾ, ਉਹ ਇਹ ਕਿ ਉਸ ਨੇ ਆਪਣੇ ਕਿਰਦਾਰ ਅਨੁਸਾਰ ਇਹ ਟੀਚਾ ਧੱਕੇਸ਼ਾਹੀ ਨਾਲ ਹਾਸਲ ਕਰਨ ਦੀ ਕੋਸ਼ਿ?ਸ ਕੀਤੀ ਅਤੇ ਉਸ ਨੂੰ ਮੂੰਹ ਦੀ ਖਾਣੀ ਪਈ। ਉਪਰੋਕਿਤ ਵਰਣਨ ਤੋਂ ਇਹ ਸਪੱਸ਼ਟ ਹੈ ਕਿ ਧੱਕੇਸ਼ਾਹੀ ਵਿਚ ਮੂੰਹ ਦੀ ਖਾਣ ਪਿਛੋਂ ਹੁਣ ਹਿੰਦੂਤਵ ਫਾਸ਼ੀਵਾਦੀ ਇਸ ਟੀਚੇ ਨੂੰ ਦੂਸਰੇ ਤਰੀਕਿਆਂ ਨਾਲ ਹਾਸਲ ਕਰਨ ਦੀ ਕੋਸ਼ਿਸ਼ ਕਰਨਗੇ।ਉਹ ਲੁਕਛਿਪ ਕੇ ਇਹ ਕੰਮ ਕਰਨਗੇ। ਉਹ ਇਸ ਲਈ ਇਹ ਕਰਨਗੇ ਕਿਉਂਕਿ ਉਨ੍ਹਾਂ ਨੇ ਇਹ ਕੰਮ ਕਰਨਾ ਹੀ ਹੈ। ਇੱਕ ਵਾਰ ਦੀ ਹਾਰ ਨੂੰ ਉਹ ਇੱਕ ਵੱਡੀ ਜੰਗ ਵਿੱਚ ਮਹਿਜ਼ ਇੱਕ ਲੜਾਈ ਵਿੱਚ ਹਾਰ ਦੀ ਤਰ੍ਹਾਂ ਹੀ ਲੈਣਗੇ। ਵੈਸੇ ਸਚਾਈ ਵੀ ਹੈ ਕਿ ਦੁਨੀਆਂ ਭਰ ਵਿੱਚ ਅਜ਼ਾਰੇਦਾਰ ਪੂੰਜੀਪਤੀ ਜਮਾਤ ਛੋਟੇ ਦਰਮਿਆਨੇ ਕਿਸਾਨਾਂ ਦੇ ਖਿਲਾਫ਼ ਉਦਾਰੀਕਰਨ ਦੇ ਦੌਰ ਵਿੱਚ ਜੋ ਜੰਗ ਲੜ ਰਹੀ ਹੈ,ਉਸ ਵਿਚ ਉਹ ਕ੍ਰਮਵਾਰ ਅੱਗੇ ਵਧਦੀ ਹੀ ਗਈ ਹੈ। ਭਾਰਤ ਵਿੱਚ ਕਿਸਾਨਾਂ ਦੀ ਉਸ ਉੱਪਰ ਇਹ ਜਿੱਤ ਸ਼ਾਇਦ ਅੱਜ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਜੰਗ ਦਾ ਫੈਸਲਾ ਕਿਸਾਨਾਂ ਦੇ ਹੱਕ ਵਿਚ ਹੋ ਗਿਆ। ਜੰਗ ਦਾ ਫੈਸਲਾ ਕਿਸਾਨਾਂ ਦੇ ਹੱਕ ਵਿਚ ਉਦੋਂ ਵੀ ਨਹੀਂ ਹੋਵੇਗਾ ਜਦੋਂ ਕਿਸਾਨ ਘੱਟੋ ਘੱਟ ਸਹਾਇਕ ਮੁੱਲ/ਐਮਐਸਪੀ ਨੂੰ ਕਾਨੂੰਨੀ ਗਰੰਟੀ ਦਿਵਾਉਣ ਦੀ ਲੜਾਈ ਵੀ ਜਿੱਤ ਲੈਣਗੇ। ਜੇ ਸਰਕਾਰ ਝੁਕ ਕੇ ਘੱਟੋ ਘੱਟ ਸਹਾਇਕ ਮੁੱਲ ਦੀ ਕਨੂੰਨੀ ਗਰੰਟੀ ਦੇ ਵੀ ਦਿੰਦੀ ਹੈ ਤਾਂ ਵੀ ਉਸ ਦਾ ਨਤੀਜਾ ਭੂਮੀ ਸੁਧਾਰ ਕਾਨੂੰਨਾਂ ਜਾਂ ਮਨਰੇਗਾ ਜਾਂ ਫਿਰ ਸਿੱਖਿਆ ਦੇ ਅਧਿਕਾਰ ਤੋਂ ਵੱਖਰਾ ਨਹੀਂ ਹੋਵੇਗਾ। ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਖੱਬੇ ਪੱਖੀਆਂ ਦੇ ਸਹਿਯੋਗ ਨਾਲ ਪੇਂਡੂ ਰੁਜਗਾਰ ਗਾਰੰਟੀ ਯੋਜਨਾ, ਸੂਚਨਾ ਦਾ ਅਧਿਕਾਰ ਤੇ ਸਿੱਖਿਆ ਦਾ ਅਧਿਕਾਰ ਆਦਿ ਕਾਨੂੰਨ ਬਣਾਏ।

ਖੁਰਾਕ ਸੁਰੱਖਿਆ ਅਧਿਕਾਰ ਦੇ ਲਈ ਵੀ ਕਨੂੰਨ ਬਣਿਆ। ਇਨ੍ਹਾਂ ਸਾਰੇ ਕਨੂੰਨਾਂ ਦਾ ਅੱਜ ਕੀ ਹਸ਼ਰ ਹੈ ? ਪੇਂਡੂ ਰੁਜਗਾਰ ਦੀ ਗਾਰੰਟੀ ਨੂੰ ਅਸਲ ਵਿਚ ਲਾਗੂ ਕਰਨ ਲਈ ਇਸ ਤੇ ਖਰਚ ਕੀਤੀ ਜਾਣ ਵਾਲੀ ਰਾਸ਼ੀ ਨੂੰ ਘੱਟੋ ਘੱਟ ਸੱਤ ਅੱਠ ਗੁਣਾ ਵਧਾਉਣਾ ਹੋਵੇਗਾ। ਇਹ ਸਥਾਨਕ ਪੱਧਰ ਤੇ ਹੋਣ ਵਾਲੀ ਲੁੱਟ-ਖਸੁੱਟ ਦੀ ਚਰਚਾ ਨਹੀਂ ਹੋ ਰਹੀ ਹੈ। ਕਨੂੰਨ ਬਣਾ ਕੇ ਗਾਰੰਟੀ ਕਰ ਦਿੱਤੀ ਗਈ ਕਿ ਸਰਕਾਰ ਹਰ ਕਿਸੇ ਨੂੰ ਸਾਲ ਵਿਚ ਸੌ ਦਿਨ ਦਾ ਰੁਜਗਾਰ ਦੇਣ ਲਈ ਵਚਨਬੱਧ ਹੈ,ਪਰ ਸਰਕਾਰ ਸ਼ਰੇਆਮ ਇਸ ਦੀਆਂ ਧੱਜੀਆਂ ਉਡਾ ਰਹੀ ਹੈ। ਅਜਿਹਾ ਕੁੱਝ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਬਾਰੇ ਵੀ ਹੋਵੇਗਾ। ਸਰਕਾਰ ਸਾਰੀਆਂ 24 ਫ਼ਸਲਾਂ ਲਈ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਦੀ ਗਰੰਟੀ ਕਰ ਦੇਵੇਗੀ ਪਰ ਅਸਲ ਵਿੱਚ ਖਰੀਦੇਗੀ ਨਹੀਂ ਅਤੇ ਨਾ ਹੀ ਕਾਰਪੋਰੇਟ ਦੇ ਸਰਮਾਏਦਾਰਾਂ ਤੇ ਦਬਾਅ ਪਾਏਗੀ ਕਿ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਤੋਂ ਘੱਟ ਖਰੀਦ ਨਾ ਕਰਨ। ਫਿਰ ਹੋਵੇਗਾ ਕੀ ? ਫਿਰ ਸਥਾਨਕ ਪੱਧਰ ਤੇ ਛੋਟੇ-ਮੋਟੇ ਅੰਦੋਲਨਾਂ ਦੇ ਦਬਾਅ ਹੇਠ ਘੱਟੋ ਘੱਟ ਸਹਾਇਕ ਮੁੱਲ -ਐਮਐਸਪੀ ਤੇ ਖਰੀਦ ਕਿਤੇ ਕਿਤੇ ਹੋ ਜਾਵੇਗੀ। ਅੱਜ ਵੀ ਕਣਕ ਝੋਨੇ ਦੀ ਸਰਕਾਰੀ ਖਰੀਦ ਉਥੇ ਹੀ ਹੁੰਦੀ ਹੈ ਜਿਥੇ ਕਿਸਾਨਾਂ ਦਾ ਜਥੇਬੰਦਕ ਜਾਂ ਗੈਰ ਜਥੇਬੰਦਕ ਦਬਾਅ ਹੈ। ਯਾਨੀ ਕਾਨੂੰਨ ਬਣ ਜਾਣ ਤੇ ਵੀ ਅਸਲ ਵਿੱਚ ਉਹਨਾਂ ਨੂੰ ਲਾਗੂ ਕਰਾਉਣ ਲਈ ਭਾਰੀ ਜੱਦੋਜਹਿਦ ਵਾਲਾ ਕੰਮ ਜਾਰੀ ਰਹੇਗਾ। ਸਥਿਤੀ ਅਜੇ ਤੱਕ ਲਾਗੂ ਰਹੇ ਖੇਤੀ ਕਾਨੂੰਨਾਂ ਤੋਂ ਵੱਖਰੀ ਨਹੀਂ ਹੋਵੇਗੀ ਜੋ ਅਮਲੀ ਤੌਰ ਤੇ ਦਸ ਫੀਸਦੀ ਮਜ਼ਦੂਰਾਂ ਤੇ ਵੀ ਲਾਗੂ ਨਹੀਂ ਹੁੰਦੇ ਸਨ।ਅਮਲ ਵਿੱਚ ਇਹੀ ਹੋਵੇਗਾ ਕਿ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਜਿਸ ਤੱਕ ਵੀ ਲਾਗੂ ਹੋਵੇਗਾ ਉਸ ਦਾ ਫਾਇਦਾ ਜ਼ਿਆਦਾਤਰ ਧਨੀ ਕਿਸਾਨ ਅਤੇ ਸਰਮਾਏਦਾਰ ਫਾਰਮਰ ਹੀ ਉਠਾ ਸਕਣਗੇ। ਦਰਮਿਆਨੇ ਤੇ ਛੋਟੇ ਕਿਸਾਨ ਇਸ ਤੋਂ ਵਾਂਝੇ ਰਹਿਣਗੇ। ਵੈਸੇ ਹੁਣ ਵੀ ਜ਼ਿਆਦਾਤਰ ਇਹੀ ਕੁੱਝ ਹੁੰਦਾ ਰਿਹਾ ਹੈ। ਕੁਝ ਭਲੇਮਾਣਸ ਇਹ ਵੀ ਸੋਚ ਸਕਦੇ ਹਨ ਕਿ ਜੇ ਜਨਤਕ ਵੰਡ ਪ੍ਰਣਾਲੀ ਤੇ ਸਰਕਾਰੀ ਖਰੀਦ ਦੀ ਇਕ ਮੁਕੰਮਲ ਵਿਵਸਥਾ ਹੋ ਜਾਵੇ ਤਾਂ ਇਸ ਦਾ ਹੱਲ ਵੀ ਹੋ ਸਕਦਾ ਹੈ ਪਰ ਜਦੋਂ ਦੁਨੀਆਂ ਭਰ ਦੀ ਅਜਾਰੇਦਾਰ ਸਰਮਾਏਦਾਰ ਜਮਾਤ ਤੇ ਉਸ ਦੀਆਂ ਸਰਕਾਰਾਂ ਜਨਤਕ ਵੰਡ ਪ੍ਰਣਾਲੀ ਨੂੰ ਖਤਮ ਕਰਨ ਦੇ ਲਈ ਹਰ ਸੰਭਵ ਯਤਨ ਕਰ ਰਹੀਆਂ ਹੋਣ ਉਦੋਂ ਇਸ ਦੀ ਉਲਟੀ ਗਿਣਤੀ ਕਿਵੇਂ ਸੰਭਵ ਹੋ ਸਕਦੀ ਹੈ ? ਇਹ ਇੱਕ ਹੀ ਤਰ੍ਹਾਂ ਨਾਲ ਸੰਭਵ ਹੋ ਸਕਦਾ ਹੈ ਉਹ ਹੈ ਸਰਮਾਏਦਾਰੀ ਪ੍ਰਬੰਧ ਨੂੰ ਬਦਲਣ ਲਈ ਇਨਕਲਾਬੀ ਸੰਘਰਸ਼। ਸਿਰਫ਼ ਇਸ ਤਰ੍ਹਾਂ ਦੇ ਸੰਘਰਸ਼ ਤੋਂ ਡਰ ਕੇ ਹੀ ਸਰਮਾਏਦਾਰੀ ਜਮਾਤ ਪਿੱਛੇ ਹਟ ਸਕਦੀ ਹੈ ਪਰ ਅਜਿਹਾ ਸੰਘਰਸ਼ ਫਿਰ ਇੰਨੇ ਹੀ ਸੁਧਾਰ ਨਾਲ ਕਿਉਂ ਸੰਤੁਸ਼ਟ ਹੋਵੇਗਾ ? ਇਹ ਸਮੁੱਚੀ ਵਿਵਸਥਾ ਨੂੰ ਬਦਲਣ ਲਈ ਕਿਉਂ ਅੱਗੇ ਨਹੀਂ ਵਧੇਗਾ ? ਉਹ ਆਪਣੇ ਟੀਚੇ ਨੂੰ ਵਿਵਸਥਾ ਦੀ ਹੱਦ ਵਿੱਚ ਕਿਉਂ ਬੰਨ੍ਹ ਕੇ ਰੱਖੇਗਾ ? ਕੁੱਲ ਮਿਲਾ ਕੇ ਘੱਟੋ ਘੱਟ ਸਹਾਇਕ ਮੁੱਲ ਦੀ ਕਾਨੂੰਨੀ ਗਾਰੰਟੀ ਛੋਟੇ ਦਰਮਿਆਨੇ ਕਿਸਾਨਾਂ ਦੀ ਸਮੱਸਿਆ ਦਾ ਹੱਲ ਨਹੀਂ ਹੈ। ਵੈਸੇ ਵੀ ਅੱਜ ਦੇਸ਼ ਵਿੱਚ ਛੋਟੇ-ਦਰਮਿਆਨੇ ਕਿਸਾਨਾਂ ਦੀ ਜੋ ਸਥਿਤੀ ਹੈ ਉਸ ਵਿੱਚ ਘੱਟੋ ਘੱਟ ਸਹਾਇਕ ਮੁੱਲ ਮਿਲ ਜਾਣ ਤੇ ਵੀ ਉਨ੍ਹਾਂ ਦੀ ਸਮੱਸਿਆ ਹੱਲ ਨਹੀਂ ਹੁੰਦੀ। ਜੋਤਾਂ ਦਾ ਦਿਨ-ਬ-ਦਿਨ ਛੋਟਾ ਹੁੰਦੇ ਜਾਣਾ ਇਸ ਹੱਲ ਨੂੰ ਬੇਈਮਾਨਾ ਬਣਾ ਦਿੰਦਾ ਹੈ। ਏਨੀਆਂ ਛੋਟੀਆਂ ਜੋਤਾਂ ਤੇ ਨਾ ਤਾਂ ਵਿਗਿਆਨਕ ਢੰਗ ਨਾਲ ਖੇਤੀ ਹੋ ਸਕਦੀ ਅਤੇ ਨਾ ਹੀ ਉਸ ਵਿੱਚ ਚੰਗੀ ਪੈਦਾਵਾਰ ਹੋ ਸਕਦੀ ਹੈ ਜੋ ਛੋਟੇ ਕਿਸਾਨਾਂ ਨੂੰ ਢੰਗ ਦੀ ਰੋਟੀ ਰੋਜੀ ਮੁਹੱਈਆ ਕਰਵਾ ਸਕੇ। ਇਸ ਦਾ ਪੱਕਾ ਹੱਲ ਵੱਡੇ ਪੈਮਾਨੇ ਦੀ ਸਮੂਹਿਕ ਖੇਤੀ ਵਿੱਚ ਹੀ ਹੈ ਅਤੇ ਜੋ ਸਿਰਫ ਕਿਸਾਨਾਂ-ਮਜਦੂਰਾਂ ਦੀ ਪ੍ਰਗਤ ਵਾਲੇ ਰਾਜ ਵਿੱਚ ਹੀ ਸੰਭਵ ਹੈ। ਅੱਜ ਵੀ ਸਹਿਕਾਰੀ ਖੇਤੀ-ਸਹਿਕਾਰਤਾ ਦੀਆਂ ਗੱਲਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਨਹਿਰੂ ਦੇ ਜ਼ਮਾਨੇ ਤੋਂ ਅੱਜ ਤਕ ਬੱਸ ਇਹ ਗੱਲਾਂ ਹੀ ਰਹਿ ਗਈਆਂ ਹਨ। ਸਰਮਾਏਦਾਰੀ ਰਾਜ ਵਿੱਚ ਇਸ ਤੋਂ ਇਲਾਵਾ ਕੁਝ ਹੋ ਹੀ ਨਹੀਂ ਸਕਦਾ। ਨਿੱਜੀ ਜਾਇਦਾਦ ਦੇ ਪ੍ਰਬੰਧ ਵਿੱਚ ਅਤੇ ਖਾਸ ਕਰਕੇ ਅੱਜ ਦੀ ਸਰਮਾਏਦਾਰੀ ਦੀ ਬੇਲਗਾਮ ਲੁੱਟ-ਖਸੁੱਟ ਤੇ ਕੁਕੜ-ਖੋਹੀ ਦੀ ਵਿਵਸਥਾ ਵਿੱਚ ਕੋਈ ਸਹਿਕਾਰਤਾ ਹੋ ਵੀ ਨਹੀਂ ਸਕਦੀ। ਨਿੱਜੀ ਜਾਇਦਾਦ ਦੇ ਖਾਤਮੇ ਨਾਲ ਹੀ ਅਜੇਹਾ ਕੁਝ ਸੰਭਵ ਹੋ ਸਕਦਾ ਹੈ। ਖੇਤੀ ਸੰਕਟ ਦਾ, ਖਾਸ ਕਰਕੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਸੰਕਟ ਦਾ ਇਹੀ ਇੱਕ ਗੱਲ ਹੈ। ਇਸ ਸਿੱਟੇ ਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਪਹੁੰਚਣਾ ਹੀ ਪੈਣਾ ਹੈ ਅਤੇ ਕਦੇ ਨਾ ਕਦੇ ਇਸ ਸਿੱਟੇ ਤੇ ਉਹ ਪਹੁੰਚਣਗੇ ਵੀ। ਉਹ ਇਸ ਨਤੀਜੇ ਤੇ ਪਹੁੰਚਣਗੇ ਤੇ ਛੋਟੀ ਦਰਮਿਆਨੀ ਖੇਤੀ ਤਾਂ ਬੱਸ ਕੰਗਾਲੀ ਦਾ ਹੀ ਰਾਹ ਹੈ ਅਤੇ ਕਾਰਪੋਰੇਟ ਪੂੰਜੀ ਉਸ ਨੂੰ ਆਪਣੇ ਅਧੀਨ ਕਰਕੇ ਰਹੇਗੀ।ਤਾਂ ਫਿਰ ਕੀ ਇਹ ਸਮਝਿਆ ਜਾਵੇ ਕਿ ਅੱਜ ਕਾਰਪੋਰੇਟ ਤੇ ਉਸਦੀ ਸਰਕਾਰ ਖਿਲਾਫ ਕੀਤੇ ਜਾ ਰਹੇ ਸੰਘਰਸ਼ ਦਾ ਕੋਈ ਮਤਲਬ ਨਹੀਂ ਹੈ ? ਕਿ ਘੱਟੋ ਘੱਟ ਸਹਾਇਕ ਮੁੱਲ ਦੀ ਮੰਗ ਤੇ ਉਸ ਦੀ ਪ੍ਰਾਪਤੀ ਦਾ ਕੋਈ ਮਤਲਬ ਨਹੀਂ ਹੈ ਨਹੀਂ ? ਨਹੀਂ ਅਜਿਹਾ ਕੁਝ ਨਹੀਂ ਹੈ। ਸਰਮਾਏਦਾਰੀ ਵਿਵਸਥਾ ਦਾ ਕਿਰਦਾਰ ਹੀ ਅਜੇਹਾ ਹੈ ਕਿ ਜੇ ਲੋਕ ਸਰਮਾਏਦਾਰੀ ਜਮਾਤ ਦੇ ਖਿਲਾਫ ਸੰਘਰਸ਼ ਨਹੀਂ ਕਰਨਗੇ ਤਾਂ ਉਹ ਹੋਰ ਹਾਵੀ ਹੁੰਦੀ ਜਾਵੇਗੀ। ਉਹ ਜਨਤਾ ਨੂੰ ਹੋਰ ਵੱਧ ਤਬਾਹੀ, ਬਰਬਾਦੀ ਤੇ ਕੰਗਾਲੀ ਵੱਲ ਧੱਕੇਗੀ। ਯਾਨੀ ਪੂੰਜੀਵਾਦ ਵਿੱਚ ਸਥਿਤੀ ਨੂੰ ਹੋਰ ਜ਼ਿਆਦਾ ਖਰਾਬ ਹੋਣ ਤੋਂ ਬਚਾਉਣ ਲਈ ਵੀ ਸੰਘਰਸ਼ ਦੀ ਜ਼ਰੂਰਤ ਪੈਂਦੀ ਹੈ।

ਨਵੇਂ ਖੇਤੀ ਕਨੂੰਨਾਂ ਖਿਲਾਫ ਜੁਝਾਰੂ ਸੰਘਰਸ ਦੀ ਜਿੱਤ ਨੇ ਇਹੀ ਹਾਸਿਲ ਕੀਤਾ ਹੈ। ਇਸ ਤੋਂ ਅੱਗੇ ਵਧ ਕੇ ਕੁੱਝ ਰਾਹਤ ਹਾਸਿਲ ਕਰਨ ਲਈ ਵੀ ਜ਼ਰੂਰੀ ਹੈ ਕਿ ਸੰਘਰਸ਼ ਕੀਤੇ ਜਾਵੇ। ਸਰਮਾਏਦਾਰੀ ਰਾਹਤ ਲਈ ਵੀ ਤਿੱਖੇ ਸੰਘਰਸ਼ਾਂ ਦੀ ਲੋੜ ਪੈਂਦੀ ਹੈ। ਸਿਰਫ਼ ਭੀਖ ਮੰਗਣ ਨਾਲ ਕੁਝ ਨਹੀਂ ਮਿਲਦਾ ਅਤੇ ਅੱਜ ਦੇ ਸਰਮਾਏਦਾਰੀ ਯੁੱਗ ਵਿੱਚ ਤਾਂ ਇਹ ਬਿਲਕੁਲ ਹੀ ਸੰਭਵ ਨਹੀਂ। ਘੱਟੋ ਘੱਟ ਸਹਾਇਕ ਮੁੱਲ-ਐਮਐਸਪੀ ਵਜੋਂ ਜੇ ਕੁੱਝ ਰਾਹਤ ਹਾਸਲ ਹੁੰਦੀ ਹੈ ਤਾਂ ਉਹ ਬਿਨਾਂ ਸੰਘਰਸ ਦੇ ਹਾਸਲ ਨਹੀਂ ਹੁੰਦੀ ਤੇ ਰਾਹਤ ਮਿਲਣੀ ਹੀ ਚਾਹੀਦੀ ਹੈ। ਇਸ ਰਾਹਤ ਬਾਰੇ ਉਹ ਲੋਕ ਹੀ ਅਵੇਸਲੇ ਹੋ ਸਕਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਪਹਿਲਾਂ ਹੀ ਐਸ਼ ਪ੍ਰਸਤੀ ਨਾਲ ਚੱਲ ਰਹੀ ਹੋਵੇ। ਖੇਤੀ ਤੇ ਨਿਰਭਰ ਜ਼ਿਆਦਾਤਰ ਆਬਾਦੀ ਨੂੰ ਕਿਸ ਹੱਦ ਤੱਕ ਰਾਹਤ ਦੀ ਜ਼ਰੂਰਤ ਹੈ ਇਹ ਕਹਿਣ ਦੀ ਗੱਲ ਨਹੀਂ ਹੈ। ਮੋਦੀ ਕਿਸਾਨਾਂ ਦੇ ਖਾਤੇ ਚ 6 ਹਜ਼ਾਰ ਰੁਪਏ ਪਾ ਕੇ ਆਪਣੀ ਪਿੱਠ ਥਪਥਪਾ ਰਹੇ ਹਨ,ਜਦ ਕਿ ਉਨ੍ਹਾਂ ਦਾ ਰੋਜ਼ ਦਾ ਖਾਣਾ-ਪੀਣਾ ਹੀ ਇਸ ਤੋਂ ਦੋ-ਚਾਰ ਗੁਣਾ ਵੱਧ ਹੋਵੇਗਾ। ਇਸ ਤੋਂ ਅੱਗੇ ਪਤੇ ਦੀ ਗੱਲ ਇਹ ਵੀ ਹੈ ਕਿ ਮਜ਼ਦੂਰ ਮਿਹਨਤਕਸ਼ ਜਨਤਾ ਨੇ ਜੇ ਇਨਕਲਾਬੀ ਸੰਘਰਸ਼ ਵੱਲ ਵਧਣਾ ਹੈ ਤਾਂ ਉਸ ਦਾ ਰਸਤਾ ਵੀ ਇਨ੍ਹਾਂ ਸੰਘਰਸ਼ਾਂ ਤੋਂ ਹੋ ਕੇ ਜਾਂਦਾ ਹੈ। ਕਾਰਪੋਰੇਟ ਪੂੰਜੀ ਦੇ ਹਮਲੇ ਦੇ ਖਿਲਾਫ ਅਤੇ ਇਸ ਤੋਂ ਰਾਹਤ ਖੋਹਣ ਦੇ ਸੰਘਰਸਾਂ ਤੋਂ ਕਿਨਾਰਾ ਕਰ ਕੇ ਕੋਈ ਇਨਕਲਾਬੀ ਸੰਘਰਸ ਵਿਕਸਤ ਨਹੀਂ ਕੀਤਾ ਜਾ ਸਕਦਾ। ਵੱਡੇ ਸੰਘਰਸ਼ ਦੀ ਤਿਆਰੀ ਛੋਟੇ ਛੋਟੇ ਸੰਘਰਸ ਲੜੇ ਬਿਨਾਂ ਨਹੀਂ ਹੋ ਸਕਦੀ। ਇਸ ਲਈ ਤਿੰਨ ਕਾਲੇ ਖੇਤੀ ਕਨੂੰਨਾਂ ਨੂੰ ਰੱਦ ਕਰਾਉਣ ਦੇ ਸੰਘਰਸ਼ ਵਿੱਚ ਹੋਈ ਜਿੱਤ ਮਹੱਵਪੂਰਨ ਹੋ ਜਾਂਦੀ ਹੈ।

(ਕਰਟਸੀ ਨਾਗਰਿਕ ਦਸੰਬਰ,21)

# Prince of Ethiopia faced worse fate than Maharaja Dalip Singh of Punjab

## Only 7 Year Child, Prince Alemayehu of Ethiopia, abducted by British Empire, 1868



Contribution by: Dr. Hardeep S Atwal, Cambridge ON

For 150 years, Ethiopians have been asking when Prince Alemayehu will come home. The orphan prince 7 year child, a descendant of Solomon, was taken to England - some say "stolen" - after British soldiers looted his father's imperial citadel following the Battle of Maqdala in 1868. Alemayehu Tewodros, often referred to as HIH Prince Alemayehu or Alamayou of Ethiopia (23 April 1861 - 14 November 1879) was the son of Emperor Tewodros II of Ethopia. Emperor Tewodros II committed suicide after his defeat by the British Empire forces , led by Robert Napier in 1868. Alemayehu's mother was Empress Tiruwork Wube.

He died at the age of 18, after an unhappy childhood, and was buried at St George's Chapel at Windsor Castle at the request of Queen Victoria. Discussions have taken place with the Victoria & Albert Museum about the return of royal treasures taken by British forces during the battle, the Ethiopian government said it is making efforts to finally bring back the prince's remains.

The campaign to return Alemayehu began in 2006, when the Ethiopian president wrote to the Queen asking for the remains to be exhumed, but the request was rebuffed. According to the Ethiopian embassy, the Lord Chamberlain replied on



behalf of the Queen, saying that "while Her Majesty was in favour of repatriation [...] identifying the remains of young Prince Alemayehu would not be possible." The prince's remains had been added to a grave at St George's Chapel with nine others.

After the sacking of Maqdala, a British officer named Tristram Speedy took the prince and his mother, the Empress Tiruwork, to Britain. The empress died on the way and before the party was due to embark on a ship from Alexandria in Egypt, the officer ordered all the other Ethiopians to return. Speedy took Alemayehu to his home in the Isle of Wight, where he was presented to Queen Victoria. Speedy was paid a stipend for the education of the prince, who went to Rugby school then Sandhurst. At school he suffered racism, He had to sleep on the floor at one point. He was taken away from all of his family and told he had to build a relationship with this man, who was one of those responsible for his father's death.

Ethiopian's revere Prince Alemayehu as a young prisoner of war - he was only seven years old when taken hostage, Prince Alemayehu remains the son of a hero, who chose to end his own life, rather than surrender to foreign soldiers. Ethiopians view the Prince with the same level of affection and respect. Present, Ethiopian Government at Addis Ababa is also stepping up pressure for the return of objects taken after the Battle of Maqdala, which include a gold crown with intricate filigree work, a royal wedding dress and hundreds of illuminated manuscripts, including six which are kept in the Queen's personal library at Windsor.

# ਅਧੂਰੀ ਅਜ਼ਾਦੀ


**ਫਰੈਕਚਰਡ ਫਰੀਡਮ-**
**ਕਿਤਾਬ ਰੀਵੀਊ ਅਤੇ ਭੱਖਦੇ ਸਵਾਲ**
**-ਨਾਹਰ ਔਜਲਾ, ਬਰੈਂਪਟਨ**

ਇਹ ਕਿਤਾਬ, ਉੱਘੇ ਇਨਕਲਾਬੀ ਕੋਬਾਦ ਗਾਂਧੀ ਦੀਆਂ ਜੇਲ੍ਹ ਯਾਦਾਂ ਤੇ ਨਿਰਧਾਰਿਤ ਹੈ।

ਆਪਣੀ ਜਿੰਦਗੀ ਦਾ ਇਕ ਦੁਹਾਕਾ ਭਾਰਤ ਦੀਆਂ ਵੱਖ- ਵੱਖ ਜੇਲ੍ਹਾ ਵਿਚ ਬਤੀਤ ਕਰਨ ਵਾਲੇ ਕੋਬਾਦ ਗਾਂਧੀ ਨੇ ਵਿਦਿਆਰਥੀਆਂ ਨਾਗਰਿਕ ਹੱਕਾਂ , ਔਰਤਾਂ ਮਜਦੂਰਾਂ, ਦਲਿਤਾਂ ਅਤੇ ਆਦਿਵਾਸੀਆਂ ਲਈ ਸੰਘਰਸਾਂ ਚ ਮੋਹਰੀ ਭੂਮਿਕਾ ਨਿਭਾਈ। ਇਹ ਇਕ ਅਜਿਹਾ ਆਗੂ ਹੈ ਜੋ ਮਹਿਲਾਂ ਦਾ ਜਾਇਆ ਤੇ ਕੁੱਲੀਆ ਲਈ ਲੜਿਆ, ਕੋਬਾਦ ਗਾਂਧੀ ਨੇ ਮੁੰਬਈ ਦੇ ਸੇਂਟ ਮੈਰੀ ਸਕੂਲ ਅਤੇ ਦੇਹਰਾਦੂਨ ਦੇ ਦੂਨ ਸਕੂਲ ਚ ਪੜਾਈ ਕੀਤੀ। ਉਨਾਂ ਨੇ 1963 ਚ ਗ੍ਰੈਜੂਏਨ ਕੀਤੀ। 1968 ਵਿਚ ਮੁੰਬਈ ਤੋ ਰਸਾਇਣ ਵਿਗਿਆਨ ਚ ਬੈਚਲਰ ਦੀ ਡਿਗਰੀ ਲੈਣ ਤੋ ਬਾਦ ਉਹ ਚਾਰਟਰਡ ਅਕਾਊਟੈਂਟ ਬਣਨ ਲਈ ਲੰਡਨ ਚਲੇ ਗਏ। ਬ੍ਰਿਟੇਨ ਵਿਚ ਉਸ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਉਸ ਨੂੰ ਬਾਰਤਾਨਵੀ ਸਮਾਜ ਅੰਦਰ ਭਾਰਤੀਆ ਦੇ ਸਵੈਮਾਣ ਦੀ ਹੱਕ-ਜਤਾਈ ਲਈ ਖੱਬੇਪੱਖੀ ਸਰਗਰਮੀ ਚ ਸਾਮਲ ਹੋਣ ਲਈ ਪ੍ਰੇਰਿਆ। ਇਕ ਖਾਸ ਵਿਰੋਧ ਪ੍ਰਦਰਸਨ ਦੋਰਾਨ ਉਸਨੂੰ ਨਸਲੀ ਦੁਰਵਿਹਾਰ ਸਮੇਂ ਪੁਲਿਸ ਵੱਲੋ ਗ੍ਰਿਫਤਾਰ ਕਰ ਲਿਆ ਗਿਆ ਅਤੇ ਕੁਟਮਾਰ ਕੀਤੀ ਗਈ। ਬਾਦ ਦੀਹ ਜਿੰਦਗੀ ਦਾ ਰਾਹ ਬਦਲ ਦਿੱਤਾ। ਉਸਨੇ ਚਾਰਟਡ ਅਕਾਊਟੈਂਟ ਬਣਨ ਦੀਆਂ ਯੋਜਨਾਵਾਂ ਤਿਆਗ ਦਿੱਤੀਆਂ ਅਤੇ 1972 ਚ ਭਾਰਤ ਵਾਪਸ ਆ ਕੇ ਆਪਣੀ ਜਿੰਦਗੀ ਮੁਲਕ ਦਲਿਤਾਂ ਚ ਕੰਮ ਕਰਨ ਲਈ ਸਮਰਪਿਤ ਕਰ ਦਿੱਤੀ ।

ਸੰਤਬਰ 2009 'ਚ ਗਾਂਧੀ ਨੂੰ ਗਿਰਫਤਾਰ ਕਰ ਲਿਆ ਗਿਆ ਅਤੇ ਅਕਤੂਬਰ 2019 ਤੱਕ ਉਹ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਰਹੇ। ਇਹ ਬੇਹੱਦ ਰੌਚਿਕ ਕਿਤਾਬ ਉਹਨਾਂ ਦੀਆਂ ਜੇਲ੍ਹ ਯਾਦਾਂ ਉਤੇ ਅਧਾਰਤ ਹੈ। ਕਿਤਾਬ ਦਾ ਅਨੁਵਾਦ ਅਤੇ ਪ੍ਰਕਾਸਨ ਸ੍ਰੀ ਬੂਟਾ ਸਿੰਘ ਜੀ ਨੇ ਕੀਤਾ ਹੈ। 240 ਪੰਨਿਆਂ ਦੀ ਇਹ ਕਿਤਾਬ ਤੁਸੀਂ ਤਰਕਭਾਰਤੀ ਪ੍ਰਕਾਸਨ ਵਿਚੋਂ ਘਰ ਬੈਠੇ 300ਰੁ ਵਿਚ ਮੰਗਵਾ ਸਕਦੇ ਹੋ। ਵਧੇਰੇ ਜਾਣਕਾਰੀ ਲਈ 75288 62854 ਉਤੇ ਤੁਸੀਂ ਸੰਪਰਕ ਕਰ ਸਕਦੇ ਹੋ।

ਕੋਬਾਡ ਗਾਂਧੀ ਦੀ ਕਿਤਾਬ ਫਰੈਕਚਰਡ ਫਰੀਡਮ ਪੜ੍ਹਨ ਦਾ ਮੌਕਾ ਮਿਲਿਆ। ਇਸ ਕਿਤਾਬ ਦੇ ਲੇਖਕ ਨੂੰ ਜਦੋਂ ਪੁਲੀਸ ਵੱਲੋਂ ਦਿੱਲੀ 'ਚ ਗ੍ਰਿਫਤਾਰ ਕੀਤਾਗਿਆ ਸੀ ਤਾਂ ਇਸ ਦੀ ਮੀਡੀਏ 'ਚ ਖੂਬ ਚਰਚਾ ਹੋਈ ਸੀ। ਮੀਡੀਏ ਦੀ ਮੁੱਖ ਖਬਰ ਸੀ, ਨਕਸਲਬਾੜੀ ਲਹਿਰ (ਸੀ ਪੀਆਈ ਮਾਓਵਾਦੀ ਪਾਰਟੀ) ਦਾ ਇਕ ਵੱਡਾ ਲੀਡਰ ਗ੍ਰਿਫਤਾਰ। ਨਕਸਲਬਾੜੀ ਲਹਿਰ ਨਾਲ ਸਬੰਧਤ ਕਾਮਰੇਡ ਚਾਰੂਮਜੂਮਦਾਰ ਤੋਂ ਬਾਅਦ ਇਹ ਗ੍ਰਿਫਤਾਰੀ ਭਾਰਤ ਸਰਕਾਰ ਲਈ ਉੱਥੋਂ ਦੇ ਸਿਸਟਮ ਦੇ ਕਿਸੇ ਬਾਗੀ ਦੀ ਵੱਡੀ ਗ੍ਰਿਫਤਾਰੀਸੀ। ਓਮ ਪੁਰੀ ਨੇ ਨਕਸਲਬਾੜੀਆਂ ਦੀ ਬਸਤਰ ਦੇ ਏਰੀਏ ਅਤੇ ਆਸ ਪਾਸ ਦੇ ਸੂਬਿਆਂ 'ਚ ਚੱਲ ਰਹੀ ਮਾਓਵਾਦੀਪਾਰਟੀ ਦੀ ਮੂਵਮੈਂਟ ਨਾਲ ਸਬੰਧਤ ਇਕ ਫਿਲਮ ਚਕਰਵਿਊ 'ਚ ਇਸੇ ਲੇਖਕ ਨੂੰ ਲੈ ਕੇ ਕਿਸਨ ਨਾਂ ਦੇ ਵਿਅਕਤੀ ਦਾ ਰੋਲਕੀਤਾ ਸੀ। ਜਿਸ ਦੇ ਫੜੇ ਜਾਣ 'ਤੇ ਵੱਡਾ ਇਨਾਮ ਰੱਖਿਆ ਹੋਇਆ ਸੀ। ਪਾਰਸੀ ਕਮਿਊਨਟੀ ਦੇ ਅਮੀਰ ਪਰਿਵਾਰ 'ਚਪੈਦਾ ਹੋਇਆ ਕੋਬਾਡ ਗਾਂਧੀ, ਮਸਹੂਰ ਦੂਨ ਸਕੂਲ ਅਤੇ ਇੰਗਲੈਂਡ ਦਾ ਪੜਿਆ ਲਿਖਿਆ, ਬਹੁਤ ਹੀ ਸੁਹਿਰਦ ਇਨਸਾਨਹੈ। ਇਸੇ ਕਾਰਨ ਇਸ ਕਿਤਾਬ ਨੂੰ ਪੜ੍ਹਨ ਦੀ ਇਕ ਵਿਸੇਸ ਜਿਹੀ ਖਿੱਚ ਸੀ। ਇਕ ਦੋਸਤ ਨੇ ਮੇਰੇ ਕਹਿਣ 'ਤੇ ਮੈਨੂੰਵਟਸਐਪ ਰਾਂਹੀ ਭੇਜ ਦਿੱਤੀ ਸੀ। ਮੇਰੇ ਲਈ ਮੁੱਖ ਵਿਸਾ ਇਹ ਹੈ ਕਿ ਇਸ ਕਿਤਾਬ ਦੇ ਲੇਖਕ ਨੇ ਭਾਰਤੀ ਕਮਿਊਨਿਸਟਲਹਿਰ 'ਤੇ ਕਈ ਸਵਾਲ ਖੜੇ ਕੀਤੇ ਹਨ। ਕਿਤਾਬ ਦੇ ਇਹਨਾ ਸਵਾਲਾਂ ਬਾਰੇ ਕੋਈ ਬਹੁਤੀ ਚਰਚਾ ਨਹੀਂ ਹੋ ਰਹੀ। ਲੇਖਕਨੇ ਇਕ ਸਵਾਲ ਇਹ ਉਠਾਇਆ ਹੈ ਕਿ ਵਿਅਕਤੀ ਦੀਆਂ ਨਿੱਜੀ ਤੇ ਆਤਮਿਕ ਖੁਸੀਆਂ ਦੀ ਗੱਲ ਨਹੀਂ ਹੋ ਰਹੀ। ਲੇਖਕਵਿਅਕਤੀ ਅਤੇ ਸਮੁੱਚੇ ਸਮਾਜ ਦੀ ਖੁਸੀ ਲਈ ਬਹੁਤ ਸਾਰੇ ਅੰਤਰਰਾਸਟਰੀ ਲੇਖਕਾਂ ਜਿਵੇਂ ਰੂਮੀ, ਪੰਚਤੰਤਰਾਂ ਅਤੇ ਤਾਓ ਤੇ ਚਿੰਗ ਵਰਗੇ ਫਿਲਾਸਫਰਾਂ ਦੇ ਵਿਚਾਰਾਂ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਚਾਰ ਵਾਕ ਦੀ ਫਿਲਾਸਫੀਦੀ ਵੀ ਗੱਲ ਕਰਦਾ ਹੈ। ਲੇਖਕ ਅੱਗੇ ਲਿਖਦਾ ਹੈ ਕਿ ਪ੍ਰੋਲਿਤਾਰੀ ਦੀ ਡਿਕਟੇਟਰਸ਼ਿ?ਪ ਵਾਲੇ ਕੌਨਸੈਪਟ ਨਾਲ ਵੀ ਕਈਵਿਅਕਤੀ ਲੋੜੋਂ ਵੱਧ ਤਾਕਤਵਰ ਬਣ ਜਾਂਦੇ ਹਨ ਜਿਸ ਨਾਲ ਵਿਰੋਧੀ ਵਿਚਾਰ ਰੱਖਣ ਵਾਲੇ ਵਿਅਕਤੀਆਂ ਨੂੰ ਦਬਾ ਦਿੱਤਾਜਾਂਦਾ ਹੈ। ਰਸੀਆ ਅਤੇ ਚਾਈਨਾ 'ਚ ਇਸ ਤਾਕਤ ਕਰਕੇ ਹੀ ਨਵੇਂ ਤਾਕਤਵਰ ਰਾਜੇ (ਪਾਰਟੀ ਲੀਡਰ) ਪੈਦਾ ਹੋ ਗਏਹਨ। ਰੈਵੋਲਿਊਸਨ ਦੀ ਗੱਲ ਕਰਦਿਆਂ ਲੇਖਕ ਲਿਖਦਾ ਹੈ ਕਿ ਜੋ ਵੀ ਇਨਕਲਾਬ ਸੰਸਾਰ 'ਤੇ ਹੋਏ ਹਨ ਉਹ ਪਹਿਲੀਵਰਲਡ ਵਾਰ ਜਾਂ ਦੂਜੀ ਤੋਂ ਬਾਅਦ ਹੀ ਹੋਏ ਹਨ। ਇਸ ਤੋਂ ਭਾਵ ਇਹੀ ਨਿਕਲਦਾ ਹੈ ਕਿ ਇਹੋ ਜਿਹੇ ਹਾਲਾਤਾਂ ਤੋਂ ਬਿਨਾਇਨਕਲਾਬ ਸੰਭਵ ਨਹੀਂ ਹੈ। ਲੇਖਕ ਚੀਨ ਰੂਸ ਦੇ ਇਨਕਲਾਬ ਦੀ ਉਦਾਹਰਣ ਦਿੰਦਾ ਹੈ। ਜੇ ਗੱਲ ਵੀਅਤਨਾਮ ਦੀ ਕੀਤੀਜਾਵੇ ਤਾਂ ਇਹ ਲੜਾਈ ਵੀ ਉਹਨਾਂ ਸਮਿਆਂ 'ਚ ਭਾਵ 1955 'ਚ ਹੀ ਸੂਰੂ ਹੋਈ ਸੀ। ਕਿਊਬਾ ਦੀ ਲੜਾਈ ਵੀ 1957 'ਚ ਸੂਰੂ ਹੋਈ ਤੇ ਦੋ ਤਿੰਨ ਸਾਲਾਂ 'ਚ ਜਿੱਤ ਲਈ ਸੀ। ਫੀਡਲ ਕਾਸਤਰੋ ਨੇ ਤਾਂ ਸੱਤਾ 'ਚ ਆਉਂਣ ਤੋਂ ਵੀ ਕਾਫੀ ਸਮਾਂਬਾਅਦ 'ਚ ਹੀ ਪਾਰਟੀ ਦਾ ਐਲਾਨ ਕੀਤਾ ਅਤੇ ਪਾਰਟੀ ਮੈਨੀਫੈਸਟੋ ਲਿਆਂਦਾ ਸੀ। ਪਿਛਲੇ 60 ਸਾਲਾਂ 'ਚ ਕਿਸੇ ਵੀਮੁਲਕ 'ਚ ਕੋਈ ਰੈਵੋਲਿਊਸਨ ਨੇਪਰੇ ਨਹੀਂ ਚੜਿਆ। ਜਦੋਂ ਕਿ ਪਿਛਲੇ ਲੰਮੇ ਸਮੇਂ ਤੋਂ ਇਹੀ ਕਿਹਾ ਜਾ ਰਿਹੈ ਹੈ ਕਿਸਾਮਰਾਜਵਾਦ ਆਪਣੀ ਚਰਮ ਸੀਮਾ 'ਤੇ




ਹੈ, ਇਹ ਸਿਸਟਮ ਗਲ ਸੜ ਚੁੱਕਾ ਹੈ। ਲੇਖਕ ਦਾ ਇਹ ਵਿਚਾਰ ਚਰਚਾ ਦਾਵਿਸਾ ਬਣਨਾ ਚਾਹੀਦਾ ਹੈ।

ਹੁਣ ਨਿਊਕਲੀਅਰ ਹਥਿਆਰਾਂ ਦੇ ਬਣ ਜਾਣ ਕਾਰਨ ਸਿੱਧੀ ਫੋਜੀ ਲੜਾਈ ਨਾ ਹੋ ਕੇ ਸਾਇਦ ਇਹ ਲੜਾਈ ਹੁਣ ਜੀਵਕਹਥਿਆਰਾਂ ਜਾਂ ਸਾਈਬਰ ਅਟੈਕਸ ਵਰਗੇ ਹਥਿਆਰਾਂ ਨਾਲ ਲੜੀ ਜਾਵੇ। ਜਿਸ ਦੀ ਸੁਰੂਆਤ ਵੱਖਰੇ ਵੱਖਰੇ ਤਰਿਕਿਆਂਨਾਲ ਹੋ ਚੁੱਕੀ ਹੈ। ਇਕ ਪਾਸੇ ਚਾਈਂਨਾ -ਰਸੀਆ ਧੜਾ ਅਤੇ ਦੂਸਰੇ ਪਾਸੇ ਅਮੇਰਿਕਾ ਗਰੁੱਪ। ਇਹ ਇਕ ਦੂਸਰੇ ਦੀਇਕਾਨਮੀ ਨੂੰ ਤਬਾਹ ਕਰਨ ਲਈ ਹਰ ਗੁਪਤ ਅਤੇ ਖੁੱਲਾ ਤਰੀਕਾ ਵਰਤ ਰਹੇ ਹਨ।

ਲੱਗਦੇ, ਅੰਦਰੂਨੀ ਬਗਾਵਤਾਂ ਨੂੰ ਦਬਾਉਣ ਲਈ ਹੀ ਫੋਜਾਂ ਦੀ ਵਰਤੋਂ ਹੋਇਆ ਕਰੇਗੀ। ਭਾਰਤ ਇਹੀ ਕੁਝ ਕਰ ਰਿਹੈ।'

ਲੇਖਕ ਇਹ ਸਵਾਲ ਵੀ ਉਠਾਉਂਦਾ ਹੈ ਕਿ ਕਾਮਰੇਡ ਇਹ ਗੱਲ ਕਹਿਣ 'ਤੇ ਬਜਿੱਦ ਰਹਿੰਦੇ ਹਨ ਕਿ ਇਨਕਲਾਬ ਹਰਹਾਲਤ ਹੋਣਾ ਹੀ ਹੈ। ਕੀ ਭਾਰਤ 'ਚ ਹੋਰਾਂ ਮੁਲਕਾਂ ਦੀ ਤਰਾਂ ਬੁਰਜੁਆ ਇਨਕਲਾਬ ਨੇਪਰੇ ਚੜਿਆ ਹੈ। ਕੋਈ ਹੋਰਬੁਨਿਆਦੀ ਤਬਦੀਲੀ ਕਦੇ ਕਿਉਂ ਨਹੀ ਆਈ ? ਕੀ ਕਦੇ ਇਸ ਸਵਾਲ ਤੇ ਵਿਚਾਰ ਚਰਚਾ ਹੋਈ ਹੈ ? ਲੇਖਕ ਨੂੰ ਲੱਗਦਾ ਹੈਕਿ ਦੁਨੀਆ ਪੱਧਰ 'ਤੇ ਕਮਿਊਨਿਸਟ ਲਹਿਰ ਵੀ ਖੜੋਤ 'ਚ ਹੈ। ਭਾਰਤ 'ਚ ਵੀ ਕਮਿਊਨਿਸਟ ਲਹਿਰ ਹੁਣ ਉਸ ਰੂਪ 'ਚਅੱਗੇ ਵੱਧਦੀ ਨਜਰ ਨਹੀਂ ਆ ਰਹੀ। ਜਦੋਂ ਕਿ ਭਾਰਤ 'ਚ ਕੌਮਨਿਸਟ ਪਾਰਟੀ 1924 ਦੀ ਬਣੀ ਹੋਈ ਹੈ।

ਲੇਖਕ ਦਾ ਸਵਾਲ ਹੈ, ਚਾਈਂਨਾ ਦਾ ਕਲਚਰਲ ਰੈਵੋਲਿਊਸਨ ਫੇਲ ਕਿਉਂ ਹੋਇਆ ? ਇਹ ਸਵਾਲ ਵਿਚਾਰ ਚਰਚਾ ਦੀਮੰਗ ਕਰਦੇ ਹਨ।

ਜਾਤ-ਪਾਤ ਦੇ ਮੁੱਦੇ ਨੂੰ ਵੀ ਲੇਖਕ ਨੇ ਮੁੱਖ ਤੌਰ 'ਤੇ ਲਿਆ ਹੈ। ਬਹੁਤੇ ਗੁਰੱਪਾਂ ਅਤੇ ਕੌਮਨਿਸਟ ਪਾਰਟੀਆਂ ਵੱਲੋਂ ਇਸ ਮੁੱਦੇਨੂੰ ਰਸਮੀ ਤੌਰ ਤੇ ਹੀ ਲਿਆ ਜਾਂਦਾ ਰਿਹੈ। ਕਹਿਣੀ ਕਰਨੀ 'ਚ ਫਰਕ ਰਹਿੰਦਾ ਰਿਹਾ ਹੈ। ਭਾਰਤ ਦੀਆਂ ਹਾਲਤਾਂ ਮੁਤਾਬਕਇਹ ਸਵਾਲ ਮੁੱਖ ਮੁੱਦਾ ਹੈ।

ਲੇਖਕ ਨੇ ਕਿਤਾਬ ਦੇ ਸੁਰੂ 'ਚ ਕਾਫੀ ਜਾਣਕਾਰੀ ਤਾਂ ਭਾਰਤ ਦੀ ਅੰਗਰੇਜਾਂ ਦੇ ਆਉਣ ਤੋਂ ਪਹਿਲਾਂ ਦੀ ਮਜਬੂਤਆਰਥਿਕਤਾ ਅਤੇ ਉਹਨਾਂ ਦੇ ਭਾਰਤ ਛੱਡ ਕੇ ਜਾਣ ਤੱਕ ਭਾਰਤ ਦੀ ਆਰਥਿਕਤਾ 'ਚ ਆਈ ਕੰਗਾਲੀ ਬਾਰੇ ਦਿੱਤੀ ਹੈ।'

ਬਹੁਤ ਸਾਰੇ ਲੋਕਾਂ ਲਈ ਇਹ ਜਾਣਕਾਰੀ ਨਵੀਂ ਅਤੇ ਅਸਚਰਜਨਕ ਹੈ। ਜਿਹੜੇ ਲੋਕ ਇਤਿਹਾਸਕ ਜਾਣਕਾਰੀ ਰੱਖਦੇ ਹਨਉਹਨਾਂ ਨੂੰ ਤਾਂ ਪਤਾ ਹੁੰਦਾ ਹੈ। ਇਸ ਕਿਤਾਬ ਦਾ ਕਾਫੀ ਵੱਡਾ ਹਿੱਸਾ ਲੇਖਕ ਦੀ 10 ਸਾਲਾਂ ਦੀ ਜੇਲ੍ਹ ਯਾਤਰਾ ਨਾਲ ਸਬੰਧਤਹੈ। ਭਾਰਤੀ ਜੇਲ੍ਹਾਂ 'ਚ ਕਿਸ ਕਿਸਮ ਦੀ ਖੱਜਲ ਖੁਆਰੀ ਹੁੰਦੀ ਹੈ, ਕੇਸਾਂ ਨੂੰ ਕਿਵੇਂ ਸਾਲਾਂ ਬੱਧੀ ਲਟਕਾ ਦਿੱਤਾ ਜਾਂਦਾ ਹੈ। ਪੁਲੀਸ ਵੱਲੋਂ ਕਿਵੇਂ ਝੁੱਠੇ ਕੇਸ ਮੜ੍ਹੇ ਜਾਂਦੇ ਹਨ। ਕਾਫੀ ਜਾਣਕਾਰੀ ਇਸ ਬਾਰੇ ਹੈ ਕਿ ਜੇਲਾਂ 'ਚ ਡਾਨ (ਗੁੰਡੇ) ਕਿਸਮ ਦੇ ਲੋਕਕਿਸ ਤਰ੍ਹਾਂ ਦੀ ਜ਼ਿੰਦਗੀ ਗੁਜਾਰਦੇ ਹਨ। ਉਹਨਾਂ ਦੇ ਰਾਜਨੀਤਕ ਲੀਡਰਾਂ ਨਾਲ ਸੰਬੰਧ ਕਿਵੇਂ ਜੁੜਦੇ ਹਨ। ਉਹਨਾਂ ਨੂੰ ਵੱਖਰਾਖਾਣਾ ਅਤੇ ਮਨਮਰਜੀ ਦੇ ਕੱਪੜੇ ਜੇਲ 'ਚ ਪਹੁੰਚਦੇ ਰਹਿੰਦੇ ਹਨ।

ਕਸਮੀਰੀ ਆਗੂ, ਅਫਜਲ ਗੁਰੂ ਨੂੰ ਵੀ ਲੇਖਕ ਕਾਫੀ ਸਮਾਂ ਮਿਲਦਾ ਰਿਹਾ। ਗੁਰੂ ਬਾਰੇ ਵੀ ਕਾਫੀ ਜਾਣਕਾਰੀ ਇਸਕਿਤਾਬ 'ਚ ਮਿਲਦੀ ਹੈ। ਲੇਖਕ ਉਸ ਵੱਲੋਂ ਲਿਖੀ ਡਾਇਰੀ ਦੀ ਗੱਲ ਕਰਦਾ ਹੈ ਤੇ ਅਫਸੋਸ ਵੀ ਕਰਦਾ ਹੈ ਕਿ ਅਫਜਲਦੀ ਫਾਂਸੀ ਤੋਂ ਪਹਿਲਾਂ ਇਹ ਡਾਇਰੀ ਉਸ ਕੋਲੋਂ ਮੰਗ ਕਿਉਂ ਨਾ ਲਈ।

ਇਸ ਕਿਤਾਬ 'ਚ ਲੇਖਕ ਆਪਣੀ ਪਤਨੀ ਅਨੁਰਾਧਾ (ਅਨੁ) ਬਾਰੇ ਵੀ ਲਿਖਦਾ ਹੈ ਜਿਸ ਨੇ ਆਦਿ-ਵਾਸੀ ਔਰਤਾਂ ਦਾਕ੍ਰਾਂਤੀਕਾਰੀ ਮਹਿਲਾ ਸੰਗਠਨ ਬਣਾਇਆ ਜਿਸ ਦੇ 90,000 ਦੇ ਕਰੀਬ ਮੈਂਬਰ ਹਨ। ਗੰਦੀਆਂ ਬਸਤੀਆਂ 'ਚ ਰਹਿੰਦੇ ਮਜਦੂਰ ਲੋਕਾਂ 'ਚ ਕੰਮ ਕਰਦਿਆਂ ਕਾਰਨ ਹੀ ਉਸਦੀ ਸੇਹਤ ਵਿੱਗੜ ਗਈ ਅਤੇ ਮਲੇਰੀਏ ਦੀ ਭਿਆਨਕ ਬਿਮਾਰੀ ਨੇਲੋਕ ਹਿੱਤਾਂ ਲਈ ਆਪਣੀ ਜ਼ਿੰਦਗੀ ਦਾ ਹਰ ਲਮ੍ਹਾ ਲਾਉਣ ਵਾਲੀ ਇਸ ਬਹਾਦਰ ਔਰਤ ਦੀ ਜਾਨ ਲੈ ਲਈ। ਲੇਖਕਅਨੁਰਾਧਾ ਵੱਲੋਂ ਲੋਕਾਂ 'ਚ ਕੰਮ ਕਰਨ ਦੇ ਢੰਗ ਲਈ ਉਸਾਰੇ ਮਾਡਲ ਦੀ ਚਰਚਾ ਵੀ ਕਰਦਾ ਹੈ।

ਰਾਜਨੀਤੀ ਨਾਲ ਜੁੜੇ ਲੋਕ ਜੋ ਲੇਖਕ ਦੀ ਪਾਰਟੀ ਬਾਰੇ ਜਾਨਣ 'ਚ ਉਤਸੁਕ ਹਨ, ਜਿਸ ਪਾਰਟੀ ਨਾਲ ਲੇਖਕ ਜੁੜਿਆਰਿਹਾ ਹੈ, ਉਹਨਾ ਲਈ ਵੀ ਕਾਫੀ ਜਾਣਕਾਰੀ ਹੈ। ਹੋ ਸਕਦਾ ਹੈ ਲੇਖਕ ਆਉਣ ਵਾਲੇ ਸਮੇਂ 'ਚ ਹੋਰ ਵੀ ਵੱਧ ਜਾਣਕਾਰੀਕਿਸੇ ਹੋਰ ਕਿਤਾਬ ''ਚ ਉਸ ਪਾਰਟੀ ਬਾਰੇ ਲਿਖੇ। ਪਾਰਟੀ ਬਾਰੇ ਵੀ ਲੇਖਕ ਆਪਣੇ ਵਿਚਾਰਕ ਮੱਤ-ਭੇਦ ਆਪਣੀ ਰਾਏ ਦੇਤੌਰ 'ਤੇ ਲਿਖਦਾ ਹੈ। (ਲੇਖਕ ਇਸ ਗੱਲ ਤੋਂ ਮੁਨਕਰ ਹੈ ਕਿ ਉਹ ਪਾਰਟੀ ਦੀ ਕਿਸੇ ਟੌਪ ਬਾਡੀ ਦਾ ਮੈਂਬਰ ਸੀ) ਅਗਰਲੇਖਕ 40 ਸਾਲ ਇਕ ਪਾਰਟੀ 'ਚ ਰਹਿ ਕੇ ਅਤੇ ਬਾਹਰ ਆ ਕੇ ਆਪਣੀ ਹੀ ਪਾਰਟੀ ਦੇ ਵਿਚਾਰਾਂ ਨਾਲ ਗੈਰ ਸਹਿਮਤੀਕਰਦਾ ਹੈ (ਜੋ ਉਸਦਾ ਹੱਕ ਵੀ ਹੈ) ਤਾਂ ਇਹ ਗੱਲ ਉਹਨਾਂ ਲੋਕਾਂ ਨੂੰ ਨਿਰਾਸਤਾ ਵੱਲ ਧੱਕੇਂਗੀ ਜੋ ਲੋਕ ਸਮਾਜ ਅਤੇ ਭਾਰਤੀਸਿਸਟਮ 'ਚ ਬੁਨਿਆਦੀ ਤਬਦੀਲੀ ਦੀ ਚਾਹਨਾ ਤਾਂ ਰੱਖਦੇ ਹਨ ਪਰ ਪੜ੍ਹਨ ਪੜਾਉਂਣ ਅਤੇ ਪਾਰਟੀ ਪਾਲਸੀਆਂ ਨੂੰਸਮਝਕੇ ਆਪਣੇ ਵਿਚਾਰ ਬਣਾਉਣ ਵਾਲੀ ਰੁੱਚੀ ਨਹੀਂ ਰੱਖਦੇ। ਉਹ ਕਿਸੇ ਖਾਸ ਵਿਅਕਤੀ ਜਾਂ ਲੀਡਰ ਤੋਂ ਭਰਵਾਵਿਤ ਹੋ ਕੇਹੀ ਚੱਲਦੇ ਰਹਿੰਦੇ ਹਨ। ਜਿਸ ਗਰੁੱਪ ਜਾਂ ਪਾਰਟੀ ਨਾਲ ਜੁੜ ਗਏ ਉੱਥੇ ਹੀ ਜੁੜੇ ਰਹਿੰਦੇ ਹਨ ਭਾਵੇਂ ਪਾਰਟੀ ਦੀ ਲਾਈਨਅਤੇ ਮੁੱਖ ਲੀਡਰਾਂ ਦੀ ਸੋਚ ਕਿੰਨੀ ਵੀ ਬਦਲ ਜਾਵੇ।

ਇਸ ਕਿਤਾਬ 'ਤੇ ਬਹੁਤ ਹੀ ਘੱਟ ਚਰਚਾ ਹੋਈ ਹੈ। ਇਹ ਵੀ ਹੋ ਸਕਦਾ ਹੈ ਮੇਰੇ ਧਿਆਨ 'ਚ ਨਾ ਆਈ ਹੋਵੇ। ਮੈਂ ਆਪਣੀਸਮਝ ਮੁਤਾਬਕ ਇਸ ਕਿਤਾਬ ਬਾਰੇ ਲੇਖਕ ਦੇ ਅਤੇ ਆਪਣੇ ਕੁਝ ਵਿਚਾਰ ਲਿਖੇ ਹਨ। ਜਿਨ੍ਹਾਂ ਦੋਸਤਾਂ ਨੇ ਇਹ ਕਿਤਾਬਪੜੀ ਹੈ ਉਹ ਆਪਣੇ ਵਿਚਾਰ ਨਿਮਰਤਾ ਸਹਿਤ ਚੰਗੀ ਸਬਦਾਵਲੀ 'ਚ ਲਿਖ ਸਕਦੇ ਹਨ। ਕਈ ਸੁਆਲ ਬੁਨਿਆਦੀ ਹਨ ਜਿਹਨਾਂ ਦਾ ਜਵਾਬ ਕਮਿਊਨਿਸਟ ਪਾਰਟੀਆਂ, ਗ੍ਰੁੱਪਾਂ ਵਲੋਂ ਦੇਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਜਾਨਣਾ ਚਾਹੁੰਦੇ ਹੋਣੇਗੇ।ਇਹ ਕਿਤਾਬ ਸੁਹਿਰਦ, ਅਗਾਂਹਵਧੂ ਅਤੇ ਹਰ ਉਸ ਵਿਅਕਤੀ ਨੂੰ ਪੜਨੀ ਚਾਹੀਦੀ ਹੈ ਜੋ ਚੰਗਾ ਸਮਾਜ ਬਣਾਉਣ ਦੇਸੁਪਨੇ ਦੇਖਦਾ ਹੈ।

# ਗਗਨ ਦਮਾਮਾ ਬਾਜਿਓ

ਗੁਰਚਰਨ ਕੌਰ ਥਿੰਦ
ਕੈਲਗਰੀ
001-403-402-9635



ਜਿੱਤ ਦੇ ਨਗਾਰੇ ਵੱਜ ਪਏ। ਖੁਸ਼ੀਆਂ ਦੇ ਢੋਲ ਡਮ ਡਮਾ ਡਮ ਵਜਣ ਲਗ ਪਏ। ਚਾਰ ਚੁਫ਼ੇਰੇ ਗਿੱਧੇ ਭੰਗੜੇ ਖੁਸ਼ੀਆਂ ਦਾ ਮਾਹੌਲਸ਼

ਹੁੰਦਾ ਵੀ ਕਿਉਂ ਨਾ! ਸਾਲ ਭਰ ਤੋਂ ਆਪਣੀਆਂ ਫ਼ਸਲਾਂ ਤੇ ਨਸਲਾਂ ਦੀ ਰਾਖੀ ਕਰਦੇ, ਆਪਣੇ ਮਾਣ-ਸਵੈਮਾਣ ਦੀ ਪਹਿਰੇਦਾਰੀ ਕਰਦੇ, ਆਪਣੇ ਤੇ ਕੁੱਲ ਲੋਕਾਈ ਦੇ ਮੂੰਹ ਪੈਣ ਵਾਲੇ ਟੁੱਕ ਲਈ ਲੜਦੇ ਆਮ ਸਧਾਰਨ ਲੋਕ ਰਾਜਧਾਨੀ ਦੀਆਂ ਬਰੂਹਾਂ ਤੇ ਘਰੋਂ ਬੇਘਰ ਹੋਏ ਸਿਦਕ ਨਾਲ ਬੈਠੇ ਸਨ। ਹੱਢ ਕੜਕਵੀਂ ਠੰਢ, ਅੰਗ ਝੁਲਸਵੀਂ ਗਰਮੀ, ਛਮਛਮ ਵਰ੍ਹਦੇ ਮੀਂਹ ਅਤੇ ਆਰਜ਼ੀ ਘਰੌਂਦਿਆਂ ਨੂੰ ਉਡਾਉਂਦੇ ਸ਼ੂਕਦੇ ਝੱਖੜ ਉਹਨਾਂ ਦੇ ਇਰਾਦਿਆਂ ਤੇ ਪਾਣੀ ਨਾ ਫੇਰ ਸਕੇ। ਉਹਨਾਂ ਦਾ ਗੌਰਵਮਈ ਇਤਿਹਾਸ ਉਹਨਾਂ ਦੇ ਅੰਗ ਸੰਗ ਸੀ। ਆਪਣੇ ਬਹਾਦਰ ਯੋਧਿਆਂ, ਦੇਸ਼ ਭਗਤਾਂ ਅਤੇ ਆਮ ਜੁਝਾਰੂ ਲੋਕਾਂ ਦੇ ਸਬਰ ਸਿਦਕ ਦੀਆਂ ਗਾਥਾਂ ਗਾਉਂਦੇ ਪੜ੍ਹਦੇ ਤੇ ਦੁਹਰਾਉਂਦੇ ਉਹ ਅਡੋਲ ਹਰ ਬਿਪਤਾ ਦਾ ਸਾਹਮਣਾ ਕਰਦੇ ਆਪ ਨਹੀਂ ਝੁਕੇ ਸਗੋਂ ਉਸ ਹਾਕਮ ਨੂੰ ਝੁਕਾ ਲਿਆ।

ਉਹ ਹਾਕਮ ਜਿਹਦੇ ਬਾਰੇ ਮਸ਼ਹੂਰ ਸੀ ਕਿ 'ਏਕ ਬਾਰ ਜੋ ਕਹ ਦੀਆ ਸੋ ਕਹਿ ਦੀਆ'। ਉਸੇ ਹਾਕਮ ਨੇ ਜਿੰਵੇਂ ਅਚਾਨਕ ਕਿਸਾਨਾਂ ਤੇ ਲੋਕਾਂ ਦੇ ਹੱਕਾਂ ਤੇ ਛਾਪਾ ਮਾਰਦੇ ਤਿੰਨ ਖੇਤੀ ਕਾਨੂੰਨ ਦਾਗੇ ਸਨ ਉਂਵੇਂ ਹੀ ਅਚਾਨਕ ਕਾਨੂੰਨ ਵਾਪਸ ਲੈਣ ਦਾ ਭਾਸ਼ਨ ਦੇ ਮਾਰਿਆ। ਦਿਨ ਵੀ ਬੜਾ ਸੋਚ ਸਮਝ ਕੇ ਚੁਣਿਆ। ਮਹਾਨ ਗੁਰੂ ਦੇ ਗੁਰਪੁਰਬ ਦਾ ਦਿਹਾੜਾ। ਸਵੇਰੇ ਨੌਂ ਵਜੇ ਬਿਨਾ ਕਿਸੇ ਪੂਰਵ ਸੂਚਨਾ ਦੇ ਸੁੱਚੇ ਮੂੰਹ ਐਲਾਨ ਕਰ ਲੋਕ ਹਿਤੈਸ਼ੀ ਬਣਨ ਦਾ ਬਾਖ਼ੂਬ ਪ੍ਰਗਟਾਵਾ ਕੀਤਾ। ਜਿਹਨੇ ਸੁਣਿਆਂ ਉਹੋ ਹੀ ਹੈਰਾਨ। ਇਹ ਕਿੰਵੇਂ ਹੋ ਗਿਆ! ਯਕੀਨ ਜਿਹਾ ਨਾ ਆਵੇ। ਜਦੋਂ ਆਪਸੀ ਐਨੀਆਂ ਬੈਠਕਾਂ ਹੋਈਆਂ, ਵਿਚਾਰ ਵਟਾਂਦਰੇ ਹੋਏ ਉਦੋਂ ਤਾਂ ਕੰਨ 'ਤੇ ਜੂੰਅ ਨਾ ਸਰਕੀ। ਚੇਲੇ ਚਾਟੜਿਆਂ ਦੀ ਇਕੋ ਰਟ 'ਅਖੇ ਇਹ ਕਾਨੂੰਨ ਤਾਂ ਵਾਪਸ ਨਹੀਂ ਹੋਣੇ, ਹਾਂ ਸੋਧਾਂ ਕੋਈ ਕਰਵਾਉਣੀਆਂ ਤਾਂ ਗੱਲ ਕਰੋ' ਪਤਾ ਨਹੀਂ ਕੀ ਕੀ ਲਕਬ ਅੰਦੋਲਨਕਾਰੀਆਂ ਦੇ ਪੱਲੇ ਬੰਨ੍ਹ ਦਿੱਤੇ। ਕਦੇ ਅੱਤਵਾਦੀ ਕਦੇ ਵੱਖਵਾਦੀ ਕਦੇ ਅੰਦੋਲਨ ਜੀਵੀ ਕਦੇ ਪਰਜੀਵੀ ਅਤੇ ਕਦੇ ਕਿਰਾਏ ਤੇ ਲਿਆਂਦੇ ਹੋਏ ਭੋਲੇ ਭਾਲੇ ਗਰੀਬ ਲੋਕ। ਕੀ ਕੁੱਝ ਨਹੀਂ ਆਖਿਆ ਇਨ੍ਹਾਂ ਅੰਨਦਾਤਿਆਂ ਨੂੰ, ਧਰਤੀ ਦੇ ਜਾਇਆ ਨੂੰ ਸਮਾਜ ਦੇ ਉਹਨਾਂ ਧੂਤੂਆਂ ਨੇ ਜਿਹੜੇ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਦਾ ਧਰਮ ਤੇ ਭਰਮ ਪਾਲਣਾ ਹੀ ਆਪਣਾ ਪੇਸ਼ਾ ਸਮਝਦੇ ਹਨ। ਤੇ ਅੱਜਸ਼ਸ਼ਹੁਣ ਇਕ ਦਮ ਕਿੰਵੇਂ ਹੇਜ ਆ ਗਿਆ? ਕੀ ਰਾਤੀਂ ਕੋਈ ਡਰਾਉਣਾ ਸੁਪਨਾ ਤਾਂ ਨਹੀਂ ਵੇਖਿਆ? ਨਾ ਕਿਸੇ ਨਾਲ ਕੋਈ ਗਲਬਾਤ ਨਾ ਸਲਾਹ ਨਾ ਮਸ਼ਵਰਾ। ਲਗੇ, ਭਈ ਮਖੌਲ ਤਾਂ ਨਹੀਂ ਕੀਤਾ। ਪਰ ਉਹਦੇ ਬਾਰੇ ਤਾਂ ਮਸ਼ਹੂਰ ਸੀ 'ਜੋ ਕਹ ਦੀਆ ਵੁਹ ਹੋ ਗਯਾ'। ਫਿਰ ਇਹ ਵੀ ਸੱਚ ਹੀ ਹੋਣਾ। ਲੋਕ-ਸੰਘਰਸ਼ ਦੀ ਫਤਿਹ ਦਾ ਯਕੀਨ ਕਰ ਖੁਸ਼ੀਆਂ ਦੇ ਜਸ਼ਨਾਂ ਦੇ ਮੇਲੇ ਲਗ ਗਏ। ਚਲੋ ਚੰਗਾ ਹੋਇਆ। ਐਸ ਵੇਲੇ ਦੀ ਜੋ ਪ੍ਰਾਪਤੀ ਹੈ ਉਹਦੇ ਜਸ਼ਨ ਤਾਂ ਮਨਾਉਣੇ ਬਣਦੇ ਹੀ ਆ। ਤੇ ਜਸ਼ਨ ਮਨਾ ਵੀ ਲਏ। ਸੁਖੀ ਸਾਂਦੀ ਕਿਸਾਨ ਵੀਰ ਭੈਣਾਂ ਬੀਬੀਆਂ ਤੇ ਗੱਭਰੂ ਘਰੋ ਘਰੀ ਪਹੁੰਚ ਗਏ ਹਨ। ਸੰਘਰਸ਼ਕਾਰੀਆਂ ਨੂੰ ਫੁੱਲਾਂ ਦੀ ਵਰਖਾ ਕਰ ਜੀ ਆਇਆਂ ਆਖਿਆ ਗਿਆ। ਇਹੋ ਜਿਹੀ ਘਰ ਵਾਪਸੀ ਕਦੇ ਹੀ ਕਿਸੇ ਲੋਕ-ਘੋਲ ਦੀ ਕਾਮਯਾਬੀ ਤੇ ਹੋਈ ਹੋਵੇਗੀ। ਇਤਨਾ ਜ਼ਾਬਤਾ ਤੇ ਇਤਨੀ ਲੰਮੀ ਲਾਮਬੰਦੀ ਇਤਿਹਾਸ ਵਿੱਚ ਸ਼ਾਇਦ ਕਦੇ ਅਜਿਹਾ ਹੋਇਆ ਵਾਪਰਿਆ ਨਹੀਂ ਹੋਵੇਗਾ। ਆਉਂਦਿਆਂ ਸਭ ਕੁਝ ਇੰਜ ਜ਼ਿੰਮੇਵਾਰੀ ਨਾਲ ਸਮੇਟਿਆ ਗਿਆ ਕਿ ਜਿੰਵੇਂ ਆਪਣੇ ਘਰ ਦਾ ਕੋਈ ਕਾਰਜ ਪੂਰਾ ਹੋਇਆ ਹੋਵੇ। ਸਭ ਕੁਝ ਹੀ ਅਲੋਕਾਰੀ!

ਇਸ ਸੰਪੂਰਨਤਾ ਤੋਂ ਬਾਦ ਉਂਜ ਅਜੇ ਮਨ ਨੂੰ ਠਾਹਰ ਜਿਹੀ ਨਹੀਂ ਆਉਂਦੀ। ਪੱਕਾ ਯਕੀਨ ਜਿਹਾ ਨਹੀਂ ਬੱਝਦਾ ਕਿ ਸਭ ਹੱਛਾ ਹੋ ਨਿਬੜਿਆ ਹੈ। ਕਿਤੇ ਕੋਈ ਚੂਲ ਵਿੰਗੀ ਜ਼ਰੂਰ ਜਾਪਦੀ ਹੈ। ਚੰਦਰਾ ਮਨ ਹੈ ਸਿਆਸਤਦਾਨਾਂ ਦੇ ਵਾਇਦਿਆਂ ਤੇ ਦਿਲ ਹੀ ਨਹੀਂ ਧਰੌਂਦਾ। ਰਿੱਝੀ ਪੱਕੀ ਦਾਲ ਵਿਚੋਂ ਕੁਝ ਨਾ ਕੁਝ ਕਾਲਾ ਭਾਲ਼ੀ ਜਾਂਦਾ। ਬੇਵਜ੍ਹਾ ਥੁੱਕ ਕੇ ਚੱਟਿਆ ਨਹੀਂ ਸੀ ਜਾਣਾ। ਜਿਹਨਾਂ ਧਨਾਢਾਂ ਨੇ ਵਰ੍ਹਦੀ ਮਹਾਂਮਾਰੀ ਵਿੱਚ ਖੜ੍ਹੇ ਪੈਰ ਇਹ ਬਿੱਲ ਬਣਵਾਏ ਸੀ ਸਹਿਜੇ ਕੀਤੇ ਵਾਪਸ ਤਾਂ ਨਹੀਂ ਸੀ ਹੋਣ ਦੇਣ ਵਾਲਿਆ 'ਚੋਂ। ਉਹਨਾਂ ਦੇ ਸੈਂਕੜੇ ਏਕੜਾਂ ਵਿੱਚ ਬਣਾਏ ਵੱਡੇ ਵੱਡੇ ਏ.ਸੀ. ਗੁਦਾਮ ਉਹਨਾਂ ਦਾ ਮੂੰਹ ਨਹੀਂ ਚਿੜਾਉਂਦੇ ਹੋਣਗੇ ਭਲਾ! ਫਿਰ ਕਿਉਂ ਲੀਕ ਫੇਰੀ ਗਈ ਇਨ੍ਹਾਂ ਤਿੰਨ ਕਾਨੂੰਨਾਂ ਤੇ? ਅਵਾਈਆਂ ਜਿਹੀਆਂ ਤਾਂ ਉਡਦੀਆਂ ਨੇ, ਪੀਹਣ ਛਾਨਣ ਵਾਲਿਆਂ ਦਾ ਮੱਤ ਇਹਦੇ ਪਿਛੇ ਸਿਆਸੀ ਕਾਰਨ ਵੀ ਬਿਆਨਦਾ ਹੈ। ਪੱਛਮੀ ਬੰਗਾਲ ਵਿੱਚ ਕਰਾਰੀ ਸਿਆਸੀ ਹਾਰ ਦਾ ਮੂੰਹ ਵੇਖਣਾ ਪਿਆ ਸੀ। ਦੂਰ ਦੁਰਾਡੇ ਦੀ ਗੱਲ ਸੀ ਸੰਘ 'ਚ ਅੜਿਆ ਕੰਡਾ ਬਰਦਾਸ਼ਤ ਕਰ ਲਿਆ ਸੀ। ਪਰ ਹੁਣ ਯੂ.ਪੀ. ਹੱਥੋਂ ਖਿਸਕਦੀ ਲਗਦੀ ਆ। ਦੋ ਤਿੰਨ ਮਹੀਨਿਆਂ ਨੂੰ ਚੋਣਾਂ ਨੇ। ਕਹਿੰਦੇ ਨੇ ਪਹਿਲਾ ਅਗਾਊਂ ਸਰਵੇ ਤਾਂ ਸੌ ਕੁ ਸੀਟਾਂ ਹੱਥੋਂ ਜਾਂਦੀਆਂ ਦੱਸਦਾ ਸੀ ਪਰ ਦੂਜਾ ਦੱਸੇ ਭਈ ਦੋ ਸੌ ਗੁਆ ਬਹਿਣੀਆਂ। ਚੈਨ ਕਿਥੋਂ ਆਵੇ? ਪੰਜਾਬ ਦੀ ਤਾਂ ਕੋਈ ਬਹੁਤੀ ਪ੍ਰਵਾਹ ਨਹੀਂ, ਐਵੇਂ ਆਟੇ ਵਿੱਚ ਲੂਣ ਬਰੋਬਰ ਹੈ। ਪਰ ਯੂ.ਪੀਸ਼ਸ਼ ਨਾ ਨਾ, ਯੂ.ਪੀ. ਦਾ ਰਿਸਕ ਨਹੀਂ ਲਿਆ ਜਾ ਸਕਦਾ। ਕੋਈ ਨਾ ਕੋਈ ਸਿਆਸੀ ਤਿਕੜਮ ਤਾਂ ਲੜਾਉਣੀ ਪੈਣੀ ਸੀ। ਬਦਲਦੇ ਹਾਲਾਤਾਂ ਤੇ ਸਰਵਿਆਂ ਨੇ ਵੱਡੀ ਸਰਕਾਰ ਨੂੰ ਸੋਚਣ ਲਾ ਦਿੱਤਾ। ਖ਼ਵਰੇ 'ਪੂਰਾ ਜਾਂਦਾ ਵੇਖ ਅੱਧਾ ਦੇਈਏ ਛੱਡ' ਵਾਲੇ ਤੱਥ ਸੱਚ ਤੇ ਅਮਲ ਕਰਦਿਆਂ ਆਹ ਕਾਨੂੰਨ ਵਾਪਸੀ ਵਾਲਾ ਖੇਲ੍ਹਾ ਖੇਲ੍ਹਿਆ ਹੋਵੇ।

ਨਾਲੇ ਬਾਹਰਲੇ ਮੁਲਕਾਂ ਦੇ ਗੇੜਿਆਂ ਵੇਲੇ ਵੀ ਮੂੰਹ ਮਸੋਸ ਕੇ ਵਾਪਸ ਆਉਣਾ ਪਿਆ ਸੀ। ਉੱਥੇ ਵੀ ਚੰਗੀ ਦੁਰੇ ਦੁਰੇ ਹੋਈ ਦੱਸੀ ਜਾਂਦੀ ਆ। ਅਮਰੀਕਾ ਗਏ ਵੱਡੇ ਹਾਕਮ ਦਾ ਫੁੱਲਾਂ ਨਾਲ ਸਵਾਗਤ ਕੀ ਹੋਣਾ ਸੀ ਅੱਗੋਂ ਕੋਈ ਵੱਡਾ ਨੇਤਾ ਰਸੀਵ ਕਰਨ ਵੀ ਨਹੀਂ ਆਇਆ ਅਤੇ ਥਾਂ ਥਾਂ ਸਵਾਗਤ ਵੀ ਲੋਕਾਂ ਨੇ ਕਾਲੇ ਝੰਡਿਆਂ ਤੇ ਵਿਰੋਧੀ ਨਾਹਰਿਆਂ ਨਾਲ ਕੀਤਾ। ਯੂ.ਐਨ.ਓ. ਦੀ ਮੀਟਿੰਗ ਅਟੈਂਡ ਕਰਨ ਗਏ ਦੀ ਤਾਂ ਹੋਰ ਵੀ ਹੇਠੀ ਹੋਈ। ਕਿਸਾਨ ਸੰਘਰਸ਼ ਦੇ ਹਮਾਇਤੀਆਂ ਦੇ ਵੱਡੇ ਇਕੱਠ ਵਲੋਂ ਵਿਰੋਧ ਪ੍ਰਦਰਸ਼ਨ ਕਰ ਮੈਮੋਰੈਂਡਮ ਦਿੱਤਾ ਗਿਆ ਜੋ ਚਲਦੀ ਮੀਟਿੰਗ ਵਿੱਚ ਸਭਾਪਤੀ ਨੇ ਸਾਰਿਆਂ ਦੇ ਸਾਹਮਣੇ ਹੀ ਪੜ੍ਹ ਦਿੱਤਾ। ਸ਼ਾਇਦ ਉਹਨਾਂ ਦੀ ਰਵਾਇਤ ਹੋਵੇਗੀ। ਮੈਮੋਰੈਂਡਮ ਨੇ ਯਾਦ ਕਰਵਾਇਆ ਕਿ ਇਸ ਵਿਅਕਤੀ ਸਿਰ ਗੁਜਰਾਤ ਵਿੱਚ ਨਸਲੀ ਦੰਗੇ ਕਰਵਾਉਣ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਨਿਰਦੋਸ਼ ਲੋਕਾਂ ਦਾ ਕਤਲ ਕਰਵਾਉਣ ਦਾ ਦੋਸ਼ ਹੈ। ਜਿਸ ਕਾਰਨ ਇਸ ਦੀ ਇਸ ਦੇਸ਼ ਵਿੱਚ ਐਂਟਰੀ ਬੰਦ ਹੈ, ਇਸ ਨੂੰ ਵੀਜ਼ਾ ਕਿਉਂ ਦਿੱਤਾ ਗਿਆ? ਹੁਣ ਕਿਸਾਨ ਲੰਮੇ ਸਮੇਂ ਤੋਂ ਸੜਕਾਂ 'ਤੇ ਬੈਠੇ ਆਪਣੇ ਹੱਕਾਂ ਉਪਰ ਪੈਂਦੇ ਛਾਪੇ ਦਾ ਵਿਰੋਧ ਕਰ ਰਹੇ ਹਨ ਜਿਸਦਾ ਕੋਈ ਵੀ ਸਮਾਧਾਨ ਨਹੀਂ ਕੀਤਾ ਜਾ ਰਿਹਾਸ਼ਸ਼। ਜਿਉਂ ਜਿਉਂ ਮੈਮੋਰੈਂਡਮ ਪੜ੍ਹਿਆ ਗਿਆ ਉੱਥੇ ਹਾਜ਼ਰ ਡੈਲੀਗੇਟ ਹੌਲੀ ਹੌਲੀ ਹਾਲ ਵਿਚੋਂ ਬਾਹਰ ਖਿਸਕਦੇ ਗਏ। ਜਦੋਂ ਸੰਬੋਧਨ ਕਰਨ ਦੀ ਭਾਰਤ ਦੇ ਇਸ ਡੈਲੀਗੇਟ ਦੀ ਵਾਰੀ ਆਈ ਤਾਂ ਲਗਪਗ ਦੋ ਤਿਹਾਈ ਲੋਕ ਬਾਹਰ ਜਾ ਚੁੱਕੇ ਸਨ ਅਤੇ ਬਹੁਤੀਆਂ ਖਾਲੀ ਕੁਰਸੀਆਂ ਹੀ ਸੁਣ ਰਹੀਆਂ ਸਨ। ਲਗਦਾ ਕਿਤੇ ਨਾ ਕਿਤੇ ਇਹ ਡੰਗ ਵੀ ਚੁੱਭਿਆ ਹੋਣਾ। ਭਾਵੇਂ ਐਨਾ ਡੂੰਘਾ ਤਾਂ ਨਹੀਂ ਹੋ ਸਕਦਾ ਕਿ ਤੱਟੇ ਫੱਟੇ ਫੈਸਲਾ ਬਦਲਣਾ ਪੈਂਦਾ। ਕਹਿੰਦੇ ਹਨ ਕਿ ਇਸ ਦਾ ਫੌਰੀ ਕਾਰਨ ਅੰਤਰਰਾਸ਼ਟਰੀ ਕੰਪਨੀ ਐਮੇਜ਼ਨ, ਮੁਕੇਸ਼ ਅੰਬਾਨੀ ਦੀ ਰੀਲਾਇੰਸ ਅਤੇ ਫਿਊਚਰ ਗਰੁੱਪ ਆਫ ਕੰਪਨੀਜ਼ ਦਰਮਿਆਨ ਚਲ ਰਿਹਾ ਵਾਵੇਲਾ ਵੀ ਬਣਿਆ ਹੈ। ਜੋ ਕਿ 2019 ਵਿੱਚ ਐਮੇਜ਼ਨ ਕੰਪਨੀ ਦੇ ਫਿਊਚਰ ਗਰੁੱਪ ਨਾਲ ਕਿਸੇ ਕਿਸਮ ਦੇ ਕੀਤੇ ਆਪਸੀ ਹਿੱਸਾ ਪੱਤੀ ਦੇ ਸੌਦੇ ਨਾਲ ਸਬੰਧਤ ਦੱਸਿਆ ਜਾਂਦਾ ਹੈ। ਜਿਸ ਅਨੁਸਾਰ ਫਿਊਚਰ ਗਰੁੱਪ ਬਿਨਾ ਐਮੇਜਨ ਦੀ ਸਹਿਮਤੀ ਦੇ ਕਿਸੇ ਹੋਰ ਕੰਪਨੀ ਨਾਲ ਕੋਈ ਸੌਦਾ ਨਹੀਂ ਕਰ ਸਕਦਾ ਸੀ। ਪ੍ਰੰਤੂ ਕੋਵਿਡ ਦੌਰਾਨ ਉਸਦੇ ਬਿਗ ਬਜ਼ਾਰ, ਫੂਡ ਬਜ਼ਾਰ ਅਤੇ ਈਜ਼ੀ ਡੇ ਵਰਗੇ ਰੀਟੇਲ ਸਟੋਰ ਘਾਟੇ ਵਿੱਚ ਚਲਣ ਕਾਰਨ ਕੰਪਨੀ ਦੀ ਸਥਿਤੀ ਡਾਵਾਂਡੋਲ ਹੋਣ ਲਗੀ ਤਾਂ ਉਸ ਨੇ ਇਹਨਾਂ ਸਟੋਰਾਂ ਦਾ ਸੌਦਾ ਰਿਲਾਇੰਸ ਨਾਲ ਕਰ ਲਿਆ। ਰਿਲਾਇੰਸ ਜਿਹਦੇ ਪਹਿਲਾਂ ਹੀ ਹਜ਼ਾਰਾ ਸਟੋਰ ਪੂਰੇ ਦੇਸ਼ ਵਿੱਚ ਚਲਦੇ ਹਨ ਅਤੇ ਉਸਨੂੰ ਇਹ ਹੋਰ ਚਲਦੇ ਰੀਟੇਲ ਸਟੋਰ ਮਿਲ ਗਏ ਜਿਹਨਾਂ ਦੀ ਉਸਨੂੰ ਤਿੰਨ ਖੇਤੀ ਬਿੱਲਾਂ ਦੇ ਲਾਗੂ ਹੋਣ ਨਾਲ ਡਾਹਢੀ ਲੋੜ ਪੈਣੀ ਸੀ, ਸੋ ਉਸ ਲਈ ਚੌਵੀ ਹਜ਼ਾਰ ਕਰੋੜ ਦੇ ਲਗਪਗ ਵਾਲਾ ਸੌਦਾ ਲਾਹੇਵੰਦ ਸੀ ਜੋ ਨੇਪਰੇ ਚਾੜ੍ਹ ਲਿਆ ਗਿਆ। ਪਰ ਹੁਣ ਫਿਊਚਰ ਗਰੁੱਪ ਦੀ ਐਮੇਜ਼ਨ ਕੰਪਨੀ ਨਾਲ ਵਾਇਦਾਖ਼ਲਾਫ਼ੀ ਵਿੱਚ ਆ ਖਲੋਤੀ। ਐਮੇਜ਼ਨ ਕੰਪਨੀ ਨੇ ਇਸ ਸੌਦੇ ਦੇ ਖ਼ਿਲਾਫ਼ ਪਹਿਲਾਂ ਸਿੰਗਾਪੁਰ ਦੀ ਕੋਰਟ ਵਿੱਚ ਕੇਸ ਕੀਤਾ ਜੋ ਉਸ ਦੇ ਹੱਕ ਵਿੱਚ ਹੋਇਆ। ਪਰ ਇਸ ਫੈਸਲੇ ਦੀ ਦੋਹਾਂ ਧਿਰਾਂ ਕੋਈ ਪ੍ਰਵਾਹ ਨਾ ਕੀਤੀ ਤਾਂ ਮੁਕੱਦਮਾ ਭਾਰਤ ਦੀ ਕਚਿਹਰੀ ਵਿੱਚ ਦਾਖਲ ਹੋਇਆ ਅਤੇ ਪੜਾਅ ਦਰ ਪੜਾਅ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ। ਆਖਰ ਅਗਸਤ 2021 ਵਿੱਚ ਸੁਪਰੀਮ ਕੋਰਟ ਨੇ ਐਮੇਜ਼ਨ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ ਅਤੇ ਰਿਲਾਇੰਸ ਨਾਲ ਕੀਤਾ ਸੌਦਾ ਤੋੜ ਕੇ ਇਹ ਰੀਟੇਲ ਸਟੋਰਾਂ ਦਾ ਸੌਦਾ ਐਮੇਜ਼ਨ ਨਾਲ ਹੋ ਗਿਆ। ਹੁਣ ਚੱਕਰ ਇਹ ਦੱਸਿਆ ਜਾਂਦਾ ਕਿ ਇਨ੍ਹਾਂ ਤਿੰਨ ਬਿੱਲਾਂ ਵਿਚੋਂ ਇੱਕ ਬਿੱਲ ਨਾਲ ਸਬੰਧਤ ਅਸ਼ੈਂਸ਼ਲ ਕੋਮਿਡੀਟੀਜ਼ ਵਾਲੇ ਐਕਟ ਦਾ ਫਾਇਦਾ ਲੈਣ ਲਈ ਇੱਕ ਵਿਦੇਸ਼ੀ ਕੰਪਨੀ ਵੀ ਸ਼ਾਮਲ ਹੋ ਗਈ। ਇਹ ਗੱਲ ਅੰਬਾਨੀ ਅਤੇ ਅੰਡਾਨੀ ਨੂੰ ਫੁੱਟੀ ਅੱਖ ਨਹੀਂ ਭਾਈ। ਹੁਣ ਹਾਲ ਇਹ ਹੋਇਆ ਲਗਦਾ ਕਿ ਨਾ ਖੇਡਣਾ ਨਾ ਖੇਡਣ ਦੇਣਾ, ਥੁੱਤੀ 'ਚਸ਼ਸ਼'। ਸੋ ਹਾਲ ਦੀ ਘੜੀ ਰਾਹ ਖਾਲੀ ਹੋ ਗਿਆ। ਨੱਕ 'ਚ ਪਈ ਨਕੇਲ ਥੋੜ੍ਹੀ ਢਿੱਲੀ ਹੋ ਗਈ ਤਾਂ ਸੰਘ 'ਚ ਅੜੀ ਹੱਢੀ ਬਾਹਰ ਕੱਢਣ ਦਾ ਮੌਕਾ ਵੱਡੇ ਹਾਕਮ ਨੂੰ ਮਿਲ ਗਿਆ।

ਬੁੱਧੀਜੀਵੀਆਂ ਵਲੋਂ ਕੀਤੇ ਜਾ ਰਹੇ ਸਰਵੇਖਣਾਂ ਅਨੁਸਾਰ ਇਹ ਸਾਰੀ ਖੇਡ ਕਿਸੇ ਹੱਦ ਤੱਕ ਸੱਚ ਵੀ ਜਾਪਦੀ ਹੈ। ਸਿਰਾਂ ਤੋਂ ਹਾਕਮੀ ਤਾਜ ਲਾਹੁਣੇ ਕਿਤੇ ਸੌਖੇ ਪਏ ਆ! ਨਾਲਦਿਆਂ ਸੰਘੀ 'ਚ ਨਹੁੰ ਦਿੱਤਾ ਹੋਣਾ, ਭਈ ਜਜਮਾਨਾਂ ਆਪ ਤਾਂ ਡੁਬੇਂਗਾ ਹੀ ਨਾਲ ਸਾਨੂੰ ਵੀ ਲੈ ਡੋਬੇਂਗਾ। ਆਹ ਛਪੰਜਾ ਇੰਚ ਛਾਤੀ ਦਾ ਸਾਈਜ਼ ਘਟਾ ਲਾ ਜ਼ਰਾ! 'ਬਿੱਲੀ ਭਾਣੇ ਛਿੱਕਾ ਟੁੱਟਾ' ਫੈਸਲਾ ਪਲਟਣ ਦੀ ਦੇਰ ਕਿ ਵੇਖ ਲਓ ਆਹ ਸਿਆਸੀ ਭੰਨ-ਤੋੜ ਨੇ ਕਿੰਵੇਂ ਤੇਜ਼ੀ ਫੜ ਲਈ ਹੈ। ਬੇਸ਼ਰਮੀ ਦੀ ਹੱਦ ਤੱਕ ਅੱਜ ਤੇਰੇ ਨਾਲ ਕੱਲ੍ਹ ਉਹਦੇ ਨਾਲ ਵਾਲੀ ਘਿਨੌਣੀ ਖੇਡ ਖੇਡਦਿਆਂ ਇਨ੍ਹਾਂ ਲੋਕਾਂ ਦੇ ਹੱਕਾਂ ਦੇ ਰਾਖਿਆਂ ਨੂੰ ਰਤਾ ਭਰ ਵੀ ਲੱਜ ਸ਼ਰਮ ਨਹੀਂ ਆਉਂਦੀ। ਪਾਲਾ ਬਦਲਦਿਆਂ ਦੇਰ ਨਹੀਂ ਲਾਉਂਦੇ। ਅੱਜ ਪੰਥਕ ਮੁੱਦਿਆਂ ਦੇ ਮੁਦਈ ਤੇ ਕੱਲ੍ਹ ਕੱਟੜ ਰਾਸ਼ਟਰਵਾਦੀ ਪਾਰਟੀ ਦੇ ਕਾਰਕੁੰਨ ਬਣ ਹਾਰ ਪੁਆ ਰਹੇ ਹਨ। ਆਮ ਆਦਮੀ ਤੋਂ ਖਾਸ ਆਦਮੀ ਬਣਨ ਵਿੱਚ ਰਤਾ ਭਰ ਦੀ ਢਿੱਲ ਨਹੀਂ ਕਰਦੇ, ਬੱਸ ਮੌਕਾ ਹੱਥ ਲੱਗੇ ਸਹੀ।

ਤਸੱਲੀ ਹੈ ਕਿ ਕਿਸਾਨ ਨੇਤਾ ਸਭ ਸਮਝਦੇ ਹਨ। 'ਮੋਰਚਾ ਸਮਾਪਤ ਨਹੀਂ ਹੋਇਆ ਸਿਰਫ਼ ਮੁਲਤਵੀ ਕੀਤਾ ਗਿਆ ਹੈ। ਲੰਮੇ ਸੰਘਰਸ਼ ਮੌਕੇ ਫ਼ੌਜਾਂ ਦਾ ਦਮ ਲੈ ਅਗਲੇ ਯੁੱਧ ਲਈ ਤਰੋਤਾਜ਼ਾ ਹੋਣਾ ਜ਼ਰੂਰੀ ਹੈ।' ਕਿਸਾਨ ਨੇਤਾਵਾਂ ਵਲੋਂ ਮੋਰਚੇ ਦੇ ਇਸ ਪੜਾਅ ਸਬੰਧੀ ਅਜਿਹਾ ਪ੍ਰਭਾਵ ਦੇਣਾ ਉਹਨਾਂ ਦੀ ਸੂਝ-ਬੂਝ ਅਤੇ ਦੂਰਦਰਸ਼ਤਾ ਦਰਸਾਉਂਦਾ ਹੈ। ਪੰਜਾਬ ਤੇ ਯੂ.ਪੀ. ਦੀਆਂ ਚੋਣਾਂ ਸਿਰ ਤੇ ਹਨ। ਉਮੀਦ ਕਰਦੇ ਹਾਂ ਸੰਘਰਸ਼ ਦੀ ਕੁਠਾਲੀ ਵਿਚੋਂ ਸੋਨਾ ਬਣ ਬਾਹਰ ਨਿਕਲੇ ਲੋਕ ਅਤੇ ਸੂਝਵਾਨ ਕਿਸਾਨ ਨੇਤਾ ਇਹਨਾਂ ਚੋਣਾਂ ਦੇ ਨਤੀਜਿਆਂ ਉਪਰ ਸਾਰਥਿਕ ਪ੍ਰਭਾਵ ਪਾਉਣਗੇ ਜੋ ਭਵਿੱਖ ਦੀ ਰਾਜਨੀਤੀ ਅਤੇ ਲੋਕ ਹਿੱਤਾਂ ਲਈ ਨਵੀਆਂ ਲੀਹਾਂ ਉਲੀਕਣਗੇ।

ਭਗਤ ਕਬੀਰ ਜੀ ਦੇ ਸ਼ਲੋਕ ਦੀਆਂ ਇਹ ਪੰਕਤੀਆਂ 'ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਓ॥ ਖੇਤ ਜੋ ਮਾਂਡਿਓ ਸੂਰਮਾ ਅਬ ਜੂਝਨ ਕਾ ਦਾਓ॥' ਮਨੁੱਖੀ ਜੀਵ ਨੂੰ ਅੰਦਰਲੇ ਵਿਕਾਰਾਂ ਨੂੰ ਦੂਰ ਕਰਨ ਲਈ ਆਪਣੇ ਅੰਤਰਮਨ ਦੇ ਮੈਦਾਨ ਵਿੱਚ ਕੁੱਦਣ ਲਈ ਪ੍ਰੇਰਦੀਆਂ ਹਨ। ਪਰ ਉਹੋ ਹੀ ਵਿਸ਼ੇ-ਵਕਾਰਾਂ ਤੇ ਲੋਭ ਲਾਲਚ ਰਹਿਤ ਮਨੁੱਖ ਜਦੋਂ ਮਨੁੱਖਤਾ ਦੇ ਭਲੇ ਲਈ ਆਪ ਜੂਝਦੇ ਹਨ ਅਤੇ ਹੋਰਾਂ ਨੂੰ ਜੂਝਣ ਲਈ ਪ੍ਰੇਰਦੇ ਹਨ ਤਾਂ ਉਦੋਂ ਇਹ ਗੁਰਵਾਕ ਦੁਨਿਆਵੀ ਅਰਥਾਂ ਵਿੱਚ ਵੀ ਸੱਚ ਹੋ ਨਿਬੜਦੇ ਹਨ। ਲੋਕ-ਘੋਲ ਵਿੱਚ ਮੁੜ ਜੂਝਣ ਦਾ ਸਮਾਂ ਸ਼ਾਇਦ ਬਹੁਤੀ ਦੂਰ ਨਾ ਹੋਵੇ ਕਿਉਂਕਿ ਇਹਨਾਂ ਮੌਕਾਪ੍ਰਸਤ ਨੇਤਾਵਾਂ ਅਤੇ ਧੰਨ ਦੇ ਲੋਭੀ ਧਨਾਢਾਂ ਦੀਆਂ ਤਿਜੌਰੀਆਂ ਦੇ ਮੂੰਹ ਸਦਾ ਖੁੱਲ੍ਹੇ ਰਹਿੰਦੇ ਹਨ ਭਰਦੇ ਨਹੀਂ।

---

## ਸੰਘੀ ਫਿਰਕੂ ਪ੍ਰਯੋਗਾਂ ਦੀ ਭੂਮੀ ਹੁਣ ਕਰਨਾਟਕ ਬਣਿਆ (ਸਫ਼ਾ 23 ਦੀ ਬਾਕੀ)

ਬਦ ਤਮੀਜ਼ੀ ਕਰਦਾ ਹੈ। ਕਰਨਾਟਕ ਦਾ ਮੁੱਖ ਮੰਤਰੀ ਬਿਆਨ ਦਾਗਦਾ ਹੈ ਕਿ ਇਹੋ ਜਿਹੇ ਅਨਸਰਾਂ ਨਾਲ਼ ਸਖਤੀ ਨਾਲ਼ ਨਜਿੱਠਿਆ ਜਾਵੇਗਾ। ਦੂਜੇ ਪਾਸੇ ਮੈਂਗਲੂਰੂ ਨੇੜੇ ਮੂਦਬਿਦਰੀ ਵਿਖੇ ਹਿੰਦੂਤਵੀ ਦਹਿਸ਼ਤਗਰਦ ਇੱਕ ਕਾਰ 'ਤੇ ਹਮਲਾ ਕਰਦੇ ਹਨ ਕਿਉਂਕਿ ਕਾਰ ਦੇ ਹਿੰਦੂ ਯਾਤਰੀ ਮੁਸਲਮਾਨ ਡਰਾਈਵਰ ਨਾਲ਼ ਯਾਤਰਾ ਕਰ ਰਹੇ ਸਨ। ਉਹ ਕਾਰ ਸਵਾਰਾਂ ਨੂੰ ਜਿਊਂਦੇ ਸਾੜ ਦੇਣ ਦੀ ਧਮਕੀ ਵੀ ਦਿੰਦੇ ਹਨ। ਪਹਿਲੇ ਮਾਮਲੇ ਵਿੱਚ ਸਖਤੀ ਨਾਲ਼ ਪੇਸ਼ ਆਉਣ ਵਾਲ਼ਾ ਮੁੱਖ ਮੰਤਰੀ ਕਹਿੰਦਾ ਹੈ, "ਇਹ ਇੱਕ ਸਮਾਜਿਕ ਮਸਲਾ ਹੈ ਅਤੇ ਸਾਨੂੰ ਸਮਾਜ ਵਿੱਚ ਨੈਤਿਕਤਾ ਦੀ ਜ਼ਰੂਰਤ ਹੈ। ਸਮਾਜ ਵਿੱਚ ਰਿਸ਼ਤੇ ਅਤੇ ਅਮਨ ਨੈਤਿਕਤਾ 'ਤੇ ਨਿਰਭਰ ਹੈ। ਜੇ ਇੱਥੇ ਨੈਤਿਕਤਾ ਨਹੀਂ ਹੋਵੇਗੀ ਤਾਂ ਕਿਰਿਆ 'ਤੇ ਪ੍ਰਤੀਕਿਰਿਆ ਹੋਵੇਗੀ। ਇੱਥੇ ਸਾਰਿਆਂ ਦੀ ਜ਼ਿੰਮੇਵਾਰੀ ਹੈ ਨਾ ਕਿ ਸਮਾਜ ਦੇ ਸਿਰਫ ਇੱਕ ਹਿੱਸੇ ਦੀ।" ਮੂਦਬਿਦਰੀ ਦੇ ਉਨ੍ਹਾਂ ਹਮਲਾਵਰਾਂ ਦੀ ਬੜੇ ਅਰਾਮ ਨਾਲ਼ ਜਮਾਨਤ 'ਤੇ ਰਿਹਾਈ ਹੋ ਗਈ। ਜੇਲ੍ਹ ਵਿੱਚੋਂ ਉਨ੍ਹਾਂ ਨੂੰ ਮੂਦਬਿਦਰੀ ਦਾ ਭਾਜਪਾ ਵਿਧਾਇਕ ਬੜੇ ਮਾਣ ਸਤਿਕਾਰ ਨਾਲ਼ ਲੈ ਕੇ ਆਇਆ। ਕਰਨਾਟਕ ਵਿੱਚ ਦਹਿਸ਼ਤਗਰਦ ਅਤੇ ਫ਼ਿਰਕੂ ਅੱਗ ਭੜਕਾਉਣ ਵਾਲ਼ੇ ਅਨਸਰਾਂ ਨੂੰ ਭਾਜਪਾ ਅਤੇ ਸਰਕਾਰ ਦੀ ਸਿੱਧੀ ਸ਼ਹਿ ਹਾਸਲ ਹੈ।

ਖ਼ਬਰਾਂ ਤਾਂ ਇਹ ਵੀ ਹਨ ਕਿ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੈਂਬਰ ਕਈ ਜਗ੍ਹਾ ਮਸੀਤਾਂ ਅਤੇ ਗਿਰਜਿਆਂ ਵਿੱਚ ਦਾਖਲ ਹੋ ਕੇ ਉੱਥੇ ਇਬਾਦਤ ਕਰ ਰਹੇ ਲੋਕਾਂ ਨੂੰ ਧਮਕਾਉਂਦੇ ਹਨ ਅਤੇ ਉਨ੍ਹਾਂ 'ਤੇ ਇਲਜ਼ਾਮ ਲਾਉਂਦੇ ਹਨ ਕਿ ਇੱਥੇ ਬੈਠੇ ਸ਼ਰਧਾਲੂਆਂ ਦੀ ਤੁਸੀਂ ਜਬਰੀ ਧਰਮ ਬਦਲੀ ਕਰਵਾਈ ਹੈ। 17 ਅਕਤੂਬਰ 11 ਕੁ ਵਜੇ ਐਤਵਾਰ ਵਾਲ਼ੇ ਦਿਨ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਾਲ਼ੇ ਹੁਬਲੀ ਦੇ ਬੈਰੀਦੇਵ ਰਕੋਪਾ ਗਿਰਜੇ ਵਿੱਚ ਜਬਰੀ ਦਾਖਲ ਹੋ ਕੇ ਹੁੜਦੰਗ ਮਚਾਇਆ। ਇਸੇ ਦੌਰਾਨ ਪਾਦਰੀ ਸਮੇਤ ਕਈਆਂ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ। ਇੱਕ ਹੋਰ ਘਟਨਾ ਵਿੱਚ ਮੁਸਲਿਮ ਜੋੜੇ ਦੀ ਮੀਟ ਦੀ ਦੁਕਾਨ ਦੀ ਭੰਨਤੋੜ ਕੀਤੀ ਗਈ। ਦੁਕਾਨ ਮਾਲਕਾਂ ਨੂੰ ਸ਼ਹਿਰ ਛੱਡ ਦੇਣ ਦੀ ਧਮਕੀ ਦਿੱਤੀ ਗਈ। ਬਗਲ ਕੋਟੇ ਜ਼ਿਲ੍ਹੇ ਵਿੱਚ 15 ਆਦਮੀਆਂ ਨੇ ਇੱਕ 14 ਸਾਲਾ ਮੁਸਲਿਮ ਬੱਚੇ ਦੀ ਕੁੱਟਮਾਰ ਕੀਤੀ।

ਉਸ ਦਾ ਦੋਸ਼ ਸੀ ਕਿ ਉਸ ਨੇ ਟਿਊਸ਼ਨ ਪੜ੍ਹਨ ਗਏ ਨੇ ਟੋਪੀ ਪਾਈ ਹੋਈ ਸੀ। ਟਿਊਸ਼ਨ ਪੜ੍ਹਾਉਣ ਵਾਲ਼ਾ ਅਧਿਆਪਕ ਉੱਥੇ ਹਾਜ਼ਰ ਦੂਜੇ ਵਿਦਿਆਰਥੀਆਂ ਨੂੰ ਉਸ ਮੁਸਲਿਮ ਲੜਕੇ ਦੇ ਖਿਲਾਫ ਭੜਕਾ ਰਿਹਾ ਸੀ। ਮਾਪਲੇ ਬੀਚ 'ਤੇ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਬਜਰੰਗ ਦਲ ਵਾਲ਼ੇ ਦੇ ਗੁੰਡਿਆਂ ਨੇ ਇੱਕ ਟੋਲ ਪਲਾਜ਼ੇ 'ਤੇ ਰੋਕਿਆ। ਵੱਖ-ਵੱਖ ਧਰਮਾਂ ਨਾਲ਼ ਸਬੰਧਤ ਹੋਣ ਕਰਕੇ ਲੜਕੀਆਂ ਤੋਂ ਪੁੱਛਗਿੱਛ ਕਰਦੇ ਹੋਏ ਬਦਤਮੀਜ਼ੀ ਕੀਤੀ ਗਈ। ਮੈਂਗਲੂਰੂ ਦੇ ਕਾਦਰੀ ਵਿਖੇ ਇੱਕੋ ਜਮਾਤ ਦੇ ਤਿੰਨ ਵਿਦਿਆਰਥੀਆਂ ਨੂੰ ਬਜਰੰਗ ਦਲ ਵਾਲ਼ੇ ਘੇਰਦੇ ਹਨ ਅਤੇ ਗਾਲ਼ੀ ਗਲੋਚ ਕਰਦੇ ਹੋਏ ਕਹਿੰਦੇ ਹਨ ਕਿ ਉਹ ਮੁਸਲਮਾਨ ਹੋ ਕੇ ਹਿੰਦੂ ਲੜਕੀ ਨਾਲ਼ ਗੱਲ ਕਿਉਂ ਕਰ ਰਹੇ ਹਨ। ਕਰਨਾਟਕ ਸੂਬਾ ਹਿੰਦੂਤਵੀ ਫ਼ਿਰਕਾਪ੍ਰਸਤਾਂ ਦੀਆਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਦੀ ਪ੍ਰਯੋਗਸ਼ਾਲਾ ਬਣ ਚੁੱਕਾ ਹੈ। ਹਾਲਤਾਂ ਨੂੰ ਸਮਝਣ ਲਈ ਇੱਥੇ ਅਸੀਂ ਘਟਨਾਵਾਂ ਦੀਆਂ ਕੁੱਝ ਕੁ ਵੰਨਗੀਆਂ ਦਾ ਹੀ ਜ਼ਿਕਰ ਕੀਤਾ ਹੈ।

ਇਹ ਘਟਨਾਵਾਂ ਸਬੱਬੀ ਵਾਪਰੀਆਂ ਘਟਨਾਵਾਂ ਨਹੀਂ ਹਨ ਸਗੋਂ ਰਾਸ਼ਟਰੀ ਸਵੈਸੇਵਕ ਸੰਘ, ਭਾਜਪਾ ਅਤੇ ਸੰਘ ਪਰਿਵਾਰ ਨਾਲ਼ ਸਬੰਧਤ ਅਨੇਕਾਂ ਜਥੇਬੰਦੀਆਂ ਦੀ ਕਈ ਵਰ੍ਹਿਆਂ ਦੀ ਘਾਲ਼ਣਾ ਅਤੇ ਜ਼ਹਿਰੀਲੇ ਫ਼ਿਰਕੂ ਪ੍ਰਚਾਰ ਦਾ ਸਿੱਟਾ ਹਨ। ਬਾਹਰੀ ਤੌਰ 'ਤੇ ਹਿੰਦੂ ਮੁਸਲਿਮ ਕਤਾਰਬੰਦੀ ਕਰਕੇ ਭਾਜਪਾ ਦੀ ਵੋਟ ਬੈਂਕ ਸਿਆਸਤ ਦਾ ਹਿੱਸਾ ਨਜ਼ਰ ਆਉਂਦੀਆਂ ਹਨ। ਕਿਸੇ ਹੱਦ ਤੱਕ ਇਹ ਠੀਕ ਵੀ ਹੈ। ਪਰ ਹਿੰਦੂ ਰਾਸ਼ਟਰ ਦੀ ਅੰਨ੍ਹੀ ਕੌਮਵਾਦੀ ਮੁਹਿੰਮ ਦਾ ਲੁਕਵਾਂ ਏਜੰਡਾ ਦੇਸੀ ਵਿਦੇਸ਼ੀ ਸਰਮਾਏ ਦੀ ਸੇਵਾ ਕਰਨਾ ਹੈ। ਇਹ ਤਾਂ ਹੀ ਸੰਭਵ ਹੈ ਜੇ ਫਿਰਕੂ ਫਾਸੀਵਾਦੀ ਮੁਹਿੰਮ ਦੇ ਆਸਰੇ ਕਿਰਤੀ ਲੋਕਾਂ ਨੂੰ ਵੰਡ ਕੇ ਰੱਖਿਆ ਜਾਏ। ਪਰ ਹਾਲਤਾਂ ਬੇਹੱਦ ਗੰਭੀਰ ਹਨ। ਫਾਸੀਵਾਦੀ ਮੁਹਿੰਮ ਦੇ ਖ਼ਤਰੇ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਫਿਰ ਵੀ ਹਰ ਆਏ ਦਿਨ ਕਿਰਤੀ ਅਬਾਦੀ ਦੇ ਵੱਧ ਤੋਂ ਵੱਧ ਹਿੱਸੇ ਘੋਲ਼ਾਂ ਦਾ ਰਾਹ ਫੜਦੇ ਹੋਏ ਫਿਰਕੂ ਫਾਸੀਵਾਦੀ ਮਨਸੂਬਿਆਂ ਦੀ ਫੂਕ ਕੱਢ ਰਹੇ ਹਨ। ਇਸ ਲੋਕ ਦੋਖੀ ਮੁਹਿੰਮ ਦਾ ਮੁਕਾਬਲਾ ਕਿਰਤੀ ਲੋਕਾਂ ਦੀ ਵਿਸ਼ਾਲ ਲਾਮਬੰਦੀ ਨਾਲ਼ ਹੀ ਕੀਤਾ ਜਾ ਸਕਦਾ ਹੈ। ਇਸ ਸੰਘਰਸ਼ ਦਾ ਇੱਕ ਹੋਰ ਮਹੱਤਵਪੂਰਨ ਪੱਖ ਵਿਚਾਰਧਾਰਕ ਹੈ। ਪਿਛਾਖੜੀ ਤਾਕਤਾਂ ਸਾਡੇ ਮੁਲਕ ਦੀ ਬਹੁਗਿਣਤੀ ਅਬਾਦੀ ਦੇ ਸੱਭਿਆਚਾਰਕ ਪਛੜੇਵੇਂ ਦਾ ਫਾਇਦਾ ਉਠਾਉਂਦੀਆਂ ਹਨ। ਸਾਡੇ ਸਮਾਜ ਦੇ ਪੋਰ-ਪੋਰ ਵਿੱਚ ਹਾਕਮ ਜਮਾਤਾਂ ਦਾ ਵਿਚਾਰਧਾਰਕ ਗਲਬਾ ਜੜ੍ਹਾਂ ਜਮਾਈ ਬੈਠਾ ਹੈ। ਇਸ ਵਿਚਾਰਧਾਰਕ ਗਲਬੇ ਨੂੰ ਹਰਾ ਕੇ ਮਜ਼ਦੂਰ ਜਮਾਤ ਦੀ ਵਿਚਾਰਧਾਰਕ ਸਰਦਾਰੀ ਸਥਾਪਤ ਕਰਨ ਦਾ ਕਾਰਜ ਵੀ ਕਿਰਤੀ ਜਮਾਤ ਦੇ ਮੁਕਤੀ ਘੋਲ਼ ਦਾ ਅਨਿੱਖੜਵਾਂ ਅੰਗ ਹੈ। ਬਿਨਾਂ ਸ਼ੱਕ ਇਸ ਸਮੱਸਿਆ ਦਾ ਅੰਤਮ ਹੱਲ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਵਾਲ਼ੇ ਸਰਮਾਏਦਾਰੀ ਪ੍ਰਬੰਧ ਦਾ ਭੋਗ ਪਾ ਕੇ ਮਜ਼ਦੂਰ ਜਮਾਤ ਦੀ ਸਰਦਾਰੀ ਵਾਲ਼ੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਨਾਲ਼ ਹੀ ਸੰਭਵ ਹੈ। ਜਿੱਥੇ ਮਜ਼ਦੂਰ, ਕਿਸਾਨ ਅਤੇ ਸਮਾਜ ਦੇ ਹੋਰ ਸਾਰੇ ਕਿਰਤੀ ਤਬਕੇ ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦਾ ਅਸਲੀ ਨਿੱਘ ਮਾਣ ਸਕਣਗੇ। ਫਿਰਕੂ ਫਾਸੀਵਾਦੀਆਂ ਦੇ ਲੱਖ ਯਤਨਾਂ ਦੇ ਬਾਵਜੂਦ ਸਾਡੇ ਮੁਲਕ ਦੇ ਕਿਰਤੀ ਲੋਕ ਦੇਸ਼ ਨੂੰ ਸੰਘ ਦੇ ਲੋਕ ਦੋਖੀ ਇਰਾਦਿਆਂ ਦੀ ਪ੍ਰਯੋਗਸ਼ਾਲਾ ਬਣਾਉਣ ਦੇ ਯਤਨਾਂ ਨੂੰ ਠੱਲ੍ਹ ਪਾਉਣਗੇ। ਮਨੁੱਖ ਜਾਤੀ ਦਾ ਭਵਿੱਖ ਬਹੁਤ ਸ਼ਾਨਦਾਰ ਹੈ। ਮਨੁੱਖ ਜਾਤੀ ਦਾ ਭਵਿੱਖ ਕਿਰਤੀ ਲੋਕਾਂ ਦੀ ਸਰਦਾਰੀ ਵਾਲ਼ਾ ਸਮਾਜਵਾਦੀ ਸਮਾਜ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

## ਕਿਤੇ ਭੁੱਲ ਨਾ ਜਾਇਓ

ਪਾਣੀ ਦੀਆਂ ਬੁਸ਼ਾਰਾਂ ਨੂੰ
ਕੰਡਿਆਂ ਦੀਆਂ ਵਾੜਾਂ ਨੂੰ
ਅੱਥਰੂ ਗੈਸਾਂ ਦੇ ਗੋਲੇ
ਲਾਠੀ ਦੀਆਂ ਮਾਰਾਂ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਮੌ ਵਾਦੀ ਏ ਅੱਤਵਾਦੀ
ਇਹ ਨਈ ਹਾਲੀ ਪਾਲੀ
ਪਰਜੀਵੀ ਅਤੇ ਮਵਾਲੀ
ਦਿੱਤੀ ਜਿਨ੍ਹਾਂ ਇਹ ਗਾਲੀ
ਕਿਤੇ ਭੁੱਲ ਨਾ ਜਾਇਓ
ਯਾਦ ਰੱਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਭੁੱਲਣਾ ਨਹੀਂ ਅਦੀਬਾਂ ਨੂੰ
ਤੁਸੀਂ ਆਪਣੇ ਸ਼ਹੀਦਾਂ ਨੂੰ
ਹਰ ਆਫਤ ਨਾਲ ਲੜਕੇ
ਆਪਣੇ ਘੜੇ ਨਸੀਬਾਂ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰੱਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਲੋਕ ਏਕੇ ਦੀ ਸਕਤੀ ਨੂੰ
ਕੀਤੀ ਏਥੇ ਭਗਤੀ ਨੂੰ
ਸਿਦਕ ਸਬਰ ਸਿਰੜ
ਲਾ ਚਲੇ ਓ ਜੋ ਤਖਤੀ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਸਭ ਸਾਂਝੇ ਲੰਗਰ ਲਾਕੇ
ਆਪਿਸ ਵਿੱਚ ਸਾਂਝ ਵਧਾਕੇ
ਇਕ ਦੂਜੇ ਤੋਂ ਵਿਛੜ ਦਿਆਂ
ਆਪੋ ਆਪਣੇ ਘਰੀਂ ਜਾਕੇ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਉ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਧੀਆਂ ਭੈਣਾਂ ਮਾਂਵਾਂ ਨੂੰ
ਕਰਿਓ ਸਜਦਾ ਛਾਂਵਾਂ ਨੂੰ
ਭਵਿੱਖ ਲਈ ਬੂਟੇ ਲਾ ਚਲੇ
ਸਲਾਮ ਉਹਨਾਂ ਭਰਾਵਾਂ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਲੋਕਾਂ ਅੱਗੇ ਗੋਡੇ ਟੇਕੇ ਨੂੰ
ਆਪੇ ਲਿਖੇ ਆਪੇ ਮੇਟੇ ਨੂੰ
ਇਹ ਜੋ ਕਨੂੰਨ ਬਣਾਏ
ਪੂੰਜੀਪਤੀਆਂ ਦੇ ਬੇਟੇ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਉ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਹਾਕਮ ਦੀ ਬਦਨੀਤੀ ਨੂੰ
ਸਾਜਿਸ ਕੁਟਲ ਨੀਤੀ ਨੂੰ
ਮਨੁੱਖਤਾ ਦੇ ਦੁਸਮਣ ਜੋ
ਜਾਲਿਮ ਰਾਜਨੀਤੀ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਮੀਡਿਆ ਅਖਬਾਰਾਂ ਨੂੰ
ਸਚੇ ਲੇਖਕ ਕਲਾਕਾਰਾਂ ਨੂੰ
ਮਾਨਵਤਾ ਦੇ ਦੁਸ਼ਮਣ ਜੋ
ਦੋਗਲੇ ਕਿਰਦਾਰਾਂ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ

ਸੰਘਰਸ਼ ਵਿਚੋਂ ਸਿਖੇ ਨੂੰ
ਜੁਲਮ ਨਸਤਰ ਤਿੱਖੇ ਨੂੰ
ਵਕਤ ਦੇ ਕਾਲੇ ਸਫੇ ਤੇ
ਲਹੂ ਇਤਿਹਾਸ ਲਿਖੇ ਨੂੰ
ਕਿਤੇ ਭੁੱਲ ਨਾ ਜਾਇਓ
ਯਾਦ ਰਖਿਓ ਯਾਦ ਰਖਣਾ
ਕਿਤੇ ਭੁੱਲ ਨਾ ਜਾਇਓ।

**ਹੀਰਾ ਸਿੰਘ**

## ਵਾਪਸ ਕਰਾਏ ਕਾਲੇ ਕਾਨੂੰਨ

ਆਏ ਸੀ ਬੜੇ, ਦਾਤੇ ਇੱਥੇ
ਵੰਡਦੇ ਸੀ ਜੋ ਹਾਸੇ ਇੱਥੇ
ਉਹਨਾਂ ਬਿਨ, ਮਨ ਰਹੂ ਉਦਾਸ
ਸਾਡੇ ਸੀ ਉਹ, ਖਾਸਮ ਖਾਸ
ਹੋਣ ਸਾਰੇ ਇਹੋ ਜਿਹੇ ਮਨੁੱਖ
ਮੰਗਦੇ ਸਭ ਦੀ, ਖੈਰ ਸੁੱਖ
ਡੁੱਲ੍ਹੇ ਸੀ ਬੜੇ ਹਾਸੇ ਇੱਥੇ
ਆਏ ਸੀ ਬੜੇ ਦਾਤੇ ਇੱਥੇ।

ਮਾਵਾਂ, ਧੀਆਂ, ਬੱਚੇ ਆਏ
ਬਾਬੇ, ਬੁੱਢੇ, ਸੱਚੇ ਆਏ
ਲੋਹਾਂ ਚੜ੍ਹੀਆ, ਲੰਗਰ ਚੱਲੇ
ਦੁਨੀਆ ਵਿਚ, ਹੋਈ ਬੱਲੇ ਬੱਲੇ
ਕੜਾਹ ਪ੍ਰਸਾਦ, ਦੇਗਾਂ ਚੜ੍ਹੀਆਂ
ਰੱਜ ਰੱਜ ਖਾਧਾ, ਮੌਜਾਂ ਬੜੀਆਂ।
ਬਦਾਮ, ਗਰੀ ਪਤਾਸੇ ਇੱਥੇ।
ਆਏ ਬੜੇ ਸੀ ਦਾਤੇ ਇੱਥੇ।

ਰਾਜੇ, ਰਾਣੇ ਰੋਕ ਨਾ ਸਕੇ
ਗੱਲ ਉਹਨਾਂ ਦੀ ਟੋਕ ਨਾ ਸਕੇ
ਖਾਈ ਪੁੱਟੀ, ਰੋਕ ਲਗਾਈ
ਪਾਣੀ ਵਾਲੀ ਤੋਪ ਚਲਾਈ
ਤਾਰਾਂ, ਵਾੜਾ ਸਭ ਲਵਾਈਆਂ
ਕਿਸਾਨਾਂ ਤਾਈਂ ਰੋਕ ਨਾ ਪਾਈਆਂ
ਪੱਕੇ ਤੰਬੂ ਲਾਤੇ ਇੱਥੇ
ਆਏ ਸੀ ਬੜੇ ਦਾਤੇ ਇੱਥੇ।


ਸਿੰਘੂ, ਸਿੰਘ ਸਰਦਾਰ ਹੋ ਗਿਆ
ਸਾਨੂੰ ਬੜਾ ਪਿਆਰ ਹੋ ਗਿਆ
ਘੋੜਿਆਂ ਵਾਲੀ ਫ਼ੌਜ ਨਿਆਰੀ
ਦਿੱਲੀ ਤੇ ਕਰਦੀ ਸਰਦਾਰੀ
ਸਵੇਰੇ ਸ਼ਾਮ, ਬਾਣੀ ਪੜ੍ਹਦੇ
ਕਿਸੇ ਦੇ, ਕੋਲੋਂ ਨਾ ਡਰਦੇ
ਰਾਜੇ ਪੜ੍ਹਨੇ ਪਾਤੇ ਇੱਥੇ
ਆਏ ਸੀ ਬੜੇ ਦਾਤੇ ਇੱਥੇ।

ਦਿੱਲੀ ਸਿੱਖਾਂ ਪਾ ਤੀ ਫਿੱਕੀ
ਵੀਹਵੀਂ ਵਾਰ, ਫੇਰ ਹੈ ਜਿੱਤੀ
ਵਾਪਸ ਕਰਾਏ ਕਾਲੇ ਕਾਨੂੰਨ
ਰਾਜੇ ਦਾ ਲਾਹਿਆ ਜਨੂੰਨ
ਜਿੱਤ ਦੇ ਨਿਸ਼ਾਨ ਲਗਾਏ
ਵਾਡਰਾਂ ਉੱਤੇ ਭੰਗੜੇ ਪਾਏ
ਨਵੇਂ ਇਤਿਹਾਸ ਬਣਾਤੇ ਇੱਥੇ
ਆਏ ਸੀ ਬੜੇ ਦਾਤੇ ਇੱਥੇ।

**- ਡਾ. ਹਰਨੇਕ ਸਿੰਘ ਕਲੇਰ**

## ਵਿਦਰੋਹੀ ਬੋਲ

ਬੀਜ ਤੋਂ ਫੁੱਲ ਤਕ ਦਾ ਸਫਰ
ਫੁੱਲ ਤੋਂ ਫਨ੍ਹਾ ਹੋਣ ਦਾ ਸਫਰ
ਮੁਖਾਲਿਫ਼ ਹਵਾ ਤੋੜ ਜਾਂਦੀ ਜਦੋਂ
ਸਾਖ ਨਾਲੋਂ ਟੁੱਟਕੇ ਮਿੱਧੇ ਜਾਂਦੇ ਪੈਰੀਂ
ਧਰਤ ਸਾਂਭ ਲੈਂਦੀ ਹੈ ਆਪਣੀ ਕੁੱਖ ਵਿੱਚ
ਸਾਰੇ ਬੀਜ
ਅਣਥਕ ਮਿਹਨਤ
ਪਸੀਨੇ ਦਾ ਸਿੰਝਣਾ
ਸ਼ਹਾਦਤਾਂ ਹੋਈਆਂ ਦਾ
ਡੁੱਲਿਆ ਲਹੂ
ਖਾਦ ਹੁੰਦਾ
ਬੁਨਿਆਦ ਹੁੰਦਾ
ਵਤਰ ਹੋਈ ਭੋਂ ਵਿੱਚੋਂ
ਫਿਰ ਉਗ ਆਉਂਦੇ
ਫੁੱਲਾਂ ਕੰਡਿਆਂ ਵਾਂਗ
ਬਗਾਵਤੀ ਬੋਲ
ਹਕੀਕਤ ਨੂੰ ਬਿਆਨ ਕਰਦੀ
ਵਕਤ ਦੇ ਸਫੇ ਤੋਂ
ਮਿਟਾ ਦਿੰਦੀ ਹੈ
ਮੇਰੇ ਮੁਖਾਲਿਫ
ਚਲਦੀ ਹਵਾ
ਮੇਰੀ ਕਵਿਤਾ ਦੇ ਲਿਖੇ ਬੋਲ
ਫਜਾ ਸਾਂਭ ਲੈਂਦੀ ਜਦੋਂ
ਵਕਤ ਪਏ ਤੋਂ
ਫਿਰ ਉਗ ਆਉਂਦੇ
ਖਲਾਅ ਵਿੱਚੋ ਬੋਲ
ਵਿਦਰੋਹ ਹੀ ਲਿਖਦਾ ਹੈ
ਇਤਹਾਸ



**ਹੀਰਾ ਸਿੰਘ**

ਦੋ ਕਵਿਤਾਵਾਂ

## ਜਲ੍ਹਿਆਂ ਵਾਲਾ ਬਾਗ

ਕਿੰਨੇ ਜਲ੍ਹਿਆਂ ਵਾਲੇ ਬਾਗ ਬਣਨਗੇ
ਮਿਰੇ ਵਤਨ ਦੀ ਰੂਹ ਦਾ ਦਾਗ ਬਣਨਗੇ।

ਸਿਵਿਆਂ ਦੀ ਅੱਗ ਠੰਢੀ ਹੋ ਜਾਊ
ਪਰ ਤਪਦੇ ਸੇਕ ਚਿਰਾਗ ਬਣਨਗੇ

ਤੁਸੀਂ ਆਹਾਂ ਦੇ ਜੋ ਅੱਥਰੂ ਬੀਜੇ
ਉੱਗ ਪਏ ਜਦੋਂ ਸੈਲਾਬ ਬਣਨਗੇ।

ਦਹਾੜ ਸੇਰਾਂ ਦੀ ਜਬਰ ਵੰਗਾਰੇ
ਸੁੱਤੇ ਲੋਕਾਂ ਦਾ ਜਾਗ ਬਣਨਗੇ।

ਖਾਮੋਸ ਆਵਾਜਾਂ ਦਾ ਚੀਕ ਚਿਹਾੜਾ
ਇੱਕ ਦਿਨ ਜਫਰ ਦਾ ਰਾਗ ਬਣਨਗੇ।

ਵੋਟਾਂ ਵਿਚੋਂ ਅੱਜ ਨਿਕਲਣ ਜੋਕਾਂ
ਸੰਘਰਸਾਂ ਵਿਚੋਂ ਭਾਗ ਬਣਨਗੇ

ਸਪੋਲਿਆਂ ਦਾ ਸਿਰ ਨੱਪ ਦਿਓ ਥਾਈਂ
ਨਹੀਂ ਵੱਡੇ ਹੋ ਕੇ ਨਾਗ ਬਣਨਗੇ।

• • •

## ਬੂਹੇ ਜੇ ਨਾ ਭੇੜੇ ਹੁੰਦੇ

ਸਬਦਾਂ ਜਾਲ ਬਖੇੜੇ ਹੁੰਦੇ
ਅਮਲਾਂ ਨਾਲ ਨਬੇੜੇ ਹੁੰਦੇ।

ਢੌਂਗੀ ਚਿਹਰੇ ਨਾ ਦਿਸਦੇ, ਜੇ
ਦਰਪਣ ਅੱਜ ਤਰੇੜੇ ਹੁੰਦੇ।

ਕਿਰਦਾਰਕੁਸੀ ਨਾ ਕਰਦਾ ਤੂੰ
ਜੇਅਸੀਂ ਦਿਲ ਦੇ ਨੇੜੇ ਹੁੰਦੇ।

ਗਲ ਨੂੰ ਕਿਰਤੀ ਲਾਇਆ ਹੁੰਦਾ
ਨਾ ਝਗੜੇ ਨਾ ਝੇੜੇ ਹੁੰਦੇ।

ਲੁਕਦੇ ਕਾਹਨੂੰ ਘਰ ਦੇ ਅੰਦਰ
ਖੱਖਰ ਜੇ ਨਾ ਛੇੜੇ ਹੁੰਦੇ।

ਨਾ ਫਰਿਆਦੀ ਮਰਦੇ ਦਰ ਤੇ
ਬੂਹੇ ਜੇ ਨਾ ਭੇੜੇ ਹੁੰਦੇ।

ਖੇਤੀ ਜੁਗਤ ਨਾ ਥੋਪੀ ਹੁੰਦੀ
ਕਾਹਨੂੰ ਦੁੱਖ ਸਹੇੜੇ ਹੁੰਦੇ।

ਮਿੱਠਾ ਸੀ ਜਲ ਸਰਬਤ ਵਰਗਾ
ਖੂਹ ਖੇਤਾਂ ਵਿਚ ਗੇੜੇ ਹੁੰਦੇ।

ਕਾਣੀ ਵੰਡ ਨਾ ਕਰਦੇ ਹਾਕਮ
ਸਾਡੇ ਘਰ ਵੀ ਖੇੜੇ ਹੁੰਦੇ।

ਛੱਲਾਂ ਤੋਂ ਪੁੱਛਦੇ ਸਰਨਾਮਾ
ਪਾਰ ਉਨ੍ਹਾ ਦੇ ਬੇੜੇ ਹੁੰਦੇ।

**ਹਰਵਿੰਦਰ ਸਿੰਘ ਸਿੱਧੂ**

## ਪਾਪਾ....

ਹਰ ਮਨੁੱਖ ਆਪਣੇ,
ਹੱਕ ਮੰਗ ਸਕਦੈ....
ਹਾਂ ਪੁੱਤ....
ਬਿਲਕੁੱਲ
ਫਿਰ....
"ਮਨੁੱਖੀ ਅਧਿਕਾਰ ਦਿਵਸ"
ਵਾਲੇ ਦਿਨ ਹੀ....
ਮੁੱਖ ਮੰਤਰੀ ਦੀ ਰੈਲੀ 'ਚ,
ਜੋ ਮੁੰਡੇ ਕੁੜੀਆਂ ਕੁੱਟੇ ਆ
ਉਹ ਕੀ ਕਰ ਰਹੇ ਸੀ....
ਵੀਹ ਵੀਹ ਸਾਲ,
ਲਾ ਕੇ ਡਿਗਰੀਆਂ ,
ਆਹ! ਅਫਸਰ ਤੋਂ
ਡਾਂਗਾਂ ਖਾਣ ਲਈ,
ਲਈਆਂ ਸੀ....
ਮੈਂ ਸੋਚਦਾ ਹੁੰਦਾ ਸੀ,
ਉਡਵਾਇਰ ਕਿਹੋ ਜਾ ਹੋਊ??
ਜਿਸ ਤੋਂ ਬਦਲਾ ਲੈਣ ਵਾਸਤੇ,
ਊਧਮ ਸਿਹੁੰ ਦਾ ਕਾਲਜਾ,
ਇੱਕੀ ਸਾਲ ਮੱਚਦਾ ਰਿਹਾ....
ਇਸ ਡੀ.ਐੱਸ.ਪੀ. ਨੂੰ,
ਵੇਖ ਕੇ ਪਤਾ ਲੱਗਿਆ
ਉਡਵਾਇਰ ਕਿਹੋ ਜਾ ਸੀ
ਪਾਪਾ ਇੱਕ ਗੱਲ ਕਹਾਂ....
ਹਾਂ ਪੁੱਤ....
ਹੁਣ ਇਹ ਅਸੀਸ ਨਾ ਦਿਓ
ਕਿ ਪੜ੍ਹ ਲਿਖ ਕੇ ,
ਵੱਡਾ ਅਫਸਰ ਬਣਾ....
ਬਸ ਇਹ ਅਸੀਸ ਦਿਓ,
ਇੱਕ ਨੇਕ ਇਨਸਾਨ ਬਣਾ....
ਵੱਡਾ ਅਫਸਰ....
ਨੇਕ ਇਨਸਾਨ ਹੋਵੇ,
ਇਹ ਜ਼ਰੂਰੀ ਨੀ....
ਹਾਂ!!! ਨੇਕ ਇਨਸਾਨ,
ਆਪਣੇ ਆਪ 'ਚ ਈ
ਵੱਡਾ ਅਫਸਰ ਜ਼ਰੂਰ ਹੁੰਦਾ....

**ਜਸਵਿੰਦਰ ਸਿੰਘ ਚਾਹਲ**
**9876915035**

## ਇਸ ਬਾਪੂ ਦੀਆਂ ਅੱਖਾਂ ਵਿੱਚੋਂ




ਇਸ ਬਾਪੂ ਦੀਆਂ ਅੱਖਾਂ ਵਿੱਚੋ,
ਬੋਲਦੀ ਹੈ ਸਾਰੇ ਕਿਸਾਨ ਘੋਲ ਦੀ ਵੀਰ ਗਾਥਾ।
ਅੱਧ ਖੁੱਲ੍ਹੇ ਬੁੱਲ ਕਹਿ ਰਹੇ ਨੇ ਅਣਕਹੇ ਸੰਵਾਦ
ਕਾਸ਼ ਮੈ ਕਵੀ ਹੁੰਦਾ,
ਅਣਕਹੇ ਸੰਵਾਦ ਬਣ ਜਾਂਦੇ
ਅਮਰ ਮਹਾਕਾਵਿ, ਅਦੁੱਤੀ ਯੁੱਧ ਗਾਥਾ।
ਮੇਰੇ ਅੰਦਰ ਅਜੇ ਉਬਲ ਰਿਹਾ ਹੈ
ਹੰਝੂਆਂ ਦਾ ਸੈਲਾਬ,
ਨਹੀਂ ਰੋਕ ਰਿਹਾ ਇਹਨਾਂ ਨੂੰ ਮੈਂ
ਇਹ ਤਾਂ ਅਸ਼ਰੂੰ ਅਜੰਲੀ ਹੈ,
ਸ਼ਹਾਦਤਾਂ ਦੇ ਜਾਮ ਪੀ ਗਈਆਂ
ਧਰਤੀ ਦੀਆਂ ਮਾਵਾਂ ਨੂੰ
ਪੁੱਤਰਾਂ ਨੂੰ, ਬਾਪੂਆਂ ਨੂੰ, ਧੀਆਂ ਨੂੰ।
ਜਿਨ੍ਹਾਂ ਨੇ
ਪਸਤ ਕਰ ਦਿੱਤਾ ਹੈ ਖੂਨੀ ਬਘਿਆੜ,
ਆਦਮਖੋਰ ਨਾਗ,
ਉਤਾਰ ਦਿੱਤਾ ਹੈ 56 ਇੰਚ ਦਾ ਕਵਚ,
ਚੂਰ ਚੂਰ ਕਰ ਦਿੱਤਾ ਹੈ, ਅਜਯ; ਅਮਰ
ਅਡਿੱਗ ਹੋਣ ਦਾ ਭਰਮ।
ਕੋਟ ਕੋਟ ਨਮਨ ਬਾਪੂ!

**ਜੋਗਿੰਦਰ ਆਜ਼ਾਦ**

## ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ

ਜਸ਼ਨ ਵੀ ਦੋਸਤ ਲਾਜ਼ਿਮ ਹੈ
ਫਿਰ ਲਾਮ ਨੂੰ ਮੁੜ ਜਾਣਾ ਹੈ।
ਇਹ ਮੰਜ਼ਿਲ ਨਹੀਂ, ਇਹ ਰਾਸਤਾ ਹੈ
ਦੂਰ ਬਹੁਤ ਅਜੇ ਜਾਣਾ ਹੈ।
ਭਗਤ ਸਿੰਘ ਦੀ ਸੋਚ ਦੀ ਖੇਤੀ
ਉਹਨੂੰ ਸਿੰਜਿਆ ਸਾਡੇ ਪੁਰਖਿਆਂ ਨੇ,
ਪਾਣੀ ਦਿੱਤਾ ਸਾਡੀਆਂ ਮਾਂਵਾਂ ਨੇ
ਫ਼ਸਲ ਸਾਂਭਣੀ ਭੈਣਾਂ -ਭਰਾਵਾਂ ਨੇ।
ਸੰਦ ਸੋਚ ਦੇ ਖੁੰਡੇ ਨੀ ਹੋਣ ਦੇਣੇ
ਝਾੜ ਚੋਖਾ ਅਸੀਂ ਵਧਾਉਣਾ ਹੈ।
ਜਸ਼ਨ ਵੀ ਦੋਸਤ ਲਾਜ਼ਿਮ ਹੈ
ਹਾਕਮ ਤੇ ਲੂੰਬੜ ਦੀ ਨਸਲ ਇੱਕੋ
ਤੁਸੀਂ ਅਵੇਸਲੇ ਕਦੇ ਹੋਇਓ ਨਾ,
ਜੰਗ ਜਿੱਤ ਕੇ ਨੱਚਣਾ ਜੀ ਸਦਕੇ
ਕਦੇ ਹਾਰ ਵੀ ਗਏ ਤਾਂ ਰੋਇਓ ਨਾ,
ਸਿਰ ਦੇਕੇ ਜਿੱਤ ਲਿਆਏ ਹਾਂ
ਤੁਰ ਗਿਆਂ ਦਾ ਦਰਦ ਵੰਡਾਉਣਾ ਹੈ।
ਜਸ਼ਨ ਵੀ ਦੋਸਤ ਲਾਜ਼ਿਮ ਹੈ
ਪਾਸਾ ਥੱਲਿਆ ਤੁਸੀਂ ਇਤਿਹਾਸ ਵਾਲਾ
ਇਹ ਪਹੀਆ ਸਮੇਂ ਦਾ ਘੁੰਮਿਆ ਏ।
ਕਾਲੀ ਰਾਤ ਨੂੰ ਚਾਨਣ ਦੀ ਪੰਡ ਦੇਕੇ
ਸੂਰਜ ਨੇ ਕਿਰਤ ਦਾ ਮੱਥਾ ਚੁੰਮਿਆ ਏ।
ਦੱਸਣੀ ਹਨੇਰਿਆਂ ਨੂੰ ਔਕਾਤ ਜਿੰਨਾ
ਹਰ ਘਰ ਵਿਚ ਦੀਪ ਜਗਾਉਣਾ ਹੈ।
ਜਸ਼ਨ ਵੀ ਦੋਸਤ ਲਾਜ਼ਿਮ ਹੈ
ਫਿਰ ਜੰਗ ਨੂੰ ਮੁੜ ਜਾਣਾ ਹੈ।
ਇਹ ਮੰਜ਼ਿਲ ਨਹੀਂ, ਇਹ ਰਾਸਤਾ ਹੈ
ਦੂਰ ਬਹੁਤ ਅਜੇ ਜਾਣਾ ਹੈ
ਜਸ਼ਨ ਵੀ ਦੋਸਤ ਲਾਜ਼ਿਮ ਹੈ
ਓਹਨਾਂ ਕੋਲ ਬੰਦੂਕਾਂ ਤੋਪਾਂ ਜੇ
ਸਾਡੇ ਕੋਲ ਸਾਡਾ ਏਕਾ ਏ,
ਹਰ ਕਿਰਤੀ ਦਾ ਸਰਕਾਰਾਂ ਨਾਲ
ਕਈ ਸਦੀਆਂ ਦਾ ਲੇਖਾ ਏ,
ਵਕਤ ,ਕਲਮ ਤੇ ਸਬਰ ਦੇ ਸੰਗ ਲੜਿਓ
ਇਹ ਖ਼ਾਤਾ ਬੜਾ ਪੁਰਾਣਾ ਹੈ
ਇਹ ਮੰਜ਼ਿਲ ਨਹੀਂ ਇਹ ਰਾਸਤਾ ਹੈ
ਦੂਰ ਬਹੁਤ ਅਜੇ ਜਾਣਾ ਹੈ
ਬਾਪੂ ਫਿਕਰਾਂ ਦੇ ਨਾਲ ਪਏ ਝੰਬੇ
ਮਾਂ ਬੁੱਢੀ ਹੋਈ ਫਿਕਰਾਂ ਦੀ ਪੀੜ ਸਹਿਕੇ।
ਧੀਆਂ ਜੰਮਦੀਆਂ ਦੁੱਖ ਹੰਢਾਉਣ ਖਾਤਰ
ਪੁੱਤ ਜੰਮਦੇ ਕਰਜ਼ ਦਾ ਪੰਡ ਲੈਕੇ।
ਲੁੱਟੀ ਘਰਾਂ ਦੀ ਇਹ ਖੁਸ਼ੀ ਕੀਹਨੇ
ਓ ਕੌਣ ਗਿਰਜਾਂ ਦਾ ਲਾਣਾ ਹੈ?
ਇਹ ਯੁੱਧ ਹੈ ਤਕੜੇ -ਮਾੜੇ ਦਾ
ਬਿਨਾ ਯੁੱਧ ਤੋਂ ਕੋਈ ਚਾਰਾ ਨਹੀਂ,
ਚਾਹੇ ਲੱਖ ਕਿਤਾਬਾਂ ਫ਼ਰੋਲ ਲਵੋ
ਸਾਡਾ ਯੁੱਧ ਤੋਂ ਬਿਨਾ ਗੁਜ਼ਾਰਾ ਨਹੀਂ,
ਸਾਡੇ ਸਮੇਂ ਦੀ ਇਹੋ ਹੋਣੀ ਹੈ
ਜੰਮਣਾ ਜੰਗ ਵਿੱਚ ਹੀ ਮਰ ਜਾਣਾ ਹੈ,
ਇਹ ਮੰਜ਼ਿਲ ਨਹੀਂ, ਪੜਾਅ ਹੈ ਆਇਆ
ਵਾਟ ਲੰਮੇਰੀ ਦਾ ਇਕ ਮੋੜ ਹੈ।
ਜੰਗ ਮੁੱਕੀ ਨਹੀਂ, ਜੰਗ ਮੁਲਤਵੀ ਹੈ
ਇਹ ਸ਼ੌਂਕ ਨਹੀਂ ਸਾਡੀ ਲੋੜ ਹੈ।
ਭਾਂਬੜ ਸਾਂਭ ਕੇ ਰੱਖਿਓ ਸੀਨੇ ਵਿੱਚ
ਜੰਗ ਜਿੱਤਣ ਤੱਕ ਜੋ ਸੁਲਗਣਾ ਹੈ,
ਅਸੀਂ ਖੇਤਾਂ ਨੂੰ ਸਿਜਦਾ ਕਰ ਭਲਕੇ
ਫ਼ਿਰ ਕਾਫਲਿਆਂ ਚ ਜੁੜ ਜਾਣਾ ਹੈ।
ਇਹ ਮੰਜ਼ਿਲ ਨਹੀਂ, ਇਹ ਰਾਸਤਾ ਹੈ।

**ਨਰਿੰਦਰ ਨਿੰਦੀ, ਸਰੀ ਕੈਨੇਡਾ**
**778-23-7764**

## ਜਿੱਤ ਮੁਬਾਰਕ

ਜਿੱਤ ਕੇ ਮੁੜਦੇ ਕਾਫਲਿਆਂ ਦੇ ਹਾਰ ਗਲਾਂ ਵਿੱਚ ਪਾਈਏ
ਏਕੇ ਦੇ ਵਿੱਚ ਸਦਾ ਬਰਕਤਾਂ ਗੀਤ ਏਕਤਾ ਗਾਈਏ
ਖਤਰੇ ਵਿੱਚ ਪੈ ਗਈਆਂ ਸੀ ਜੋ ਗਲੇ ਪੈਲੀਆਂ ਲਾਈਏ
ਰਲ ਮਿਲ ਜਿੱਤਾਂ ਦੇ ਆਓ ਜਸਨ ਮਨਾਈਏ

ਵਿਹਲੜ ਟੋਲੇ ਨੇ ਸੀ ਖੇਤਾਂ ਉੱਤੇ ਨਜਰ ਟਿਕਾਈ
ਤਾਜਾਂ ਵਾਲੇ ਸਹਿਰ ਵੱਲ ਫਿਰ ਲੋਕਾਂ ਕਰੀ ਚੜ੍ਹਾਈ
ਜਬਰ ਜੁਲਮ ਦੇ ਝੱਖੜ ਝੁੱਲੇ ਮੱਚੇ ਰੋਜ ਦੁਹਾਈ
ਜਨਤਾ ਤੁਰੀ ਹੋਈ ਡਰਦੀ ਕਦੋਂ ਡਰਾਈ
ਮਾਵਾਂ ਭੈਣਾਂ ਅਤੇ ਜੁਆਨੀ ਲੈ ਤੁਰੀ ਅੰਗੜਾਈ
ਸਾਜਸ ਫੇਰ ਕਰੋਨਾ ਵਾਲੀ ਲੋਕਾਂ ਰੇਤ ਰਲਾਈ
ਜਾਤ ਮਜ਼ਬ ਦੇ ਝੇੜੇ ਛੱਡ ਕੇ ਹੱਕੀ ਜੋਟੀ ਪਾਈ
ਤਾਉਣੀ ਦਿੱਲੀ ਨੂੰ ਪੋਹ ਮਹੀਨੇ ਆਈ
ਸੜਕਾਂ ਉੱਤੇ ਕਿੱਲ ਗਡੋ ਤੇ ਜਲ ਤੋਪਾਂ ਅਜਮਾਈਆਂ
ਪੱਥਰ ਬੈਰੀਕੇਡ ਵਿਛਾ ਕੇ ਰੋਕਾਂ ਬਹੁਤ ਲਗਾਈਆਂ
ਹੱਥਾਂ ਦੇ ਵਿੱਚ ਰਫਲਾਂ ਡੰਡੇ ਲੈ ਗਾਰਦਾਂ ਆਈਆਂ
ਲੋਕਾਂ ਜੁਲਮ ਦੀਆਂ ਗੋਡਣੀਆਂ ਲਗਵਾਈਆਂ

ਕਾਰਪੋਰੇਟੀ ਤੇ ਸਰਕਾਰੀ ਟੋਲੇ ਨੰਗੇ ਕੀਤੇ
ਇੱਕ ਤੋਂ ਬਾਦ ਕਿਸਾਨ ਮੋਰਚਾ ਨਵੀਂ ਵਿਉਂਤ ਉਲੀਕੇ
ਲੰਬੀ ਸਿਰੜੀ ਜੰਗ ਲੜੀ ਹੈ ਪੂਰੇ ਵਰਤ ਸਲੀਕੇ
ਫੇਲ੍ਹ ਸਰਕਾਰਾਂ ਦੇ ਹੋ ਗਏ ਜੁਲਮ ਤਰੀਕੇ

ਤਵਾਰੀਖ ਵਿੱਚ ਲੋਕ ਏਕੇ ਨੇ ਪੰਨਾ ਨਵਾਂ ਜੜਾਇਆ
ਰੱਦ ਕਾਨੂੰਨ ਕਰਾਏ ਨਾਲੇ ਹੋਰ ਹੱਕਾਂ ਨੂੰ ਪਾਇਆ
ਵੈਰੀ ਦੀ ਹਿੱਕ ਧਰ ਕੇ ਗੋਡਾ ਖੋਹਣਾ ਹੱਕ ਸਿਖਾਇਆ
ਉਹ ਵੀ ਜਿੱਤਾਂਗੇ ਹਾਲੇ ਜੋ ਬਕਾਇਆ

ਵੀਰਾਂ ਦੀ ਕੁਰਬਾਨੀ ਅੱਗੇ ਆਓ ਸੀਸ ਝੁਕਾਈਏ
ਨੇਕੀ ਨੂੰ ਗਲਵੱਕੜੀ ਪਾ ਕੇ ਬਦੀਆਂ ਕੰਬਣ ਲਾਈਏ
ਸੂਹੇ ਸੂਹੇ ਇਨਕਲਾਬ ਦੀ ਰਲ ਕੇ ਮਹਿਮਾ ਗਾਈਏ
ਲੁੱਟ ਦੇ ਢਾਂਚੇ ਨੂੰ ਕਬਰਾਂ ਦੇ ਵਿੱਚ ਪਾਈਏ
ਭਗਤ ਸਰਾਭਿਆਂ ਦੇ ਰਸਤੇ ਕਦਮ ਟਿਕਾਈਏ
ਰਲ ਮਿਲ ਜਿੱਤਾਂ ਦੇ ਆਓ ਜਸਨ ਮਨਾਈਏ

**-ਗੁਰਮੇਲ ਸਿੰਘ ਭੁਟਾਲ**
**9417759042**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਮੀਟਿੰਗ ਕਿਸਾਨ ਮੋਰਚੇ ਦੀ ਜਿੱਤ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ

ਕੈਲਗਰੀ : ਨਵੇਂ ਕਿਸਮ ਦੇ ਵਾਇਰਸ ਦੀ ਆਮਦ ਕਾਰਨ ਕੋਵਿਡ ਬਿਮਾਰੀ ਦੀ ਚਾਲ ਤੇਜ਼ ਹੋਣ ਕਰਕੇ ਅਲਬਰਟਾ ਸਰਕਾਰ ਵਲੋਂ ਫੌਰੀ ਕੁਝ ਪਾਬੰਦੀਆਂ ਲਾਗੂ ਹੋ ਜਾਣ ਕਾਰਨ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਦਿਸੰਬਰ ਮਹੀਨੇ ਦੀ ਮੀਟਿੰਗ ਜ਼ੂਮ ਦੁਆਰਾ ਆਨਲਾਈਨ ਕੀਤੀ ਗਈ। ਬੇਸ਼ਕ ਇਨ ਪਰਸਨ ਮੀਟਿੰਗ ਨਾਲੋਂ ਭੈਣਾਂ ਦੀ ਹਾਜ਼ਰੀ ਘੱਟ ਰਹੀ ਪਰ ਕਾਫ਼ੀ ਦੇਰ ਤੋਂ ਗੈਰ ਹਾਜ਼ਰ ਸਭਾ ਦੇ ਸਕੱਤਰ ਗੁਰਦੀਸ਼ ਗਰੇਵਾਲ ਨੇ ਇਸ ਮੀਟਿੰਗ ਵਿੱਚ ਹਾਜ਼ਰੀ ਲੁਆਈ ਅਤੇ ਟੋਰਾਂਟੋ ਤੋਂ ਸੁੰਦਰਪਾਲ ਰਾਜਾਸਾਂਸੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ, ਜਿਹਨਾਂ ਬਾਰੇ ਖਾਸ ਗੱਲ ਹੈ ਕਿ ਇਹ ਕਵੀਸ਼ਰੀ ਲਿਖਦੇ, ਬੁਲੰਦ ਅਵਾਜ਼ ਵਿੱਚ ਕਵੀਸ਼ਰੀ ਪੇਸ਼ ਕਰਦੇ ਅਤੇ ਬੱਚਿਆਂ ਨੂੰ ਕਵੀਸ਼ਰੀ ਸਿਖਾਉਂਦੇ ਵੀ ਹਨ। ਗੁਰਚਰਨ ਥਿੰਦ ਨੇ ਸਭ ਭੈਣਾਂ ਨੂੰ ਜੀ ਆਇਆਂ ਆਖ ਮੀਟਿੰਗ ਦੀ ਸ਼ੁਰੂਆਤ ਕੀਤੀ ਅਤੇ ਗੁਰਦੀਸ਼ ਗਰੇਵਾਲ ਨੂੰ ਆਪਣੇ ਦਿਲੀ ਭਾਵ ਪ੍ਰਗਟ ਕਰਨ ਦਾ ਸੱਦਾ ਦਿੱਤਾ। ਗੁਰਦੀਸ਼ ਗਰੇਵਾਲ ਨੇ ਕਿਸਾਨ ਮੋਰਚੇ ਦੀ ਖੁਸ਼-ਸਮਾਪਤੀ ਤੋਂ ਬਾਦ ਕਿਸਾਨ ਵੀਰਾਂ ਭੈਣਾਂ ਦੀ ਸੁੱਖੀ-ਸਾਂਦੀ ਘਰ ਵਾਪਸੀ ਦੀ ਵਧਾਈ ਦਿੱਤੀ ਅਤੇ ਪ੍ਰਦੇਸ ਵਸਦੇ ਸਭ ਪੰਜਾਬੀਆਂ ਦੀਆਂ ਪੰਜਾਬ ਵਿਚਲੀਆਂ ਡੂੰਘੀਆਂ ਜੜ੍ਹਾਂ ਦੀ ਗੱਲ ਕਰਦਿਆਂ ਦਸੰਬਰ ਮਹੀਨੇ ਵਿੱਚ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਲਾਸਾਨੀ ਸ਼ਹੀਦੀਆਂ ਨੂੰ ਯਾਦ ਕੀਤਾ। ਸੋ ਇਸ ਤਰ੍ਹਾਂ ਅੱਜ ਦੀ ਮੀਟਿੰਗ ਇਹਨਾਂ ਦੋ ਪ੍ਰਮੁਖ ਵਿਸ਼ਿਆਂ ਤੇ ਕੇਂਦਰਤ ਹੋ ਗਈ। ਉਪਰੰਤ ਮੀਟਿੰਗ ਦੇ ਸੰਚਾਲਨ ਦੀ ਜ਼ੁੰਮੇਵਾਰੀ ਹਰਮਿੰਦਰ ਚੁੱਘ ਨੇ ਸੰਭਾਲੀ ਅਤੇ ਵਾਰੀ ਰੇਕ ਨੂੰ ਆਪਣੇ ਮਨੋਭਾਵ ਪੇਸ਼ ਕਰਨ ਦਾ ਸੱਦਾ ਦਿੱਤਾ। ਬਹੁਤਿਆਂ ਨੇ ਗੀਤਾਂ, ਕਵਿਤਾਵਾਂ, ਲੋਕ ਗੀਤਾਂ ਅਤੇ ਆਪਣੇ ਵਿਚਾਰਾਂ ਰਾਹੀਂ ਕਿਸਾਨ ਮੋਰਚੇ ਦੀ ਜਿੱਤ ਤੇ ਖੁਸ਼ੀ ਜ਼ਾਹਿਰ ਕੀਤੀ ਅਤੇ ਸਾਹਿਬਜ਼ਾਦਿਆਂ ਤੇ ਮਾਂ ਗੁਜਰੀ ਦੀ ਸ਼ਹਾਦਤ ਅੱਗੇ ਸਿਰ ਨਿਵਾਇਆ।

ਸੁਰਿੰਦਰ ਸੰਧੂ, ਕਿਰਨ ਕਲਸੀ, ਸੁਰਜੀਤ ਢਿਲੋਂ, ਜੁਗਿੰਦਰ ਪਾਂਗਲੀ, ਹਰਮਿੰਦਰ ਚੁੱਗ ਆਦਿ ਨੇ ਆਪਣੀਆਂ ਆਪਣੀਆਂ ਕਵਿਤਾਵਾਂ ਪੜ੍ਹੀਆਂ। ਸੁੰਦਰਪਾਲ, ਸੁਖਜੀਤ ਸੈਣੀ, ਨੇ ਆਪਣੇ ਵਿਚਾਰ ਰਖੇ। ਉਹਨਾਂ ਕੈਲਗਰੀ ਸ਼ਹਿਰ ਦੇ ਨਾਰਥ ਈਸਟ ਹਿੱਸੇ ਵਿੱਚ ਸਫ਼ਾਈ ਸਬੰਧੀ ਗੱਲ ਕੀਤੀ ਅਤੇ ਇਸ ਸਬੰਧ ਵਿੱਚ ਸਿਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ। ਗੁਰਚਰਨ ਥਿੰਦ ਨੇ ਅਜੋਕੇ ਲੋਕਤੰਤਰ ਵਿੱਚ ਚੋਣ ਪ੍ਰਣਾਲੀ ਦੀ ਨਿੱਤ ਬਦਤਰ ਹੁੰਦੀ ਜਾ ਰਹੀ ਸਥਿਤੀ ਨੂੰ 'ਸਾਨ੍ਹਾਂ ਦਾ ਭੇੜ' ਦਰਸਾਉਂਦੀ ਹਲਕੇ ਜਿਹੇ ਵਿਅੰਗ ਵਾਲੀ ਆਪਣੀ ਰਚਨਾ ਪੇਸ਼ ਕੀਤੀ। ਸਰਬਜੀਤ ਉੱਪਲ ਨੇ ਹਿੰਦੀ ਦੀ ਵਿਅੰਗ ਕਵਿਤਾ ਸੁਣਾਈ। ਅਮਰਜੀਤ ਸੱਗੂ, ਅਮਰਜੀਤ ਗਰੇਵਾਲ, ਕੁਲਦੀਪ ਘਟੌੜਾ, ਸ਼ਿੰਦਰਪਾਲ ਕੌਰ, ਜੁਗਿੰਦਰ ਪੁਰਬਾ, ਅਤੇ ਆਸ਼ਾ ਪਾਲ ਹੁਰਾਂ ਲੋਕ ਗੀਤਾਂ, ਬੋਲੀਆਂ ਅਤੇ ਚੁਟਕਲਿਆਂ ਨਾਲ ਹਾਜ਼ਰੀ ਲੁਆਈ। ਅੰਤ ਵਿੱਚ ਲੰਘੇ ਵਰ੍ਹੇ ਨੂੰ ਯਾਦ ਕਰਦਿਆਂ ਅਤੇ ਨਵੇਂ ਵਰ੍ਹੇ ਦੇ ਸ਼ੁਭ ਆਗਮਨ ਦੀ ਆਸ਼ਾ ਕਰਦਿਆਂ ਮੀਟਿੰਗ ਦੀ ਸਮਾਪਤੀ ਕਰ ਦਿੱਤੀ ਗਈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਦਸੰਬਰ ਮਹੀਨੇ ਦੀ ਮੀਟਿੰਗ ਵਿੱਚ ਕਿਸਾਨੀ ਅੰਦੋਲਨ ਦੀ ਜਿੱਤ ਰਚਨਾਵਾਂ ਜ਼ਰੀਏ ਸਾਂਝੀ ਕੀਤੀ

**ਜ਼ੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਦੀ ਇਸ ਸਾਲ ਦੀ ਆਖਰੀ ਮੀਟਿੰਗ ਪ੍ਰਧਾਨ ਦਵਿੰਦਰ ਮਲਹਾਂਸ ਦੀ ਅਗਵਾਈ ਵਿਚ ਹੋਈ। ਜਿਸ ਵਿੱਚ ਉਨ੍ਹਾਂ ਸਭ ਨੂੰ 'ਜੀ ਆਇਆਂ' ਆਖਿਆ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ। ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਮੀਟਿੰਗ ਦਾ ਵੇਰਵਾ ਸਾਂਝਾ ਕੀਤਾ ਤੇ ਸ਼ੋਕਮਤੇ ਸਾਂਝੇ ਕਰਦਿਆਂ 'ਸ਼ਬਦਾਂ ਦਾ ਸ਼ਿਲਪਕਾਰ' ਮੋਹਨ ਭੰਡਾਰੀ,ਜਿਨ੍ਹਾਂ ਸ਼ਾਹਕਾਰ ਕਹਾਣੀਆਂ 'ਮੈਨੂੰ ਟੈਗੋਰ ਬਣਾਦੇ ਮਾਂ', 'ਕਾਠ ਦੀ ਲੱਤ','ਘੋਟਨਾ','ਮੂਨ ਦੀ ਅੱਖ' ਆਦਿ ਤੇ ਰੇਖਾ ਚਿੱਤਰ 'ਇਹ ਅਜਬ ਬੰਦੇ' ਵੀ ਲਿਖੇ ਤੇ ਅਨੇਕਾਂ ਮਾਨ-ਸਨਮਾਨ ਹਾਸਲ ਕੀਤੇ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਗੁਰਦੇਵ ਸਿੰਘ ਰੁਪਾਣਾ, ਜਿਹਨਾਂ ਦੀਆਂ 'ਇੱਕ ਟੋਟਾ ਔਰਤ', 'ਡਿਫੈਂਸ ਲਾਈਨ', 'ਸ਼ੀਸ਼ਾ', 'ਰਾਂਝਾ ਵਾਰਿਸ ਹੋਇਆ' ਵਰਗੀਆਂ ਕਹਾਣੀਆਂ ਤੇ ਨਾਵਲ 'ਜਲਦੇਵ', 'ਆਸੋ ਦਾ ਟੱਬਰ', 'ਗੋਰੀ' ਆਦਿ ਬਹੁਤ ਚਰਚਾ ਵਿੱਚ ਰਹੇ। ਅਧਿਆਪਨ ਕਿੱਤੇ ਦੇ ਨਾਲ-ਨਾਲ ਉਨ੍ਹਾਂ ਦੀ ਸ਼ਖਸੀਅਤ ਸਾਹਿਤ ਦੀ ਦੁਨੀਆਂ ਵਿੱਚ ਬਹੁਤ ਖਾਸ ਰਹੀ ਤੇ ਉਨ੍ਹਾਂ ਕਈ ਮਾਣ ਸਨਮਾਨ ਹਾਸਲ ਕੀਤੇ ਤੇ ਉਨ੍ਹਾਂ ਦੀਆਂ ਲਿਖਤਾਂ ਕਈ ਭਾਸ਼ਾ ਵਿੱਚ ਅਨੁਵਾਦ ਹੋਈਆਂ। ਸਿਰਮੌਰ ਪੰਜਾਬੀ ਚਿੰਤਕ ਡਾ. ਸੁਰਿੰਦਰ ਦੁਸਾਂਝ, ਡਾ. ਅਵਤਾਰ ਸਿੰਘ ਈਸੇਵਾਲ, ਸ਼ਾਇਰ ਫਤਿਹਜੀਤ ਦੇ ਸਦੀਵੀ ਵਿਛੋੜੇ 'ਤੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਸ਼ਰਧਾ ਦੇ ਅਕੀਦੇ ਭੇਂਟ ਕੀਤੇ ਗਏ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਹਰਮਿੰਦਰ ਚੁੱਘ ਨੇ 'ਨੀਹਾਂ 'ਚ ਸ਼ਹੀਦ ਹੋ ਗਏ' ਸੁਰ 'ਚ ਗਾਇਆ ਤੇ ਗੁਰਦੀਸ਼ ਕੌਰ ਗਰੇਵਾਲ ਨੇ 'ਧੰਨ ਮਾਤਾ ਗੁਜਰੀ' ਧਾਰਮਿਕ ਗੀਤਾਂ ਨਾਲ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕੀਤੀ ਤੇ ਤਿੰਨ ਕਿਤਾਬਾਂ ਦੇ ਰਚੇਤਾ ਸੁਜਾਨ ਸਿੰਘ ਸੁਜਾਨ ਨੇ ਪਹਿਲੀ ਵਾਰ ਸਭਾ ਦੀ ਮੀਟਿੰਗ ਚ ਹਾਜ਼ਰੀ ਲਵਾਈ। ਬਚਨ ਸਿੰਘ ਗੁਰਮ, ਮਨਮੋਹਨ ਬਾਠ, ਮਹਿੰਦਰਪਾਲ ਐਸ ਪਾਲ, ਬਲਜਿੰਦਰ ਸੰਘਾ, ਬਲਵੀਰ ਗੋਰ, ਸੁਖਜੀਤ ਸੈਣੀ, ਹਰੀਪਾਲ ਨੇ ਜੂਲੀਅਨ ਅਸਾਂਜ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬੇਬਾਕ ਪੱਤਰਕਾਰ ਹੋਣ ਦੀ ਸਜ਼ਾ ਮਿਲੀ ਹੈ। ਵਿੱਕੀਲੀਕਸ ਮੀਡੀਆ ਸੰਸਾਰ ਪੱਧਰ ਤੇ ਸਵਿੱਸ ਬੈਂਕਾਂ ਦੇ ਖਾਤੇ, ਅਮਰੀਕੀ ਚੋਣਾਂ, ਅਮਰੀਕੀ ਫੌਜਾਂ ਦਾ ਅਫਗਾਨਿਸਤਾਨ 'ਚ ਵਤੀਰਾ ਜੱਗ ਜ਼ਾਹਿਰ ਕਰ ਰਿਹਾ ਸੀ। ਉਨ੍ਹਾਂ ਦਾ ਲਿਖਿਆ ਪ੍ਰਭਾਵਸ਼ਾਲੀ ਲੇਖ ਜਲਦੀ ਹੀ ਸਭ ਨੂੰ ਸੋਸਲ ਮੀਡੀਆ ਤੇ ਪੜ੍ਹਨ ਨੂੰ ਵੀ ਮਿਲੇਗਾ। ਜਿਸ ਵੱਲ ਧਿਆਨ ਦੇਣ ਦੀ ਬਹੁਤ ਜਰੂਰਤ ਹੈ। ਮੰਗਲ ਚੱਠਾ, ਸੁਖਵਿੰਦਰ ਤੂਰ, ਤਰਲੋਚਨ ਸੈਂਭੀ, ਜਗਦੇਵ ਸਿੱਧੂ, ਗੁਰਚਰਨ ਕੌਰ ਥਿੰਦ, ਜਸਵੀਰ ਸਹੋਤਾ ਨੇ ਕਿਸਾਨੀ ਅੰਦੋਲਨ ਦੀ ਜਿੱਤ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਰੇਮੀ ਸੇਖੋਂ ਨੇ ਕਿਸਾਨੀ ਸੰਘਰਸ਼ ਵਿੱਚ ਬਿਤਾਏ ਸਮੇਂ ਦੇ ਅਨੁਭਵ ਸਾਂਝੇ ਕੀਤੇ ਉਸ ਪੂਰੇ ਸੰਘਰਸ਼ ਦੀ ਜੱਦੋ ਜਹਿਦ ਨੂੰ ਬੜੇ ਵਧੀਆ ਤਰੀਕੇ ਨਾਲ ਬਿਆਨ ਕੀਤਾ ਤੇ ਹਾਜ਼ਰੀਨ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਤੇ ਆਉਣ ਵਾਲੇ ਸਮੇਂ ਵਿੱਚ ਚੁਣੌਤੀਆਂ ਦੀ ਗੱਲਬਾਤ ਨੂੰ ਲੈ ਕੇ ਸਾਰੇ ਹੀ ਬੁੱਧੀਜੀਵੀਆਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਕਿਸਾਨੀ ਅੰਦੋਲਨ ਦੇ ਪ੍ਰਭਾਵਾਂ ਨੂੰ ਬਹੁਤ ਹੀ ਬਰੀਕੀ ਨਾਲ ਵਿਚਾਰਿਆ ਗਿਆ। ਅਖੀਰ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ ਨੇ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਸਭ ਦਾ ਧੰਨਵਾਦ ਕੀਤਾ।

ਕ੍ਰਿਸਮਸ ਤੇ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਨਾਲ ਸਭ ਨੇ ਮੀਟਿੰਗ ਵਿੱਚੋਂ ਵਿਦਾ ਲਈ। ਅਗਲੇ ਸਾਲ ਦੀ ਪਹਿਲੀ ਮੀਟਿੰਗ 16 ਜਨਵਰੀ 2022 ਨੂੰ ਹੋਏਗੀ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES


I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward

• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair & Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Paul Dosanjh
Sales Representative
Dri: 416-254-7573, Off.: 905-793-5777
Email : pdosanjh2005@yahoo.com

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਮਜ਼ਦੂਰਾਂ ਦੀ ਜ਼ਿੰਦਗੀ ਦਾ ਗੇਟ ਵੀ ਖੁੱਲ੍ਹੇਗਾ ! ਮੌਜੋ ਕਲਾਂ !

ਮਾਨਸਾ ਉਹ ਜ਼ਿਲ੍ਹਾ ਹੈ ਜਿੱਥੋਂ ਦਾ ਬਾਪੂ ਅਜਮੇਰ ਔਲਖ ਸਾਰੀ ਜ਼ਿੰਦਗੀ ਉਨ੍ਹਾਂ ਲੋਕਾਂ ਦੀ ਬਾਤ ਪਾਉਂਦਾ ਰਿਹਾ ਜੋ ਥੁੜ੍ਹਾਂ ਮਾਰੇ ਨੇ, ਜੋ ਦੱਬੇ ਕੁਚਲੇ ਨੇ ..ਅੱਜ ਉਸੇ ਮਿੱਟੀ ਰੰਗੇ ਮਾਨਸਾ ਦੇ ਇਕ ਪਿੰਡ ਮੌਜੋ ਕਲਾਂ ਵਿਚ ਮੇਵਾ ਸਿੰਘ ਦਰਜੀ ਦਾ ਪਰਿਵਾਰ ਇਕ ਤਰਲਾ ਲੈ ਰਿਹਾ ਹੈ ਕਿ ਉਸ ਦੇ ਭੀੜੇ ਘਰ ਦਾ ਇਕ ਬੂਹਾ ਖੁੱਲ੍ਹੀ ਗਲੀ ਵੱਲ ਖੁੱਲ੍ਹ ਜਾਵੇ..ਉਸ ਦੇ ਚਿਹਰੇ 'ਤੇ ਤਣਾਅ ਹੈ.. ਹੰਝੂ ਉਸ ਨੇ ਕਿਤੇ ਅੰਦਰ ਡੱਕੇ ਹੋਏ ਨੇ.. ਇਨ੍ਹਾਂ ਹੰਝੂਆਂ ਨੂੰ ਉਹਦਾ ਬਾਪ ਬਾਬੂ ਸਿੰਘ ਸਾਰੀ ਜ਼ਿੰਦਗੀ ਰੋਕ ਰੋਕ ਕੇ ਰੱਖਦਾ ਰਿਹਾ ਪਰ ਪੱਲੇ ਕੁਝ ਨਾ ਪਿਆ..ਇਸ ਮਜਦੂਰ ਪਰਿਵਾਰ ਦੇ ਘਰ ਦੀ ਦੀਵਾਰ ਉਸੇ ਗਲੀ ਨਾਲ ਲੱਗਦੀ ਹੈ, ਜਿਸ ਗਲੀ ਦੇ ਦੂਜੇ ਪਾਸੇ ਜੱਟਾਂ ਦੇ ਘਰਾਂ ਦੀਆਂ ਦੀਵਾਰਾਂ ਲੱਗਦੀਆਂ ਨੇ.. ਪਰ ਗਲੀ ਦੇ ਦੂਜੇ ਪਾਸੇ ਦੀਵਾਰਾਂ ਵਿੱਚੋਂ ਬਾਰ (ਗੇਟ) ਖੁੱਲ੍ਹੇ ਹੋਏ ਨੇ.. ਇਸ ਪਰਿਵਾਰ ਨੂੰ ਇਜਾਜ਼ਤ ਨਹੀਂ ਹੈ ਕਿ ਉਹ ਆਪਣੇ ਘਰ ਦਾ ਗੇਟ ਉਸ ਗਲੀ ਵੱਲ ਖੋਲ੍ਹ ਸਕੇ.ਮੇਵਾ ਸਿੰਘ ਦੇ ਬਾਪ ਬਾਬੂ ਸਿੰਘ ਨੇ ਗੇਟ ਖੋਲ੍ਹਣ ਦੀ ਕੋਸ਼ਿਸ਼ ਕੀਤੀ ਸੀ, ਪਰ ਜਾਤੀ ਦਾਬੇ ਅੱਗੇ ਹਾਰ ਗਿਆ ਸੀ।

ਬਾਬੂ ਸਿੰਘ ਜੱਟਾਂ ਦੇ ਖੇਤਾਂ ਵਿਚ ਸੀਰਪੁਣਾ ਕਰਦਾ ਸੀ..ਉਸ ਦੀ ਲੱਤ ਟੁੱਟੀ, ਪੈਰ 'ਤੇ ਸੱਪ ਲੜਿਆ, ਉਸ ਥਾਂ 'ਤੇ ਜਖਮ ਹੋਇਆ, ਉਸੇ ਜ਼ਖ਼ਮ ਨੂੰ ਮੱਝ ਦੇ ਖੁਰ ਨੇ ਵੱਢਿਆ.. ਤੇ ਅਖੀਰ ਉਸ ਨੂੰ ਆਪਣੀ ਲੱਤ ਵਢਾਉਣੀ ਪਈ..ਉਹ ਇਹ ਸਭ ਕੁਝ ਸਹਿ ਕੇ ਵੀ ਜ਼ਿੰਦਗੀ ਦੀ ਖਾਤਰ ਲੜਦਾ ਰਿਹਾ.. ਆਪਣੇ ਪਰਿਵਾਰ ਦੀ ਖਾਤਰ ਲੜਦਾ ਰਿਹਾ.. ਪਰ ਉਸ ਨੂੰ ਇਹ ਆਗਿਆ ਨਹੀਂ ਮਿਲੀ ਕਿ ਆਪਣੇ ਘਰ ਦਾ ਬੂਹਾ ਉਸ ਗਲੀ ਵੱਲ ਖੋਲ੍ਹ ਸਕੇ ਜਿੱਥੋਂ ਖੁੱਲ੍ਹੀ ਹਵਾ ਆਉਂਦੀ ਹੈ, ਤੇ ਘਰ ਅੰਦਰ ਕੋਈ ਵੱਡਾ ਸਾਧਨ ਆ ਸਕਦਾ ਹੈ..ਅੱਧ ਪਚੱਧੀ ਉਮਰ ਭੋਗ ਕੇ ਬਾਬੂ ਸਿੰਘ ਤੁਰ ਗਿਆ ਪਰ ਪਰਿਵਾਰ ਦਾ ਸੰਘਰਸ਼ ਮੁੱਕਿਆ ਨਹੀਂ!

ਉਸ ਦਾ ਪੁੱਤ ਮੇਵਾ ਸਿੰਘ ਦਰਜੀ ਹੈ..ਦੋ ਧੀਆਂ ਦਾ ਬਾਪ ਹੈ.. ਲੋਕਾਂ ਦੇ ਕੱਪੜੇ ਸਿਉਂਦਾ.. ਤਨ ਢਕਦਾ..ਪਰ ਜਾਤੀ ਦਾਬਾ ਉਸ ਨੂੰ ਪੈਰ ਪੈਰ 'ਤੇ ਨੰਗਿਆਂ ਕਰਨ ਦੀ ਕੋਸ਼ਿਸ਼ ਕਰਦਾ..ਉਹ ਪੰਚਾਇਤ ਕੋਲ ਵੀ ਗਿਆ.. ਪ੍ਰਸ਼ਾਸਨ ਕੋਲ ਵੀ ਗਿਆ.. ਪੁਲੀਸ ਕੋਲ ਵੀ ਗਿਆ.. ਪਰ ਉਸਦੀ ਕਿਤੇ ਨਹੀਂ ਸੁਣੀ ਗਈ..ਉਲਟਾ ਹੋਇਆ ਇਹ ਕਿ ਆਪਣੀ ਦੀਵਾਰ ਦੀ ਜਿਸ ਥਾਂ ਤੋਂ ਉਸ ਨੇ ਗੇਟ ਕੱਢਣਾ ਸੀ, ਉਸੇ ਥਾਂ 'ਤੇ ਇਕੱਠੇ ਹੋ ਕੇ ਇਕ ਥੜ੍ਹਾ ਬਣਾ ਦਿੱਤਾ ਗਿਆ ਤੇ ਉਸ ਥੜ੍ਹੇ ਉਤੇ ਹਨੂੰਮਾਨ ਦੀ ਮੂਰਤੀ ਟਿਕਾ ਦਿੱਤੀ ਗਈ ..ਸਮਾਜਿਕ ਦਾਬੇ ਵਾਲਿਆਂ ਧਰਮ ਨੂੰ ਹਥਿਆਰ ਬਣਾ ਲਿਆ ਤੇ ਮੇਵਾ ਸਿੰਘ ਕੌੜਾ ਘੁੱਟ ਪੀ ਕੇ ਬਹਿ ਗਿਆ..

'ਸਾਡਾ' ਸਿਰਫ਼ ਵੱਸ ਨਹੀਂ ਚੱਲ ਰਿਹਾ.. ਨਹੀਂ ਤਾਂ ਅਸੀਂ ਬੇ-ਗਮ-ਪੁਰਾ ਵਸਾਉਣ ਵਾਲੇ ਦੀ ਬਾਣੀ ਬਾਹਰ ਕੱਢ ਦਿੰਦੇ..ਅਸੀਂ ਤਾਂ ਇੱਕ ਨਿੱਕਾ ਜਿਹਾ ਘਰ ਨਹੀਂ ਵੱਸਣ ਦੇ ਰਹੇ.. ਇਹ ਐ ਸਾਡੀ ਆਕੜ.. ਇਹ ਐ ਸਾਡਾ ਸੱਚ!..ਅੱਜ ਕੋਈ ਧਾਰਮਿਕ ਅਦਾਰਾ ਅੱਗੇ ਨਹੀਂ ਆਏਗਾ, ਉਨ੍ਹਾਂ ਜੱਟਾਂ ਦਾ ਬਾਈਕਾਟ ਕਰਨ ਲਈ, ਇਹ ਕਹਿ ਕੇ ਕਿ ਤੁਸੀਂ ਗੁਰੂ ਦੀ ਬਾਣੀ ਦਾ ਅਪਮਾਨ ਕਰ ਰਹੇ ਹੋ, ਨਿਰਾਦਰ ਕਰ ਰਹੇ ਹੋ, ਇੱਕ ਗ਼ਰੀਬ ਨਾਲ ਧੱਕਾ ਕਰਕੇ!..ਅੱਜ ਸਾਰੀ ਭਗਤੀ ਲਹਿਰ ਸ਼ਰਮਿੰਦਗੀ ਮਹਿਸੂਸ ਕਰ ਰਹੀ ਹੋਵੇਗੀ, ਜਿਸ ਨੇ ਇਨਸਾਨ ਨੂੰ ਇਨਸਾਨ ਸਮਝਣ ਲਈ ਬਾਗੀ ਸੁਰ ਅਲਾਪੇ ਸਨ..ਖ਼ਾਲਸਾ ਪੰਥ ਸਾਜਣ ਵਾਲਾ ਜ਼ਰੂਰ ਪਸ਼ੇਮਾਨ ਹੋਵੇਗਾ, ਇਸ ਗੱਲ ਤੋਂ ਕਿ ਮੈਂ ਤਾਂ ਸਭ ਨੂੰ ਬਰਾਬਰ ਕਰ ਦਿੱਤਾ ਸੀ, ਤੁਸੀਂ ਅੱਜ ਵੀ ਇਨ੍ਹਾਂ ਨੂੰ ਢਾਈ ਸੌ 'ਚ ਵਿਕਣ ਵਾਲੀ ਢੇਡ ਕਹਿੰਦੇ ਹੋ..ਅੱਜ ਵੀ ਉਹ ਜਾਤੀ ਹੰਕਾਰ ਕਿਤੇ ਨਹੀਂ ਗਿਆ, ਜਿਹੜਾ ਇਹ ਕਹਿੰਦਾ ਹੈ, "ਇਕ ਵਾਰ ਇਹਨਾਂ ਚਮਿਆਰਾਂ ਦੀ ਮੰਨ ਲਈ, ਤਾਂ ਇਹ ਸਿਰ 'ਤੇ ਬਹਿ ਜਾਣਗੇ!"

ਫਿਜਾ ਵਿੱਚ ਕਿਸਾਨ ਮਜ਼ਦੂਰ ਏਕਤਾ ਦੇ ਨਾਅਰੇ ਵੱਜ ਰਹੇ ਹਨ.. ਕੀ ਉਹ ਨਾਅਰੇ ਹਵਾ 'ਚ ਹੀ ਹਨ! ਜਾਂ ਹਕੀਕੀ ਪੱਧਰ 'ਤੇ ਵੀ ਉਨ੍ਹਾਂ ਵਿੱਚ ਕੁਝ ਦਮ ਹੈ..ਜਲੂਰ ਦਾ ਕਾਂਡ ਸਾਡੇ ਸਾਹਮਣੇ ਹੈ.. ਪ੍ਰੇਰਨਾ ਸਰੋਤ ਹੈ, ਜਿੱਥੇ ਜਾਤੀ ਹੰਕਾਰ 'ਚ ਅੰਨ੍ਹੇ ਹੋ ਕੇ ਉਨ੍ਹਾਂ ਵਿਹੜੇ ਵਾਲੀ ਮਾਤਾ ਗੁਰਦੇਵ ਕੌਰ ਦੀਆਂ ਲੱਤਾਂ ਭੰਨੀਆਂ ਸਨ.. ਉਹ ਮਾਂ ਮਰ ਗਈ ਸੀ..ਮਜ਼ਦੂਰਾਂ ਨੂੰ ਆਪਣੀ ਗਲਵੱਕੜੀ ਵਿੱਚ ਲੈਣ ਲਈ ਕਿਸਾਨ ਜਥੇਬੰਦੀਆਂ ਉੱਥੇ ਪਹੁੰਚੀਆਂ ਸਨ.. ਅੱਜ ਮਾਨਸਾ ਜ਼ਿਲ੍ਹੇ ਦਾ ਮੌਜੋ ਕਲਾਂ ਵੀ ਉਸ ਬਿਰਤਾਂਤ ਦੀ ਉਡੀਕ ਕਰ ਰਿਹਾ ਹੈ..ਕੱਲ੍ਹ 24 ਦਿਸੰਬਰ ਨੂੰ ਮਿਲਕੇ ਮੇਵਾ ਸਿੰਘ ਦੇ ਘਰ ਦਾ ਗੇਟ ਗਲੀ ਵੱਲ ਖੋਲ੍ਹਣ ਦਾ ਐਲਾਨ ਹੋ ਚੁੱਕਾ ਹੈ..ਇਹ ਪਰਖ ਦੀ ਘੜੀ ਹੈ.. ਹਰ ਸੰਵੇਦਨਸ਼ੀਲ ਇਨਸਾਨ ਲਈ ਜੋ ਇਨਸਾਨੀਅਤ ਅੱਗੇ ਸਲਾਮ ਕਰਦਾ ਹੈ..ਤੇ ਯਾਦ ਰਹੇ, ਹਮੇਸ਼ਾਂ ਮਾਹੌਲ ਠੀਕ ਰੱਖਣ ਦਾ ਸਾਜਿਸੀ ਤਰਲਾ ਗਰੀਬ ਕੋਲ ਨਾ ਮਾਰਿਆ ਜਾਵੇ, ਮਾਹੌਲ ਠੀਕ ਰੱਖਣ ਦੀ ਜ਼ਿੰਮੇਵਾਰੀ ਕਦੀ ਖੁਦ ਵੀ ਲਈਏ!!..

ਇਹ ਹੁਣ ਸਿਰਫ਼ ਇੱਕ ਘਰ ਦਾ ਗੇਟ ਨਹੀਂ ਹੈ.. ਇਹ ਸਦੀਆਂ ਤੋਂ ਸਹਿਕਦੀ ਜ਼ਿੰਦਗੀ ਦਾ ਗੇਟ ਹੈ.. ਤੇ ਇਸਨੇ ਇਕ ਨਾ ਇਕ ਦਿਨ ਖੁੱਲ੍ਹਣਾ ਹੀ ਹੈ ..ਸਵਾਲਾਂ 'ਚੋਂ ਸਵਾਲ ਸਿਰਫ਼ ਇਹ ਹੈ ਕਿ ਕੌਣ ਜ਼ਿੰਦਗੀ ਦਾ ਗੇਟ ਖੋਲ੍ਹਣ ਵਾਲੇ ਪਾਸੇ ਹੈ ਤੇ ਕੌਣ ਭੇੜਨ ਵਾਲੇ ਪਾਸੇ!.. ਫ਼ੈਸਲੇ ਦੀ ਘੜੀ ਟਿੱਕ ਟਿੱਕ ਕਰ ਰਹੀ ਹੈ... ਕੀ ਤੁਹਾਡੇ ਮੱਥੇ 'ਚ ਵੱਜ ਰਹੀ ਹੈ?? ਮੇਰੇ ਬਹੁਤ ਜ਼ੋਰ ਨਾਲ ਵੱਜ ਰਹੀ ਹੈ!!

ਬੇ-ਗਮ-ਪੁਰਾ ਦਾ ਚਾਹਵਾਨ

**ਸਾਹਿਬ ਸਿੰਘ**

11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

### ਕੰਮੀਆਂ ਦੇ ਵਿਹੜੇ

ਮਿਲ ਕੇ ਢਾਹੁਣੇ ਪੈਣਗੇ ਉੱਚੇ ਤਖਤ ਬਨੇਰੇ
ਇੰਝ ਨਹੀਂ ਮਘਣਾ ਸੂਰਜਾਂ ਕੰਮੀਆ ਦੇ ਵਿਹੜੇ।

ਮੱਤ ਦੇਣੀ ਪਊ ਅਬਦਾਲੀਆਂ ਨੂੰ
ਧਿਰਾਂ ਲੁੱਟਣ ਕੁੱਟਣ ਵਾਲੀਆਂ ਨੂੰ
ਤੇ ਨਾਢੂ ਖਾਂ ਦੀਆਂ ਸਾਲੀਆਂ ਨੂੰ
ਫੜ ਗੁੱਤੋਂ ਗੇੜੇ.....

ਅੱਜ ਹੈ ਜੁਲਮ ਦਾ ਜੋਰ ਬੜਾ
ਤੇ ਚੁੱਪ ਤੇ ਛਾਇਆ ਸ਼ੋਰ ਬੜਾ
ਇਹ ਬਹੁਤਾ ਨਹੀਂ ਏ ਦੌਰ ਬੜਾ
ਪੈਣੇ ਕਰਨੇ ਜੇਰੇ....

ਹੁਣ ਢੇਰੀ ਢਾਹਿਆਂ ਨਹੀ ਸਰਨਾ
ਕਿਤੇ ਬਹੁੜੀਆਂ ਪਾਇਆਂ ਨਹੀ ਸਰਨਾ
ਸਲਫਾਸਾਂ ਖਾਇਆਂ ਨਹੀ ਸਰਨਾ
ਹੁਣ ਹੱਥ ਲੰਮੇਰੇ....

ਹਾਲਾਤ ਹੀ ਹਾਣੀ ਬਣਦੇ ਨੇ
ਹਾਲਾਤ ਹੀ ਤਾਣੀ ਤਣਦੇ ਨੇ
ਹਾਲਾਤ ਹੀ ਊਧਮ ਜਣਦੇ ਨੇ
ਹਾਲਾਤ ਵਡੇਰੇ....

ਗੱਗਬਾਣੀ ਪਈ ਵੰਗਾਰਦੀ ਏ
ਸਮਰੱਥਾਂ ਬੋਲੀ ਮਾਰਦੀ ਏ
ਜੰਗ ਆਰ ਦੀ ਏ ਜਾ ਪਾਰ ਦੀ ਏ
ਹੁਣ ਹੋਊ ਨਬੇੜੇ
ਇੰਝ ਨਹੀ ਮਘਣਾ ਸੂਰਜਾਂ ਕੰਮੀਆਂ ਦੇ ਵਿਹੜੇ।

-ਸੁਰਜੀਤ ਗੱਗ









# ਕਿਸਾਨ ਲੀਡਰਸ਼ਿਪ ਤੇ ਚੋਣਾਂ



ਕਿਸਾਨ ਸੰਘਰਸ਼ 'ਚ ਹਰਮਨ ਪਿਆਰੀ ਹੋਈ ਕਿਸਾਨ ਲੀਡਰਸ਼ਿਪ ਦੇ ਕਿਸੇ ਹਿੱਸੇ ਵੱਲੋਂ ਜੇਕਰ ਚੋਣਾਂ ਰਾਹੀਂ ਵਿਧਾਨ ਸਭਾ 'ਚ ਪੁੱਜ ਕੇ ਲੋਕਾਂ ਦੀ ਭਲਾਈ ਕਰ ਸਕਣ ਦਾ ਕੋਈ ਦਾਅਵਾ ਕੀਤਾ ਜਾ ਰਿਹਾ ਹੈ ਤਾਂ ਇਹ ਇੱਕ ਬਹੁਤ ਵੱਡਾ ਭਰਮ ਹੈ। ਇਹ ਕਈ ਪੱਖਾਂ ਤੋਂ ਹੈ, ਇਸ ਵਿੱਚ ਬਹੁਤ ਸਾਰੇ ਨੁਕਤੇ ਸ਼ਾਮਲ ਹਨ। ਬਾਕੀਆਂ ਦੀ ਚਰਚਾ ਕਦੇ ਫੇਰ ਲਈ ਛੱਡਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਕਿਸਾਨ ਸੰਘਰਸ਼ ਚੋਂ ਪੈਦਾ ਹੋਈ ਜਿਸ ਚੇਤਨਾ ਨੂੰ ਆਧਾਰ ਬਣਾ ਕੇ ਅਜਿਹਾ ਸੋਚਿਆ ਜਾ ਰਿਹਾ ਹੈ ਉਸ ਬਾਰੇ ਵੀ ਸਹੀ ਜਾਇਜ਼ਾ ਬਣਾਉਣ ਦੀ ਲੋੜ ਹੈ।

ਇਹ ਠੀਕ ਹੈ ਕਿ ਕਿਸਾਨ ਸੰਘਰਸ਼ ਨੇ ਲੋਕਾਂ ਅੰਦਰ ਕਾਫੀ ਵੱਡੇ ਪੈਮਾਨੇ 'ਤੇ ਹੱਕਾਂ ਬਾਰੇ ਚੇਤਨਾ ਦਾ ਪਸਾਰਾ ਕੀਤਾ ਹੈ। ਹੱਕਾਂ ਬਾਰੇ ਜਾਗ੍ਰਿਤੀ ਵਧੀ ਹੈ। ਇਸ ਵਧੀ ਹੋਈ ਚੇਤਨਾ 'ਚ ਸਿਆਸੀ ਚੇਤਨਾ ਦੇ ਅੰਸ਼ ਵੀ ਸ਼ਾਮਲ ਹਨ। ਪਰ ਇਹ ਵਧ ਰਹੀ ਜਾਗ੍ਰਿਤੀ ਅਜੇ ਪੂਰੀ ਸਿਆਸੀ ਚੇਤਨਾ 'ਚ ਨਹੀਂ ਵਟੀ ਹੈ। ਅਜੇ ਲੋਕਾਂ ਦੀ ਚੇਤਨਾ 'ਤੇ ਹਾਕਮ ਜਮਾਤਾਂ ਦੀ ਸਿਆਸਤ ਦੀ ਸਰਦਾਰੀ ਹੈ। ਚਾਹੇ ਕਿਸਾਨ ਸੰਘਰਸ਼ ਰਾਹੀਂ ਇਸ ਸਰਦਾਰੀ ਨੂੰ ਕੁੱਝ ਖੋਰਾ ਪਿਆ ਹੈ ਪਰ ਇਹ ਅਜੇ ਮੁੱਢਲੇ ਪੱਧਰ 'ਤੇ ਹੈ, ਸੀਮਤ ਹੈ। ਅਜਿਹੇ ਸੰਘਰਸ਼ਾਂ ਦੇ ਅਮਲ ਰਾਹੀਂ ਤੇ ਇਨਕਲਾਬੀ ਸਿਆਸੀ ਚੇਤਨਾ ਦੇ ਪ੍ਰਚਾਰ ਰਾਹੀਂ ਹੀ ਲੋਕਾਂ ਦੀ ਆਪਣੀ ਸਿਆਸਤ ਨਾਲ ਜਾਣ ਪਛਾਣ ਹੋਣੀ ਹੈ। ਲੋਕਾਂ ਦੀ ਆਪਣੀ ਹਕੀਕੀ ਸਿਆਸਤ ਅਜੇ ਉੱਭਰੀ ਹੋਈ ਨਹੀਂ। ਲੋਕਾਂ ਨੂੰ ਸਿਆਸੀ ਮੁੱਦਿਆਂ ਬਾਰੇ ਸੋਝੀ ਅਜੇ ਊਣੀ ਹੈ। ਇੱਥੋਂ ਤਕ ਕਿ ਕਿਸਾਨ ਜਨਤਾ ਅੰਦਰ ਵੀ ਖੇਤੀ ਸੰਕਟ ਦੇ ਹੱਲ ਬਾਰੇ ਕੋਈ ਸਪੱਸ਼ਟ ਮੁੱਦੇ ਤੇ ਧਾਰਨਾਵਾਂ ਮੌਜੂਦ ਨਹੀਂ ਹਨ। ਸੰਕਟ ਦੇ ਹੱਲ ਦਾ ਬਦਲਵਾਂ ਪ੍ਰੋਗਰਾਮ ਵੀ ਉੱਭਰਿਆ ਹੋਇਆ ਨਹੀਂ ਹੈ। ਅਜੇ ਵੀ ਹੱਲ ਵਜੋਂ ਕਰਜ਼ ਮੁਆਫ਼ੀ ਜਾਂ ਕੁਝ ਨਿਗੂਣੀਆਂ ਰਾਹਤਾਂ ਤਕ ਦੀ ਹੀ ਤਵੱਕੋ ਕੀਤੀ ਜਾਂਦੀ ਹੈ। ਅਜਿਹੀ ਹਾਲਤ 'ਚ ਹਾਕਮਾਂ ਦੀ ਵੋਟ ਖੇਡ ਵਿੱਚ ਧੂਹੇ ਜਾਣ ਦਾ ਅਰਥ ਜਥੇਬੰਦ ਕਿਸਾਨ ਤਾਕਤ ਨੂੰ ਲੋਕ ਦੋਖੀ ਸਿਆਸਤੀ ਫੇਟ ਮਰਾ ਬੈਠਣਾ ਹੋਵੇਗਾ। ਇਸ ਲਈ ਮੌਜੂਦਾ ਦੌਰ ਅੰਦਰ ਕਿਸਾਨਾਂ ਦੀ ਏਕਤਾ ਨੂੰ ਬਚਾ ਕੇ ਰੱਖਣਾ ਤੇ ਖੇਤੀ ਸੰਕਟ ਦੇ ਹੱਲ ਦੇ ਬੁਨਿਆਦੀ ਮੁੱਦਿਆਂ ਨੂੰ ਉਭਾਰਨਾ ਹੀ ਢੁਕਵਾਂ ਪੈਂਤੜਾ ਬਣਦਾ ਹੈ।

ਜਿੱਥੋਂ ਤਕ ਲੋਕ ਪੱਖੀ ਸਿਆਸੀ ਤਬਦੀਲੀ ਦਾ ਸੁਆਲ ਹੈ ਇਹ ਕਾਰਜ ਲੋਕਾਂ ਦੀ ਇਨਕਲਾਬੀ ਪਾਰਟੀ ਦਾ ਕਾਰਜ ਬਣਦਾ ਹੈ। ਤਬਕਿਆਂ ਦੀਆਂ ਆਰਥਿਕ ਮੰਗਾਂ 'ਤੇ ਬਣੀਆਂ ਜਨਤਕ ਜਥੇਬੰਦੀਆਂ ਇਹ ਕਾਰਜ ਨਾ ਓਟ ਸਕਦੀਆਂ ਹਨ ਤੇ ਨਾਂ ਨੇਪਰੇ ਚਾੜ੍ਹ ਸਕਦੀਆਂ ਹਨ। ਲੋਕਾਂ ਨੂੰ ਅਜਿਹੀ ਇਨਕਲਾਬੀ ਸਿਆਸਤ ਤੇ ਬਦਲਵੇਂ ਲੋਕ ਪੱਖੀ ਪ੍ਰੋਗਰਾਮ ਨੂੰ ਪ੍ਰਣਾਈ ਤੇ ਲੋਕਾਂ ਦੇ ਜਮਾਤੀ ਘੋਲਾਂ ਦੀ ਅਗਵਾਈ ਕਰਨ ਵਾਲੀ ਪਾਰਟੀ ਸਿਰਜਣੀ ਪੈਣੀ ਹੈ। ਲੋਕ ਅਜਿਹੇ ਬਦਲਵੇਂ ਪ੍ਰੋਗਰਾਮ ਤੇ ਪਾਰਟੀ ਦੀ ਤਲਾਸ਼ ਵਿੱਚ ਹਨ। ਲੋਕਾਂ ਦੇ ਅੰਗ ਵਜੋਂ ਕਿਸਾਨ ਜਥੇਬੰਦੀਆਂ ਤਾਂ ਖੁਦ ਅਜਿਹੀ ਤਲਾਸ਼ ਕਰਨ ਵਾਲਿਆਂ 'ਚ ਸ਼ੁਮਾਰ ਹਨ। ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਅਜਿਹੀ ਤਲਾਸ਼ ਲਈ ਹੋਰ ਬਿਹਤਰ ਆਧਾਰ ਸਿਰਜਣ ਚ ਹਿੱਸਾ ਪਾ ਰਹੇ ਹਨ।

-ਪਾਵੇਲ ਕੁੱਸਾ

Punjabi Rang Radio
CIAO AM530 (TORONTO)
11 PM-12AM (TORONTO)
Every Saturday
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919

HOMELIFE HIGHER STANDARDS
HomeLife SilverCity Realty Inc. BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call
Call: 416.209.6363
Hardeep Atwal Sr. Financial Advisor

GALAXY Freightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਰਿਆਇਤਾਂ ਅਤੇ ਲੁਭਾਉਣੇ ਸੁਪਨੇ, ਗਰੀਬ ਦਾ ਢਿੱਡ ਨਹੀਂ ਭਰ ਸਕਦੇ




ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070


ਇਹ ਕਿਹੋ ਜਿਹਾ ਵਿਕਾਸ ਹੈ ਕਿ ਇੱਕ ਪਾਸੇ ਦੇਸ਼ ਦੀ ਅਰਥ ਵਿਵਸਥਾ ਉਛਾਲ ਮਾਰ ਰਹੀ ਹੈ ਅਤੇ ਦੂਜੇ ਪਾਸੇ ਬੇਰੁਜ਼ਗਾਰੀ ਛਾਲਾਂ ਮਾਰ ਰਹੀ ਹੈ।

ਪਿਛਲੇ ਦੋ ਵਰ੍ਹਿਆਂ ਵਿੱਚ ਬਾਰਾਂ ਕਰੋੜ ਤੋਂ ਜ਼ਿਆਦਾ ਰੁਜ਼ਗਾਰ ਘਟੇ ਹਨ ਅਤੇ 2025 ਦੇ ਆਉਂਦੇ-ਆਉਂਦੇ ਇਤਨੇ ਹੀ ਹੋਰ ਰੁਜ਼ਗਾਰ ਘੱਟ ਹੋ ਜਾਣਗੇ। ਭਾਵ ਇਹ ਕਿ ਪੱਚੀ ਕਰੋੜ ਲੋਕ ਨਵੇਂ ਬੇਰੁਜ਼ਗਾਰ ਹੋ ਜਾਣਗੇ।

ਕਿਹਾ ਜਾ ਰਿਹਾ ਹੈ ਕਿ ਆਰਥਕ ਵਾਧੇ ਦੀ ਦਰ ਡੇਢ ਫ਼ੀਸਦੀ ਹੈ। ਸਵਾਲ ਉਠਦਾ ਹੈ ਕਿ ਤਾਂ ਫਿਰ ਬੇਰੁਜ਼ਗਾਰੀ ਕਿਉਂ ਵੱਧ ਰਹੀ ਹੈ? ਇਹ ਇੱਕ ਬੁਝਾਰਤ ਹੈ, ਜਿਸਨੂੰ ਸਮਝਣਾ ਪਵੇਗਾ।

**ਗਰੀਬਾਂ ਨੂੰ ਰਿਆਇਤਾਂ**

ਇਹ ਇੱਕ ਸੱਚਾਈ ਹੈ ਕਿ ਪੂੰਜੀਵਾਦ ਗਰੀਬਾਂ ਅਤੇ ਕਮਜ਼ੋਰਾਂ ਨੂੰ ਮਿੱਧਕੇ, ਉਹਨਾ ਦੀ ਲਾਸ਼ ਉਤੇ ਪਨਪਦਾ ਹੈ, ਪਰ ਉਹਨਾ ਦੇ ਜੀਵਨ ਨੂੰ ਲਾਸ਼ ਬਨਣ ਤੱਕ ਦੀ ਯਾਤਰਾ ਦੇ ਲਈ ਉਸਨੂੰ ਜੀਊਂਦਾ ਰੱਖਣ ਲਈ ਚੀਜ਼ਾਂ ਦੇ ਮੁੱਲ ਘੱਟ ਰੱਖਣਾ, ਅਰਥਾਤ ਰਾਜ ਕੋਸ਼ ਵਿਚੋਂ ਉਹਨਾ ਨੂੰ ਘੱਟ ਦਰਾਂ ਉਤੇ ਅਨਾਜ਼ ਆਦਿ ਮੁਹੱਈਆ ਕਰਵਾਉਣਾ ਜ਼ਰੂਰਤ ਬਣਾ ਦਿੱਤੀ ਗਈ ਹੈ। ਦੇਸ਼ ਦੀ ਕੁੱਲ ਆਬਾਦੀ 133 ਕਰੋੜ ਵਿਚੋਂ ਦੋ ਤਿਹਾਈ ਆਬਾਦੀ ਨੂੰ ਨੈਸ਼ਨਲ ਫੂਡ ਸਕਿਊਰਿਟੀ ਐਕਟ 2013 ਅਧੀਨ ਇੱਕ ਰੁਪਿਆ ਕਿਲੋ ਕਣਕ ਅਤੇ ਚਾਵਲ ਦੇਣਾ ਤਹਿ ਕੀਤਾ ਗਿਆ ਹੈ। ਮੱਧ ਵਰਗ ਨੂੰ ਖੁਸ਼ ਅਤੇ ਆਪਣੇ ਵੱਲ ਖਿੱਚਕੇ ਰੱਖਣ ਲਈ ਮਹਿੰਗਾਈ ਘੱਟ ਕਰਨ ਅਤੇ ਲੋੜ ਦੀਆਂ ਚੀਜ਼ਾਂ ਸੌਖਿਆਂ ਉਪਲਬੱਧ ਕਰਾਉਣਾ ਵੀ ਜ਼ਰੂਰੀ ਸਮਝਿਆ ਜਾ ਰਿਹਾ ਹੈ।

**ਗਰੀਬ ਅਮੀਰ ਦਾ ਪਾੜਾ**

7 ਦਸੰਬਰ 2021 ਨੂੰ ਦੁਨੀਆਂ ਦੇ ਸੌ ਅਰਥ ਸ਼ਾਸ਼ਤਰੀਆਂ ਨੇ "ਵਿਸ਼ਵ ਅਸਮਾਨਤਾ" ਰਿਪੋਰਟ ਜਾਰੀ ਕੀਤੀ ਹੈ। ਇਹ ਰਿਪੋਰਟ ਉਸ ਰਿਪੋਰਟ ਤੋਂ ਵੱਖਰੀ ਹੈ ਜੋ ਪਿਛਲੇ ਕੁਝ ਵਰ੍ਹਿਆਂ ਤੋਂ ਆਕਸਫੋਰਡ ਅਤੇ ਕੈਂਬਰਿਜ਼ ਯੂਨੀਵਰਸਿਟੀਆਂ ਵਲੋਂ ਜਾਰੀ ਕੀਤੀ ਜਾਂਦੀ ਹੈ। ਭਾਰਤ ਸਬੰਧੀ ਇਸ ਰਿਪੋਰਟ ਵਿੱਚ ਦਿੱਤੇ ਗਏ ਅੰਕੜੇ ਬਹੁਤ ਹੀ ਗੰਭੀਰ ਅਤੇ ਫ਼ਿਕਰ ਕਰਨ ਵਾਲੇ ਹਨ। ਇਹੋ ਜਿਹੀਆਂ ਰਿਪੋਰਟਾਂ ਦਾ ਭਾਰਤ ਸਰਕਾਰ ਨੇ ਕਦੇ ਖੰਡਨ ਨਹੀਂ ਕੀਤਾ। ਇਸ ਰਿਪੋਰਟ ਅਨੁਸਾਰ ਭਾਰਤ ਦੀ ਅੱਧੀ ਆਬਾਦੀ ਭਾਵ 65 ਕਰੋੜ ਲੋਕਾਂ ਦੀ ਕਮਾਈ ਇਸ ਸਾਲ 13 ਫ਼ੀਸਦੀ ਘੱਟ ਹੋਈ ਹੈ। ਪਿਛਲੇ ਵਰ੍ਹੇ ਇਹ ਤਾਲਾਬੰਦੀ ਦੇ ਦੌਰ ਵਿੱਚ 30 ਫ਼ੀਸਦੀ ਘੱਟ ਹੋਈ ਸੀ।

ਰਿਪੋਰਟ ਵਿੱਚ ਹੋਰ ਵੀ ਅਚੰਭੇ ਵਾਲੀਆਂ ਗੱਲਾਂ ਦਰਸਾਈਆਂ ਗਈਆਂ ਹਨ। ਇਕ ਇਹ ਕਿ ਦੇਸ਼ ਭਾਰਤ ਦੀ ਅੱਧੀ ਆਬਾਦੀ ਕੋਲ ਜਾਇਦਾਦ ਦੇ ਨਾਮ ਜਿਹਾ ਕੁਝ ਵੀ ਨਹੀਂ ਹੈ। ਦੇਸ਼ ਦੀ ਆਬਾਦੀ ਦੇ 50 ਫ਼ੀਸਦੀ ਕੋਲ ਔਸਤਨ 66,230 ਰੁਪਏ ਪ੍ਰਤੀ ਵਿਅਕਤੀ ਜਾਇਦਾਦ ਹੈ, ਜੋ ਦੇਸ਼ ਦੀ ਕੁਝ ਜਾਇਦਾਦ ਦਾ ਸਿਰਫ਼ 6 ਫ਼ੀਸਦੀ ਹੈ। ਇਸ ਜਾਇਦਾਦ ਦਾ ਅੱਜ ਅਰਥ ਕੀ ਹੈ? ਇਸ ਰਕਮ ਨਾਲ ਤਾਂ ਰਹਿਣ ਲਈ ਇੱਕ ਕਮਰਾ ਵੀ ਨਹੀਂ ਬਣ ਸਕਦਾ।

**ਅੰਕੜਿਆਂ ਦੀ ਖੇਡ**

ਔਸਤ ਦੇ ਅੰਕੜਿਆ ਦਾ ਖੇਲ ਵੀ ਨਿਰਾਲਾ ਹੈ। ਜਦੋਂ ਗਰੀਬ ਦੀ ਜਾਇਦਾਦ ਦੀ ਔਸਤ ਕੱਢੀ ਜਾਂਦੀ ਹੈ ਤਾਂ ਅਮੀਰਾਂ ਦੀ ਜਾਇਦਾਦ ਵੀ ਉਸ ਵਿੱਚ ਸ਼ਾਮਲ ਕੀਤੀ ਹੁੰਦੀ ਹੈ। ਜਿਸਦੇ ਕੋਲ ਲੱਖਾਂ ਕਰੋੜਾਂ ਦੀ ਜਾਇਦਾਦ ਹੈ ਅਤੇ ਅਮੀਰਾਂ ਦੀ ਜਾਇਦਾਦ ਦੀ ਔਸਤ ਕੱਢਦੇ ਸਮੇਂ ਉਹ ਪੰਜਾਹ ਫ਼ੀਸਦੀ ਵੀ ਵਿੱਚ ਸਾਮਲ ਹੁੰਦੇ ਹਨ ਜਿਹਨਾ ਕੋਲ ਕਹਿਣ ਲਈ ਔਸਤ ਜਾਇਦਾਦ ਲਗਭਗ 66 ਹਜ਼ਾਰ ਦੇ ਆਸਪਾਸ ਹੈ, ਪਰ ਇਹ ਅਸਲ ਵਿੱਚ 66 ਹਜ਼ਾਰ ਵੀ ਨਹੀਂ ਹੁੰਦੀ ਅਰਥਾਤ ਦੇਸ਼ ਦੀ ਸੰਪੂਰਨ ਆਬਾਦੀ ਦਾ ਮਿਲਿਆ ਜੁਲਿਆ ਔਸਤ ਕੱਢਣ ਲਈ ਅਮੀਰ ਦੀ ਜਾਇਦਾਦ ਘੱਟ ਅਤੇ ਗਰੀਬ ਦੀ ਜਾਇਦਾਦ ਵੱਧ ਆਂਕੀ ਜਾਂਦੀ ਹੈ।

ਮੱਧ ਵਰਗ ਦੀ ਗੱਲ ਕਰ ਲਵੋ। ਦੇਸ਼ ਦੇ ਕੁੱਲ ਆਬਾਦੀ ਵਿਚੋਂ ਇਹ ਆਬਾਦੀ 20 ਕਰੋੜ ਦੱਸੀ ਜਾਂਦੀ ਹੈ, ਇਹਨਾ ਦੀ ਕੁੱਲ ਔਸਤ ਜਾਇਦਾਦ 7,29,000 ਰੁਪਏ ਪ੍ਰਤੀ ਵਿਅਕਤੀ ਹੈ, ਜੋ ਦੇਸ਼ ਦੀ ਕੁੱਲ ਜਾਇਦਾਦ ਦਾ ਸਾਢੇ ਉਨੱਤੀ (29.5 ਫ਼ੀਸਦੀ) ਹੈ। ਅਰਥਾਤ ਦੇਸ਼ ਦੀ ਕੁੱਲ ਸੌ ਕਰੋੜ ਆਬਾਦੀ ਦੇ ਕੋਲ ਦੇਸ਼ ਦੀ ਕੁੱਲ ਜਾਇਦਾਦ ਦਾ 35 ਫ਼ੀਸਦੀ ਅਤੇ ਬਾਕੀ ਬਕਾਇਆ 65 ਫ਼ੀਸਦੀ ਅਮੀਰਾਂ ਦੀ ਜਾਇਦਾਦ ਹੈ।

ਦੇਸ਼ ਦੇ ਉਪਰਲੇ ਤੇਰਾਂ ਕਰੋੜ ਲੋਕਾਂ ਦੀ ਔਸਤਨ ਜਾਇਦਾਦ 63,54,00 ਪ੍ਰਤੀ ਵਿਅਕਤੀ ਹੈ ਅਤੇ ਦੇਸ਼ ਦੇ ਇੱਕ ਫ਼ੀਸਦੀ ਕੋਲ ਔਸਤਨ 3 ਕਰੋੜ 24 ਲੱਖ 49 ਹਜ਼ਾਰ ਰੁਪਏ ਹੈ ਜੋ ਦੇਸ਼ ਦੀ ਕੁਲ ਜਾਇਦਾਦ ਦਾ 33 ਫ਼ੀਸਦੀ ਹੈ।

ਭਾਰਤ ਦੇ ਨਾਗਰਿਕਾਂ ਦੀ ਆਂਕੀ ਗਈ ਆਮਦਨ ਔਸਤਨ 2 ਲੱਖ ਰੁਪਏ ਹੈ ਜਦਕਿ 50 ਫ਼ੀਸਦੀ ਕਮਾਊ ਬੰਦਿਆਂ ਦੀ ਆਮਦਨ ਸਿਰਫ਼ 53000 ਸਲਾਨਾ ਹੈ ਅਰਥਾਤ 4000 ਰੁਪਏ ਮਹੀਨਾ। ਇਹ ਭਾਰਤ ਦੀ ਅਸਲ ਤਸਵੀਰ ਹੈ। ਇਹਨਾ ਉਪਰੋਕਤ ਅੰਕੜਿਆਂ ਨੂੰ ਦੇਸ਼ ਦਾ ਹਾਕਮ ਲੁਕਾਉਂਦਾ ਹੈ। ਗਰੀਬਾਂ ਦੇ ਅੰਕੜਿਆਂ ਨੂੰ ਉਹਨਾ ਦੀ ਆਮਦਨ ਨੂੰ ਛੁਪਾ ਕੇ ਰੱਖਦਾ ਹੈ ਅਤੇ ਪ੍ਰਚਾਰ ਤੰਤਰ ਦੇ ਰਾਹੀਂ ਰਿਆਇਤਾਂ ਦੇ ਕੇ ਗਰੀਬਾਂ ਲਈ ਲੁਭਾਉਣੇ ਸੁਪਨੇ ਦਿਖਾਉਣ ਦੇ ਰਾਹ ਪਿਆ ਹੋਇਆ ਹੈ, ਜੋ ਅਸਲ ਵਿੱਚ ਉਹਨਾ ਦਾ ਢਿੱਡ ਨਹੀਂ ਭਰਦੇ।

ਦੇਸ਼ ਵਿੱਚ ਅਸਮਾਨਤਾ ਇੰਨੀ ਵੱਧ ਚੁੱਕੀ ਹੈ ਕਿ ਪੂੰਜੀਵਾਦੀ ਦੁਨੀਆ, ਹਾਕਮ ਅਤੇ ਪ੍ਰਚਾਰ ਤੰਤਰ ਗਰੀਬੀ ਮਿਟਾਉਣ ਜਾਂ ਬਰਾਬਰੀ ਦੀ ਚਰਚਾ ਕਰਨ ਤੋਂ ਬਚਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇਹ ਚਰਚਾ ਉਹਦੇ ਲਈ ਕਾਲ ਸਾਬਤ ਹੋਏਗੀ।

**ਵਿਕਾਸ ਅਤੇ ਬੇਰੁਜ਼ਗਾਰੀ**

ਦੇਸ਼ ਵਿੱਚ ਪਿਛਲੇ ਦੋ ਸਾਲਾਂ ਵਿੱਚ ਰੋਜ਼ਗਾਰ ਤੇਜ਼ੀ ਨਾਲ ਘਟਿਆ ਹੈ, ਜਦਕਿ ਭਾਰਤ ਸਰਕਾਰ ਅਰਥ ਵਿਵਸਥਾ ਦੇ ਵਿਕਾਸ ਦਾ ਦਾਅਵਾ ਕਰਦੀ ਹੈ। ਸਰਕਾਰੀ ਪੱਖ ਦਾ ਕਹਿਣਾ ਹੈ ਕਿ ਅਸੀਂ ਮਹਾਂਮਾਰੀ ਦੌਰ ਪਾਰ ਕਰ ਲਿਆ ਹੈ। ਉਹਨਾ ਦਾ ਕਹਿਣਾ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਵਿਕਾਸ ਵਾਧਾ ਦਰ 7.1 ਫ਼ੀਸਦੀ ਸੀ ਜੋ ਹੁਣ ਵਿਕਾਸ ਵਾਧਾ ਦਰ 8.4 ਫ਼ੀਸਦੀ ਹੋ ਗਈ ਹੈ। ਪਰ ਇਸਦੇ ਬਾਰੇ ਸਾਜ਼ਿਸ਼ੀ ਚੁੱਪੀ ਹੈ ਕਿ ਬੇਰੁਜ਼ਗਾਰੀ ਦਰ ਕਿਉਂ ਵੱਧ ਰਹੀ ਹੈ?

**ਸ਼ੜਜੰਤਰ**

ਸਰਕਾਰੀ ਅੰਕੜੇ ਧੋਖੇਬਾਜ਼ੀ ਕਰਦੇ ਹਨ। ਜਿਹੜੀ ਗੱਲ ਲੁਕਾਉਣ ਵਾਲੀ ਹੈ, ਉਹ ਲੁਕੋ ਲੈਂਦੇ ਹਨ,ਜਿਹੜੀ ਗੱਲ ਦਰਸਾਉਣ ਨਾਲ ਉਹਨਾ ਦਾ ਅਕਸ ਸਾਫ਼-ਸੁਥਰਾ ਲਗਦਾ ਹੈ, ਉਸਨੂੰ ਪ੍ਰਚਾਰ


(ਬਾਕੀ ਸਫਾ 15 'ਤੇ)










# ‘ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ’ ਵੱਲੋਂ

# ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੈਕਚਰ






**ਬਲਜਿੰਦਰ ਸਿੰਘ**

‘ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ’ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਲੈਕਚਰ ਭਗਵੰਤ ਨਾਥ ਡੇਰਾ ਸੁਨਾਮ ਵਿਖੇ ਕਰਵਾਇਆ ਗਿਆ।

ਇਸ ਸਮਾਗਮ ਦੇ ਮੁੱਖ ਬੁਲਾਰੇ ਡਾ. ਚਮਨ ਲਾਲ( ਸਾਬਕਾ ਪ੍ਰੋਫੈਸਰ ਜਵਾਹਰ ਲਾਲ ਯੂਨੀਵਰਸਿਟੀ ਦਿੱਲੀ) ਸਨ। ਪ੍ਰੋਫੈਸਰ ਚਮਨ ਲਾਲ ਜੀ ਭਾਰਤ ਦੇ ਉੱਘੇ ਖੋਜੀ ਇਤਿਹਾਸਕਾਰ ਹਨ ਜਿਨ੍ਹਾਂ ਨੇ ਗਦਰ ਪਾਰਟੀ, ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਸਿਆਸੀ ਜੀਵਨ ਤੇ ਵਿਸ਼ਵਪੱਧਰੀ ਖੋਜੀ ਕੰਮ ਕੀਤਾ।

ਅੱਜ ਉਹਨਾਂ ਆਪਣੇ ਇਸ ਵਿਸ਼ੇਸ਼ ਲੈਕਚਰ ਵਿੱਚ ਦੱਸਿਆ ਕਿ ਸ਼ਹੀਦ ਊਧਮ ਸਿੰਘ ਗਦਰ ਦੇ ਗੰਭੀਰ ਕਾਰਕੁੰਨ ਸਨ ਤੇ ਉਨ੍ਹਾਂ ਦੇ ਸਿਆਸੀ ਜੀਵਨ ਤੇ ਗਦਰ ਲਹਿਰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਡੂੰਘਾ ਪ੍ਰਭਾਵ ਸੀ। ਉਹਨਾਂ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਇੱਕੋ ਇਨਕਲਾਬੀ ਲਹਿਰ ਦਾ ਅੰਗ ਸਨ। ਉਹਨਾਂ ਕਿਹਾ ਸ਼ਹੀਦ ਊਧਮ ਸਿੰਘ ਜੀ ਦੀ ਅਸਲੀ ਫੋਟੋ ਤੈ ਉਹਨਾਂ ਦੇ ਸਹੀ ਵਿਚਾਰ ਲੋਕਾਂ ਤੱਕ ਲੈ ਕੇ ਜਾਂਣਾ ਹਰ ਅਗਾਂਹਵਧੂ ਮਨੁੱਖ ਦਾ ਫਰਜ ਹੈ ਤੇ ਇਹ ਇੱਕ ਅਹਿਮ ਇਤਿਹਾਸ ਜਿੰਮੇਵਾਰੀ ਹੈ ਜੋ ਸਾਨੂੰ ਨਿਭਾਉਣੀ ਚਾਹੀਦੀ ਹੈ।

ਮੰਚ ਸਬੰਧੀ ਉਦੇਸ਼ ਤੇ ਸਰਗਰਮੀਆਂ ਬਾਰੇ ਮੰਚ ਦੇ ਉੱਪ ਪ੍ਰਧਾਨ ਅਨਿਲ ਕੁਮਾਰ ਜੀ ਨੇ ਦੱਸਿਆ ਉਹਨਾਂ ਆਖਿਆ ਕਿ ਮੰਚ ਦਾ ਮੁੱਖ ਉਦੇਸ਼ ਸ਼ਹੀਦ ਊਧਮ ਸਿੰਘ ਜੀ ਦੇ ਵਿਚਾਰ ਲੋਕਾਂ ਤੱਕ ਲੈ ਕੇ ਜਾਣਾ ਤੇ ਉਹਨਾਂ ਦੀ ਅਸਲੀ ਪਛਾਣ ਨੂੰ ਲੋਕਾਂ ਚ ਸਥਾਪਤ ਕਰਨਾ ਹੈ।

ਇਸ ਮੰਚ ਦੇ ਪ੍ਰਧਾਨ ਰਾਕੇਸ਼ ਜੀ ਨੇ ਸੰਖੇਪ ਚ’ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ ਤੇ ਜਾਣਕਾਰੀ ਦਿੱਤੀ।

ਮੰਚ ਦੇ ਉੱਪ ਸਕੱਤਰ ਬਲਬੀਰ ਲੌਂਗੋਵਾਲ ਨੇ ਅੱਜ ਦੇ ਸਮਾਗਮ ਸਮੇਂ ਮੰਚ ਵੱਲੋਂ ਪਾਸ ਸੱਤ ਮਤੇ ਪੜ ਕੇ ਸੁਣਾਏ

ਇਹ ਮਤੇ :- 1 ਸ਼ਹੀਦ ਊਧਮ ਸਿੰਘ ਨੂੰ ਕੌਮੀ ਸ਼ਹੀਦ ਐਲਾਨਿਆ ਜਾਵੇ।

2.ਸ਼ਹੀਦ ਊਧਮ ਸਿੰਘ ਨਾਲ਼ ਸਬੰਧਤ ਵਸਤੂਆਂ ਦਸਤਾਵੇਜ਼ ਸੁਨਾਮ ਵਿਖੇ ਮੈਮੋਰੀਅਲ ਵਿੱਚ ਰੱਖੇ ਜਾਣ।

3. ਸੁਨਾਮ ਤੇ ਦੇਸ਼ ਵਿੱਚ ਹੋਰ ਥਾਵਾਂ ਤੇ ਸ਼ਹੀਦ ਊਧਮ ਸਿੰਘ ਦੀ ਅਸਲੀ ਫੋਟੋ ਨਾਲ ਮੇਲ ਖਾਂਦੇ ਬੁੱਤ ਹੀ ਸਥਾਪਤ ਕੀਤੇ ਜਾਣ।

4. ਸ਼ਹੀਦ ਊਧਮ ਸਿੰਘ ਦੀ ਅਸਲੀ ਫੋਟੋ ਨਾਲ਼ ਮੇਲ ਖਾਂਦੀ ਫੋਟੋ ਵਾਲ਼ੀ ਡਾਕ ਟਿਕਟ ਜਾਰੀ ਕੀਤੀ ਜਾਵੇ।

5. ਸ਼ਹੀਦ ਦੇ ਜੱਦੀ ਘਰ ਦੀ ਸੰਭਾਲ ਪੁਰਾਤੱਤਵ ਵਿਭਾਗ ਤੇ ਪ੍ਰਸ਼ਾਸਨ ਦੇ ਆਪਸੀ ਤਾਲਮੇਲ ਨਾਲ਼ ਸੁਚੱਜੇ ਢੰਗ ਨਾਲ਼ ਕੀਤੀ ਜਾਵੇ।

6. ਸ਼ਹੀਦ ਊਧਮ ਸਿੰਘ ਜੀ ਦੇ ਸੁਨਾਮ ਵਿਖੇ ਬਣਾਏ ਗਏ ਸਮਾਰਕ ਨੂੰ ਕੌਮ ਪੱਧਰੀ ਦਿੱਖ ਦਿੱਤੀ ਜਾਵੇ।

7. ਮੰਚ ਦੇਸ਼ ਦੇ ਵੱਖ ਵੱਖ ਭਾਗਾਂ ’ਚ ਵਿੱਚ ਲੜੇ ਜਾ ਰਹੇ ਸਾਮਰਾਜ ਵਿਰੋਧੀ ਹੱਕੀ ਸ਼ੰਘਰਸ਼ਾ ਦੀ ਹਮਾਇਤ ਕਰਦਾ ਹੋਇਆ ਉਹਨਾਂ ਤੇ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕਰਦਾ ਹੈ।

ਇਸ ਲੈਕਚਰ ਦੀ ਸਮਾਪਤੀ ਤੋਂ ਬਾਅਦ ਰੋਜ ਗਾਰਡਨ ਤੋਂ ਸ਼ਹੀਦ ਊਧਮ ਸਿੰਘ ਦੇ ਜੱਦੀ ਘਰ ਤੱਕ ਮਾਰਚ ਕੀਤਾ ਗਿਆ। ਉੱਥੇ ਮੰਚ ਕਾਰਕੁੰਨ ਦਾਤਾ ਨਮੋਲ ਨੇ ਸ਼ਹੀਦ ਉੱਧਮ ਜੀ ਦੇ ਇਤਿਹਾਸ ਤੇ ਕੁਰਬਾਨੀ ਤੋਂ ਸਾਨੂੰ ਕਿਉਂ ਪ੍ਰੇਰਨਾ ਲੈਣੀ ਚਾਹੀਦੀ ਹੈ ਤੇ ਆਪਣੀ ਗੱਲ ਰੱਖੀ। ਅੰਤ ਵਿੱਚ ਮੰਚ ਦੇ ਸੀਨੀਅਰ ਆਗੂ ਇੰਜ : ਦਵਿੰਦਰ ਸਿੰਘ ਨੇ ਇਸ ਪ੍ਰੋਗਰਾਮ ਚ ’ਆਏ ਸਾਰੇ ਸਾਥੀਆਂ ਦਾ ਮੰਚ ਵੱਲੋਂ ਧੰਨਵਾਦ ਕੀਤਾ।

ਇਸ ਸਮੇਂ ਸ਼ਹੀਦ ਊਧਮ ਸਿੰਘ’ ਕੰਬੋਜ’ ਸੰਸਥਾ ਨੇ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਨੂੰ ਇੱਕ ਯਾਦਗਾਰੀ ਚਿੰਨ੍ਹ ਭੇਟ ਕੀਤਾ।

ਇਸ ਸਾਰੇ ਪ੍ਰੋਗਰਾਮ ਸਮੇਂ ਸਟੇਜ ਸਕੱਤਰ ਦੀ ਡਿਊਟੀ ਮੰਚ ਮੰਚ ਦੇ ਸਕੱਤਰ ਗੁਰਮੇਲ ਬਖਸ਼ੀਵਾਲਾ ਨੇ ਨਿਭਾਈ।

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
York Authorized Dealer YORK
WE DO INSTALL & SERVICE ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

SHAAN CONSTRUCTION LTD.
25+ years of experience
• General Contracting
• Quality Custom Homes
• Quality Framing
• 2-5-10 Year Warranty
2·5·10 Year Warranty
Call for a Free Estimate
MALKIT SWAICH
778.889.9526

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

ਕਹਾਣੀ

# ਫਿਰ-ਮਿਲਾਂਗੇ



ਲਵਰਾਜ

ਕਿਸਾਨ ਅੰਦੋਲਨ ਦੀ ਜਿੱਤ ਮਗਰੋਂ ਵਾਪਸੀ ਦਾ ਐਲਾਨ ਹੋ ਚੁੱਕਿਆ! 1 ਸਾਲ 13 ਦਿਨਾਂ ਚ ਨਾਨਕ ਦੇ ਵਾਰਿਸਾਂ ਵੱਲੋਂ ਤਿਨਕਾ ਤਿਨਕਾ ਕਰਕੇ ਦਿੱਲੀ ਦੇ ਬੋਰਡਰਾਂ ਤੇ ਖੜ੍ਹੇ ਕੀਤੇ ਤੰਬੂ ਵੀ ਟਾਵੇਂ ਟਾਵੇਂ ਸਮੇਟਣੇ ਸ਼ੁਰੂ ਹੋ ਗਏ ਨੇ... ਬਹੁਤੇ ਚਾਹੁੰਦੇ ਨੇ ਕਿ ਇਹ ਘਰ ਐਂ ਹੀ ਖੜ੍ਹੇ ਰਹਿਣ ਲੰਘਦੇ-ਟੱਪਦੇ ਤੱਕ ਜਾਇਆ ਕਰਾਂਗੇ! ਕਿਨ੍ਹੀਆਂ ਦੀ ਹਿੰਮਤ ਨਹੀਂ ਪੈ ਰਹੀ ਸਮਾਨ ਹਿਲਾਉਣ ਦੀ... ਪਰ ਪੰਛੀਆਂ ਅੱਪਣਾ ਕੰਮ ਮੁੱਕਾ ਕੇ ਅੱਪਣੇ ਬੱਚਿਆਂ ਕੋਲ ਪਰਤਣਾ ਹੀ ਹੁੰਦਾ!

ਜਵਾਨਾਂ ਨੂੰ ਦਿੱਲ੍ਹੀ ਬੋਰਡਰ ਤੋਂ ਹਾਕ ਪਈ ਆ ਕਿ ਸੱਬ ਕੁੱਝ ਸਾਫ਼ ਕਰਕੇ ਜਾਇਓ... "ਜਿਨ੍ਹਾਂ ਸਾਡੇ ਲਈ ਜਗ੍ਹਾਂ ਛੱਡੀ .. ਔਖ ਸੌਖ ਸਾਡੇ ਨਾਲ ਕੱਟੀ, ਆਪਣਿਆਂ ਦੀ ਨਾਰਾਜ਼ਗੀ ਝੱਲੀ ਓਨ੍ਹਾਂ ਤੋਂ ਉਲਾਂਭਾ ਨਹੀਂ ਲੈਣਾ ਆਪਾਂ"

ਜਿਵੇਂ ਜਿਵੇਂ ਜਾਣ ਦਾ ਵੇਲਾ ਹੋ ਰਿਹਾ ਹਰਿਆਣੇ ਆਲੇ ਜਿਆਦਾ ਉਦਾਸ ਲੱਗਦੇ.... ਉਦਾਸ ਤਾਂ ਹੋਣਾ ਹੀ ਆ ਚਿਰਾਂ ਬਾਅਦ ਵਿਛੜੇ ਮਿਲੇ ਸੀ! ਮੋਹ ਬਹੁਤ ਪੈ ਚੁੱਕਾ! 380 ਰਾਤਾਂ ਇੱਕ ਦੂਜੇ ਨੂੰ ਕਲਾਵੇ ਚ ਸਕਿਆ ਵਾਂਗ ਰੱਖਿਆ.... ਨੀਂਦਾਂ ਜਾਗ ਜਾਗ ਇੱਕ ਦੂਜੇ ਦੀ ਨਿਗਰਾਨੀ ਕੀਤੀ ਸੀ! 709 ਇਸ ਜੱਗ ਤੋਂ ਤੁਰ ਗਏ ... ਜਿਨ੍ਹਾਂ ਲਈ ਇਕੱਠੀਆਂ ਦੀ ਅੱਖ 'ਚੋਂ ਹੰਝੂ ਚੋਏ! ਇੱਕ ਦੂਜੇ ਦਾ ਹੌਂਸਲਾ ਬਣੇ ਮਿਲ ਕੇ ਆਖ਼ਿਰੀ ਵਿਦਾਈ ਦਿੱਤੀ! ਜੋ ਇਸ ਸਾਂਝ 'ਚੋਂ ਵਿੱਛੜੇ ਪਰ ਜਿੱਤ ਦੀ ਘੜੀ ਨਾ ਵੇਖ ਸਕੇ! ਪਰ ਅੱਜ ਸੱਬ ਤੋਂ ਵੱਧ ਯਾਦ ਆ ਰਹੇ! ਉਨ੍ਹਾਂ ਦੇ ਪਰਿਵਾਰਾਂ ਦਾ ਖਿਆਲ ਰੱਖਣ ਦਾ ਚੇਤਾ ਵੀ ਸੱਬ ਨੂੰ ਵਾਰੋ-ਵਾਰੀ ਕਰਵਾਇਆ ਜਾ ਰਿਹਾ!

ਹੁਣ ਇਹ ਘਰ ਛੱਡ ਅੱਪਣੇ ਘਰ ਜਾ ਕੇ ਵੀ ਕਿਨ੍ਹੇਂ ਦਿਨ ਜੀ ਨਹੀਂ ਲੱਗਣਾ! ਮੁੰਡਿਆਂ-ਖੁੰਡਿਆ ਤਾਂ ਨੰਬਰ ਵਟਾ ਲਏ ਨੇ ਮਿਲਦੇ-ਗਿਲਦੇ ਰਹਿਣਗੇ... ਪਰ ਬੁਜ਼ੁਰਗ ਅੰਦਰੋਂ ਸਲਾਬੇ ਫ਼ਿਰਦੇ ਆ! ਟਰਾਲੀਆਂ ਚ ਬਚਿਆ ਪਿਆ ਰਾਸ਼ਨ ਕੱਲ ਤੋਂ ਹੀ ਮੁੰਡੇ ਉੱਥੇ ਬੋਰਡਰ ਦੇ ਨੇੜੇ ਤੇੜੇ ਲੋੜਮੰਦਾ ਨੂੰ ਵੰਡ ਰਹੇ ਨੇ! ਉਨ੍ਹਾਂ ਲਈ ਇਹ ਟਰਾਲੀਆਂ ਰੱਬ ਘਰ ਹੀ ਸੀ ਜਿਥੋਂ ਢਿਡ ਭਰਨੇ ਨੂੰ ਖੁਲ੍ਹਾ ਮਿਲਦਾ ਰਿਹਾ ਹੈ!

ਉਹ ਬਾਪੂ ਅੱਜ ਇਹ ਕਹਿੰਦਾ ਬਿਲਕ ਪਿਆ ਕਿ - ਇੱਕ ਵਾਰ 47 ਚ ਵੱਡੇ ਭਰਾਵਾਂ ਤੋਂ ਵਿਛੜੇ ਸੀ ਮੁੜ ਕਦੇ ਮਿਲ ਨਾ ਸਕੇ! ਫਿਰ 84 ਚ ਛੋਟਿਆਂ ਤੋਂ ਤੋੜ ਤੇ!

ਬਾਪੂ ਨੂੰ ਕਲਾਵੇ ਚ ਲੈਣਾ ਪਿਆ!

ਬਾਪੂ ਕੋਲ ਖੜ੍ਹਾ ਹਰਿਆਣਵੀ ਮੁੰਡਾ ਕਹਿੰਦਾ ਦਿਲ ਹੌਲਾ ਨਾ ਕਰੀਏ ਬਾਪੂ ਰਿਸ਼ਤੇਦਾਰੀਆਂ ਦੇ ਮੁੱਢ ਫਿਰ ਸੇ ਬਨ੍ਹਾ ਗੇ! ਧਰਮ ਭਾਈ ਬਣਾ ਕੇ ਚੱਲੇ ਹਾਂ ਵਿਆਹਾਂ ਕਾਰਜਾਂ ਤੇ ਮਿਲਿਆ ਕਰਾਂਗੇ....

ਓਧਰ ਪੰਜਾਬ ਆਲੇ ਮੁੰਡੇ ਨੇ ਉੱਸਦੇ ਮੋਢੇ ਤੇ ਹੱਥ ਰੱਖ ਕਿਹਾ - ਆਹੋ , ਗੱਲ ਆ ਕੋਈ!

ਐਧਰ ਬੇਬੇ ਟਰਾਲੀ ਚੜ੍ਹਨ ਲੱਗੀ ਕਹਿੰਦੀ - ਆਹ ਘੱਗਰੇ ਆਲੀਆਂ ਜਾਟਣੀਆਂ ਤਾਂ ਸਾਥੋਂ ਹਰ ਕੰਮ ਚ ਅੱਗੇ ਨਿਕਲੀਆਂ ਭਾਈ... ਸਾਨੂੰ ਐਂ ਸੀ ਇਹ ਘੁੰਡ ਚ ਰਹਿਣ ਵਾਲੀਆਂ ਨੂੰ ਕੀ ਪਤਾ ਅੰਦੋਲਨ ਕਿਦਾਂ ਹੁੰਦੇ?

ਹਰਿਆਣਵੀ ਬੀਬੀ ਓਹਦਾ ਹੱਥ ਫੜ ਕਹਿੰਦੀ - ਇਸੀ ਬਾਤ ਕੋਨਿਆਂ ਮਾਨੈ ਤੋ ਥਾਰਾ ਹੀ ਹੌਸਲਾਂ ਥਾ! ਪੀਲੀ ਚੁਨਿਆਂ ਲੇ ਗੇ ਥੇ ਆਈ ਤੋਂ ਮਾਹਰੀ ਹਿੰਮਤ ਪੜੀ... ਅੱਬ ਤੋ ਮਾਹਰਾ ਮਰਦ ਹੀ ਮਾਹਰੇ ਸਾਗ ਇੱਜਤ ਉਂ ਪੇਸ਼ ਆਣ ਲਾਗ ਗਿਆ!

ਬੇਬੇ ਦੇ ਕਹਿੰਦੀ ਦੇ ਅੱਖਾਂ ਚ ਹੰਝੂ ਸੀ ਪਰ ਜ਼ੁਬਾਂ ਤੇ ਕੋਈ ਗਿਲਾ ਨਹੀਂ ਸੀ ਦੋਨ੍ਹਾਂ ਬੀਬੀਆਂ ਜਦੋਂ ਅਲਵਿਦਾ ਕਹਿਣ ਲੱਗੇ ਕਲਾਵੇ ਚ ਲਿਆ ਤਾਂ ਲੱਗਿਆ ਮੁੜ ਪੰਜਾਬ ਇੱਕ ਹੋ ਗਿਆ!

ਬੁਜਰੁਗ ਕਹਿੰਦਾ - ਏਕਾ ਇਤਫਾਕ ਮੇਲ-ਗੇਲ ਬਣਾਈ ਰੱਖਿਓ ਭਾਈ... ਏਕੇ ਚੋਂ ਹੀ ਇੱਕ ਓਂਕਾਰ ਉਪਜਦਾ!

ਟਰਾਲੀਆਂ ਤੁਰਨ ਲੱਗੀਆਂ ਤਾਂ ਟਰੈਕਟਰ ਆਲੇ ਦਾ ਜਵਾਕ ਬੀਚਰ ਗਿਆ ਤੇ ਕਹਿੰਦਾ - ਟ੍ਰੈਕਟਰ ਮੈਂ ਚਲਾਉਣਾ?

ਓਹਦਾ ਡੈਡੀ ਕਹਿੰਦਾ - ਤੂੰ ਛੋਟਾ ਦਾਦੀ ਕੋਲ ਬੈਠ ਟਰਾਲੀ ਚ!

ਕਹਿੰਦਾ - ਮੈਂ ਕੋਈ ਨਹੀਂ ਛੋਟਾ ਮੈਨੂੰ ਵੀ ਕਹਿਣਾ ਆਉਂਦਾ!

ਸਾਰਿਆਂ ਨੇ ਪੁੱਛਿਆ - ਕੀ?

ਕਹਿੰਦਾ - ਕਿਸਾਨ ਮਜਦੂਰ ਏਕਤਾ ਜ਼ਿੰਦਾਬਾਦ.... ਸਾਡਾ ਏਕਾ ਜ਼ਿੰਦਾਬਾਦ!

ਸੱਬ ਓਹਨੂੰ ਤੱਕਦੇ ਰਹਿ ਗਏ... ਅਤੇ ਓਹਦੇ ਪਿੱਛੇ ਜ਼ਿੰਦਾਬਾਦ ਜ਼ਿੰਦਾਬਾਦ ਕਹਿ ਨਾਹਰਾ ਬੁਲੰਦ ਕਰਨਾ ਪਿਆ!

ਆਲੇ ਤਾਊ ਨੇ ਮੁੰਡਾ ਚੁੱਕ ਉਹਦੇ ਡੈਡੀ ਦੀ ਗੋਦੀ ਚ ਬਿਠਾ ਦਿੱਤਾ!

ਹਰਿਆਣਵੀ ਬਾਪੂ ਕਹਿੰਦਾ - ਚਲਾ ਲੈਂਣਦੇ ਭਾਈ... ਕੇ ਪਤਾ ਕਦੌਂ ਨੇ ਬੋਰਡਰ ਪਰ ਆਣਾ ਪੜ੍ਹ ਜਿਏ....

ਮੈਂ ਸੋਚਦੈ ਇਹ ਜਿਹੜਾ ਬੀਜ ਬੀਜਿਆ ਗਿਆ ਇਹੀ ਇਸ ਸੰਘਰਸ਼ ਚ ਇਨ੍ਹਾਂ ਦਾ ਅਸਲ ਹਾਸਿਲ ਆ!

ਮੁੰਡੇ ਨੇ ਗੋਦੀ ਚ ਬੈਠਦਿਆਂ ਹੀ ਹੋਰਨ ਦੱਬ ਕੇ ਵਾਪਸੀ ਦਾ ਐਲਾਨ ਕਰਤਾ!

ਚੁੰਨੀਆਂ - ਪਰਨਿਆ ਨਾਲ ਪੂੰਝ ਹੋ ਰਹੀਆਂ ਅੱਖਾਂ , ਅਲਵਿਦਾ ਕਹਿਣ ਲਈ ਹਿੱਲਦੇ ਹੱਥ ... ਪਿੱਛੇ ਖੜ੍ਹੇ ਰਹਿ ਗਿਆਂ ਦੇ ਮਸੋਸੇ ਚਿਹਰੇ ਕਾਫੀ ਸੀ ਇਹ ਤਸਦੀਕ ਕਰਨੇ ਲਈ ਕਿ ਜਿਵੇਂ ਦਿਲਾਂ ਤੋਂ ਦਿਲ ਦੂਰ ਜਾ ਰਹੇ ਹੋਣ.... ਮੈਂ ਦਿੱਲ੍ਹੀ ਬੋਰਡਰ ਖੁਸ਼ਨਸੀਬ ਹਾਂ ਜੋ ਇਸ ਨਸੀਬ ਵਾਲੀ ਘੜੀ ਦਾ ਗਵਾਹ ਬਣ ਰਿਹਾ! ਹਰ ਅਉਣ ਜਾਣ ਵਾਲਿਆਂ ਨੂੰ ਐਨਾ ਦੀਆਂ ਬਾਤਾਂ ਸੁਣਾਇਆ ਕਰੂੰ!

ਟਰੈਕਟਰਾਂ ਤੇ ਵੱਜਦਾ ਕੰਵਰ ਗਰੇਵਾਲ ਦਾ ਲੋਕ ਗੀਤ "ਫਸਲਾਂ ਦੇ ਫੈਸਲੇ ਕਿਸਾਨ ਕਰੂਗਾ ਇਸ ਜਿੱਤ ਦੀ ਨਿਸ਼ਾਨਦੇਹੀ ਵੀ ਕਰ ਰਿਹਾ ਹੈ! ਅਤੇ ਹੁਕਮਤਾਂ ਨੂੰ ਚੇਤਾਵਨੀ ਵੀ ਦਿੰਦਾ ਜਾ ਰਿਹਾ ਹੈ!

ਖੈਰ ਮੈਂ ਇਹ ਵੀ ਤੱਕਿਆ! ਇਨ੍ਹਾਂ ਦੀ ਆਮਦ ਵੀ ਸ਼ਾਹੀ ਸੀ ਅਤੇ ਵਾਪਸੀ ਵੀ ਸ਼ਾਹੀ ਹੀ ਹੋ ਰਹੀ! ਜਿਵੇਂ ਕੋਈ ਰਾਜਾ ਕਿਸੇ ਜ਼ੁਲਮੀ ਰਾਜੇ ਦੀ ਅੜੀ ਭੰਨ੍ਹ ਕੇ ਮੁੜਿਆ ਹੋਵੇ!

ਅਉਣ ਵੇਲੇ ਇਨ੍ਹਾਂ ਦੇ ਟ੍ਰੈਕਟਰ ਟ੍ਰੈਕਟਰ ਨਹੀਂ ਟੈਂਕ ਜਾਪ ਰਹੇ ਸੀ ਜੋ ਹੁਕੂਮਤ ਦੇ ਬੈਰੀਕੇਡ ਨੁਮਾ ਬੰਕਰਾਂ ਨੂੰ ਕਿਸੇ ਫੌਜ ਵਾਂਗ ਤਬਾਹ ਕਰਦੇ ਹਨੇਰੀ ਵਾਂਗ ਤੁਰੇ ਆਏ ! ਅਤੇ ਆ ਕੇ ਐਲਾਨ ਕਰਤਾ ਹੋਵੇ ਕਿ ਤੇਰੀ ਸਾਹ ਰੱਗ ਦੱਬ ਲਈ ਹੰਕਾਰੀਆ - ਬੋਲ ਕਿਵੇਂ ਕਰਨੀ?

ਹੁਕੂਮਤ ਦੇ ਹੰਕਾਰ ਨੂੰ ਗੋਡਣੀ ਕਰਕੇ ਅੱਪਣੀ ਜਿੱਤ ਦਾ ਝੰਡਾ ਫਿਰ ਗੱਡ ਕੇ ਅੱਜ ਵਾਪਸੀ ਕੀਤੀ ਤਾਂ ਫਿਰ ਲੱਗ ਰਿਹਾ ਜਿਵੇਂ ਕਿਸੇ ਰਾਜੇ ਅੱਪਣਾ ਲਸ਼ਕਰ ਸਮੇਟਿਆ ਹੋਵੇ! ਅਤੇ ਬੜੀ ਤਰਤੀਬ ਨਾਲ ਗਰੀਬਾਂ ਨੂੰ ਸੌਗਾਤਾਂ ਵੰਡ ਕੇ ਅੱਪਣੇ ਸ਼ਾਹੀ ਰੱਥਾਂ ਨਾਲ ਅਪਣੇ ਮਹਿਲਾਂ ਨੂੰ ਵਾਪਸੀ ਕਰ ਰਿਹਾ ਹੋਵੇ!

ਕਿਸੇ ਕਿਸੇ ਟਰਾਲੀ ਤੇ ਲਿਖਿਆ " ਫਿਰ ਮਿਲਾਂਗੇ" ਇਹ ਯਕੀਨ ਦਵਾਉਂਦਾ ਕਿ ਇਹ ਫਿਰ ਅਉਣਗੇ ਜਦੋਂ ਵੀ ਹਾਕ ਪਈ... ਜਦੋਂ ਵੀ ਕੋਈ ਹੁਕਮਰਾਨ ਹੁਕਮਤ ਦੇ ਨਸ਼ੇ ਚ ਹੰਕਾਰੇਗਾ... ਜਦੋਂ ਕਿਸੇ ਇਨ੍ਹਾਂ ਦੀ ਮਿੱਟੀ ਵੱਲ ਮੈਲੀ ਅੱਖ ਨਾਲ ਵੇਖਿਆ!

ਫਿਰ ਅਉਣਗੇ ਜਦੋਂ ਕਦੇ ਕਿਸੇ ਇਨ੍ਹਾਂ ਨੂੰ ਵੰਗਾਰਿਆ... ਜਿਵੇਂ ਇਨ੍ਹਾਂ ਦੇ ਪੁਰਖੇ ਆਉਂਦੇ ਰਹੇ ਸੀ.... ਇਹ ਅੱਗੇ ਵੀ ਇਉਂ ਹੀ ਆਉਂਦੇ ਰਹਿਣਗੇ.... ਕਦੇ ਪੈਦਲ , ਕਦੇ ਘੋੜਿਆਂ ਤੇ ਕਦੇ ਟਰੈਕਟਰਾਂ ਤੇ.... ਇਨ੍ਹਾਂ ਦੀ ਮਨੁੱਖਤਾ ਦੀ ਰਾਖੀ ਵਾਸਤੇ ਚੜ੍ਹਦੀਕਲਾ ਦਾ ਝੰਡਾ ਬੁਲੰਦ ਕਰਕੇ ਜਾਨ ਦੀ ਬਾਜ਼ੀ ਲਾਉਣੇ ਦੀ ਇਹ ਗੀਤ ਕਦੇ ਨਹੀਂ ਟੁੱਟੇਗੀ! ਜੁੱਗ ਜੁੱਗ ਜੀਓ ਯੋਧਿਓ... ਜਿਵੇਂ ਪਿੱਛੇ ਰਹਿ ਗਈ ਹਰ ਜੂਹ ਵੀ ਕਹਿ ਰਹੀ ਹੈ! ਅਤੇ ਮੇਰੇ ਮੂੰਹੋ ਵੀ ਨਿੱਕਲ ਰਿਹਾ - "ਫਿਰ ਮਿਲਾਂਗੇ"।

# "ਗੁਜਰਾਤ ਮਾਡਲ" ਬੇਨਕਾਬ

## ਕਿਸਾਨਾਂ ਨੂੰ ਜਬਰੀ ਜ਼ਮੀਨਾਂ ਤੋਂ ਬੇਦਖਲ ਕੀਤਾ ਜਾ ਰਿਹਾ ਹੈ ।



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਗੁਜਰਾਤ ਮਾਡਲ ਦੀ ਅਸਲੀਅਤ ਹੁਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਗੁਜਰਾਤ ਦੇ ਸਾਰੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਜਬਰੀ ਬੇਦਖਲ ਕੀਤਾ ਜਾ ਰਿਹਾ ਹੈ। ਹਾਲਾਂ ਕਿ ਪੀਡਤ ਕਿਸਾਨ ਵੀ ਇਸ ਜ਼ੁਲਮ ਨੂੰ ਚੁੱਪਚਾਪ ਸਹਿਣ ਦੀ ਬਜਾਏ ਇਸ ਦਾ ਜਬਰਦਸਤ ਵਿਰੋਧ ਕਰ ਰਹੇ ਹਨ। ਮਾਮਲੇ ਦੀ ਸ਼ੁਰੂਆਤ 1993 ਤੋਂ ਸ਼ੁਰੂ ਹੁੰਦੀ ਹੈ ਜਦ ਕਿ ਗੁਜਰਾਤ ਸਰਕਾਰ ਵੱਲੋਂ ਭਾਵਨਗਰ ਜ਼ਿਲ੍ਹੇ ਦੇ 12 ਪਿੰਡਾਂ ਦੀ 13 ਹਜ਼ਾਰ ਬਿੱਘਾ ਜ਼ਮੀਨ ਨੂੰ ਹਥਿਆਉਣ ਦਾ ਨੋਟਿਸ ਜਾਰੀ ਕੀਤਾ ਗਿਆ। ਇਸ ਨੋਟਿਸ ਦੇ ਨਾਲ ਸਰਕਾਰ ਨੇ ਇਸ ਪੂਰੀ ਜ਼ਮੀਨ ਤੇ ਬੋਰ ਕਰਨ' ਅਤੇ ਖੂਹ ਪੁੱਟਣ ਵਰਗੀਆਂ ਕਾਰਵਾਈਆਂ ਤੇ ਰੋਕ ਲਾ ਦਿੱਤੀ ਅਤੇ ਇਸ ਪਿੱਛੋਂ ਸੁਰੂਆਤ ਹੋਈ ਕਿਸਾਨਾਂ ਤੇ ਦਬਾਅ ਪਾਉਣ ਦੀ। ਕੁਝ ਉਨ੍ਹਾਂ ਨੂੰ ਸਮਝਾ ਬੁਝਾਅ ਕੇ ਅਤੇ ਕੁਝ ਡਰਾ- ਧਮਕਾ ਕੇ ਮੁਆਵਜੇ ਵਾਸਤੇ ਤਿਆਰੀਆਂ ਕਰਨ ਦੀਆਂ ਸਾਜ਼ਿਸ਼ਾਂ ਹੋਈਆਂ। 1997 ਤੱਕ ਪ੍ਰਸ਼ਾਸਨ ਚ ਇਸ ਵਿੱਚ ਸਫਲ ਹੋ ਗਿਆ ਤੇ 1894 ਦੇ ਅੰਗਰੇਜਾਂ ਵੇਲੇ ਦੇ ਜਮੀਨ ਇਕਵਾਇਰ ਕਰਨ ਦੇ ਕਨੂੰਨ ਤਹਿਤ ਇਹ ਜ਼ਮੀਨ ਲਿਗਨਾਇਟ ਦੀ ਖੁਦਾਈ ਅਤੇ 250 ਮੈਗਾਵਾਟ ਦਾ ਪਾਵਰ ਪਲਾਂਟ ਇਥੇ ਸਥਾਪਤ ਕਰਨ ਲਈ ਗੁਜਰਾਤ ਪਾਵਰ ਕਾਰਪੋਰੇਸ਼ਨ ਲਿਮਟਿਡ (ਜੀਪੀਸੀਐਲ) ਦੇ ਸਪੁਰਦ ਕਰ ਦਿੱਤੀ ਗਈ ਪਰ ਅਜੇ ਤਕ ਜ਼ਮੀਰ ਇਕਵਾਇਰ ਕਰਨ ਦਾ ਕੰਮ ਸਿਰਫ ਕਾਗਜ਼ਾਂ ਤੇ ਹੀ ਹੈ। ਅਸਲ ਵਿਚ ਜੀਪੀਸੀਐਲ ਨੇ ਜ਼ਮੀਨ ਤੇ ਆਪਣਾ ਕਬਜਾ ਨਹੀਂ ਲਿਆ ਸੀ। 2017 ਦੇ ਅੰਤ ਤਕ ਇਹ ਹੀ ਸਥਿਤੀ ਬਣੀ ਰਹੀ ਤੇ ਕਿਸਾਨ ਇਸ ਜਮੀਨ ਤੇ ਖੇਤੀ ਕਰਦੇ ਰਹੇ। ਇਸ ਦੌਰਾਨ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ 2013 ਚ ਨਵਾਂ ਖੇਤੀ ਅਧਿਗ੍ਰਹਿਣ ਕਾਨੂੰਨ ਪਾਸ ਕੀਤਾ। ਨਵੇ ਕਾਨੂੰਨ ਦੀ ਧਾਰਾ 24 (02) ਅਨੁਸਾਰ ਜੇ ਇਕੁਵਾਇਰ ਕੀਤੀ ਜ਼ਮੀਨ ਦਾ ਪੰਜ ਸਾਲ ਤੱਕ ਕਬਜ਼ਾ ਲਈ ਲਿਆ ਜਾਂਦਾ ਅਤੇ ਕਿਸਾਨ ਉਸ ਤੇ ਖੇਤੀ ਕਰਦੇ ਰਹਿੰਦੇ ਹਨ ਤਾਂ ਅਧੀਗ੍ਰਹਿਣ ਰੱਦ ਮੰਨਿਆ ਜਾਵੇਗਾ ਅਤੇ ਜਮੀਨ ਦੀ ਮਾਲਕੀ ਕਿਸਾਨਾਂ ਕੋਲ ਰਹੇਗੀ। ਅਜਿਹੀ ਹਾਲਤ ਵਿੱਚ ਜਦ 2018 ਵਿੱਚ ਜੀਪੀਸੀਐੱਲ ਨੇ ਇਸ ਜਮੀਨ ਤੇ ਕਬਜਾ ਲੈਣ ਦੀ ਕੋਸ਼ਿਸ ਕੀਤੀ ਤਾਂ ਕਿਸਾਨਾਂ ਨੇ ਇਸਦਾ ਵਿਰੋਧ ਕੀਤਾ ਅਤੇ ਜਮੀਨ ਤੇ ਆਪਣਾ ਕਬਜਾ ਛੱਡਣ ਤੋਂ ਇਨਕਾਰ ਕਰ ਦਿੱਤਾ। ਕਿਉਂਕਿ 1997 ਵਿੱਚ ਸਿਰਫ ਕਾਗਜ਼ਾਂ ਵਿੱਚ ਹੀ ਅਧਿਗ੍ਰਹਿਣ ਹੋਇਆ ਸੀ ਅਤੇ 2017 ਤੱਕ ਦੋ ਦਹਾਕੇ ਦਾ ਸਮਾਂ ਬੀਤ ਜਾਣ ਤੇ ਵੀ ਜੀਪੀਸੀ ਐੱਲ ਨੇ ਆਪਣਾ ਕਬਜ਼ਾ ਨਹੀਂ ਲਿਆ ਸੀ ਅਤੇ ਕਿਸਾਨ ਇਥੇ ਖੇਤੀ ਕਰਦੇ ਆ ਰਹੇ ਸਨ। ਕਾਨੂੰਨਣ ਹੁਣ ਕਿਸਾਨ ਹੀ ਇਸ ਜਨੀਨ ਦੇ ਮਾਲਕ ਸਨ ਨਾ ਕਿ ਜੀਪੀਸੀਐਲ। ਪਰ ਹੁਣ ਸ਼ੁਰੂ ਹੋਈ ਕਾਨੂੰਨ ਤੋਂ ਪਰ੍ਹੇ ਦੀ ਅਸਲੀ ਖੇਡ। ਜੀਪੀਸੀਐਲ ਨੇ 16 ਫਰਵਰੀ 2018 ਵਾਲੇ ਦਿਨ ਪੁਲਿਸ ਪ੍ਰਸ਼ਾਸਨ ਦੀ ਮਦਦ ਨਾਲ ਇੱਕ ਪਿੰਡ ਦੀ ਗੋਚਰ ਜ਼ਮੀਨ (ਪਸ਼ੂਆਂ ਦੇ ਚਰਨ ਵਾਲੀ ਜਮੀਨ) ਤੇ ਮਸ਼ੀਨਰੀ ਉਤਾਰਨੀ ਸ਼ੁਰੂ ਕਰ ਦਿੱਤੀ। ਕਿਸਾਨਾਂ ਨੇ ਇਸ ਦਾ ਪੁਰ ਜੋਰ ਵਿਰੋਧ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜੀਪੀਸੀਐਲ ਜਬਰੀ ਕਬਜ਼ਾ ਲੈਣ ਦੀ ਕੋਸ਼?ਸ ਕਰ ਰਹੀ ਹੈ। ਇਹ ਗੈਰਕਾਨੂੰਨੀ ਹੈ ਤੇ ਗੋਚਰ ਦੀ ਜ਼ਮੀਨ ਤਾਂ ਵੈਸੇ ਵੀ 1997 ਚ ਕਾਗਜ਼ਾਂ ਚ ਇਕਵਾਇਰ ਕੀਤੀ ਜਮੀਨ ਦਾ ਹਿੱਸਾ ਨਹੀਂ ਹੈ। ਗੋਚਰ ਦੀ ਜਮੀਨ ਪਿੰਡ ਪੰਚਾਇਤ ਦੇ ਅਧੀਨ ਆਉਂਦੀ ਹੈ। ਇਸ ਤਰ੍ਹਾਂ ਜੀਪੀਸੀਐਲ ਇੱਕ ਤੋਂ ਬਾਅਦ ਦੂਜੀ ਗੈਰਕਾਨੂੰਨੀ ਕਾਰਵਾਈ ਕਰਦੀ ਆ ਰਹੀ ਹੈ, ਪਰ ਕਾਨੂੰਨਣ ਸਹੀ ਪੱਖ ਹੋਣ ਦੇ ਬਾਵਜੂਦ ਕਿਸਾਨਾਂ ਨੂੰ ਪ੍ਰਸ਼ਾਸਨ ਤੋਂ 45 ਦਿਨ ਦੀ ਮੋਹਲਤ ਮੰਗਣੀ ਪਈ ਕਿਉਂਕਿ ਪੁਲਸ ਪ੍ਰਸਾਸ਼ਣ ਜੀਪੀਸੀਐਲ ਦੇ ਨਾਲ ਖੜ੍ਹਾ ਸੀ। ਇੰਨਾ ਹੀ ਨਹੀਂ ਕਿਸਾਨਾਂ ਤੇ ਸਰਕਾਰੀ ਕੰਮ ਵਿਚ ਅੜਿੱਕਾ ਪਾਉਣ ਦਾ ਮੁਕੱਦਮਾ ਵੀ ਦਰਜ ਕਰ ਲਿਆ ਗਿਆ, ਜਿਵੇਂ ਕਿਤੇ ਸਰਕਾਰ ਦਾ ਕੰਮ ਨਾਜਾਇਜ ਕਬਜੇ ਕਰਾਉਣਾ ਹੋਵੇ। ਇਸ ਦੌਰਾਨ ਕਿਸਾਨਾਂ ਨੇ ਵਿਰੋਧ ਵਜੋਂ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਬੱਚਿਆਂ ਨੂੰ ਪਿੰਡ ਦੇ ਸਰਕਾਰੀ ਸਕੂਲਾਂ ਤੋਂ ਮੁਕਤ ਕਰ ਦਿੱਤਾ ਜਾਵੇ ਕਿਉਂਕਿ ਜਦ ਉਨ੍ਹਾਂ ਦੀ ਜ਼ਮੀਨ ਹੀ ਨਹੀਂ ਰਹੀ ਤਾਂ ਉਹ ਖ਼ੁਦ ਅਤੇ ਉਨ੍ਹਾਂ ਦੇ ਬੱਚੇ ਵੀ ਕਿਤੇ ਬਾਹਰ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹੋਣਗੇ। ਅਜਿਹੇ ਵਿੱਚ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਤਾਂ ਸਕਣਗੇ ਨਹੀਂ। ਬਹੁਤ ਸਾਰੇ ਕਿਸਾਨ ਪਰਿਵਾਰਾਂ ਨੇ ਵਿਰੋਧ ਵਜੋਂ ਆਪਣੇ ਬੱਚਿਆਂ ਨੂੰ ਸਕੂਲ ਤੋਂ ਹਟਾ ਵੀ ਲਿਆ। ਆਖਿਰਕਾਰ 45 ਦਿਨਾਂ ਦੀ ਮੋਹਲਤ ਵੀ ਖਤਮ ਹੋ ਗਈ ਪਰ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਹੋਈ ਹੈ। ਰਾਜ ਸਰਕਾਰ ਦੇ ਅਧਿਕਾਰੀਆਂ ਤੇ ਮੰਤਰੀਆਂ ਤੋਂ ਮੁੱਖ ਮੰਤਰੀ ਤਕ ਨੇ ਪੂਰੇ ਮਾਮਲੇ ਵਿਚ ਆਪਣੇ ਕੰਨ ਅੱਖਾਂ ਅਤੇ ਮੂੰਹ ਬੰਦ ਕਰ ਲਏ, ਜਿਵੇਂ ਕਿਤੇ ਕੁੱਝ ਵੀ "ਬੁਰਾ ਨਾ ਸੁਣਨ, ਬੁਰਾ ਨਾ ਦੇਖਣ ਤੇ ਬੁਰਾ ਨਾ ਬੋਲਣ" ਦੀ ਸਹੁੰ ਖਾ ਰੱਖੀ ਹੋਵੇ। ਇਸ ਪਿੱਛੋਂ ਪ੍ਰਸ਼ਾਸਨ ਨੇ ਇੱਕ ਅਪ੍ਰੈਲ 2018 ਦੇ ਦਿਨ ਇਸ 13000 ਵਿੱਘੇ ਜ਼ਮੀਨ, ਜਿਸ ਦੀ ਕੀਮਤ ਪਿਛਲੇ ਦੋ ਦਹਾਕਿਆਂ ਵਿੱਚ ਦੱਸ ਗੁਣਾਂ ਵਧ ਚੁੱਕੀ ਸੀ ਤੇ ਜੀਪੀਸੀਐਲ ਨੂੰ ਕਬਜਾ ਦੁਆਉਣ ਲਈ ਸਾਰੀ ਪੁਲੀਸ ਫੋਰਸ ਲਾ ਕੇ 12 ਪਿੰਡਾਂ ਦੀ ਘੇਰਾਬੰਦੀ ਕਰ ਦਿੱਤੀ।

ਇਸ ਕਰਕੇ ਰੋਹ ਵਿੱਚ ਆਏ ਕਿਸਾਨਾ ਨੇ ਬੱਚਿਆਂ, ਬਜ਼ੁਰਗਾਂ ਤੇ ਔਰਤਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ, ਜਿੱਥੇ ਮਸ਼ੀਨੀ ਉਤਾਰੀ ਜਾ ਰਹੀ ਸੀ, ਉਥੇ ਇਕੱਠੇ ਹੋ ਗਏ ਤੇ ਐਲਾਨ ਕਰ ਦਿੱਤਾ ਕਿ "ਜਾਨ ਦੇ ਦਿਆਂਗੇ ਪਰ ਜ਼ਮੀਨ ਨਹੀਂ ਦੇਵਾਂਗੇ"। ਇੱਥੇ ਕਿਸਾਨਾਂ ਨੂੰ ਖਦੇੜਨ ਲਈ ਵੱਡੀ ਗਿਣਤੀ ਵਿਚ ਪੁਲੀਸ ਨੇ ਅੱਥਰੂ ਗੈਸ ਦੇ ਗੋਲੇ ਦਾਗੇ ਅਤੇ ਬੇਕਿਰਕ ਲਾਠੀਚਾਰਜ ਕੀਤਾ। ਵੱਡੀ ਗਿਣਤੀ ਵਿਚ ਕਿਸਾਨ ਜ਼ਖ਼ਮੀ ਹੋਏ ਤੇ 45 ਕਿਸਾਨ ਆਗੂਆਂ ਨੂੰ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ, ਹਾਲਾਂਕਿ ਭਾਰੀ ਲੋਕ ਦਬਾਅ ਕਰਕੇ ਸ਼ਾਮ ਤੱਕ ਸਭ ਨੂੰ ਛੱਡਣਾ ਪਿਆ। ਨਾਲ ਹੀ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਵਿਸ਼ਵਾਸ ਦਿੱਤਾ ਗਿਆ ਕਿ ਅਗਲੇ ਦਿਨ ਜੀਪੀਸੀਐਲ ਅਤੇ ਪ੍ਰਸ਼ਾਸਨਿਕ ਅਧਿਕਾਰੀ ਕਿਸਾਨਾਂ ਦੇ ਨਾਲ ਬੈਠ ਕੇ ਗੱਲਬਾਤ ਕਰਨਗੇ ਅਤੇ ਕੋਈ ਹੱਲ ਕੱਢਣਗੇ। ਉਦੋਂ ਤਕ ਪਿੰਡ ਵਿੱਚ ਕੋਈ ਮਸ਼ੀਨਰੀ ਨਹੀਂ ਉਤਾਰੀ ਜਾਵੇਗੀ, ਪਰ ਇਹ ਭਰੋਸਾ ਭੋਲੇ ਭਾਲੇ ਕਿਸਾਨਾਂ ਦੇ ਨਾਲ ਧੋਖਾ ਸੀ। ਪ੍ਰਸ਼ਾਸਨ ਨੇ ਰਾਤ ਦੇ ਤਿੰਨ ਵਜੇ ਵੱਡੀ ਗਿਣਤੀ ਵਿੱਚ ਖੇਤਾਂ ਵਿੱਚ ਮਸ਼ੀਨਰੀ ਰਖਵਾ ਦਿੱਤੀ ਅਤੇ ਅਗਲੇ ਤਿੰਨ ਕਿਸਾਨਾਂ ਨਾਲ ਕੋਈ ਗੱਲਬਾਤ ਕਰਨ ਦੀ ਬਜਾਏ ਭਾਰੀ ਪੁਲੀਸ ਫੋਰਸ ਲਗਾ ਕੇ ਦੁਬਾਰਾ 12 ਪਿੰਡਾਂ ਦੀ ਘੇਰਾਬੰਦੀ ਕਰ ਦਿੱਤੀ। ਪੁਲਸ ਪ੍ਰਸਾਸ਼ਨ ਨੇ ਭਾਰੀ ਦਹਿਸ਼ਤ ਦਾ ਮਾਹੌਲ ਕਾਇਮ ਕਰਕੇ ਕਿਸਾਨਾਂ ਨੂੰ ਮੀਟਿੰਗ ਤੱਕ ਨਹੀਂ ਕਰਨ ਦਿੱਤੀ ਗਈ। ਹਾਲਾਂਕਿ ਬਾੜੀ ਪਿੰਡ ਨੂੰ ਛੱਡ ਕੇ ਦੂਜੇ ਕਿਸੇ ਵੀ ਪਿੰਡ ਵਿੱਚ ਪ੍ਰਸ਼ਾਸਨ ਜੀਪੀਸੀਐਲ ਨੂੰ ਜ਼ਮੀਨ ਤੇ ਕਬਜ਼ਾ ਨਹੀਂ ਦਿਵਾ ਸਕਿਆ। ਇਸ ਘਟਨਾਕ੍ਰਮ ਦੇ ਕਰੀਬ ਡੇਢ ਮਹੀਨੇ ਵਿੱਚੋਂ 13 ਮਈ 2018 ਦੇ ਦਿਨ ਪ੍ਰਸ਼ਾਸ਼ਨ ਨੇ ਇੱਕ ਵਾਰ ਫੇਰ ਭਾਰੀ ਪੁਲੀਸ ਫੋਰਸ ਲਾ ਕੇ ਜੀਪੀਸੀਐਲ ਨੂੰ ਬਾਕੀ ਬਚਦੀ ਜ਼ਮੀਨ ਤੇ ਕਬਜ਼ਾ ਦਵਾਉਣ ਦੀ ਕੋਸ਼ਿਸ਼ ਕੀਤੀ। ਇਕ ਵਾਰ ਫਿਰ ਕਿਸਾਨ ਤੇ ਪੁਲਸ ਆਹਮਣੇ ਸਾਹਮਣੇ ਆ ਗਏ। ਇਸ ਵਾਰ ਕਿਸਾਨ ਔਰਤਾਂ ਨੇ ਗਾਂਧੀਵਾਦੀ ਪ੍ਰਯੋਗ ਕਰਦਿਆਂ ਕਈ ਪੁਲੀਸ ਵਾਲੇ ਨੂੰ ਫੁੱਲ ਭੇਂਟ ਕੀਤੇ, ਪਰ ਪੁਲਸ ਨੇ ਆਪਣੇ ਮਾਲਕਾਂ ਦੇ ਹੁਕਮਾਂ ਦੀ ਪਾਲਣ ਕਰਦਿਆਂ ਔਰਤਾਂ ਸਮੇਤ 450 ਕਿਸਾਨਾਂ ਨੂੰ ਹਿਰਾਸਤ ਚ ਲੈ ਕੇ ਰਾਤ ਭਰ ਥਾਣੇ ਵਿੱਚ ਭੁੱਖੇ ਤਿਹਾਏ ਰੱਖਿਆ। ਜਦ ਕਿ ਸ਼ਾਮ ਹੋਣ ਪਿੱਛੋਂ ਅਤੇ ਔਰਤ ਪੁਲੀਸ ਦੀ ਗੈਰ-ਹਾਜ਼ਰੀ ਵਿਚ ਔਰਤਾਂ ਨੂੰ ਹਿਰਾਸਤ ਵਿੱਚ ਲੈਣਾ ਤੇ ਰਾਤ ਭਰ ਠਾਣੇ ਵਿੱਚ ਰੱਖਣਾ ਅੱਤ ਦਰਜੇ ਦੀ ਗੈਰ-ਕਾਨੂੰਨੀ ਕਾਰਵਾਈ ਸੀ। ਅਗਲੇ ਦਿਨ ਸਵੇਰੇ 350 ਕਿਸਾਨਾਂ ਤੇ ਸਰਕਾਰੀ ਕੰਮ ਵਿੱਚ ਅੜਿੱਕਾ ਪਾਉਣ ਦਾ ਮੁਕੱਦਮਾ ਦਰਜ ਕਰ ਕੇ ਸਾਰਿਆਂ ਨੂੰ ਰਿਹਾਅ ਕਰ ਦਿੱਤਾ ਗਿਆ। ਹਾਲਾਂ ਕਿ ਬਾੜੀ ਪਿੰਡ ਤੋਂ ਇਲਾਵਾ ਕਿਸੇ ਦੂਜੇ ਪਿੰਡ ਵਿਚ ਜੀਪੀਸੀਐਲ ਨੂੰ ਜਮੀਨ ਦਾ ਕਬਜ਼ਾ ਦਿਵਾਉਣ ਵਿੱਚ ਪ੍ਰਸਾਸ਼ਨ ਇਸ ਵਾਰ ਵੀ ਨਾਕਾਮ ਰਿਹਾ। ਇਸ ਪਿੱਛੋਂ 30 ਮਈ 2018 ਤੋਂ ਕਿਸਾਨਾਂ ਨੇ ਬਾੜੀ ਪਿੰਡ ਵਿਚ ਰੋਜ਼ਾਨਾ ਧਰਨਾ-ਵਰਤ ਸ਼ੁਰੂ ਕਰ ਦਿੱਤਾ ਪਰ ਜਦ 45 ਦਿਨ ਬੀਤ ਜਾਣ ਦੇ ਬਾਅਦ ਵੀ ਪ੍ਰਸ਼ਾਸਨ/ ਹਕੂਮਤ ਦੇ ਕੰਨਾਂ ਤੇ ਜੂੰ ਨਾ ਸਰਕੀ ਤਾਂ ਛੇ ਆਗੂ ਕਿਸਾਨਾਂ ਨੇ ਮਰਨ ਵਰਤ ਦੀ ਸ਼ੁਰੂਆਤ ਕਰ ਦਿੱਤੀ। ਉਹ 8 ਦਿਨ ਭੁੱਖੇ ਪਿਆਸੇ ਵਰਤ ਤੇ ਬੈਠੇ ਰਹੇ ਪਰ ਕਿਸੇ ਨੇ ਕੋਈ ਸੁੱਧ ਨਹੀਂ ਲਈ। ਤਾਂ ਫਿਰ ਵੱਡਿਆਂ/ਬਜ਼ੁਰਗਾਂ ਨੇ ਸਮਝਾਇਆ ਕਿ ਇਹ ਅਜਿਹੀ ਸਰਕਾਰ ਹੈ ਕਿ ਤੁਸੀਂ ਜਾਨ ਵੀ ਦੇ ਦਿਉਗੇ ਤਾਂ ਵੀ ਕੋਈ ਫਰਕ ਨਹੀਂ ਪੈਣ ਵਾਲਾ। ਇਸ ਲਈ ਆਪਣੀ ਜਾਨ ਦੇਣ ਦੀ ਬਜਾਏ ਸੰਘਰਸ਼ ਨੂੰ ਦੂਜੇ ਤਰੀਕੇ ਨਾਲ ਅੱਗੇ ਵਧਾਇਆ ਜਾਵੇ।

ਇਸ ਸਲਾਹ ਕਾਰਨ ਮਰਨ ਵਰਤ ਖਤਮ ਕਰ ਦਿੱਤਾ ਗਿਆ। ਉਸ ਪਿੱਛੋਂ 2 ਜੂਨ 2018 ਨੂੰ 60 ਕਿਸਾਨਾਂ ਨੇ ਖੂਨਦਾਨ ਕਰਕੇ ਅਤੇ ਇਸ ਖੂਨ ਨੂੰ ਇਕੱਠਾ ਕਰਕੇ ਰਾਜ ਸਰਕਾਰ ਨੂੰ ਭੇਜਿਆ ਕਿ ਸਰਕਾਰ ਕਿਉਂਕਿ ਕਿਸਾਨਾਂ ਦਾ ਖੂਨ ਪੀਣ ਤੇ ਉਤਾਰੂ ਹੈ,ਇਸ ਲਈ ਉਹ ਇਸ ਨੂੰ ਪੀ ਲਵੇ। ਇਸ ਪਿੱਛੋਂ 25 ਜੂਨ 2018 ਨੂੰ ਕਿਸਾਨਾਂ ਨੇ ਆਪਣੇ ਉੱਪਰ ਹੋ ਰਹੇ ਅਨਿਆਂ ਦੇ ਵਿਰੋਧ ਵਿੱਚ ਦੇਸ ਦੇ ਰਾਸਟਰਪਤੀ ਨੂੰ ਖ਼ਤ ਲਿਖ ਕੇ ਇੱਛਾ ਮੌਤ ਦੀ ਮੰਗ ਕੀਤੀ ਪਰ ਇੱਥੇ ਵੀ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਹੋਈ। ਬਾਅਦ ਚ 30 ਜਨਵਰੀ 2019 ਨੂੰ ਵੋਇਦੜ ਪਿੰਡ ਵਿੱਚ ਤਿੰਨ ਕਿਸਾਨ ਆਗੂਆਂ ਨੇ ਫਿਰ ਦੁਬਾਰਾ ਮਰਨ ਵਰਤ ਸ਼ੁਰੂ ਕਰ ਦਿੱਤਾ ਤੇ ਦਸ ਦਿਨ ਬੀਤ ਜਾਣ ਤੇ ਤਿੰਨੋਂ ਕਿਸਾਨਾਂ ਦੀ ਤਬੀਅਤ ਵਿਗੜ ਜਾਣ ਤੇ ਉਨ੍ਹਾਂ ਨੂੰ ਹਸਪਤਾਲ ਚ ਭਰਤੀ ਕਰਵਾਉਣਾ ਪਿਆ ਪਰ ਹਕੂਮਤ/ਪ੍ਰਸ਼ਾਸਨ ਟੱਸ ਤੋਂ ਮੱਸ ਨਹੀਂ ਹੋਇਆ। ਅਜੇ ਵੀ ਜੀਪੀਸੀਐਲ ਵੱਲੋਂ ਬਾੜੀ ਪਿੰਡ ਵਿਚ ਲਿਗਨਾਇਟ ਦੀ ਖੁਦਾਈ ਜਾਰੀ ਹੈ, ਜਿਸ ਦਾ ਕਿਸਾਨ ਵਿਰੋਧ ਕਰ ਰਹੇ ਹਨ। ਕਿਸਾਨਾਂ ਦਾ ਕਹਿਣਾ ਕਿ ਇਸ ਦੇ ਸਿੱਟੇ ਵਜੋਂ ਵੀਹ ਕਿਲੋਮੀਟਰ ਤਕ ਜ਼ਮੀਨ ਬੰਜਰ ਹੋ ਜਾਵੇਗੀ। ਅਜੇ ਇਹ ਪੂਰਾ ਮਾਮਲਾ ਹਾਈ ਕੋਰਟ ਵਿੱਚ ਨਲੰਬਿਤ ਹੈ ਅਤੇ ਸੁਪਰੀਮ ਕੋਰਟ ਕੋਲ ਵੀ। ਹਾਲਾਂਕਿ ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਿੱਚ ਸੁਪਰੀਮ ਕੋਰਟ ਦੀ ਪੰਜ ਮੈਂਬਰੀ ਖੰਡਪੀਠ ਨੇ ਇਸ ਮਾਮਲੇ ਵਿੱਚ ਕਿਸਾਨਾਂ ਦੇ ਵਿਰੁੱਧ ਫੈਸਲਾ ਸੁਣਾਉਂਦੇ ਕਿਹਾ ਹੈ ਕਿ " ਕਿਸਾਨਾਂ ਦਾ ਇਸ ਜ਼ਮੀਨ ਤੇ ਕੋਈ ਅਧਿਕਾਰ ਨਹੀਂ ਬਣਦਾ ਹੈ"। ਪਰ ਕਿਸਾਨ ਇਸ ਫੈਸਲੇ ਤੋ ਸੰਤੁਸ਼ਟ ਨਹੀਂ ਹਨ। ਉਨ੍ਹਾਂ ਦਾ ਜਸਟਿਸ ਅਰੁਣ ਮਿਸ਼ਰਾ ਦੀ ਨਿਰਪੱਖਤਾ ਵਿੱਚ ਵੀ ਵਿਸ਼ਵਾਸ ਨਹੀਂ ਹੈ। ਇਸ ਲਈ ਉਹਨਾਂ ਨੇ ਸੁਪਰੀਮ ਕੋਰਟ ਵਿੱਚ ਮੁੜ ਵਿਚਾਰ ਦੀ ਅਪੀਲ ਦਾਇਰ ਕੀਤੀ ਹੈ ਅਤੇ ਹੁਣ ਸੁਪਰੀਮ ਕੋਰਟ ਵਿੱਚ ਮਾਮਲਾ ਸੱਤ ਮੈਂਬਰੀ ਬੈਂਚ ਦੇ ਸਪੁਰਦ ਕੀਤਾ ਜਾ ਚੁੱਕਿਆ ਹੈ। ਇਸੇ ਤਰ੍ਹਾਂ ਗੁਜਰਾਤ ਦੇ ਭਾਵਨਗਰ ਜ਼?ਲ੍ਹੇ ਦੇ ਕਿਸਾਨ ਕਾਨੂੰਨਨ ਸਹੀ ਹੋਣ ਦੇ ਬਾਵਜੂਦ ਆਪਣੀ ਜ਼ਮੀਨ ਬਚਾਉਣ ਦੇ ਲਈ ਨਾ ਸਿਰਫ ਪੁਲਸ ਪ੍ਰਸ਼ਾਸਨ ਅਤੇ ਸਰਕਾਰ ਨਾਲ ਲੜ ਰਹੇ ਹਨ ਬਲਕਿ ਨਿਆਂ ਪਾਲਿਕਾ ਵਿਚ ਵੀ ਨਿਆਂ ਹਿੱਤ ਸੰਘਰਸ਼ ਕਰ ਰਹੇ ਹਨ। ਦਰਅਸਲ ਇਹੀ ਗੁਜਰਾਤ ਮਾਡਲ ਹੈ ਜੋ ਹੁਣ ਪੂਰੇ ਦੇਸ਼ ਚ ਆਪਣੇ ਪੈਰ ਪਸਾਰ ਚੁੱਕਿਆ ਹੈ। ਭਾਵਨਗਰ ਜ਼?ਲ੍ਹੇ ਦੇ ਜੁਝਾਰੂ ਕਿਸਾਨ 'ਖੜੂਰ ਸੰਘਰਸ਼ ਸਮਿਤੀ' ਦੇ ਝੰਡੇ ਥੱਲੇ ਆਪਣੀ ਏਕਤਾ ਤੇ ਜੁਝਾਰੂ ਅੰਦੋਲਨ ਦੇ ਜ਼ੋਰ ਤੇ 12 ਚੋਂ 11 ਪਿੰਡਾਂ ਦੀ ਜ਼ਮੀਨ ਅਜੇ ਤੱਕ ਬਚਾ ਕੇ ਰੱਖਣ ਵਿੱਚ ਕਾਮਯਾਬ ਰਹੇ ਹਨ। ਹੁਣ ਉਹ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ (ਜਿੱਤੀ ਜਾ ਚੁੱਕੀ) ਇਤਿਹਾਸਕ ਲੜਾਈ ਦਾ ਹਿੱਸਾ ਵੀ ਬਣੇ ਹਨ। ਉਹਨਾਂ ਦੇ ਇਰਾਦੇ ਪੂਰੇ ਬੁਲੰਦ ਹਨ।

# ਭਾਰਤੀ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਦਾ ਜਸ਼ਨ
# ਸੁਰਿੰਦਰ ਧੰਜਲ ਦੀਆਂ ਕਵਿਤਾਵਾਂ



ਸੁਰਿੰਦਰ ਧੰਜਲ

### 1. ਖੇਤਾਂ ਦੇ ਪੁੱਤਰ
### (ਪਾਸ਼ ਤੇ ਪਾਤਰ ਦੇ ਨਾਂ)

ਏਲਾ ਝੂਠ ਨਾ ਬੋਲ, ਕਿ ਭੁੱਖਾ ਦੇਸ਼ ਮਰੇ
ਖੇਤਾਂ ਦੇ ਪੁੱਤ ਰੱਖ ਲੈ, ਰੋਟੀ ਖਾਣ ਲਈ।

ਮਸਤਕ ਦੇ ਵਿਚ ਯੁੱਧ ਜਦੋਂ ਛਿੜ ਪੈਂਦੇ ਨੇ
ਤੁਰਨ ਕਾਫ਼ਲੇ ਦਿੱਲੀ, ਯੁੱਧ ਘਮਸਾਣ ਲਈ।

ਵਿੰਗੀ ਟੇਢੀ ਕੈਸੀ 'ਮਨ ਕੀ ਬਾਤ' ਕਰੇਂ
ਸੱਚੇ ਸੁੱਚੇ ਖੇਤਾਂ ਨੂੰ ਭਰਮਾਣ ਲਈ।

ਪੋਹ ਮਾਘ ਦਾ ਕੱਕਰ, ਧੁੱਪਾਂ ਹਾੜ੍ਹ ਦੀਆਂ
ਰੁੱਤਾਂ ਇਹ ਨਾ ਨਵੀਆਂ ਨੇ ਕਿਰਸਾਨ ਲਈ।

ਜ਼ੁਲਮ ਦੀਆਂ ਬਰਸਾਤਾਂ ਦੇ ਨਾਲ ਜੂਝਣ ਲਈ
ਜੋਸ਼ ਹੋਸ਼ ਦੀ ਛੱਤਰੀ, ਸਿਰ 'ਤੇ ਤਾਣ ਲਈ।

ਗਿੱਧ, ਭੰਗੜੇ, ਜਾਗੋ, ਬਾਲ੍ਹੋ ਮਾਹੀਏ
ਗੀਤਾਂ ਨੂੰ ਉਕਸਾ ਨਾ, ਕਿਸੇ ਮਕਾਣ ਲਈ।

ਖੇਤਾਂ ਦੇ ਵਿਚ 'ਯੁੱਧ ਤੇ ਸ਼ਾਂਤੀ' ਬੀਜ ਰਹੇ
ਪਾਸ਼ ਤੇ ਧੰਜਲ ਕਮਲਾਂ, ਤੀਰ ਕਮਾਣ ਲਈ।

•••

### 2. ਨਸ਼ਾ

ਖੇਤਾਂ ਦੇ ਪੁੱਤ ਪਏ ਲੜਦੇ, ਪੈਸੇ ਦੇ ਪੁੱਤਾਂ ਨਾਲ
ਖੇਤਾਂ ਦੇ ਪੁੱਤ ਪਏ ਲੜਦੇ, ਪੈਸੇ ਦੇ ਪੁੱਤਾਂ ਨਾਲ
ਕਿੱਸੇ ਮਸ਼ਹੂਰ ਸੀ ਕੱਲ੍ਹ ਤੱਕ, ਨਸ਼ਿਆਂ ਤੇ ਬੜ੍ਹਕਾਂ ਦੇ
ਸਾਰਾ ਸੰਸਾਰ ਫ਼ਿਦਾ ਅੱਜ, ਗੱਭਰੂ ਦੀਆਂ ਗੜ੍ਹਕਾਂ 'ਤੇ
ਤੁਰ ਪਿਆ ਰਾਹ ਭਗਤ, ਸਰਾਭੇ, ਊਧਮ ਦੀਆਂ ਸੜਕਾਂ ਦੇ
ਬੀਜ ਰਿਹਾ ਬੀਜ ਸਬਰ ਦੇ, ਦਿੱਲੀ ਦੀਆਂ ਸੜਕਾਂ 'ਤੇ
ਸਬਰਾਂ ਦੇ ਸਦਾ ਬਖੇੜੇ, ਜਬਰਾਂ ਦੀਆਂ ਰੁੱਤਾਂ ਨਾਲ
ਖੇਤਾਂ ਦੇ ਪੁੱਤ ਪਏ ਲੜਦੇ...

ਹਾਕਮ ਨੂੰ ਹੈਂਕੜ ਜੇ ਕਰ, ਗੁੰਡਿਆਂ ਮੁਸ਼ਟੰਡਿਆਂ 'ਤੇ
ਮਿੱਟੀ ਨੂੰ ਮਾਣ ਬੜਾ ਹੈ, ਮੋਹਾਂ ਅਣਵੰਡਿਆਂ 'ਤੇ
ਖੇਤਾਂ ਦੇ ਹਰਫ਼ ਮਹਿਕਦੇ,ਕਿਰਤਾਂ ਦੇ ਝੰਡਿਆਂ 'ਤੇ
ਗ਼ੈਰਤ ਦੇ ਫੁੱਲ ਖਿੜੇ ਨੇ, ਜਬਰਾਂ ਦੇ ਕੰਡਿਆਂ 'ਤੇ
ਟੰਗ ਲਊਂ ਉਹ ਫੁੱਲ ਢੋਲਣਾ,
ਤਗ਼ਮਿਆਂ ਜਿਉਂ ਗੁੱਤਾਂ ਨਾਲ
ਖੇਤਾਂ ਦੇ ਪੁੱਤ ਪਏ ਲੜਦੇ...

ਸਤਲੁਜ ਦਾ ਵੈਰ ਪੁਆ ਨਾ,
ਦਿੱਲੀ ਦੀ ਯਮਨਾ ਨਾਲ
ਮਸਜਿਦ ਦਾ ਭੇੜ ਕਰਾ ਨਾ,
ਮੰਦਰਾਂ ਤੇ ਹਵਨਾਂ ਨਾਲ
ਕਿੰਨਾ ਚਿਰ ਦਿਨ ਕੱਟਣਗੇ,
ਜੁਮਲਿਆਂ ਤੇ ਗਬਨਾਂ ਨਾਲ
ਮੂਤਰ, ਗੋਬਰ ਤੇ ਗਊਆਂ,
ਪੱਥਰ-ਦਿਲ ਭਵਨਾਂ ਨਾਲ
ਮਿੱਟੀ ਦੇ ਜਾਏ ਟੱਕਰਨ,
ਪੱਥਰ ਦੇ ਬੁੱਤਾਂ ਨਾਲ
ਖੇਤਾਂ ਦੇ ਪੁੱਤ ਪਏ ਲੜਦੇ...

•••

### 3. ਹੁਕਮਰਾਨ

ਸੜਕਾਂ 'ਤੇ ਕੇਰ ਰਹੇ ਨੇ ਕਿੱਲ੍ਹਾਂ ਦੇ ਬੀਜ
ਗਹਿਣੇ ਧਰ ਦਿੱਤੀ ਹੈ
ਖੇਤਾਂ 'ਚ ਫੁੱਲ ਬੀਜਣ ਦੀ ਤਮੀਜ਼

•••

### 4. ਉਮੀਦ

ਖੇਤਾਂ ਨੇ ਬੀਜੀ ਨਵੀਂ ਉਮੀਦ
ਇਕੋ ਖੇਤ 'ਚ ਉੱਗਣਗੇ:
ਵਿਸਾਖੀ, ਦੀਵਾਲੀ, ਈਦ,
ਇਕੋ ਖੇਤ 'ਚ ਪ੍ਰਕਾਸ਼ਣਗੇ :
ਗੀਤਾ, ਗ੍ਰੰਥ, ਕੁਰਾਨ
ਕੋਈ ਗੁੰਡਾ ਨਹੀਂ ਬਣਨ ਦਿਆਂਗੇ
ਉਸ ਦੇਸ਼ ਦਾ ਹੁਕਮਰਾਨ
ਉਸ ਦੇਸ਼ ਦਾ ਨਾਮ ਹੋਵੇਗਾ: ਭਾਰਤ ਮਹਾਨ।

• • •

### 5. ਦੀਵੇ ਜਗਦੇ ਰਹਿਣਗੇ

ਕੱਲ੍ਹ ਸੀ ਜੋ ਤੂੰ ਜਗਾਏ, ਦੀਵੇ ਜਗਦੇ ਰਹਿਣਗੇ
ਅੱਜ ਨੇ ਜੋ ਤੂੰ ਜਗਾਏ, ਦੀਵੇ ਜਗਦੇ ਰਹਿਣਗੇ
ਕੱਲ੍ਹ ਨੂੰ ਜੋ ਤੂੰ ਜਗਾਉਣੇ, ਦੀਵੇ ਜਗਦੇ ਰਹਿਣਗੇ

ਰੁਮਕਦੀ ਹੋਈ ਪੌਣ ਤਾਂਈਂ, ਕੀਤਾ ਉਨ੍ਹਾਂ ਪਲੀਤ ਹੈ
ਹਰ ਸ਼ਬਦ ਵਿਚ ਜ਼ਹਿਰ ਭਰ ਕੇ, ਕੌੜਾ ਕੀਤਾ ਗੀਤਾ ਹੈ
ਜ਼ੁਲਮ ਦਾ ਮੌਸਮ, ਜਿਉਂਦੀ ਲਾਸ਼ ਵਰਗਾ ਸੀਤ ਹੈ
ਪਰ ਹਮੇਸ਼ਾ ਹਰਫ਼ ਨਿੱਘੇ ਰਚਣੇ ਤੇਰੀ ਰੀਤ ਹੈ
ਸੀਤ ਮੌਸਮ ਵਿਚ ਤੇਰੇ, ਹਰਫ਼ ਮਘਦੇ ਰਹਿਣਗੇ
ਕੱਲ੍ਹ ਸੀ ਜੋ ਤੂੰ ਜਗਾਏ....

ਨਾਨਕ ਸ਼ਾਇਰ ਆਖੇ,
ਨਿਰਮਲ ਪਾਣੀ ਪਹਿਲਾ ਜੀਵ ਹੈ
ਸਭ ਨੂੰ ਹਰਿਆ ਕਰਨ ਵਾਲਾ,
ਕਿੰਨਾ ਅੱਜ ਗਰੀਬ ਹੈ
ਲਿਖਤ, ਬੋਲ ਤੇ ਗਾ ਕਿ ਤੇਰੇ ਕੋਲ ਤੇਰੀ ਜੀਭ ਹੈ
ਤੇਰੇ ਕੋਲੋਂ ਇਲਮ, ਅਮਲ, ਕਲਮ ਦੀ ਤਹਿਜ਼ੀਬ ਹੈ
ਤੇਰੀਆਂ ਪਗਡੰਡੀਆਂ 'ਤੇ, ਪਾਂਧੀ ਵਗਦੇ ਰਹਿਣਗੇ
ਕੱਲ੍ਹ ਸੀ ਜੋ ਤੂੰ ਜਗਾਏ....

ਗੰਧਲੀ ਸਿਆਸਤ, ਗੰਧਲਾ ਜੀਵਨ,
ਗੰਧਲਾ ਵਾਤਾਵਰਣ ਹੈ
ਜ਼ਿੰਦਗੀ ਦਾ ਅਲਫ਼ ਨੰਗਾ, ਹੋ ਰਿਹਾ ਅਪਹਰਣ ਹੈ
ਜੇਠ ਹਾੜ੍ਹ ਵਿਚ ਛਹਿ ਕੇ ਬੈਠੀ,
ਪੋਹ ਮਾਘ ਦੀ ਠਰਨ ਹੈ
ਕਲ੍ਹ, ਸੁਪਨੇ, ਅੱਖ ਦਾ
ਪਰ ਆਪਣਾ ਵਿਆਕਰਨ ਹੈ
ਸੁਪਨੇ ਬਣ ਕੇ ਅੱਖਾਂ ਵਿਚ
ਅੰਗਿਆਰ ਦਗਦੇ ਰਹਿਣਗੇ
ਕੱਲ੍ਹ ਸੀ ਜੋ ਤੂੰ ਜਗਾਏ.....

ਅੱਜ ਤੇਰੇ ਮੁਲਕ 'ਤੇ ਛਾਈ ਕੁਲਹਿਣੀ ਰਾਤ ਹੈਉਂਉਂ
ਇਮਤਿਹਾਨੀ ਤੇ ਤੂਫ਼ਾਨੀ ਜ਼ੁਲਮ ਦੀ ਬਰਸਾਤ ਹੈ
ਕੋਲ ਤੇਰੇ ਪਰ ਸੁਨਹਿਰੀ ਸ਼ਬਦ ਦੀ ਸੌਗਾਤ ਹੈ
ਰਾਤ ਦੀ ਥਾਂ ਜ਼ਿੰਦਗੀ ਦੀ ਸੱਤ-ਰੰਗੀ ਪ੍ਰਭਾਤ ਹੈ
ਸ਼ਬਦ, ਕਵਿਤਾ, ਜ਼ਿੰਦਗੀ ਦੇ ਮੇਲੇ ਲਗਦੇ ਰਹਿਣਗੇ।

• • •

### 6. ਬਦਕਾਰ

ਲਗਦਾ ਸੀ ਜਿਉਂ ਇਹ ਸਾਡੀ ਸਰਕਾਰ ਫਿਰੇ।
ਗਲ਼ੀਆਂ ਦੇ ਵਿਚ ਕੌਣ ਇਹੇ ਬਦਕਾਰ ਫਿਰੇ!

ਚੁਭੀਆਂ ਵਿਚ ਸਲਾਈਆਂ ਅੱਥਰੂ-ਗੈਸ ਦੀਆਂ
ਗਣਤੰਤਰ ਅੱਖ ਰੋਂਦੀ ਭੁੱਬਾਂ ਮਾਰ ਫਿਰੇ।

ਸੜਕਾਂ ਦੇਖਣ ਨਵੀਂ ਪ੍ਰੇਡ ਟ੍ਰੈਕਟਰ ਦੀ
ਦਿੱਲੀ ਦੇ ਵਿਚ ਨਵਾਂ ਨਕੋਰ ਤਿਉਹਾਰ ਫਿਰੇ।

ਕਿਵੇਂ ਛੁਡਾਵਾਂ ਪਿਛਾ ਸਿੰਗੋਂ ਬੋਕ ਦਿਉਂ
ਗਲੀਏਂ ਗਲੀਏਂ ਪੁੱਛਦਾ ਚੌਕੀਦਾਰ ਫਿਰੇ

'ਮਨ ਕੀ ਬਾਤ' ਲੁਕੋਵਣ ਦੇ ਲਈ ਟੀਵੀ 'ਤੇ
ਸ਼ਾਮ ਸਵੇਰੇ ਭਾਸ਼ਣ ਧੂੰਆਂਧਾਰ ਫਿਰੇ।

ਲਿਖਦੀ ਨਗ਼ਮੇ ਖੇਤਾਂ ਤੇ ਸੰਗਰਾਮਾਂ ਦੇ
ਵਿਚ ਮੋਰਚੇ ਮਹਿੰਦੀ ਲਲਕਾਰ ਫਿਰੇ।

ਲਾਜ ਦੁੱਧ ਦੀ ਪਾਲ਼ੀਂ, ਗਾਉਂਦੀ ਖੇਤਾਂ ਵਿਚ
ਮਾਂ ਧਰਤੀ ਦੀ ਲੋਰੀ ਸਦਾ-ਬਹਾਰ ਫਿਰੇ।

ਟੁਕੜਾ ਟੁਕੜਾ ਕਲਮ ਬੀਜਦਾ ਖੇਤਾਂ ਵਿਚ
ਪਾਸ਼ ਉਦਾਸੀ ਧੰਜਲ ਸਾਡਾ ਯਾਰ ਫਿਰੇ।

• • •

## ਕਿਸਾਨੀ ਸੰਘਰਸ਼ ਦੀ ਜਿੱਤ ਨੂੰ ਸਮਰਪਿਤ

ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ
ਤਰ੍ਹਾਂ ਤਰ੍ਹਾਂ ਦੇ ਦੋਸ਼ ਲਾਉਂਦੀਆਂ
ਠਾਕੀਆਂ ਸਭ ਜ਼ੁਬਾਨਾਂ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ

ਸਬਰ ਸਿਦਕ ਦਾ ਪੰਨਾ ਬਣਿਆ
ਲਿਖਿਆ ਜੋ ਕਿਸਾਨਾਂ ਨੇ
ਮੂੰਹਾਂ ਤੋਂ ਰੰਗ ਉੱਡਕੇ ਦੇਖੇ
ਖੱਬੀ ਖਾਂ ਸ਼ੈਤਾਨਾਂ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ।

ਪਾਪਾਂ ਦਾ ਜੋ ਘੜਾ ਭਰ ਲਿਆ
ਜੋ ਕੁਰਸੀ ਦੇ ਯਾਰਾਂ ਨੇ
ਬੁੱਕਲ ਦੇ ਵਿਚ ਮੂੰਹ ਲੁਕੋ ਲੇ
ਦਗੇਬਾਜ਼ ਸਿਆਸਤਦਾਨਾਂ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ

ਉਂਗਲਾਂ ਉਤੇ ਸੀ ਜੋ ਨਚਾਉਂਦੇ
ਧੌਣ 'ਚੋਂ ਕਿੱਲਾ ਕੱਢਿਆ ਜੀ
ਗਿਆਰਾਂ ਵਾਰੀ ਸੱਦ ਮੀਟਿੰਗਾਂ
ਛੱਜ ਵਿਚ ਪਾਕੇ ਛੰਡਿਆ ਜੀ
ਨਾਸੀਂ ਧੂੰਆਂ ਲਿਆਕੇ ਰੱਖਤਾ
ਖੇਤਾਂ ਦਿਆਂ ਭਲਵਾਨਾਂ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ

ਦੇਸ਼ ਜਿਨ੍ਹਾਂ ਨੂੰ ਗਹਿਣੇ ਧਰਿਆ
ਲੈ ਲਏ ਵਿਚ ਕੁੜੱਕੀ ਦੇ
ਲੋਕਾਂ ਟੋਲ ਪਲਾਜੇ ਰੋਕੇ
ਭਰਮ ਭੁਲੇਖੇ ਚੱਕੀ ਦੇ
ਉਂਗਲਾਂ ਉਤੇ ਲਾਉਣ ਅੰਦਾਜ਼ੇ
ਵਣਜ ਦੇ ਹੋਏ ਨੁਕਸਾਨੇ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ

ਬਿੱਲ ਗੇਟਸ ਹੁਣ ਮੂੰਹ ਨਾ ਖੋਲ੍ਹੇ
ਭਿੱਜੀ ਬਿੱਲੀ ਬਣਿਆ
ਹੁਣ ਨੀ ਏਕਾ ਛੇਤੀ ਟੁੱਟਣਾ
ਵਿਚ ਜੋ ਦਿੱਲੀ ਬਣਿਆ
ਪਾਪ ਦੀ ਜੰਞ ਬਾਬਿਆਂ ਰੋਕੀ
ਭਾਵੇਂ ਲੇਖੇ ਲੱਗੀਆਂ ਜਾਨਾਂ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ

ਸੁੱਬੀ ਮੱਚਗੀ ਵੱਟ ਨਹੀਂ ਮਚਿਆ
ਬਹਿ ਗਏ ਮੱਥਾ ਫੜਕੇ
ਕੌਡੀਓਂ ਖੋਟੀ ਹੋਈ ਹਕੂਮਤ
ਮਿੱਟੀ ਰੁਲੀਆਂ ਸ਼ਾਨਾਂ ਨੇ
ਇੱਕੀ ਦੇ ਵਿਚ ਕੱਤੀ ਪਾਤੀ
ਦਿੱਲੀ ਵਿਚ ਕਿਸਾਨਾਂ ਨੇ।

ਜੇ ਕੋਈ ਪੁੱਠੀ ਬਣਤ ਬਣਾਕੇ
ਪਿੱਠ 'ਤੇ ਛੁਰੀ ਚਲਾਈ
ਧੌਂਸ ਅਸੀਂ ਨਾ ਕਿਸੇ ਦੀ ਝੱਲਣੀ
ਜੇ ਕੀਤੀ ਜੱਗ ਰਸਾਈ
ਬੌਂਡੇ ਹਾਕਮ ਫੇਰ ਘੇਰਾਂਗੇ
ਸਾਡੇ ਕਤਲ ਹੋਏ ਅਰਮਾਨਾਂ ਨੇ
ਇੱਕੀ ਪਾਤੀ ਦਿੱਲੀ ਵਿਚ ਕਿਸਾਨਾਂ ਨੇ।

- ਗੁਰਮੇਲ ਸਿੰਘ ਬੌਂਡੇ

## ਕੁਝ ਵੀ ਸੰਭਵ ਹੈ !

-ਪੰਜਾਬ ਵਾਸੀਓ!
ਘਬਰਾਇਓ ਨਾ,
ਸਬਰ ਰੱਖਿਓ!
ਚੋਣਾਂ ਤੋਂ ਪਹਿਲਾਂ
ਕੁੱਝ ਵੀ ਹੋ ਸਕਦੈ!
ਕਿਸੇ ਵੀ ਗ੍ਰੰਥ
ਦੀ ਹੋ ਸਕਦੀ ਐ ਬੇਅਦਬੀ,
ਕਿਤੇ ਵੀ ਹੋ ਸਕਦੈ
ਬੰਬ ਧਮਾਕਾ!
ਦੋਸਤੋ ਘਬਰਾਇਓ ਨਾ,
ਚੋਣਾਂ ਨੇ!
ਚੋਣਾਂ ਵਿਚ
ਕੁਝ ਵੀ ਸੰਭਵ ਹੈ,
ਕਿਉਂਕਿ –
ਸਿਆਸਤ ਵਿਚ
ਕੁਰਸੀ ਤੋਂ ਉਪਰ
ਕੁੱਝ ਨਹੀਂ ਹੁੰਦਾ!
ਸਿਆਸਤ ਦੇ ਜਾਲ ਵਿਚ ਤਾਂ
ਸੁਰੱਖਿਆ ਏਜੰਸੀਆਂ ਵੀ
ਨਿੱਸਲ ਹੋ ਕੇ
ਬੈਠ ਜਾਂਦੀਆਂ ਨੇ ਦੋਸਤੋ!
ਇਸ ਲਈ ਤੁਸੀਂ ਘਬਰਾਇਓ ਨਾ!
ਸਿਆਸਤ ਵਿਚ
ਕੁਝ ਵੀ ਹੋ ਸਕਦੈ!
ਇਥੇ ਕੁਝ ਵੀ ਸੰਭਵ ਹੈ!
ਇਸ ਲਈ ਸਬਰ ਰੱਖਿਓ!
ਸਬਰ ਦਾ ਫਲ ਮਿੱਠਾ ਹੁੰਦੈ!

-ਸੁਖਦੇਵ ਸਲੇਮਪੁਰੀ

## ਚੋਜੀ ਪ੍ਰੀਤਮ ਦੇ ਨਾਮ

ਬੜਾ ਹੀ ਸੌਖਾ ਹੈ !
ਪੋਹ ਦੀਆਂ ਕੱਕਰੀਲੀਆਂ ਰਾਤਾਂ ਨੂੰ
ਰਜਾਈਆਂ ਵਿੱਚ ਬਹਿ ਕੇ,
ਸੁਲਘਦੀਆਂ ਨਜ਼ਮਾਂ ਲਿਖ ਲੈਣੀਆਂ !
ਬੜਾ ਹੀ ਸੌਖਾ ਹੈ !
ਸ਼ਹੀਦੀ ਜੋੜ-ਮੇਲਿਆਂ ਤੇ
ਭਰੇ ਹੋਏ ਪੰਡਾਲਾਂ ਵਿੱਚ........
ਤੱਤੀਆਂ ਤਕਰੀਰਾਂ ਕਰ ਲੈਣੀਆਂ,
ਤੇਰੇ ਨਾਮ ਤੇ ਗੋਲਕਾਂ ਭਰ ਲੈਣੀਆਂ !

ਬੜਾ ਹੀ ਸੌਖਾ ਹੈ !
ਤੇਰੇ ਕੱਕਾਰ ਧਾਰਨ ਕਰ ਲੈਣੇ
ਪਰ ਤੇਰੇ ਬਖਸ਼ੇ ਕੱਕਾਰਾਂ ਦੇ ਅਰਥਾਂ ਨੂੰ
ਅਮਲ 'ਚੋਂ ਖਾਰਜ ਕਰ ਲੈਣਾ !
ਜਦੋਂ........
ਧਰਤੀ ਨੂੰ ਕਾਂਬੇ ਛਿੜਦੇ ਨੇ
ਦੰਦਾਂ ਨਾਲ ਦੰਦ ਭਿੜਦੇ ਨੇ
ਉਦੋਂ ਲਾਵੇ ਵਰਗਾ ਜਿਗਰਾ ਚਾਹੀਦਾ ਹੈ
ਸਰਸਾ ਦੇ ਸੂਕਦੇ ਪਾਣੀਆਂ ਵਿੱਚ
ਉਤਰਨ ਲਈ !
ਜਦੋਂ ਨਾੜਾਂ ਵਿੱਚ ਖ਼ੂਨ ਜੰਮਦਾ ਹੈ !
ਜਦੋਂ ਬੁੱਕਲਾਂ ਵਿੱਚ ਵੀ ਜਿਸਮ ਕੰਬਦਾ ਹੈ!
ਉਦੋਂ ਲੀਰਾਂ ਵਿਚ
ਹੌਂਸਲਾ ਸਲਾਮਤ ਰੱਖਣ ਲਈ
ਖੇੜਿਆਂ ਦੇ ਸਾਹੀ ਰਹਿਣ ਨੂੰ ਨਕਾਰਨ ਦੀ
ਫਕੀਰੀ ਚਾਹੀਦੀ ਹੈ !

ਹਜੂਮ ਦੀ ਆੜ ਵਿਚ ਤਾਂ
ਹਕੂਮਤ ਨਾਲ ਕੋਈ ਵੀ ਭਿੜ ਸਕਦੈ
ਪਰ ਧੀਆਂ ਦੇ ਸਰ੍ਹਾਣੇ ਤੇ
ਸੁਥਿਆਂ-ਮਨਸੂਬਿਆਂ ਤੋਂ ਬੇਫ਼ਿਕਰ
ਇਕੋ ਹੀ ਸਿਰ ਕਾਫੀ ਹੁੰਦਾ
ਜੋ ਕੌਮ ਨੂੰ.........
ਝੱਖੜਾਂ ਵਿੱਚ ਵੀ ਜਗਾਈ ਰੱਖਦਾ ਹੈ !

ਅਸੀਂ ਜੁਗਨੂੰ
ਤੇਰਿਆਂ ਰਾਹਾਂ ਦੇ ਪਾਂਧੀ ਤਾਂ ਨਹੀਂ
ਐਪਰ ਕਾਲੀਆਂ ਰਾਤਾਂ ਦੀ ਬਾਦਸਾਹਤ ਨੂੰ
ਵੰਗਾਰਨ ਦੀ ਤੌਫੀਕ ਰੱਖਦੇ ਹਾਂ !
ਕਲਮ ਦੀ ਨੋਕ 'ਤੇ
ਆਪਣਾ ਸੀਸ ਰੱਖਦੇ ਹਾਂ !

ਅਸੀਂ "ਬਾਵਨਵੰਸੀ"
ਚਾਹੇ ਹੁਣ ਦੀਵਾਨਾਂ ਲਈ ਵਰਜਿਤ ਹਾਂ !
ਪਰ ਸਾਹਾਂ ਵਿੱਚ........
ਤੇਰੀ ਤਵਾਰੀਖ਼ ਰੱਖਦੇ ਹਾਂ !
ਯਾਰੜੇ ਦੇ ਸੱਥਰ ਨਾਲ ਪ੍ਰੀਤ ਰੱਖਦੇ ਹਾਂ !

-ਸਰਬਜੀਤ ਸੋਹੀ

## ਸੰਤ ਰਾਮ ਉਦਾਸੀ ਦੀ ਸ਼ਾਹਕਾਰ ਰਚਨਾ

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ।

ਬਾਪੂ ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।
ਖ਼ੂਨ ਜਿਗਰ ਦੇ ਨਾਲ ਤਾਂ ਜਫਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।
ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।

ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ,
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀਂ।
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ,
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ,
ਅਸੀ ਇਹੋ ਜੀ ਜਹਿਰ ਨਾ ਪੀ ਸਕਦੇ।
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸਨੂੰ,
ਅਸੀ ਜੂਨ ਅਜਿਹੀ ਨਾ ਜੀ ਸਕਦੇ।

-ਸੰਤ ਰਾਮ ਉਦਾਸੀ


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE SILVERCITY
REALTY INC., BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS
HOMELIFE SILVERCITY
REALTY INC., BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500



Address:
11775 Bramalea Rd. Brampton





AMAR Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
Cambridge PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5




Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500




Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.